4-June-Sunday.qxd 6/3/2023 9:13 PM Page 1



ਗੁਰਸੇਵਕ ਲੰਬੀ ਦੀਆਂ ਕਵਿਤਾਵਾਂ
ਆਖਰੀ ਤੋਂ ਪਹਿਲੇ ਸਫ਼ੇ 'ਤੇ


# ਨਵਾਂ ਜ਼ਮਾਨਾ ਐਤਵਾਰਤਾ


ਅੱਵਲਿ ਅੱਲ੍ਹਾ ਨੂਰੁ ਉਪਾਇਆ
ਕੁਦਰਤ ਕੇ ਸਭ ਬੰਦੇ॥
ਏਕੁ ਨੂਰ ਤੇ ਸਭ ਜਗੁ ਉਪਜਿਆ
ਕਾਉਨ ਭਲੇ ਕੋ ਮੰਦੇ॥

- ਸੰਤ ਕਬੀਰ

Regd. No : Pb/JL-123/2021-2023, (R.N.I.)-00068/57 ਜਲੰਧਰ : ਐਤਵਾਰ, 4 ਜੂਨ 2023 www.nawanzamana.in ਕੀਮਤ 5.00 ਰੁਪਏ

ਅਣਗੌਲੇ ਨਾਇਕ

ਡਾ. ਗੁਰਦੇਵ ਸਿੰਘ ਸਿੱਧੂ

# ਗਿਆਨੀ ਊਧਮ ਸਿੰਘ ਖਨਿਆਣ/ਧਮੋਟ

*ਪੰਜਾਬ ਦੇ ਜਿਸ ਖਿੱਤੇ ਵਿੱਚ ਅਸੀਂ ਰਹਿ ਰਹੇ ਹਾਂ, ਉਸ ਦਾ ਨਾਬਰੀ ਵਾਲਾ ਸੁਭਾਅ ਮੁੱਢ ਕਦੀਮ ਤੋਂ ਹੀ ਇੱਥੋਂ ਦੇ ਵਾਸੀਆਂ ਦੀ ਮੂਲ ਪਛਾਣ ਰਿਹਾ ਹੈ। ਮੁਗਲਾਂ, ਅੰਗਰੇਜ਼ਾਂ ਦੀ ਹਕੂਮਤ ਵੇਲੇ ਭਾਵੇਂ ਇਹ ਸਿਖਰਾਂ 'ਤੇ ਸੀ, ਪਰ ਜਦੋਂ ਭਾਰਤ ਦੀ ਆਜ਼ਾਦੀ ਉਪਰੰਤ ਸਰਕਾਰੀ ਜਬਰ ਦਾ ਟਾਕਰਾ ਕਰਨਾ ਪਿਆ ਤਾਂ ਪੰਜਾਬੀ ਆਪਣੇ ਸੁਭਾਅ ਅਨੁਸਾਰ ਸਾਰੀਆਂ ਵਿਦਰੋਹੀ ਲਹਿਰਾਂ ਵਿੱਚ ਮੋਹਰੀ ਰਹੇ। ਆਪਣੇ ਇਸ ਨਵੇਂ ਕਾਲਮ ਵਿੱਚ ਅਸੀਂ ਕੁਝ ਅਜਿਹੇ ਪੰਜਾਬੀ ਯੋਧਿਆਂ ਦਾ ਜ਼ਿਕਰ ਕਰਨ ਦਾ ਉਪਰਾਲਾ ਕਰ ਰਹੇ ਹਾਂ, ਜਿਨ੍ਹਾਂ ਨੂੰ ਇਤਿਹਾਸ ਨੇ ਜਾਂ ਤਾਂ ਜਾਣਬੁਝ ਕੇ ਵਿਸਾਰ ਦਿੱਤਾ ਜਾਂ ਸਰਕਾਰੀ ਦਮਨ ਕਾਰਨ ਉਹਨਾਂ ਬਾਰੇ ਸੂਚਨਾ ਜਨ-ਮਾਨਸ ਤੱਕ ਸਹੀ ਢੰਗ ਨਾਲ ਨਹੀਂ ਪਹੁੰਚਣ ਦਿੱਤੀ। ਇਸ ਅੰਕ ਤੋਂ ਅਸੀਂ ਇੱਕ ਨਵਾਂ ਕਾਲਮ 'ਅਣਗੌਲੇ ਨਾਇਕ' ਸ਼ੁਰੂ ਕਰ ਰਹੇ ਹਾਂ, ਜਿਸ ਵਿੱਚ ਉਹਨਾਂ ਦੇਸ਼ ਭਗਤਾਂ/ ਯੋਧਿਆਂ ਦੀ ਜੀਵਨ-ਗਾਥਾ ਪੇਸ਼ ਕਰਨ ਦਾ ਯਤਨ ਹੋਵੇਗਾ, ਜੋ ਆਪਣੀ ਵਡੇਰੀ ਕੁਰਬਾਨੀ ਉਪਰੰਤ ਵੀ ਇਤਿਹਾਸ ਦਾ ਉਹ ਮਾਣਮੱਤਾ ਹਿੱਸਾ ਨਹੀਂ ਬਣ ਸਕੇ, ਜਿਸ ਦੇ ਉਹ ਹੱਕਦਾਰ ਸਨ। ਇਤਿਹਾਸ ਦੀ ਖੋਜ ਕਰਨ ਵਾਲੇ ਪ੍ਰਮੁੱਖ ਵਿਦਵਾਨ ਡਾ. ਗੁਰਦੇਵ ਸਿੰਘ ਸਿੱਧੂ ਹੁਰਾਂ ਇਸ ਪਾਸੇ ਕਾਫੀ ਨਿੱਠ ਕੇ ਕੰਮ ਕੀਤਾ ਹੈ। ਉਹਨਾ ਕੁਝ ਭੁੱਲੇ-ਵਿਸਰੇ ਉਹਨਾਂ ਪੰਜਾਬੀ ਯੋਧਿਆਂ ਬਾਰੇ ਖੋਜ ਕੀਤੀ ਹੈ। ਤੱਥਾਂ ਦੀ ਪੁਣ-ਛਾਣ ਕਰਕੇ ਉਹ ਇੱਕ ਅਜਿਹਾ ਬਿਰਤਾਂਤ ਉਸਾਰਦੇ ਹਨ ਕਿ ਸੰਬੰਧਤ ਵਿਅਕਤੀ ਦੀ ਸੰਬੰਧਤ ਲਹਿਰ ਵਿੱਚ ਭੂਮਿਕਾ ਬਹੁਤ ਹੀ ਸਾਰਥਕ ਨਜ਼ਰ ਆਉਂਦੀ ਹੈ। ਉਮੀਦ ਹੈ ਕਿ ਸਾਡੇ ਸੁਜੱਗ ਪਾਠਕ ਇਸ ਨੂੰ ਪਸੰਦ ਵੀ ਕਰਨਗੇ ਅਤੇ ਆਪਣੇ ਗਿਆਨ ਵਿੱਚ ਵਾਧਾ ਵੀ ਕਰਨਗੇ।*

*—ਸੰਪਾਦਕ*

ਪੰਜਾਬ ਵਿਚ ਇਕ ਨਹੀਂ, ਅਨੇਕ ਦੇਸ਼ ਭਗਤ ਐਸੇ ਹਨ, ਜਿਹਨਾਂ ਨੇ ਦੇਸ਼ ਦੀ ਆਜ਼ਾਦੀ ਵਾਸਤੇ ਜਵਾਨੀ ਦੇ ਵਰ੍ਹੇ ਅੰਗਰੇਜ਼ ਸਰਕਾਰ ਦੀਆਂ ਕਾਲ ਕੋਠੜੀਆਂ ਵਿਚ ਬਤੀਤ ਕੀਤੇ, ਪਰ ਉਹਨਾਂ ਦੀ ਕੁਰਬਾਨੀ ਸਦਕਾ ਪ੍ਰਾਪਤ ਹੋਈ ਆਜ਼ਾਦੀ ਦਾ ਨਿੱਘ ਮਾਣ ਰਹੇ ਪੰਜਾਬੀ ਉਹਨਾਂ ਦੇ ਨਾਂਅ ਤੱਕ ਵਿਸਾਰ ਚੁੱਕੇ ਹਨ। ਇਸ ਦੀ ਉਦਾਹਰਣ ਗਿਆਨੀ ਊਧਮ ਸਿੰਘ ਹੈ। ਅੰਗਰੇਜ਼ੀ ਫੌਜ ਵਿਚ ਭਰਤੀ ਹੋਏ ਗਿਆਨੀ ਊਧਮ ਸਿੰਘ ਦੀਆਂ ਅੰਗਰੇਜ਼ ਸਰਕਾਰ ਵਿਰੋਧੀ ਗਤੀਵਿਧੀਆਂ ਦਾ ਬਿਆਨ ਕਰਦੀਆਂ ਕਿੰਨੀਆਂ ਫਾਈਲਾਂ ਨੈਸ਼ਨਲ ਆਰਕਾਈਵਜ਼ ਵਿਚ ਮੇਰੇ ਹੱਥ ਲੱਗੀਆਂ ਸਨ, ਪਰ ਉਸ ਦੇ ਜੀਵਨ ਬਾਰੇ ਹੋਰ ਜਾਣਕਾਰੀ ਉਸ ਦੇ ਪਿੰਡ ਤੋਂ ਹੀ ਮਿਲ ਸਕਦੀ ਸੀ। ਇਸ ਮਨੋਰਥ ਲਈ ਹੀ ਮੈਂ ਖਨਿਆਣ ਪਿੰਡ ਦੇ ਵਸਨੀਕਾਂ ਨਾਲ ਸੰਪਰਕ ਬਣਾਇਆ, ਪਰ ਮੇਰੇ ਪੱਲੇ ਨਿਰਾਸ਼ਤਾ ਹੀ ਪਈ। ਬਾਹਰਲਿਆਂ ਦੀ ਤਾਂ ਗੱਲ ਹੀ ਛੱਡੋ, ਉਸ ਦੇ ਜਨਮ-ਪਿੰਡ ਖਨਿਆਣ ਵਿਚ ਹੀ ਉਸ ਨੂੰ ਭੁਲਾ ਦਿੱਤਾ ਗਿਆ ਹੈ। ਇਸ ਦਾ ਸਬੂਤ ਪਿੰਡ ਦੇ ਵਸਨੀਕ ਜਥੇਦਾਰ ਅਮਰ ਸਿੰਘ ਵੱਲੋਂ ਲਿਖਿਆ ਕਿਤਾਬਚਾ "ਇਤਿਹਾਸ ਪਿੰਡ ਖਨਿਆਣ" ਹੈ। ਜਥੇਦਾਰ ਜੀ ਨੇ ਪਿੰਡ ਖਨਿਆਣ ਦੇ 14 ਜਲਾਵਤਨੀਆਂ ਦੇ ਨਾਵਾਂ ਦੀ ਸੂਚੀ ਬਣਾਈ ਹੈ, ਪਰ ਇਸ ਸੂਚੀ ਵਿਚ ਊਧਮ ਸਿੰਘ ਦਾ ਨਾਂਅ ਸ਼ਾਮਲ ਨਹੀਂ। ਉਸ ਨੇ "1947 ਤੋਂ ਪਹਿਲਾਂ ਦੇ ਚੰਗੇ ਬੰਦਿਆਂ ਦੇ ਨਾਂਅ" ਸੁਰਖੀ ਹੇਠ 20 ਵਿਅਕਤੀਆਂ ਦੇ ਨਾਉਂ ਲਿਖੇ ਹਨ, ਪਰ ਊਧਮ ਸਿੰਘ ਦਾ ਨਾਂਅ ਇਹਨਾਂ ਵਿਚ ਵੀ ਦਰਜ ਨਹੀਂ। ਉਸ ਦੇ ਲਿਖਣ ਅਨੁਸਾਰ ਉਸ ਨੇ ਪਿੰਡ ਦੇ 20 ਸੱਜਣਾਂ ਪਾਸੋਂ ਪ੍ਰਾਪਤ ਜਾਣਕਾਰੀ ਨੂੰ ਇਸ ਪੁਸਤਿਕਾ ਦਾ ਆਧਾਰ ਬਣਾਇਆ ਹੈ। ਸਪੱਸ਼ਟ ਹੈ ਪਿੰਡ ਦੇ ਇਹਨਾਂ ਪਤਵੰਤਿਆਂ ਵਿੱਚੋਂ ਕਿਸੇ ਨੂੰ ਵੀ ਕੁਰਬਾਨੀ ਦੀ ਮੂਰਤ ਊਧਮ ਸਿੰਘ ਬਾਰੇ ਜਾਣਕਾਰੀ ਨਹੀਂ ਸੀ, ਜਿਸ ਤੋਂ ਪ੍ਰਤੱਖ ਹੈ ਕਿ ਪਿੰਡ ਵਾਸੀ ਆਪਣੀ ਜਨਮ-ਭੋਇੰ ਵਿਚ ਜਨਮੇ ਦੇਸ਼ ਭਗਤ ਗਿਆਨੀ ਊਧਮ ਸਿੰਘ ਨੂੰ ਵਿਸਾਰ ਚੁੱਕੇ ਹਨ। ਗਿਆਨੀ ਊਧਮ ਸਿੰਘ, ਜਿਸ ਨੇ ਇਕ ਸਾਲ ਨਾਭਾ ਰਿਆਸਤ ਦੀ ਜੇਲ੍ਹ ਵਿਚ ਲੱਗਭੱਗ ਤਿੰਨ ਸਾਲ ਪਟਿਆਲਾ ਰਿਆਸਤ ਦੇ ਬੰਦੀਖਾਨੇ ਵਿਚ ਅਤੇ ਲੱਗਭੱਗ ਚਾਰ ਸਾਲ ਬਰਤਾਨਵੀ ਹਿੰਦੁਸਤਾਨ ਦੇ ਪੰਜਾਬ ਪ੍ਰਾਂਤ ਦੀਆਂ ਜੇਲ੍ਹਾਂ ਵਿਚ ਬਤੀਤ ਕੀਤੇ ਅਤੇ 1923 ਵਿਚ ਨਾਭਾ ਰਿਆਸਤ ਵਿੱਚੋਂ ਦੇਸ਼ ਨਿਕਾਲਾ ਦਿੱਤੇ ਜਾਣ ਪਿੱਛੋਂ ਅੰਤਮ ਸਾਹ ਤੱਕ ਉਸ ਨੂੰ ਆਪਣੇ ਪੁਰਖਿਆਂ ਦੇ ਪਿੰਡ ਜਾਣ ਦਾ ਮੌਕਾ ਨਾ ਮਿਲਿਆ।

ਅਜਿਹਾ ਕੇਵਲ ਗਿਆਨੀ ਊਧਮ ਸਿੰਘ ਨਾਲ ਹੀ ਨਹੀਂ ਹੋਇਆ। ਵੱਡੀ ਗਿਣਤੀ ਵਿਚ ਹੋਰ ਅਜਿਹੇ ਦੇਸ਼ਭਗਤ ਹਨ, ਜਿਨ੍ਹਾਂ ਨੇ ਮਾਤ ਭੂਮੀ ਨੂੰ ਅੰਗਰੇਜ਼ੀ ਸਾਮਰਾਜ ਦੀ ਗੁਲਾਮੀ ਤੋਂ ਮੁਕਤੀ ਦਬਾਉਣ ਲਈ ਆਪਣੀਆਂ ਜਾਨਾਂ ਹੂਲ ਦਿੱਤੀਆਂ, ਪਰ ਅੱਜ ਉਹਨਾਂ ਨੂੰ ਉੱਕਾ ਹੀ ਵਿਸਾਰ ਦਿੱਤਾ ਗਿਆ ਹੈ। ਇਹਨਾਂ ਦੇਸ਼ਭਗਤਾਂ ਨੂੰ ਅਣਗੌਲਿਆਂ ਕੀਤਾ ਜਾਣਾ ਅਚਾਨਕ ਨਹੀਂ ਸੀ ਹੋਇਆ, ਸਗੋਂ ਡੂੰਘੀ ਵਿਉਂਤਬੰਦੀ ਨਾਲ ਅਜਿਹਾ ਕੀਤਾ ਗਿਆ ਹੈ। ਦੁੱਖ ਦੀ ਗੱਲ ਹੈ ਕਿ ਜਿਉਂ ਹੀ ਦੇਸ਼ ਦੇ ਗਲੋਂ ਅੰਗਰੇਜ਼ ਸਾਮਰਾਜ ਦੀ ਗੁਲਾਮੀ ਦਾ ਜੂਲਾ ਉੱਤਰਿਆ ਤਾਂ ਹਾਕਮ ਪਾਰਟੀ ਨੇ ਰਾਜਸੀ ਲਾਹਾ ਲੈਣ ਖਾਤਰ ਸੋਚੀ-ਸਮਝੀ ਨੀਤੀ ਅਨੁਸਾਰ ਅਜਿਹਾ ਵਾਤਾਵਰਨ ਸਿਰਜਿਆ, ਜਿਸ ਵਿਚ ਆਜ਼ਾਦੀ ਪ੍ਰਾਪਤੀ ਦੇ ਸਿਹਰੇ ਦਾ ਹੱਕਦਾਰ ਇਕੋ-ਇਕ ਵਿਅਕਤੀ ਮਹਾਤਮਾ ਗਾਂਧੀ ਨੂੰ ਮੰਨ ਲਿਆ ਗਿਆ। ਇਸ ਮਨੋਰਥ ਵਾਸਤੇ ਜਦ ਜਣੇ-ਖਣੇ ਦੇ ਕੰਨ ਵਿਚ "ਲੇ ਦੀ ਆਜ਼ਾਦੀ ਹਮੇਂ ਬਿਨਾਂ ਤੀਰ ਬਿਨਾਂ ਢਾਲ, ਸਾਬਰਮਤੀ ਕੇ ਸੰਤ ਤੂ ਨੇ ਕਰ ਦੀਆ ਕਮਾਲ" ਬਿਆਨੀਆ ਪਾਇਆ ਗਿਆ ਤਾਂ ਆਜ਼ਾਦੀ ਪ੍ਰਾਪਤੀ ਲਈ ਸਿਰਾਂ ਦੀ ਕੁਰਬਾਨੀ ਦੇਣ ਵਾਲਿਆਂ ਦੀ ਗੱਲ ਕਰਨ ਦੀ ਲੋੜ ਹੀ ਖਤਮ ਹੋ ਗਈ। ਹੋਰ ਵੀ ਅਫਸੋਸ ਇਸ ਗੱਲੋਂ ਹੈ ਕਿ ਪੰਜਾਬ ਵਿਚ ਸਮੇਂ-ਸਮੇਂ ਬਣੀਆਂ ਸਰਕਾਰਾਂ ਨੇ ਵੀ ਇਸ ਤੱਥ ਪ੍ਰਤੀ ਬੇਧਿਆਨੀ ਵਿਖਾਈ। ਉਸ ਨੇ ਪੰਜਾਬੀਆਂ ਦੁਆਰਾ ਕੀਤੀਆਂ ਕੁਰਬਾਨੀਆਂ ਦੀ ਕਦਰ ਤਾਂ ਕੀ ਪਾਉਣੀ ਸੀ, ਉਹਨਾਂ ਦੇ ਨਾਉਂ 'ਜਿਉਂਦੇ' ਰੱਖਣ ਵੱਲ ਵੀ ਰੁਚੀ ਨਹੀਂ ਵਿਖਾਈ, ਜਿਸ ਕਾਰਨ ਅੰਗਰੇਜ਼ ਸਰਕਾਰ ਦਾ ਵਿਰੋਧ ਕਰਨ ਦੇ ਦੋਸ਼ ਵਿਚ ਖੁਦ ਜੀਵਨ ਭਰ ਘੋਰ ਮੁਸ਼ਕਲਾਂ ਦਾ ਸਾਹਮਣਾ ਕਰਨ ਅਤੇ ਆਪਣੇ ਪਰਵਾਰਾਂ ਨੂੰ ਰੱਬ ਆਸਰੇ ਛੱਡਣ ਵਾਲੇ ਅਨੇਕਾਂ ਸੂਰਮਿਆਂ ਬਾਰੇ ਪੰਜਾਬੀਆਂ ਨੂੰ ਉੱਕਾ ਹੀ ਜਾਣਕਾਰੀ ਨਹੀਂ। ਅਜਿਹੇ ਗੁੰਮਨਾਮ ਆਜ਼ਾਦੀ ਘੁਲਾਟੀਆਂ ਵਿੱਚੋਂ ਹੀ ਹੈ ਗਿਆਨੀ ਊਧਮ ਸਿੰਘ।



ਇਸ ਦੇਸ਼ਭਗਤ ਊਧਮ ਸਿੰਘ ਦਾ ਜਨਮ ਨਾਭਾ ਰਿਆਸਤ ਦੇ ਪਿੰਡ ਖਨਿਆਣ, ਥਾਣਾ ਅਮਲੋਹ ਵਿਚ ਉਨ੍ਹੀਵੀਂ ਸਦੀ ਦੇ ਅੰਤਲੇ ਵਰ੍ਹਿਆਂ ਦੌਰਾਨ ਹੋਇਆ। ਜਨਮ ਸਾਲ ਦਾ ਕੋਈ ਪਤਾ ਨਹੀਂ। ਗਿਆਨੀ ਊਧਮ ਸਿੰਘ 1964 ਵਿਚ ਸੁਰਗਵਾਸ ਹੋਇਆ ਤਾਂ ਅਸਥੀਆਂ ਸ੍ਰੀ ਕੀਰਤਪੁਰ ਸਾਹਿਬ ਲੈ ਜਾ ਕੇ ਜਲ ਪ੍ਰਵਾਹ ਕੀਤੀਆਂ ਗਈਆਂ, ਇਸ ਮੌਕੇ ਗੁਰਦੁਆਰੇ ਦੇ ਰਜਿਸਟਰ ਵਿਚ ਉਸ ਦੀ ਉਮਰ 65 ਸਾਲ ਦਰਜ ਹੈ। ਇਸ ਤੋਂ ਉਸ ਦਾ ਜਨਮ 1899 ਈਸਵੀ ਦਾ ਮੰਨਿਆ ਜਾ ਸਕਦਾ ਹੈ। ਉਸ ਦੇ ਪਿਤਾ ਦਾ ਨਾਂਅ ਸ. ਵਜ਼ੀਰ ਸਿੰਘ ਸੀ ਅਤੇ ਮਾਤਾ ਦਾ ਨਾਉਂ ਦੱਲੀ ਸੀ। ਉਹ ਗੁੱਜਰ ਸਿੱਖ ਬਰਾਦਰੀ ਵਿੱਚੋਂ ਸੀ। ਇਹ ਪਿੰਡ ਗੁੱਜਰਾਂ ਦੇ ਕਿਸੇ ਵਡੇਰੇ ਨੇ ਹੀ ਬੰਨ੍ਹਿਆ ਸੀ। ਮੁਸਲਮਾਨਾਂ ਵਿਚ ਵੀ ਗੁੱਜਰ ਮਿਲਦੇ ਹਨ, ਪਰ ਖਨਿਆਣ ਪਿੰਡ ਦੇ ਗੁੱਜਰ ਕਿਸੇ ਵੇਲੇ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ ਪੰਥ ਵਿਚ ਸ਼ਾਮਲ ਹੋ ਗਏ। ਵਜ਼ੀਰ ਸਿੰਘ ਹੋਰੀਂ ਤਿੰਨ ਭਰਾ ਸਨ। ਦੂਜਿਆਂ ਦੇ ਨਾਂਅ ਸਨ ਗਿਰਧਰ ਸਿੰਘ, ਜਿਸ ਦਾ ਪੂਰਾ ਨਾਂਅ ਲੈਣ ਦੀ ਥਾਂ ਪਿੰਡ ਵਾਲੇ ਉਸ ਨੂੰ ਗਿਰਦਾ ਕਹਿ ਕੇ ਬੁਲਾਉਂਦੇ ਸਨ ਅਤੇ ਹੀਰਾ ਸਿੰਘ। ਗਿਰਦਾ ਵਜ਼ੀਰ ਸਿੰਘ ਤੋਂ ਵੱਡਾ ਸੀ ਅਤੇ ਹੀਰਾ ਸਿੰਘ ਛੋਟਾ। ਵਜ਼ੀਰ ਸਿੰਘ ਦਾ ਵਿਆਹ ਪਿੰਡ ਦੌਦ ਵਿਚ ਹੋਇਆ। ਉਸ ਦੀ ਪਤਨੀ ਆਪਣੇ ਮਾਪਿਆਂ ਦੀ ਇਕਲੌਤੀ ਧੀ ਸੀ। ਗੁੱਜਰ ਭਾਈਚਾਰੇ ਵਿੱਚੋਂ ਹੋਣ ਕਾਰਨ ਕੋਈ ਜ਼ਮੀਨ-ਜਾਇਦਾਦ ਤਾਂ ਹੈ ਨਹੀਂ ਸੀ, ਦਿਹਾੜੀ-ਦੱਪਾ ਕਰਕੇ ਡੰਗ ਟਪਾਉਂਦੇ ਸਨ, ਜਿਸ ਕਾਰਨ ਉਸ ਦੇ ਮਾਤਾ-ਪਿਤਾ ਦੀ ਮੌਤ ਪਿੱਛੋਂ ਦੌਦ ਪਿੰਡ ਨਾਲ ਉਹਨਾਂ ਦਾ ਕੋਈ ਸੰਬੰਧ ਨਾ ਰਿਹਾ।

ਚੜ੍ਹਦੀ ਵੀਹਵੀਂ ਸਦੀ ਦੇ ਮੁਢਲੇ ਕੁੱਝ ਵਰ੍ਹਿਆਂ ਦੌਰਾਨ ਪਲੇਗ ਨੇ ਹਜ਼ਾਰਾਂ ਜਾਨਾਂ ਲਈਆਂ। ਅਜਿਹੀ ਕਿਸੇ ਮਹਾਂਮਾਰੀ ਵਿਚ ਵਜ਼ੀਰ ਸਿੰਘ ਅਤੇ ਉਸ ਦੀ ਪਤਨੀ ਇਕ ਪੁੱਤਰ ਅਤੇ ਇਕ ਧੀ ਨੂੰ ਬਾਲ ਉਮਰ ਵਿਚ ਛੱਡ ਕੇ ਅੱਗੜ-ਪਿੱਛੜ ਸੁਰਗਵਾਸ ਹੋ ਗਏ। ਪੁੱਤਰ ਦਾ ਨਾਂਅ ਊਧਮ ਸਿੰਘ ਅਤੇ ਧੀ ਦਾ ਨਾਂਅ ਨੰਦ ਕੌਰ ਸੀ। ਮਾਂ-ਪਿਉ ਵਿਹੂਣੇ ਬੱਚਿਆਂ ਦੀ ਪਾਲਣਾ-ਪੋਸ਼ਣਾ ਉਹਨਾਂ ਦੇ ਦੇਵਤਾ ਸਰੂਪ ਚਾਚੇ ਗਿਰਦੇ ਨੇ ਕੀਤੀ। ਗਿਰਦੇ ਦੇ ਘਰ ਨਰੀਨਾ ਔਲਾਦ ਕੋਈ ਨਹੀਂ ਸੀ, ਕੇਵਲ ਤਿੰਨ ਧੀਆਂ ਹਰਨਾਮੀ, ਨਿਹਾਲੋ ਅਤੇ ਪੂਰਨੀ ਸਨ। ਇਸ ਲਈ ਉਸ ਨੇ ਊਧਮ ਸਿੰਘ ਨੂੰ ਆਪਣੇ ਪੁੱਤਰ ਅਤੇ ਨੰਦੋ ਨੂੰ ਆਪਣੀ ਚੌਥੀ ਧੀ ਵਾਂਗ ਪਾਲਿਆ। ਜਿਉਂ-ਜਿਉਂ ਲੜਕੀਆਂ ਵਿਆਹ ਵਾਲੀ ਉਮਰ ਦੀਆਂ ਹੁੰਦੀਆਂ ਗਈਆਂ, ਉਹ ਇਹਨਾਂ ਨੂੰ ਵਿਆਹ ਕੇ ਆਪਣੀ ਪਰਵਾਰਕ ਜ਼ਿੰਮੇਵਾਰੀ ਤੋਂ ਮੁਕਤ ਹੁੰਦਾ ਗਿਆ। ਹਰਨਾਮੀ ਦਾ ਵਿਆਹ ਸਾਧੂ ਸਿੰਘ ਪਿੰਡ ਸਹੌੜਾਂ (ਥਾਣਾ ਪਾਇਲ) ਨਾਲ ਹੋਇਆ ਅਤੇ ਨਿਹਾਲੋ ਧਮੋਟ ਪਿੰਡ ਦੇ ਵਰਿਆਮ ਸਿੰਘ ਉਰਫ ਪੂਰਨ ਸਿੰਘ ਨਾਲ ਵਿਆਹੀ ਗਈ। ਤੀਜੀ ਪੂਰਨੀ ਦੀ ਸ਼ਾਦੀ ਆਲਮਪੁਰ, ਰਿਆਸਤ ਸੰਗਰੂਰ, ਵਿਚ ਹੋਈ। ਗਿਰਦੇ ਨੇ ਆਪਣੀ ਭਤੀਜੀ ਨੰਦ ਕੌਰ ਦੀ ਸ਼ਾਦੀ ਪਿੰਡ ਕੂਹਲੀ ਕਲਾਂ ਦੇ ਵਸਨੀਕ ਮੈਂਗਲ ਸਿੰਘ ਨਾਲ ਕੀਤੀ। ਵਜ਼ੀਰ ਸਿੰਘ ਦੇ ਤੀਜੇ ਭਰਾ ਹੀਰੇ ਦੀ ਔਲਾਦ ਇਕੋ-ਇਕ ਪੁੱਤਰ ਨੌਰਾਤਾ ਸੀ। ਇਹ ਸਾਰੇ ਆਪੋ-ਆਪਣੇ ਪਿੰਡਾਂ ਵਿਚ ਕਿਸਾਨਾਂ ਨਾਲ ਖੇਤੀਬਾੜੀ ਦੇ ਕੰਮ ਵਿਚ ਹੱਥ ਵਟਾ ਕੇ ਪੇਟ ਪਾਲਦੇ ਸਨ।

**ਫੌਜ ਦੀ ਨੌਕਰੀ**

ਪਿੰਡਾਂ ਵਿਚ ਵਸਦੇ ਆਮ ਬੇਜ਼ਮੀਨੇ ਕਿਰਤੀਆਂ ਦੇ ਬੱਚਿਆਂ ਵਾਂਗ ਊਧਮ ਸਿੰਘ ਵੀ ਸੁਰਤ ਸੰਭਾਲਣ ਦੇ ਦਿਨ ਤੋਂ ਪਿੰਡ ਦੇ ਕਿਸਾਨਾਂ ਨਾਲ ਉਹਨਾਂ ਦੇ ਕੰਮ-ਧੰਦੇ ਵਿਚ ਹੱਥ ਵਟਾ ਕੇ ਡੰਗ ਟਪਾਉਣ ਲੱਗਾ, ਪਰ ਉਸ ਦੀ ਇੱਛਾ ਕੁੱਝ ਨਵਾਂ ਕਰਨ ਦੀ ਸੀ। ਉਹਨੀਂ ਦਿਨੀਂ ਖੇਤੀ ਤੋਂ ਬਿਨਾਂ ਰੋਜ਼ਗਾਰ ਦਾ ਬਦਲਵਾਂ ਸਾਧਨ ਫੌਜੀ ਨੌਕਰੀ ਹੀ ਸੀ, ਇਸ ਲਈ ਊਧਮ ਸਿੰਘ ਵੀ ਸੈਨਿਕ ਸੇਵਾ ਦੇ ਸੁਪਨੇ ਲੈਣ ਲੱਗਾ, ਪਰ ਉਸ ਦੀ ਛੋਟੀ ਉਮਰ ਇਸ ਰਾਹ ਵਿਚ ਅੜਿੱਕਾ ਸੀ। ਛੇਤੀ ਹੀ ਉਸ ਨੂੰ ਆਪਣੇ ਸੁਪਨੇ ਨੂੰ ਸਾਕਾਰ ਕਰਨ ਦਾ ਢੋਅ ਢੁਕ ਗਿਆ। ਉਸ ਦੇ ਪਿੰਡ ਖਨਿਆਣ ਵਿੱਚੋਂ ਇਕ ਜਵਾਨ ਕੁੰਦਨ ਸਿੰਘ ਅੰਗਰੇਜ਼ੀ ਫੌਜ ਵਿਚ ਸੇਵਾ ਕਰ ਰਿਹਾ ਸੀ। ਉਹ ਛੁੱਟੀ ਕੱਟਣ ਪਿੰਡ ਆਇਆ ਤਾਂ ਊਧਮ ਸਿੰਘ ਨੇ ਫੌਜ ਵਿਚ ਭਰਤੀ ਹੋਣ ਦੀ ਆਪਣੀ ਇੱਛਾ ਉਸ ਨੂੰ ਦੱਸੀ। ਇਹ ਦਸੰਬਰ 1914 ਦੀ ਗੱਲ ਹੈ। ਪਹਿਲੀ ਸੰਸਾਰ ਜੰਗ ਸ਼ੁਰੂ ਹੋ ਚੁੱਕੀ ਸੀ। ਬਰਤਾਨੀਆ ਇਸ ਜੰਗ ਵਿਚ ਸ਼ਾਮਲ ਸੀ ਅਤੇ ਵਿਭਿੰਨ ਮੋਰਚਿਆਂ ਉੱਤੇ ਲੋੜੀਂਦੇ ਸੈਨਿਕਾਂ ਦੀ ਨਫਰੀ ਪੂਰੀ ਕਰਨ ਵਾਸਤੇ ਉਸ ਦੀ ਬਹੁਤੀ ਟੇਕ ਪੰਜਾਬ ਅਤੇ ਸਿੱਖ ਰਿਆਸਤਾਂ ਉੱਤੇ ਸੀ। ਪਿੰਡਾਂ ਵਿਚ ਨੰਬਰਦਾਰਾਂ, ਜ਼ੈਲਦਾਰਾਂ ਅਤੇ ਹੋਰ ਸਰਕਾਰੀ ਕਰਮਚਾਰੀਆਂ ਨੂੰ ਵੱਧ ਤੋਂ ਵੱਧ ਭਰਤੀ ਕਰਵਾਉਣ ਦੇ ਸਖਤ ਹੁਕਮ ਸਨ। ਫੌਜ ਦੀ ਲੋੜੀਂਦੀ ਗਿਣਤੀ ਪੂਰੀ ਕਰਨ ਵਾਸਤੇ ਭਰਤੀ ਦੇ ਮਾਪਦੰਡਾਂ ਨੂੰ ਵੀ ਅੱਖੋਂ-ਪ੍ਰੋਖੇ ਕੀਤਾ ਜਾਣ ਲੱਗਾ ਸੀ। ਅਜਿਹੇ ਵਿਚ ਸੁਡੌਲ ਸਰੀਰ ਵਾਲੇ ਊਧਮ ਸਿੰਘ ਨੂੰ ਫੌਜ ਵਿਚ ਭਰਤੀ ਕਰਨ ਤੋਂ ਕਿਸ ਨੇ ਨਾਂਹ ਕਰਨੀ ਸੀ। ਜਦ ਕੁੰਦਨ ਸਿੰਘ ਮੁੱਛ ਫੁੱਟ ਗੱਭਰੂ ਊਧਮ ਸਿੰਘ ਨੂੰ ਜਲੰਧਰ ਵਿਚ ਫੌਜੀ ਭਰਤੀ ਕਰਨ ਵਾਲੇ ਅਫਸਰ ਕੋਲ ਲੈ ਕੇ ਗਿਆ ਤਾਂ ਭਰਤੀ ਅਫਸਰ ਨੇ ਊਧਮ ਸਿੰਘ ਦੀ ਲੋੜੀਂਦੀ ਨਿਰਖ-ਪਰਖ ਕਰਕੇ ਉਸ ਨੂੰ ਝੱਟ ਭਰਤੀ ਕਰ ਲਿਆ। ਕੁੰਦਨ ਸਿੰਘ 124ਵੀਂ ਬਲੋਚੀ ਪਲਟਨ ਦਾ ਸਿਪਾਹੀ ਸੀ, ਜੋ ਉਹਨੀਂ ਦਿਨੀਂ ਬਲੋਚਿਸਤਾਨ ਦੇ ਸ਼ਹਿਰ ਕੋਇਟਾ ਵਿਚ ਤੈਨਾਤ ਸੀ। ਇਸ ਲਈ ਊਧਮ ਸਿੰਘ ਨੂੰ ਵੀ ਰੰਗਰੂਟੀ ਕਰਨ ਵਾਸਤੇ ਕੁੰਦਨ ਸਿੰਘ ਦੇ ਨਾਲ ਕੋਇਟੇ 124ਵੀਂ ਬਲੋਚੀ ਪਲਟਨ ਵਿਚ ਭੇਜ ਦਿੱਤਾ ਗਿਆ। ਸਿਪਾਹੀ ਵਜੋਂ ਸਿਖਲਾਈ ਪੂਰੀ ਕਰਨ ਪਿੱਛੋਂ ਉਸ ਨੂੰ ਪੈਦਲ ਸੈਨਾ ਦੀ 47ਵੀਂ ਸਿੱਖਸ ਰਜਮੈਂਟ ਅਲਾਟ ਕੀਤੀ ਗਈ ਤਾਂ ਉਹ ਜਲੰਧਰ ਆ ਕੇ ਇਸ ਰਜਮੈਂਟ ਵਿਚ ਸ਼ਾਮਲ ਹੋ ਗਿਆ।



**ਊਧਮ ਸਿੰਘ ਲੜਾਈ ਦੇ ਮੈਦਾਨ ਵਿਚ**

ਸੰਸਾਰ ਯੁੱਧ ਚੱਲ ਰਿਹਾ ਸੀ ਅਤੇ ਜਰਮਨੀ ਨੇ ਬੈਲਜੀਅਮ ਵਿਚ ਦੀ ਲੰਘ ਕੇ ਫਰਾਂਸ ਦਾ ਕੁੱਝ ਇਲਾਕਾ ਮੱਲ ਲਿਆ ਸੀ। ਉਸ ਦਾ ਯਤਨ ਸੀ ਕਿ ਫਰਾਂਸ ਉੱਤੇ ਅਜਿਹਾ ਮਾਰੂ ਹਮਲਾ ਕੀਤਾ ਜਾਵੇ ਕਿ ਜਾਨ-ਮਾਲ ਦਾ ਨੁਕਸਾਨ ਦੇਖਦਿਆਂ ਫਰਾਂਸ ਹਾਰ ਮੰਨਣ ਵਾਸਤੇ ਮਜਬੂਰ ਹੋ ਜਾਵੇ। ਇਸ ਮੋਰਚੇ, ਜਿਸ ਨੂੰ ਇਤਿਹਾਸਕਾਰਾਂ ਨੇ 'ਪੱਛਮੀ ਮੋਰਚਾ' ਲਿਖਿਆ ਹੈ, ਉੱਤੇ ਲੜਨ ਵਾਸਤੇ ਵਧੇਰੇ ਫੌਜੀਆਂ ਦੀ ਲੋੜ ਸੀ। ਇਸ ਯੁੱਧ ਦੌਰਾਨ ਫਰਾਂਸ ਅਤੇ ਬਰਤਾਨੀਆ ਇਕੱਠੇ ਸਨ, ਇਸ ਲਈ ਬਰਤਾਨੀਆ ਨੇ ਫਰਾਂਸ ਦੀ ਮਦਦ ਕਰਨ ਵਾਸਤੇ ਹਿੰਦੁਸਤਾਨੀ ਫੌਜੀ ਉੱਥੇ ਭੇਜਣੇ ਸ਼ੁਰੂ ਕੀਤੇ। ਹਿੰਦੁਸਤਾਨ ਸਰਕਾਰ ਨੇ ਅਕਤੂਬਰ 1915 ਵਿਚ 47ਵੀਂ ਸਿੱਖਸ ਨੂੰ ਫਰਾਂਸ ਦੇ ਪੱਛਮੀ ਮੋਰਚੇ ਉੱਤੇ ਭੇਜਿਆ। ਭੀਸ਼ਣ ਜੰਗ ਹੋ ਰਹੀ ਸੀ। ਦੋਵੇਂ ਧਿਰਾਂ ਇਕ-ਦੂਜੇ ਨੂੰ ਖਦੇੜਨ ਵਾਸਤੇ ਜ਼ੋਰਦਾਰ ਹਮਲੇ ਕਰ ਰਹੀਆਂ ਸਨ। ਅਜਿਹੇ ਇਕ ਹਮਲੇ ਵਿਚ ਊਧਮ ਸਿੰਘ ਦੁਸ਼ਮਣ ਵੱਲੋਂ ਸੁੱਟੇ ਬੰਬ ਕਾਰਨ ਜ਼ਖਮੀ ਹੋਇਆ ਤਾਂ ਉਸ ਨੂੰ ਇਲਾਜ ਵਾਸਤੇ ਇੰਗਲੈਂਡ ਦੇ ਮਿਲਟਰੀ ਹਸਪਤਾਲ ਬਰਾਇਟਨ ਵਿਚ ਦਾਖਲ ਕੀਤਾ ਗਿਆ। ਇਕ ਤਾਂ ਜ਼ਖਮ ਬਹੁਤਾ ਗਹਿਰਾ ਨਹੀਂ ਸੀ, ਦੂਜੇ ਊਧਮ ਸਿੰਘ ਮਾਨਸਿਕ ਪੱਖੋਂ ਚੜ੍ਹਦੀ ਕਲਾ ਵਿਚ ਸੀ, ਸੋ ਉਹ ਛੇਤੀ ਹੀ ਨੌਂ-ਬਰ-ਨੌਂ ਹੋ ਗਿਆ। ਤੰਦਰੁਸਤ ਹੋਣ ਪਿੱਛੋਂ ਉਸ ਦੀ ਤੈਨਾਤੀ ਫਰਾਂਸ ਵਿਚ ਹੀ ਮਰਸਿਲਜ਼ ਡਿਪੋ ਵਿਚ ਕੀਤੀ ਗਈ।

ਜੰਗ ਵਿਚ ਹੱਥ ਉੱਤੇ ਕਰਨ ਵਾਸਤੇ ਬਰਤਾਨੀਆ ਨੇ ਅਰਬ ਦੇਸ਼ਾਂ ਦੇ ਤੇਲ ਖੂਹਾਂ ਉੱਤੇ ਕਬਜ਼ਾ ਕਰਨ ਦੀ ਨੀਤ ਨਾਲ ਇੱਥੇ ਆਪਣੀ ਫੌਜ ਭੇਜੀ ਹੋਈ ਸੀ। 1916 ਵਿਚ ਨਵੀਂ ਕੁਮਕ ਵਜੋਂ 47 ਸਿੱਖਸ ਨੂੰ ਫਰਾਂਸ ਤੋਂ ਬਦਲ ਕੇ ਅਰਬ ਮੁਲਕਾਂ ਵਿਚ ਲੜਾਈ ਦੇ ਮੋਰਚਿਆਂ ਉੱਤੇ ਭੇਜੇ ਜਾਣ ਨਾਲ ਊਧਮ ਸਿੰਘ ਇੱਥੇ ਆ ਗਿਆ। ਉਸ ਨੇ ਇਕ ਸਾਲ ਅਰਬ ਮੁਲਕਾਂ ਵਿਚ ਗੁਜ਼ਾਰਿਆ। ਪਹਿਲਾਂ 1916 ਵਿਚ ਬਸਰੇ ਦੇ ਮੋਰਚੇ ਉੱਤੇ ਅਤੇ ਫਿਰ ਮੈਸੋਪੋਟਾਮੀਆਂ ਵਿਚ। ਉਹ 1917 ਵਿਚ ਮੈਸੋਪੋਟਾਮੀਆਂ ਵਿਚ ਲੜਦਿਆਂ ਮੁੜ ਜ਼ਖਮੀ ਹੋਇਆ ਤਾਂ ਉਸ ਨੂੰ ਇਲਾਜ ਵਾਸਤੇ ਹਿੰਦੁਸਤਾਨ ਵਾਪਸ ਭੇਜ ਦਿੱਤਾ ਗਿਆ। ਸਿਹਤ ਠੀਕ ਹੋ ਗਈ ਤਾਂ ਉਸ ਨੂੰ ਮੁਲਤਾਨ ਵਿਚ 124ਵੀਂ ਬਲੋਚੀ, ਜਿਸ ਵਿਚ ਉਸ ਨੇ ਰੰਗਰੂਟੀ ਕੀਤੀ ਸੀ, ਵਿਚ ਭੇਜਿਆ ਗਿਆ। 1918 ਤੱਕ ਬਰਤਾਨਵੀ ਫੌਜ ਨੇ ਫਲਸਤੀਨ ਉੱਤੇ ਕਬਜ਼ਾ ਕਰ ਲਿਆ ਸੀ ਅਤੇ ਹੁਣ ਇਸ ਕਬਜ਼ੇ ਨੂੰ ਬਰਕਰਾਰ ਰੱਖਣ ਲਈ ਉੱਥੇ ਫੌਜ ਤੈਨਾਤ ਕੀਤੀ ਜਾਣੀ ਜ਼ਰੂਰੀ ਸੀ। ਇਸ ਮਨੋਰਥ ਵਾਸਤੇ 124ਵੀਂ ਬਲੋਚੀ ਰਜਮੈਂਟ ਨੂੰ ਉੱਥੇ ਭੇਜਿਆ ਗਿਆ ਤਾਂ ਊਧਮ ਸਿੰਘ ਮੁੜ ਦੇਸ਼ ਤੋਂ ਬਾਹਰ ਆ ਕੇ ਲੱਗਭੱਗ ਦੋ ਸਾਲ ਉੱਥੇ ਰਿਹਾ। 1919 ਵਿਚ ਖਤਮ ਹੋਈ ਜੰਗ ਵਿਚ ਬਰਤਾਨੀਆ ਅਤੇ ਉਸ ਦੇ ਸਹਿਯੋਗੀ ਜੇਤੂ ਰਹੇ। ਅਮਨ ਹੋਣ ਪਿੱਛੋਂ 1920 ਵਿਚ ਇਸ ਰਜਮੈਂਟ ਨੂੰ ਹਿੰਦੁਸਤਾਨ ਵਿਚ ਹੈਦਰਾਬਾਦ ਸਿੰਧ ਲਿਆਂਦਾ ਗਿਆ। ਇਉਂ ਊਧਮ ਸਿੰਘ ਨੇ ਪਹਿਲੀ ਸੰਸਾਰ ਜੰਗ ਦਾ ਸਾਰਾ ਸਮਾਂ ਵਿਦੇਸ਼ਾਂ ਵਿਚ ਮੋਰਚਿਆਂ ਉੱਤੇ ਲੜਦਿਆਂ ਗੁਜ਼ਾਰਿਆ। ਇਹ ਉਸ ਦੀ ਨਿਡਰਤਾ ਸੀ ਜਾਂ ਸਿਖਲਾਈ ਦੀ ਘਾਟ, ਕਿ ਉਹ ਦੋ ਵਾਰ ਜ਼ਖਮੀ ਹੋਇਆ, ਪਰ ਸੁੱਖ ਇਹ ਰਹੀ ਕਿ ਜ਼ਖਮ ਕਦੇ ਵੀ ਘਾਤਕ ਨਹੀਂ ਸਨ।

ਜੰਗ ਖਤਮ ਹੋ ਗਈ ਸੀ ਅਤੇ ਵਧੇਰੇ ਫੌਜ ਦੀ ਲੋੜ ਨਹੀਂ ਸੀ ਰਹੀ ਜਿਸ ਕਾਰਨ ਸਰਕਾਰ ਫੌਜ ਦੀ ਨਫਰੀ ਘਟਾਉਣ ਵੱਲ ਲੱਗੀ ਹੋਈ ਸੀ। ਅਜਿਹੀ ਕਾਰਵਾਈ ਦੇ ਚੱਲਦਿਆਂ ਅਕਤੂਬਰ 1920 ਵਿਚ ਊਧਮ ਸਿੰਘ ਨੂੰ ਫੌਜੀ ਨੌਕਰੀ ਤੋਂ ਫਾਰਗ ਕਰ ਦਿੱਤਾ ਗਿਆ।

**ਊਧਮ ਸਿੰਘ ਦੀ ਪਿੰਡ ਵਾਪਸੀ 'ਤੇ ਵਿਆਹ**

ਊਧਮ ਸਿੰਘ ਪਿੰਡ ਵਾਪਸ ਪਰਤਿਆ ਤਾਂ ਉਸ ਦੀ ਉਮਰ ਵੀਹ-ਇੱਕੀ ਸਾਲ ਹੋ ਚੁੱਕੀ ਸੀ। ਇਹ ਉਸ ਦੀ ਵਿਆਹ ਵਾਲੀ ਉਮਰ ਸੀ। ਫੌਜੀ ਨੌਕਰੀ ਦੌਰਾਨ ਬਾਹਰਲੀ ਦੁਨੀਆ ਵਿਚ ਵਿਚਰਨ ਕਾਰਨ ਊਧਮ ਸਿੰਘ ਪਹਿਲਾਂ ਵਾਲਾ ਊਧਮ ਸਿੰਘ ਨਹੀਂ ਸੀ ਰਿਹਾ। ਉਸ ਨੂੰ ਪਹਿਨਣ ਪਚਰਣ ਦਾ ਵੱਲ ਆ ਗਿਆ ਸੀ ਅਤੇ ਹੱਥ ਵਿਚ ਚਾਰ ਪੈਸੇ ਵੀ ਸਨ। ਇਸ ਲਈ ਉਸ ਲਈ ਰਿਸ਼ਤਾ ਲੱਭਣ ਵਿਚ ਕੋਈ ਮੁਸ਼ਕਲ ਨਹੀਂ ਸੀ। ਨਤੀਜਨ 1920 ਵਿਚ ਉਸ ਦਾ ਵਿਆਹ ਪਿੰਡ ਧਮੋਟ (ਰਿਆਸਤ ਪਟਿਆਲਾ) ਵਿਚ ਹੋਇਆ। ਉਸ ਦੀ ਪਤਨੀ ਦਾ ਨਾਂਅ ਨਿਰੰਜਣ ਕੌਰ ਸੀ ਅਤੇ ਉਹ ਅਤਰ ਸਿੰਘ ਉਰਫ ਅਤਰੂ ਗੁੱਜਰ ਦੀ ਧੀ ਸੀ। ਇਸ ਪਿੰਡ ਵਿਚ ਹੀ ਉਸ ਦੇ ਚਾਚੇ ਗਿਰਦੇ ਦੀ ਧੀ ਨਿਹਾਲੋ ਵਿਆਹੀ ਹੋਈ ਸੀ, ਸੰਭਵ ਹੈ ਉਸ ਦੇ ਉਪਰਾਲੇ ਨਾਲ ਹੀ ਰਿਸ਼ਤਾ ਜੁੜਿਆ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਨੰਗਲ ਡੈਮ ਜਲਗਾਹ-ਕੁਦਰਤ ਦੀ ਸੁੰਦਰਤਾ ਦਾ ਅਨਮੋਲ ਖ਼ਜ਼ਾਨਾ

ਸੋਹਨ ਸਿੰਘ ਚਾਹਲ

ਨੰਗਲ ਸ਼ਹਿਰ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੋਂ 100 ਕਿਲੋਮੀਟਰ ਦੀ ਦੂਰੀ 'ਤੇ ਸ਼ਿਵਾਲਿਕ ਦੀਆਂ ਪਹਾੜੀਆਂ ਦੀ ਤਲਹਟੀ ਵਿੱਚ ਸਥਿਤ ਇੱਕ ਬਹੁਤ ਹੀ ਵਾਤਾਵਰਣ-ਸੰਵੇਦਨਸ਼ੀਲ ਛੋਟਾ ਜਿਹਾ ਸੁੰਦਰ ਸ਼ਹਿਰ ਹੈ। ਇਸ ਦੀ ਜਲ-ਭੂਮੀ ਸਤਲੁਜ ਦਰਿਆ, ਨਹਿਰਾਂ ਅਤੇ ਸ਼ਾਨਦਾਰ ਪਹਾੜੀਆਂ ਨਾਲ ਘਿਰੀ ਹੋਈ ਹੈ। ਸਤਲੁਜ ਦਰਿਆ 'ਤੇ ਭਾਖੜਾ ਡੈਮ ਦੀ ਸਥਾਪਨਾ ਨਾਲ ਇਸ ਸਥਾਨ ਨੇ ਹੋਰ ਪ੍ਰਸਿੱਧੀ ਪ੍ਰਾਪਤ ਕੀਤੀ ਹੈ। ਨੰਗਲ ਸਤਲੁਜ ਝੀਲ ਇੱਕ ਸੁੰਦਰ ਮਨੁੱਖੀ-ਨਿਰਮਿਤ ਝੀਲ ਹੈ, ਇਸ ਦੀ ਹੋਂਦ 1948 ਵਿੱਚ ਭਾਖੜਾ-ਨੰਗਲ ਪ੍ਰੋਜੈਕਟ ਦੇ ਨੰਗਲ ਡੈਮ ਨਿਰਮਾਣ ਵਜੋਂ ਹੋਈ। ਨੰਗਲ ਝੀਲ ਜਿਸ ਦੀ ਲੰਬਾਈ 6 ਕਿਲੋਮੀਟਰ ਹੈ ਅਤੇ ਇਸ ਝੀਲ ਦੁਆਰਾ ਵੱਧ ਪਾਣੀ ਦੇ ਵਹਾਅ ਨੂੰ ਨਿਯੰਤ੍ਰਿਤ ਕੀਤਾ ਗਿਆ ਹੈ, ਜਿਸ ਨਾਲ ਹੜ੍ਹਾਂ ਤੋਂ ਲੋਕਾਂ ਦੇ ਜਾਨੀ ਤੇ ਮਾਲੀ ਹੋਣ ਵਾਲੇ ਨੁਕਸਾਨ ਦੇ ਜੋਖਮਾਂ ਨੂੰ ਘਟਾਇਆ ਹੈ। ਨੰਗਲ ਸਤਲੁਜ ਝੀਲ ਦਾ ਸਥਾਨ ਇਤਿਹਾਸਕ ਮਹੱਤਵ ਵੀ ਰੱਖਦਾ ਹੈ, ਕਿਉਂਕਿ ਇਸ ਦੇ ਕੰਢੇ 'ਤੇ ਭਾਰਤੀ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਚੀਨੀ ਪ੍ਰਧਾਨ ਮੰਤਰੀ ਚੌ ਐਨ ਲਾਈ ਨੇ 1954 ਵਿੱਚ "ਪੰਚਸ਼ੀਲ" ਜਾਂ ਸ਼ਾਂਤੀਪੂਰਨ ਸਹਿ-ਹੋਂਦ ਦੇ ਪੰਜ ਸਿਧਾਂਤਾਂ ਨੂੰ ਰਸਮੀ ਰੂਪ ਦਿੱਤਾ ਸੀ। ਇਸ ਝੀਲ ਦੇ ਕਿਨਾਰੇ 'ਤੇ ਕਈ ਧਾਰਮਿਕ ਸਥਾਨ ਵੀ ਨੇ, ਜਿਸ ਵਿੱਚ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਗੁਰਦਵਾਰਾ ਬਿਭੌਰ ਸਾਹਿਬ ਅਤੇ ਗੁਰਦਵਾਰਾ ਘਾਟ ਸਾਹਿਬ ਸੁਸ਼ੋਭਿਤ ਹੈ। ਗੁਰਦਵਾਰਾ ਬਿਭੌਰ ਸਾਹਿਬ ਉਹ ਸਥਾਨ ਹੈ, ਜਿੱਥੇ ਗੁਰੂ ਸਾਹਿਬ ਨੇ ਆਪਣੀ ਰਿਹਾਇਸ਼ ਦੌਰਾਨ ਸਤਲੁਜ ਦਰਿਆ ਦੇ ਕੰਢੇ ਬੈਠ ਕੇ "ਚੁਪਈ ਸਾਹਿਬ" ਦੀ ਰਚਨਾ ਕੀਤੀ ਸੀ। ਅੱਜ ਵੀ ਭਾਦੋਂ ਅਸ਼ਟਮੀ ਮੌਕੇ ਇਸ ਸਥਾਨ 'ਤੇ ਵਿਸ਼ਾਲ ਜੋੜ ਮੇਲੇ ਵਿਚ ਸੰਗਤਾਂ ਦੇਸ਼-ਵਿਦੇਸ਼ ਤੋਂ ਪਹੁੰਚ ਕੇ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕਰਦੀਆਂ ਹਨ। ਇਸ ਤੋਂ ਇਲਾਵਾ ਗੁਰਦੁਆਰਾ ਸ੍ਰੀ ਨਾਨਕਸਰ, ਲਕਸ਼ਮੀ ਨਰਾਇਣ ਮੰਦਰ, ਬ੍ਰਹਮ ਹੋਤੀ ਮੰਦਰ ਤੇ ਹੋਰ ਵੀ ਕਈ ਧਾਰਮਿਕ ਸਥਾਨ ਹਨ, ਜਿਨ੍ਹਾਂ 'ਤੇ ਸ਼ਰਧਾਲੂਆਂ ਦੀ ਕਾਫ਼ੀ ਗਿਣਤੀ ਰਹਿੰਦੀ ਹੈ। ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਮਹਾਂਭਾਰਤ ਦੇ ਪਾਂਡਵਾਂ ਨੇ ਵੀ ਅਗਿਆਤਵਾਸ ਸਮੇਂ ਕੁਝ ਦਿਨ ਇਸ ਸਤਲੁਜ ਝੀਲ ਦੇ ਕਿਨਾਰੇ 'ਤੇ ਬਿਤਾਏ ਸਨ, ਜੋ ਸਥਾਨ ਹੁਣ ਪੰਜਗਾਟੜਾ ਦੇ ਨਾਂਅ ਨਾਲ ਪ੍ਰਸਿੱਧ ਹੈ। ਇਸ ਸਥਾਨ 'ਤੇ ਪ੍ਰਾਚੀਨ ਕਾਲ ਤੋਂ ਵਿਸਾਖੀ ਮੌਕੇ ਲੱਗਣ ਵਾਲੇ ਪੰਜਗਾਟੜਾ ਮੇਲੇ ਲਈ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਊਨਾ ਅਤੇ ਬਿਲਾਸਪੁਰ ਜ਼ਿਲ੍ਹਿਆਂ ਦੇ ਸੌ ਤੋਂ ਵੱਧ ਪਿੰਡਾਂ ਤੋਂ ਲੋਕ ਲੱਖਾਂ ਦੀ ਗਿਣਤੀ ਵਿੱਚ ਆਉਂਦੇ ਨੇ। ਝੀਲ ਦੇ ਕਿਨਾਰੇ 'ਤੇ ਬਣਿਆ ਖ਼ੂਬਸੂਰਤ ਸਤਲੁਜ ਪਾਰਕ ਅਤੇ ਪਿੰਡ ਹੰਡੋਲਾ ਵਿਖੇ ਸਤਲੁਜ ਝੀਲ 'ਤੇ ਬਣਿਆ ਝੂਲਦਾ ਲੱਕੜ ਦਾ ਪੁਲ ਵੀ ਸੈਲਾਨੀਆਂ ਲਈ ਮੁੱਖ ਖਿੱਚ ਦਾ ਕੇਂਦਰ ਹੈ।






ਨੰਗਲ ਡੈਮ ਦੀ ਇਸ ਵਿਸ਼ਾਲ ਸਤਲੁਜ ਝੀਲ ਨੂੰ ਰਾਜ ਦੀ ਪੰਜਵੀਂ ਰਾਸ਼ਟਰੀ ਜਲਗਾਹ ਬਣਾਉਣ ਦਾ ਐਲਾਨ 4 ਫਰਵਰੀ 2008 ਨੂੰ ਭਾਰਤ ਸਰਕਾਰ ਦੀ ਵਾਤਾਵਰਣ ਅਤੇ ਜੰਗਲਾਤ ਵਿਭਾਗ ਦੀ ਮੀਟਿੰਗ ਦੌਰਾਨ ਹੋਇਆ ਸੀ। ਜਲਗਾਹ ਇੱਕ ਅਜਿਹਾ ਖੇਤਰ ਹੈ, ਜੋ ਪੂਰੇ ਸਾਲ ਦੌਰਾਨ ਅੰਸ਼ਕ ਜਾਂ ਪੂਰੀ ਤਰ੍ਹਾਂ ਪਾਣੀ ਨਾਲ ਢਕਿਆ ਰਹਿੰਦਾ ਹੈ। ਜਲਗਾਹਾਂ ਧਰਤੀ ਲਈ ਗੁਰਦਿਆਂ ਦਾ ਕੰਮ ਕਰਦੀ ਹੈ। ਉਨ੍ਹਾਂ ਦਾ ਇੱਕ ਕੰਮ ਗੰਦੇ ਪਾਣੀ ਨੂੰ ਸਾਫ਼ ਪਾਣੀ ਵਿੱਚ ਬਦਲਣਾ ਹੈ। ਨੰਗਲ ਜਲਗਾਹ ਦਾ ਪਾਣੀ ਨੂੰ ਪ੍ਰਦੂਸ਼ਣ ਤੋਂ ਮੁਕਤ ਬਣਾਉਣ ਵਿੱਚ ਅਹਿਮ ਯੋਗਦਾਨ ਹੈ। ਕੁਦਰਤ ਦੀ ਖ਼ੂਬਸੂਰਤੀ ਨੂੰ ਵਧਾਉਣ ਵਾਲੀ ਨੰਗਲ ਜਲਗਾਹ ਨੇ ਸੱਭਿਅਤਾ ਅਤੇ ਸੱਭਿਆਚਾਰ ਨੂੰ ਅਮੀਰ ਬਣਾਉਣ ਵਿੱਚ ਬਹੁਤ ਯੋਗਦਾਨ ਪਾਇਆ ਹੈ। ਇਹੀ ਕਾਰਨ ਹੈ ਕਿ ਕਈ ਲੋਕ ਗੀਤਾਂ, ਕਵਿਤਾਵਾਂ ਅਤੇ ਫਿਲਮੀ ਗੀਤਾਂ ਵਿੱਚ ਨੰਗਲ ਦੀ ਝੀਲ ਦੇ ਦ੍ਰਿਸ਼ ਦਾ ਜ਼ਿਕਰ ਕੀਤਾ ਗਿਆ ਹੈ।

ਸਾਲ 2010 ਵਿੱਚ ਇਸ ਜਲਗਾਹ ਨੂੰ ਜੰਗਲੀ ਜੀਵ ਸੁਰੱਖਿਆ ਅਸਥਾਨ ਦਾ ਦਰਜਾ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਨੰਗਲ ਜਲਗਾਹ ਅਤੇ ਜੰਗਲੀ ਜੀਵ ਸੁਰੱਖਿਆ ਅਸਥਾਨ ਦਾ ਕੁੱਲ ਰਕਬਾ 600 ਏਕੜ ਤੋਂ ਵੱਧ ਹੈ, ਨੰਗਲ ਜਲਗਾਹ ਅਤੇ ਜੰਗਲੀ ਜੀਵ ਸੁਰੱਖਿਆ ਅਸਥਾਨ ਜੈਵ ਵਿਭਿੰਨਤਾ ਦਾ ਭੰਡਾਰ ਹੈ। ਇਹ ਪੁਰਾਣੇ ਨੀਲੇ-ਹਰੇ ਪਾਣੀ, ਪਹਾੜੀ ਖੇਤਰ ਅਤੇ ਸਾਦੀ ਜ਼ਮੀਨ ਦਾ ਇੱਕ ਸੰਪੂਰਨ ਮੇਲ ਹੈ, ਜਿਸ ਕਾਰਨ ਇਹ ਅਣਗਿਣਤ ਦੇਸੀ ਪ੍ਰਜਾਤੀਆਂ ਦੇ ਨਾਲ- ਨਾਲ ਪ੍ਰਵਾਸੀ ਪੰਛੀਆਂ ਦਾ ਘਰ ਹੈ। ਇਹ ਰੂਸ, ਸਾਇਬੇਰੀਆ, ਚੀਨ, ਇੰਡੋ-ਤਿੱਬਤ ਸਰਹੱਦ ਤੋਂ ਆਉਣ ਵਾਲੇ ਲੱਗਭੱਗ 37 ਕਿਸਮਾਂ ਦੇ ਪੰਛੀਆਂ ਦਾ ਘਰ ਹੈ, ਜਿਸ ਵਿੱਚ ਸੁਰਖਾਵ, ਰੇਡ ਕ੍ਰਾਸਟਡ ਪੌਚਰਡ, ਗੇਡਵਾਲ, ਪੇਂਟਲ ਡਕ, ਟਾਫਡਿਲ ਡਕ, ਗ੍ਰੇਟ ਕ੍ਰਾਸਟਡ ਗਰੀਬ, ਕਰਮੋਰੇਂਟ, ਗ੍ਰੀਨ ਵਾਰਵਿਟ, ਪੇਂਟਰਡ ਸਟਾਰਕ, ਬ੍ਰਾਹਮਣੀ ਸੁਰਖਾਵ ਅਤੇ ਟੇਡੋਰਮਾ, ਗ੍ਰੇਟ ਕ੍ਰੈਸਟਡ, ਮੋਰਾਂਟ ਪਿਨਟੇਲ, ਡਕ ਗਾਡ ਵਾਲ, ਕਾਮਨ ਟੀਲ ਰੈੱਡ ਕਰੈਸਟਡ, ਪੋਚਾਰਡ ਕਾਮਨ ਆਦਿ ਸ਼ਾਮਲ ਹਨ। ਸਰਦੀਆਂ ਵਿੱਚ ਇੱਥੇ ਲੱਗਭੱਗ 40,000 ਪ੍ਰਵਾਸੀ ਪੰਛੀ ਉੱਡਦੇ ਹਨ ਅਤੇ ਇਹ ਝੀਲ ਪੰਛੀ ਪ੍ਰੇਮੀਆਂ ਲਈ ਇੱਕ ਸਵਰਗੀ ਫਿਰਦੌਸ਼ ਹੈ। ਇਸ ਸਥਾਨਕ ਜੰਗਲ ਵਿੱਚ ਜੰਗਲੀ ਬਿੱਲੀ, ਬੀਵਰ, ਸਾਂਭਰ, ਕੱਕੜ, ਨੀਲਗਾਈ, ਕੋਬਰਾ ਆਦਿ ਦੀਆਂ 150 ਤੋਂ ਵੱਧ ਨਸਲਾਂ ਵੀ ਪਾਈਆਂ ਜਾਂਦੀਆਂ ਹਨ। ਇੱਥੇ ਪਾਏ ਜਾਣ ਵਾਲੇ ਪ੍ਰਮੁੱਖ ਦਰੱਖਤਾਂ ਦੀਆਂ ਕਿਸਮਾਂ ਅਕੇਸ਼ੀਆ ਨੀਲੋਟਿਕਾ, ਕੈਸੀਆ ਫਿਸਟੁਲਾ, ਮੈਂਗੀਫੇਰਾ ਇੰਡੀਕਾ, ਸਿਜ਼ੀਜੀਅਮ ਜੀਰਾ, ਅਕੇਸ਼ੀਆ ਕੈਚੂ, ਫਿਕਸ ਬੇਂਗਲੇਨਸਿਸ, ਫਿਕਸ ਰੀਲੀਜੀਓਸਾ, ਸੈਲਿਕਸ, ਆਕ, ਅਮਲਟਾਸ, ਅੰਬ, ਆਂਵਲਾ, ਅਰਜੁਨ, ਅਸ਼ਵਗੰਧਾ, ਬੇਲ, ਬੇਲ, ਬਾਂਸ ਬੈਂਸ, ਭੂੰਗ, ਬ੍ਰਹਮੀ, ਡਰੇਕ, ਹਰੇਰ, ਇਮਲੀ, ਕਹੀ, ਕਮਾਲ, ਖੈਰ, ਖਜੂਰ, ਕਿੱਕਰ ਆਦਿ ਹਨ।

ਸਾਲ 2020 ਵਿੱਚ ਨੰਗਲ ਜਲਗਾਹ ਨੂੰ 'ਰਾਮਸਰ ਕਨਵੈਨਸ਼ਨ' ਦੇ ਤਹਿਤ ਅੰਤਰਰਾਸ਼ਟਰੀ ਜਲਗਾਹ ਦਾ ਦਰਜਾ ਦਿੱਤਾ ਗਿਆ। ਜਿਸ ਨਾਲ ਨੰਗਲ ਜਲਗਾਹ ਨੂੰ ਵਿਸ਼ਵ ਦੇ ਨਕਸ਼ੇ 'ਤੇ ਸ਼ਾਮਲ ਹੋਣ ਦਾ ਮਾਣ ਪ੍ਰਾਪਤ ਹੋਇਆ, ਪਰ ਲਗਾਤਾਰ ਤਾਪਮਾਨ ਵਿੱਚ ਵਾਧਾ, ਵਰਖਾ ਵਿੱਚ ਬਦਲਾਅ, ਦਰੱਖਤਾਂ ਦੀ ਕਟਾਈ, ਵਧ ਰਿਹਾ ਪਲਾਸਟਿਕ ਤੇ ਫੈਕਟਰੀਆਂ ਦੇ ਗੰਦੇ ਪਾਣੀ ਦਾ ਪ੍ਰਦੂਸ਼ਣ, ਕਿਨਾਰੇ 'ਤੇ ਬਣ ਰਹੀਆਂ ਇਮਾਰਤਾਂ ਨੰਗਲ ਜਲਗਾਹ ਦੇ ਖੇਤਰ ਨੂੰ ਪ੍ਰਭਾਵਿਤ ਕਰ ਰਿਹਾ ਹੈ। ਹਰ ਸਾਲ ਪ੍ਰਵਾਸੀ ਪੰਛੀਆਂ ਦੀ ਆਮਦ ਘਟ ਰਹੀ ਹੈ। ਅੱਜ ਸਮੇਂ ਦੀ ਲੋੜ ਹੈ ਕਿ ਧਰਤੀ 'ਤੇ ਕੁਦਰਤ ਦੇ ਦਿੱਤੇ ਇਹਨਾਂ ਅਨਮੋਲ ਤੋਹਫ਼ਿਆਂ ਨੂੰ ਸੰਭਾਲਣ ਦੀ ਅਤੇ ਨੰਗਲ ਜਲਗਾਹ ਦੇ ਕੁਦਰਤੀ ਸੁਹੱਪਣ ਨੂੰ ਬਚਾਉਣ ਦੀ।

*ਮੋਬਾ. 94639-50475*

# ਅਗਲੀ ਪਾਰਲੀਮੈਂਟ ਚੋਣ ਤੋਂ ਪਹਿਲਾਂ ਸੱਤਾ-ਵਿਰੋਧੀ ਕਤਾਰਬੰਦੀ ਦੀਆਂ ਜੰਮਣ-ਪੀੜਾਂ ਸ਼ੁਰੂ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਭਾਰਤ ਦੀ ਪਾਰਲੀਮੈਂਟ ਦੇ ਲੋਕਾਂ ਵੱਲੋਂ ਚੁਣੇ ਜਾਣ ਵਾਲੇ ਹਾਊਸ, ਲੋਕ ਸਭਾ ਦੀਆਂ ਚੋਣਾਂ ਵਿੱਚ ਮਸਾਂ ਇੱਕ ਸਾਲ ਬਾਕੀ ਨਹੀਂ ਰਹਿੰਦਾ ਜਾਪਦਾ। ਚਾਰ ਸਾਲ ਪਹਿਲਾਂ ਹੋਈਆਂ ਚੋਣਾਂ ਲਈ ਸੱਤ ਗੇੜ ਵੋਟਾਂ ਦੇ ਬਣਾਏ ਗਏ ਅਤੇ ਅਪਰੈਲ ਦੀ ਗਿਆਰਾਂ ਤਰੀਕ ਨੂੰ ਪਹਿਲਾ ਅਤੇ ਮਈ ਦੀ ਉੱਨੀ ਤਰੀਕ ਨੂੰ ਵੋਟਾਂ ਪਾਉਣ ਦਾ ਸੱਤਵਾਂ ਆਖਰੀ ਗੇੜ ਭੁਗਤਣ ਪਿੱਛੋਂ ਤੇਈ ਮਈ ਨੂੰ ਨਤੀਜਾ ਐਲਾਨਿਆ ਗਿਆ ਸੀ। ਇਸ ਹਿਸਾਬ ਨਾਲ ਓਦੋਂ ਨਤੀਜਾ ਆਉਣ ਵਾਲਾ ਦਿਨ ਵੀ ਲੰਘ ਚੁੱਕਾ ਹੈ ਅਤੇ ਅਗਲੀ ਚੋਣ ਦੇ ਨਤੀਜੇ ਵਾਸਤੇ ਮਸਾਂ ਗਿਆਰਾਂ ਮਹੀਨੇ ਬਾਕੀ ਬਚਦੇ ਹਨ। ਪਹਿਲੇ ਗੇੜ ਦੀਆਂ ਵੋਟਾਂ ਓਦੋਂ ਕਿਉਂਕਿ ਗਿਆਰਾਂ ਅਪਰੈਲ ਨੂੰ ਪਈਆਂ ਸਨ, ਇਸ ਲਈ ਇਸ ਵੇਲੇ ਪਹਿਲੇ ਗੇੜ ਦੀਆਂ ਵੋਟਾਂ ਵਾਲਾ ਇੱਕ ਮਹੀਨਾ ਹੋਰ ਘਟਾ ਕੇ ਗਿਣਨਾ ਚਾਹੀਦਾ ਹੈ। ਚੋਣਾਂ ਦਾ ਐਲਾਨ ਹੋ ਕੇ ਚੋਣ-ਜ਼ਾਬਤਾ, ਕਿਉਂਕਿ ਦਸ ਮਾਰਚ ਨੂੰ ਲਾਗੂ ਕਰ ਦਿੱਤਾ ਗਿਆ ਸੀ, ਇਸ ਹਿਸਾਬ ਅਸਲੀ ਚੋਣ ਸਰਗਰਮੀ ਸ਼ੁਰੂ ਹੋਣ ਵਿੱਚ ਇੱਕ ਮਹੀਨਾ ਹੋਰ ਘਟਾ ਕੇ ਗਿਣਨਾ ਪਵੇਗਾ। ਪਿਛਲੇ ਰਾਜਸੀ ਤਜਰਬੇ ਦਾ ਨਿਚੋੜ ਇਹ ਹੈ ਕਿ ਹਰ ਲੋਕ ਸਭਾ ਚੋਣਾਂ ਤੋਂ ਪਹਿਲਾਂ ਉਸ ਵੇਲੇ ਕੇਂਦਰ ਸਰਕਾਰ ਚਲਾ ਰਹੀ ਵੱਡੀ ਧਿਰ ਨਾਲ ਭਿੜਨ ਲਈ ਵਿਰੋਧੀ ਧਿਰਾਂ ਕੋਈ ਨਾ ਕੋਈ ਗੱਠਜੋੜ ਬੰਨ੍ਹਣ ਦਾ ਯਤਨ ਕਰਦੀਆਂ ਹੁੰਦੀਆਂ ਹਨ। ਮਕਸਦ ਸਿਰਫ ਇਹ ਹੁੰਦਾ ਹੈ ਕਿ ਸੱਤਾ-ਵਿਰੋਧੀ ਪ੍ਰਭਾਵ ਵਾਲੀਆਂ ਵੋਟਾਂ ਵੰਡੀਆਂ ਨਾ ਜਾਣ ਤੇ ਹਾਕਮ ਧਿਰ ਨੂੰ ਕਿਸੇ ਵੀ ਤਰ੍ਹਾਂ ਦੇਸ਼ ਦੀ ਕਮਾਨ ਛੱਡਣ ਲਈ ਮਜਬੂਰ ਕੀਤਾ ਜਾ ਸਕੇ। ਇਹ ਕੰਮ ਹਰ ਵਾਰੀ ਵਾਂਗ ਇਸ ਵਾਰੀ ਵੀ ਸ਼ੁਰੂ ਹੋ ਚੁੱਕਾ ਹੈ।

ਐਤਕੀਂ ਇਸ ਮਕਸਦ ਦੀ ਸਰਗਰਮੀ ਦਾ ਮੁੱਢ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਤੋਂ ਬੱਝਾ ਸੀ, ਪਰ ਇਸ ਵੇਲੇ ਉਹ ਇਸ ਮੁਹਿੰਮ ਦੀ ਮੁਹਰੈਲ ਨਜ਼ਰ ਨਹੀਂ ਆ ਰਹੀ। ਵਿਰੋਧੀ ਧਿਰਾਂ ਨੂੰ ਇੱਕੋ ਗੱਠਜੋੜ ਵਿੱਚ ਬੰਨ੍ਹਣ ਦਾ ਕੰਮ ਇਸ ਵੇਲੇ ਕਿਸੇ ਵੀ ਹੋਰ ਤੋਂ ਵੱਧ ਬਿਹਾਰ ਦਾ ਮੁੱਖ ਮੰਤਰੀ ਨਿਤੀਸ਼ ਕੁਮਾਰ ਕਰਦਾ ਪਿਆ ਹੈ। ਕਈ ਪਾਰਟੀਆਂ ਬਦਲ ਚੁੱਕਾ ਅਤੇ ਕਈ ਤਰ੍ਹਾਂ ਦੇ ਗੱਠਜੋੜਾਂ ਵਿੱਚ ਰਹਿ ਕੇ ਪਹਿਲਾਂ ਕੇਂਦਰ ਦੇ ਮੰਤਰੀ ਦੀ ਕੁਰਸੀ ਤੱਕ ਤੇ ਫਿਰ ਬਿਹਾਰ ਦੇ ਮੁੱਖ ਮੰਤਰੀ ਦੇ ਅਹੁਦੇ ਤੱਕ ਪਹੁੰਚ ਜਾਣ ਅਤੇ ਲੰਮਾ ਸਮਾਂ ਇਸ ਸਥਿਤੀ ਵਿੱਚ ਟਿਕੇ ਰਹਿਣ ਦੇ ਕਾਰਨ ਉਹ ਸਿਆਸੀ ਤਿਕੜਮਾਂ ਕਰਨ ਦਾ ਮਾਹਰ ਮੰਨਿਆ ਜਾਂਦਾ ਹੈ। ਦੂਸਰੇ ਪਾਸੇ ਤੇਲੰਗਾਨਾ ਦਾ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ ਆਪਣੀ ਪਹਿਲਾਂ ਬਣਾਈ ਤੇਲੰਗਾਨਾ ਰਾਸ਼ਟਰੀ ਸੰਮਤੀ ਨਾਂਅ ਦੀ ਪਾਰਟੀ ਨੂੰ ਭਾਰਤੀ ਰਾਸ਼ਟਰੀ ਪਾਰਟੀ ਦਾ ਨਾਂਅ ਦੇ ਚੁੱਕਾ ਹੈ ਅਤੇ ਦੇਸ਼ ਦੀ ਸਭ ਤੋਂ ਵੱਡੀ ਕੁਰਸੀ ਦੇ ਸੁਫਨੇ ਲੈਂਦਾ ਹੋਇਆ ਵਿਰੋਧੀ ਧਿਰ ਦੀਆਂ ਸਾਰੀਆਂ ਪਾਰਟੀਆਂ ਤੱਕ ਪਹੁੰਚ ਦੇ ਕੰਮ ਲੱਗਾ ਫਿਰਦਾ ਹੈ। ਆਪਣੇ ਮੂੰਹੋਂ ਭਾਵੇਂ ਅਜੇ ਤੱਕ ਨਹੀਂ ਕਹਿੰਦਾ, ਪਰ ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਬਾਰੇ ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਉਸ ਦਾ ਅਗਲਾ ਸੁਫਨਾ ਇਸ ਦੇਸ਼ ਦੇ ਪ੍ਰਧਾਨ ਮੰਤਰੀ ਵਾਲੇ ਅਹੁਦੇ ਤੱਕ ਪਹੁੰਚਣ ਦਾ ਹੈ। ਉਹ ਅੱਜਕੱਲ੍ਹ ਮਮਤਾ ਬੈਨਰਜੀ ਅਤੇ ਕੇ ਚੰਦਰਸ਼ੇਖਰ ਰਾਓ ਨਾਲੋਂ ਵੱਧ ਜ਼ੋਰ ਨਾਲ ਇਸ ਮਕਸਦ ਲਈ ਵੱਖ-ਵੱਖ ਰਾਜਾਂ ਦੇ ਮੁੱਖ ਮੰਤਰੀਆਂ ਅਤੇ ਵਿਰੋਧੀ ਧਿਰ ਵਿੱਚ ਬੈਠੀਆਂ ਪਾਰਟੀਆਂ ਦੇ ਆਗੂਆਂ ਤੱਕ ਪਹੁੰਚ ਕਰਦਾ ਪਿਆ ਹੈ। ਮਹਾਰਾਸ਼ਟਰ ਦਾ ਸਾਬਕਾ ਮੁੱਖ ਮੰਤਰੀ ਅਤੇ ਐੱਨ ਸੀ ਪੀ ਪਾਰਟੀ ਦਾ ਮੁਖੀ ਸ਼ਰਦ ਪਵਾਰ ਵੀ ਪ੍ਰਧਾਨ ਮੰਤਰੀ ਦੀ ਕੁਰਸੀ ਦੇ ਸੁਫਨੇ ਲੈਂਦਾ ਸ਼ਾਮਲ ਦੱਸਿਆ ਜਾਂਦਾ ਹੈ। ਏਹੋ ਜਿਹੇ ਕਈ ਹੋਰ ਲੀਡਰ ਵੀ ਹਨ ਅਤੇ ਕਈ ਇਹੋ ਜਿਹੇ ਵੀ ਹਨ, ਜਿਹੜੇ ਇਹ ਸੋਚ ਸਕਦੇ ਹਨ ਕਿ ਜਿਵੇਂ ਐੱਚ ਡੀ ਦੇਵਗੌੜਾ ਦਾ ਪ੍ਰਧਾਨ ਮੰਤਰੀ ਬਣਨ ਵਾਸਤੇ ਸਬੱਬ ਬਣ ਗਿਆ ਸੀ, ਓਸੇ ਤਰ੍ਹਾਂ ਸਾਡਾ ਦਾਅ ਵੀ ਲੱਗ ਜਾਣਾ ਹੈ, ਇਸ ਲਈ ਉਹ ਲੋਕ ਵੀ ਸਰਗਰਮ ਹਨ। ਜੇ ਇਸ ਸਾਰੀ ਕੋਸ਼ਿਸ਼ ਤੋਂ ਕਾਂਗਰਸ ਪਾਰਟੀ ਨੂੰ ਲਾਂਭੇ ਰੱਖਿਆ ਜਾਵੇ ਤਾਂ ਬੇਵਕੂਫੀ ਹੋਵੇਗੀ। ਉਹ ਕਰਨਾਟਕ ਵਿਧਾਨ ਸਭਾ ਦੀ ਚੋਣ ਜਿੱਤਣ ਤੋਂ ਬਾਅਦ ਭਾਜਪਾ ਵਿਰੋਧੀ ਲਹਿਰ ਦੀ ਆਗੂ ਬਣਨ ਲਈ ਖੁਦ ਨੂੰ ਬਾਕੀ ਸਾਰਿਆਂ ਤੋਂ ਵੱਡੀ ਹੱਕਦਾਰ ਮੰਨਦੀ ਹੈ। ਇਸ ਕਾਰਨ ਉਹ ਕਿਸੇ ਵੀ ਹੋਰ ਤੋਂ ਵੱਧ ਸਰਗਰਮੀ ਕਰਨਾ ਚਾਹੁੰਦੀ ਹੈ, ਪਰ ਉਸ ਦੇ ਰਾਹ ਦੀ ਇੱਕ ਵੱਡੀ ਰੁਕਾਵਟ ਇਸ ਵਕਤ ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਕੇਂਦਰ ਸਰਕਾਰ ਦਾ ਭੇੜ ਜਾਪਦਾ ਹੈ।

ਹੋਇਆ ਇਹ ਕਿ ਪਹਿਲਾਂ ਦਿੱਲੀ ਵਿੱਚ ਭਾਜਪਾ ਦੀ ਸਰਕਾਰ ਰਹੀ, ਕੇਂਦਰ ਵਿੱਚ ਕਾਂਗਰਸੀ ਸਰਕਾਰ ਹੁੰਦਿਆਂ ਵੀ ਕਦੇ ਕੋਈ ਅੜਿੱਕਾ ਨਹੀਂ ਸੀ ਪਿਆ ਅਤੇ ਫਿਰ ਜਦੋਂ ਕਾਂਗਰਸ ਦੀ ਸ਼ੀਲਾ ਦੀਕਸ਼ਤ ਲਗਾਤਾਰ ਤਿੰਨ ਵਾਰੀਆਂ ਦੇ ਪੰਦਰਾਂ ਸਾਲ ਸਰਕਾਰ ਚਲਾਉਂਦੀ ਰਹੀ, ਓਦੋਂ ਭਾਜਪਾ ਸਰਕਾਰਾਂ ਨੇ ਕਦੀ ਰਾਹ ਨਹੀਂ ਸੀ ਰੋਕਿਆ। ਅਰਵਿੰਦ ਕੇਜਰੀਵਾਲ ਜਦੋਂ ਮੁੱਖ ਮੰਤਰੀ ਬਣਿਆ ਤਾਂ ਕੁਝ ਸਮਾਂ ਪਹਿਲਾਂ ਦੇਸ਼ ਦਾ ਪ੍ਰਧਾਨ ਮੰਤਰੀ ਬਣ ਚੁੱਕੇ ਨਰਿੰਦਰ ਮੋਦੀ ਨਾਲ ਸਿੱਧੀ ਜੰਗ ਵਰਗਾ ਆਢਾ ਲੱਗ ਗਿਆ। ਉਹੀ ਆਢਾ ਆਖਰ ਨੂੰ ਏਥੇ ਪਹੁੰਚ ਗਿਆ ਕਿ ਦਿੱਲੀ ਸਰਕਾਰ ਦੇ ਪਰ ਕੁਤਰ ਕੇ ਸਾਰੇ ਕਾਰਜਕਾਰੀ ਅਧਿਕਾਰ ਦਿੱਲੀ ਦੇ ਲੈਫਟੀਨੈਂਟ ਗਵਰਨਰ ਨੂੰ ਦੇ ਦਿੱਤੇ ਗਏ ਅਤੇ ਇਸ ਦੇ ਵਿਰੁੱਧ ਅਰਵਿੰਦ ਕੇਜਰੀਵਾਲ ਦੀ ਸਰਕਾਰ ਸੁਪਰੀਮ ਕੋਰਟ ਚਲੀ ਗਈ। ਕਾਫੀ ਲੰਮੀ ਸੁਣਵਾਈ ਮਗਰੋਂ ਪਹਿਲਾਂ ਅੱਧ-ਪਚੱਧਾ ਤੇ ਫਿਰ ਪੂਰਾ ਹੁਕਮ ਸੁਪਰੀਮ ਕੋਰਟ ਨੇ ਇਹ ਕੀਤਾ ਕਿ ਦਿੱਲੀ ਦੀ ਸਰਕਾਰ ਲੋਕਾਂ ਨੇ ਚੁਣੀ ਹੈ, ਲੋਕਾਂ ਨੂੰ ਜਵਾਬਦੇਹ ਹੈ, ਇਸ ਲਈ ਇਸ ਰਾਜ ਵਿੱਚ ਸਿਰਫ ਤਿੰਨ ਵਿਭਾਗ ਲੈਫਟੀਨੈਂਟ ਗਵਰਨਰ ਕੋਲ ਛੱਡ ਕੇ ਬਾਕੀ ਸਭ ਗੱਲਾਂ ਵਿੱਚ ਦਿੱਲੀ ਦੀ ਸਰਕਾਰ ਆਪਣੀ ਮਰਜ਼ੀ ਮੁਤਾਬਕ ਕੰਮ ਕਰਨ ਦੀ ਹੱਕਦਾਰ ਹੈ ਅਤੇ ਕਿਸੇ ਅਫਸਰ ਦੀ ਬਦਲੀ ਵੀ ਉਹ ਕਰੇ ਤਾਂ ਕੋਈ ਅੜਿੱਕਾ ਨਹੀਂ ਪਾਵੇਗਾ। ਇਸ ਉੱਤੇ ਅਮਲ ਹੋਣ ਲੱਗਾ ਤਾਂ ਦੋ ਦਿਨ ਕੇਂਦਰ ਸਰਕਾਰ ਨੇ ਟਾਲਿਆ, ਜਿਸ ਦੌਰਾਨ ਦਿੱਲੀ ਸਰਕਾਰ ਫਿਰ ਸੁਪਰੀਮ ਕੋਰਟ ਪਹੁੰਚ ਗਈ, ਪਰ ਸੁਪਰੀਮ ਕੋਰਟ ਵਿੱਚ ਛੁੱਟੀਆਂ ਹੁੰਦੇ ਸਾਰ ਕੇਂਦਰ ਸਰਕਾਰ ਨੇ ਇੱਕ ਆਰਡੀਨੈਂਸ ਜਾਰੀ ਕਰ ਕੇ ਉਸ ਹੁਕਮ ਉੱਤੇ ਕਾਟਾ ਫੇਰ ਦਿੱਤਾ ਅਤੇ ਛੁੱਟੀਆਂ ਕਾਰਨ ਦਿੱਲੀ ਸਰਕਾਰ ਫਸ ਕੇ ਰਹਿ ਗਈ। ਇਸ ਸਾਰੇ ਚੱਕਰ ਦੌਰਾਨ ਅਰਵਿੰਦ ਕੇਜਰੀਵਾਲ ਨੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਦੇ ਇਸ ਆਰਡੀਨੈਂਸ ਦੇ ਵਿਰੋਧ ਵਿੱਚ ਸਾਰੇ ਰਾਜਾਂ ਦੀਆਂ ਸਰਕਾਰਾਂ ਨਾਲ ਤਾਲਮੇਲ ਦਾ ਕੰਮ ਸ਼ੁਰੂ ਕਰ ਦਿੱਤਾ, ਜਿਸ ਨੂੰ ਭਾਜਪਾ ਨੇ ਅਗਲੇ ਸਾਲ ਦੀਆਂ ਪਾਰਲੀਮੈਂਟ ਚੋਣਾਂ ਦੀ ਅਗੇਤੀ ਚੱਲ ਪਈ ਸਰਗਰਮੀ ਕਹਿ ਕੇ ਕਾਨੂੰਨੀ ਮੁੱਦੇ ਨੂੰ ਰਾਜਸੀ ਰੰਗ ਦੇ ਦਿੱਤਾ ਅਤੇ ਫਿਰ ਉਹ ਰੰਗ ਸੱਚਮੁੱਚ ਬਣਨ ਲੱਗ ਪਿਆ।

ਇਸ ਮੋੜ ਉੱਤੇ ਆਣ ਕੇ ਕਾਂਗਰਸ ਪਾਰਟੀ ਕਸੂਤੀ ਫਸ ਗਈ ਹੈ। ਜੇ ਉਹ ਅਰਵਿੰਦ ਕੇਜਰੀਵਾਲ ਵਿਰੁੱਧ ਕੇਂਦਰ ਸਰਕਾਰ ਦੇ ਕਦਮ ਦਾ ਵਿਰੋਧ ਕਰਨ ਲਈ ਬਾਕੀ ਪਾਰਟੀਆਂ ਨਾਲ ਸੁਰ ਮਿਲਾਉਂਦੀ ਹੈ ਤਾਂ ਦਿੱਲੀ ਅਤੇ ਪੰਜਾਬ ਵਿਚਲੇ ਕਾਂਗਰਸੀ ਆਗੂ ਇਸ ਤੋਂ ਨਾਰਾਜ਼ ਹੁੰਦੇ ਹਨ। ਉਹ ਇਹ ਸੋਚਦੇ ਹਨ ਕਿ ਇਸ ਤਰ੍ਹਾਂ ਕਰਨ ਨਾਲ ਕੇਜਰੀਵਾਲ ਹੀਰੋ ਬਣ ਕੇ ਉੱਭਰੇਗਾ ਤੇ ਕਾਂਗਰਸ ਨੂੰ ਪਛਾੜ ਕੇ ਉਸ ਦੀ ਪਾਰਟੀ ਕੌਮੀ ਪੱਧਰ ਉੱਤੇ ਭਾਜਪਾ-ਵਿਰੋਧ ਦੀ ਮੁੱਖ ਧਿਰ ਬਣਨ ਤੱਕ ਜਾ ਸਕਦੀ ਹੈ। ਦੂਸਰਾ ਪੱਖ ਇਹ ਹੈ ਕਿ ਜਦੋਂ ਬਾਕੀ ਸਾਰੀਆਂ ਪਾਰਟੀਆਂ ਕੇਂਦਰ ਸਰਕਾਰ ਦੇ ਆਰਡੀਨੈਂਸ ਵਰਗੇ ਕਦਮ ਦਾ ਵਿਰੋਧ ਕਰ ਰਹੀਆਂ ਹਨ, ਜੇ ਅੱਜ ਕਾਂਗਰਸ ਉਨ੍ਹਾਂ ਦੇ ਨਾਲ ਨਹੀਂ ਖੜੀ ਹੁੰਦੀ ਅਤੇ ਕੱਲ੍ਹ ਨੂੰ ਉਸ ਦੀ ਕਿਸੇ ਰਾਜ ਦੀ ਸਰਕਾਰ ਵਿਰੁੱਧ ਭਾਜਪਾ ਨੇ ਇਹੋ ਕੁਝ ਕਰ ਦਿੱਤਾ ਤਾਂ ਉਸ ਨਾਲ ਵੀ ਕੋਈ ਨਹੀਂ ਖੜੋਵੇਗਾ। ਵਿਰੋਧੀ ਆਗੂਆਂ ਦਾ ਇਹ ਵੀ ਕਹਿਣਾ ਹੈ ਕਿ ਕਾਂਗਰਸ ਪਾਰਟੀ ਸਿਰਫ ਆਪਣੇ ਭਵਿੱਖ ਵਾਸਤੇ ਸੋਚਣ ਦੀ ਥਾਂ ਦੇਸ਼ ਦੇ ਭਵਿੱਖ ਬਾਰੇ ਸੋਚੇ ਅਤੇ ਇਸ ਵੇਲੇ ਭਾਜਪਾ ਦੇ ਇਸ ਗੈਰ-ਲੋਕਤੰਤਰੀ ਕਦਮ ਦਾ ਵਿਰੋਧ ਕਰਨ ਲਈ ਬਾਕੀਆਂ ਨਾਲ ਖੜੋਵੇ, ਵਰਨਾ ਉਹ ਵੀ ਬਾਅਦ ਵਿੱਚ ਕਾਂਗਰਸ ਨਾਲ ਖੜੋਣ ਲਈ ਵਚਨਬੱਧ ਨਹੀਂ ਹੋ ਸਕਦੇ। ਜਿਹੜੀ ਕਾਂਗਰਸ ਪਾਰਟੀ ਅਜੇ ਦੋ ਮਹੀਨੇ ਪਹਿਲਾਂ ਸਮੁੱਚੀ ਵਿਰੋਧੀ ਧਿਰ ਦੀ ਅਗਵਾਨੂੰ ਜਾਪਦੀ ਸੀ ਤੇ ਰਾਹੁਲ ਗਾਂਧੀ ਵਿਰੁੱਧ ਆਏ ਅਦਾਲਤੀ ਫੈਸਲੇ ਅਤੇ ਫਿਰ ਲੋਕ ਸਭਾ ਦੀ ਉਸ ਦੀ ਮੈਂਬਰੀ ਖਤਮ ਕਰ ਦੇਣ ਦੇ ਫੈਸਲੇ ਕਾਰਨ ਉਸ ਦੇ ਪਿੱਛੇ ਸਾਰੀ ਵਿਰੋਧੀ ਧਿਰ ਆਪਣੇ ਆਪ ਲਾਮਬੰਦੀ ਕਰਨ ਲੱਗ ਪਈ ਸੀ, ਉਹ ਦੋਰਾਹੇ ਉੱਤੇ ਆ ਖੜੀ ਹੈ। ਇਸ ਵੇਲੇ ਕਾਂਗਰਸ ਲਈ ਏਧਰ ਜਾਂ ਓਧਰ ਜਾਣ ਵਾਲਾ ਰਾਹ ਚੁਣਨਾ ਬਹੁਤ ਔਖਾ ਹੋਇਆ ਪਿਆ ਹੈ ਤੇ ਬਾਕੀ ਪਾਰਟੀਆਂ ਉਸ ਦੀ ਦੋਚਿੱਤੀ ਦੀ ਮਜਬੂਰੀ ਝੱਲਣ ਨੂੰ ਤਿਆਰ ਨਹੀਂ ਲੱਗਦੀਆਂ।

ਅਗਲੀਆਂ ਚੋਣਾਂ ਵਾਸਤੇ ਵਿਰੋਧੀ ਧਿਰਾਂ ਦੀ ਅਗਵਾਈ ਅਰਵਿੰਦ ਕੇਜਰੀਵਾਲ ਕਰੇ, ਨਿਤੀਸ਼ ਕੁਮਾਰ ਜਾਂ ਫਿਰ ਕੇ. ਚੰਦਰਸ਼ੇਖਰ ਰਾਓ ਜਾਂ ਉਸ ਵਰਗਾ ਕੋਈ ਹੋਰ ਕਰਨ ਲਈ ਅੱਗੇ ਆ ਜਾਵੇ, ਇਹ ਸਵਾਲ ਇਸ ਵਕਤ ਵੱਡਾ ਨਹੀਂ, ਸਗੋਂ ਇਹ ਹੈ ਕਿ ਅਗਲੀ ਚੋਣ ਲਈ ਭਾਰਤੀ ਰਾਜਨੀਤੀ ਨੂੰ ਜੰਮਣ-ਪੀੜਾਂ ਸ਼ੁਰੂ ਹੋ ਗਈਆਂ ਹਨ। ਅੱਜ ਦੀ ਘੜੀ ਤੱਕ ਦੇ ਮੁੱਢਲੇ ਸੰਕੇਤ ਤਾਂ ਇਹੋ ਹਨ, ਅਗਲੇ ਹਫਤਿਆਂ ਜਾਂ ਮਹੀਨਿਆਂ ਵਿੱਚ ਕੀ ਹੋਵੇਗਾ, ਕਹਿ ਸਕਣਾ ਔਖਾ ਹੈ।

# ਵਿਸ਼ਵ ਗੁਰੂ ਦੇਸ਼ ਦਾ ਮੁਖੀ ਵੀ ਬੇਔਲਾਦ ਨਿਕਲਿਆ

ਸੁਲਘਦੇ ਸਵਾਲ

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਵਿਸ਼ਵ ਗੁਰੂ ਅਤੇ ਉਸ ਦੇ ਅੰਧ-ਭਗਤਾਂ ਨੂੰ ਛੱਡ ਕੇ ਬਾਕੀ ਜਨਤਾ ਕਿਵੇਂ ਭੋਲੀ ਹੈ। ਉਹ ਉਸ ਕਾਂਗਰਸੀ ਗਰੀਬ ਮਹਾਨ ਨੇਤਾ ਬਾਰੇ ਸੋਚਦੇ-ਸੋਚਦੇ ਅੱਜ ਦੇ ਭਾਰਤੀ ਕੁਸ਼ਤੀ ਮਹਾਂ ਸੰਘ ਦੇ ਸਾਬਕਾ ਪ੍ਰਧਾਨ ਅਤੇ ਭਾਜਪਾ ਦੇ ਮੱਥੇ ਤੋਂ ਤਿਲਕਧਾਰੀ ਸੰਸਦ ਮੈਂਬਰ ਬ੍ਰਿਜ ਭੂਸ਼ਣ ਸਿੰਘ ਬਾਰੇ ਸੋਚਣ ਲੱਗ ਪੈਂਦੇ ਹਨ ਕਿ ਅਗਰ ਉਹ ਕਾਂਗਰਸੀ ਨੇਤਾ ਨਾ ਰੇਲ ਗੱਡੀ ਚਲਾਉਂਦਾ ਸੀ, ਨਾ ਟਿਕਟਾਂ ਕੱਟਦਾ ਸੀ, ਨਾ ਹੀ ਕਿਸੇ ਕਿਸਮ ਦਾ ਰੇਲਵੇ ਮੈਕੇਨਿਕ ਸੀ। ਸਿਰਫ਼ ਕਾਗਜ਼ਾਂ ਵਿੱਚ ਹੀ ਉਹ ਰੇਲਵੇ ਮਹਿਕਮੇ ਦਾ ਇੰਚਾਰਜ ਸੀ। ਅਚਾਨਕ ਐਕਸੀਡੈਂਟ ਹੋ ਜਾਂਦਾ ਹੈ। ਉਹ ਇੱਕ ਮਿੰਟ ਦਾ ਵੀ ਇੰਤਜ਼ਾਰ ਕੀਤਿਆਂ ਆਪਣਾ ਅਸਤੀਫ਼ਾ ਦੇ ਦਿੰਦਾ ਹੈ। ਸਭ ਰੋਕਦੇ ਹਨ, ਟੋਕਦੇ ਹਨ ਪਰ ਉਹ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦਿਆਂ ਹੋਇਆ ਮੁੜ ਇਸ 'ਤੇ ਗੌਰ ਕਰਨ ਨੂੰ ਤਿਆਰ ਨਹੀਂ ਹੁੰਦਾ। ਜਿਸ ਦੀ ਜਨਤਾ ਅੱਜ ਤੱਕ ਉਦਾਹਰਨ ਦਿੰਦੀ ਹੈ।

ਮੌਜੂਦਾ ਸਭ ਭਾਰਤ ਦੀਆਂ ਜੇਤੂ ਅਤੇ ਤਰ੍ਹਾਂ-ਤਰ੍ਹਾਂ ਦੇ ਤਗਮੇ ਜੇਤੂ ਭਾਰਤ ਦੀਆਂ ਉਹ ਭਲਵਾਨ ਬੇਟੀਆਂ ਹਨ, ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਨੇ ਆਪਣੇ ਪਾਸ ਬੁਲਾ ਕੇ ਵੱਖ-ਵੱਖ ਸਮਿਆਂ 'ਤੇ ਸਨਮਾਨਤ ਕੀਤਾ, ਭਾਰਤ ਦੀਆਂ ਬੇਟੀਆਂ ਆਖਿਆ, "ਬੇਟੀ ਬਚਾਓ ਬੇਟੀ ਪੜ੍ਹਾਓ" ਦਾ ਨਾਅਰਾ ਉੱਚਾ ਕੀਤਾ। ਪਰ ਜਦ ਪਰਖ ਦਾ ਸਮਾਂ ਆਇਆ "ਮਨ ਕੀ ਬਾਤ" ਕਰਨ ਵਾਲਾ ਵੀ ਗੂੰਗਾ ਹੋ ਗਿਆ। ਗੂੰਗਾ ਵੀ ਅਜਿਹਾ ਹੋਇਆ, ਜਿਵੇਂ ਕੁਝ ਦਿਸਦਾ ਨਾ ਹੋਵੇ। ਹਫ਼ਤਿਆਂ ਬੱਧੀ ਨੀਲੇ ਅਕਾਸ਼ ਥੱਲੇ ਰਹਿਣਾ, ਸੌਣਾ, ਪੁਲਸ ਰਾਹੀਂ ਘਸੀਟਿਆਂ ਜਾਣਾ, ਇਥੋਂ ਤੱਕ ਕਿ ਉਨ੍ਹਾਂ ਦੇ ਹੰਝੂ ਵੀ ਇਸ ਬੇਔਲਾਦ ਵਿਸ਼ਵ ਗੁਰੂ ਨੂੰ ਪਿਘਲਾ ਨਾ ਸਕੇ।

ਅੱਜ ਤੱਕ ਅਣਗਿਣਤ ਜਥੇਬੰਦੀਆਂ, ਸਿਆਸੀ ਪਾਰਟੀਆਂ ਵਿਸ਼ਵ ਪ੍ਰਸਿੱਧ ਖਿਡਾਰੀਆਂ, ਫ਼ਿਲਮੀ ਹਸਤੀਆਂ, ਧਾਰਮਕ ਗੁਰੂਆਂ, ਵਿਦਿਆਰਥੀ ਜਥੇਬੰਦੀਆਂ, ਇਥੋਂ ਤੱਕ ਭਾਜਪਾ ਅੰਦਰੋਂ ਵੀ ਅਵਾਜ਼ ਉੱਠਣੀ ਸ਼ੁਰੂ ਹੋ ਗਈ ਹੈ। ਖਾਪ ਪੰਚਾਇਤਾਂ ਖੁੱਲ੍ਹ ਕੇ ਹੱਕ 'ਚ ਸਾਹਮਣੇ ਆ ਚੁੱਕੀਆਂ ਹਨ। ਮੌਜੂਦਾ ਸਰਕਾਰ ਇਸ ਦੋਸ਼ੀ ਦੀ ਕਿੰਨੀ ਪਿੱਠ ਠੋਕ ਰਹੀ ਹੈ, ਜਾਣੋ, ਸੁਪਰੀਮ ਕੋਰਟ ਦੇ ਹੁਕਮ 'ਤੇ ਪਰਚਾ ਦਰਜਾ ਹੋਇਆ। ਗ੍ਰਿਫ਼ਤਾਰੀ ਸਰਕਾਰ ਨੇ ਕਰਨੀ ਸੀ, ਨਹੀਂ ਹੋਈ। ਸਮਝ ਨਹੀਂ ਆਉਂਦੀ, 164 ਸੀ ਆਰ ਪੀ ਸੀ ਦੀ ਧਾਰਾ ਹੇਠ ਜੱਜ ਸਾਹਮਣੇ ਫਰਿਆਦੀ ਦੇ ਬਿਆਨ ਕਲਮਬੱਧ ਹੋ ਚੁੱਕੇ ਹਨ, ਪਰ ਉਸ ਨੂੰ ਫੜਨ ਜਾਂ ਹੱਥ ਪਾਉਣ ਦੀ ਗੱਲ ਅਜੇ ਤੱਕ ਨਹੀਂ ਹੋਈ। ਕੀ ਬਾਕੀ ਗਰੀਬ ਜਨਤਾ ਨਾਲ ਵੀ ਅਜਿਹਾ ਹੀ ਹੁੰਦਾ ਹੈ? ਸ਼ਾਇਦ ਇਸੇ ਕਰਕੇ ਹੀ ਇਹ ਪ੍ਰਚਲਤ ਹੈ ਕਿ ਸਭ ਤੋਂ ਵੱਡਾ ਝੂਠ ਇਹ ਹੈ ਕਿ "ਕਾਨੂੰਨ ਸਾਹਮਣੇ ਸਭ ਭਾਰਤੀ ਇੱਕ ਹਨ"। ਤੁਸੀਂ ਟੀ ਵੀ ਅਤੇ ਅਖ਼ਬਾਰਾਂ ਵਿੱਚ ਸੁਣਦੇ ਅਤੇ ਪੜ੍ਹਦੇ ਹੋਵੋਗੇ ਕਿ ਦੋਸ਼ੀ ਦੀਆਂ ਹਰਕਤਾਂ ਤੋਂ ਅਜਿਹਾ ਲਗਦਾ ਜਿਵੇਂ ਖਿਡਾਰਨਾਂ ਬੇਟੀਆਂ ਦੋਸ਼ੀ ਹੋਣ। ਜਾਲ੍ਹੀ ਇਕੱਠ ਕਰਕੇ ਉਸ ਦਾ ਗਲ ਫੁੱਲਾਂ ਦੇ ਹਾਰਾਂ ਨਾਲ ਅੰਧ-ਭਗਤਾਂ ਵੱਲੋਂ ਭਰ ਦਿੱਤਾ ਜਾਂਦਾ ਹੈ। ਪੁਲਸ ਅੱਗੇ ਪੇਸ਼ ਹੋਣ ਦੀ ਬਜਾਏ ਆਪਣੇ ਆਪ ਨੂੰ ਫ਼ਾਂਸੀ ਲਾਉਣ ਦੀ ਝੂਠੀ ਗੱਲ ਕਰਕੇ ਆਮ ਜਨਤਾ ਨੂੰ ਗੁੰਮਰਾਹ ਕਰ ਰਿਹਾ ਹੈ। ਇਹ ਡਰਾਮਾ ਰਲ ਕੇ ਸਿਰਫ਼ ਵੋਟਾਂ ਦੀ ਖਾਤਰ ਹੋ ਰਿਹਾ ਹੈ।

ਨਵੀਂ ਸੰਸਦ ਦੇ ਉਦਘਾਟਨ ਸਮੇਂ ਜੋ ਮੋਦੀ ਵੱਲੋਂ ਇੱਕ ਖਾਸ ਨੇਤਾ ਦਾ ਦਿਨ ਚੁਣਿਆ ਗਿਆ। ਵਿਰੋਧੀਆਂ ਵੱਲੋਂ ਬਾਈਕਾਟ, ਰਾਸ਼ਟਰਪਤੀ ਸਮੇਤ ਕਈ ਸ਼ਖਸੀਅਤਾਂ ਨੂੰ ਨਾ ਬੁਲਾਉਣਾ, ਉਦਘਾਟਨ ਇਸ ਤਰ੍ਹਾਂ ਕਰਨਾ ਜਿਵੇਂ ਪੱਲਿਓਂ ਖ਼ਰਚ ਕੀਤਾ ਹੋਵੇ, ਸੰਸਦ ਭਵਨ ਨੂੰ ਜਮਹੂਰੀਅਤ ਦਾ ਮੰਦਰ ਦੱਸਣ ਵਾਲਾ ਆਪ ਆਪਣੇ ਵਿਹਾਰ ਤੋਂ ਹਿਟਲਰ ਤੋਂ ਘੱਟ ਨਾ ਲਗਦਾ ਹੋਵੇ।

ਉਪਰੋਕਤ ਗੱਲਾਂ ਅਜੇ ਸ਼ੁਰੂਆਤੀ ਹਨ। ਅਗਰ ਅਜੇ ਵੀ ਸਾਰੇ ਪਾਰਟੀਆਂ ਦੇ ਜਮਹੂਰੀਅਤ ਪਸੰਦ ਰਹਿੰਦੇ ਸਮੇਂ ਵਿੱਚ ਆਪਸੀ ਮਤਭੇਦ ਭੁਲਾ ਕੇ ਆਉਣ ਵਾਲੇ ਸਮੇਂ ਵਿੱਚ ਇਕੱਠੇ ਨਾ ਹੋਏ ਤਾਂ ਬਹੁਤ ਦੇਰ ਹੋ ਚੁੱਕੀ ਹੋਵੇਗੀ।

ਜਾਣਨ ਦੀ ਕੋਸ਼ਿਸ਼ ਕਰੋ ਕਿ ਗੋਦੀ ਮੀਡੀਆ ਦਾ ਏਨਾ ਫਾਲਤੂ ਦਾ ਰੌਲਾ ਹੈ ਕਿ ਸੁਣ ਕੇ ਲਗਦਾ ਹੈ ਕਿ ਸਮੁੱਚੇ ਭਾਰਤ ਵਿੱਚ ਭਾਜਪਾ, ਭਾਜਪਾ ਦਾ ਰਾਜ ਹੋਵੇ। ਦਰਅਸਲ ਇਕੱਲੀ ਭਾਜਪਾ ਸਿਰਫ਼ ਚਾਰ ਰਾਜਾਂ ਵਿੱਚ ਹੈ। ਉਸੇ ਤਰ੍ਹਾਂ ਕਾਂਗਰਸ ਵੀ ਚਾਰ ਸੂਬਿਆਂ ਵਿੱਚ ਹੈ। ਕਰਨਾਟਕਾ ਵਿੱਚ ਪ੍ਰਧਾਨ ਮੰਤਰੀ ਵੱਲੋਂ ਦਰਜਨਾਂ ਰੈਲੀਆਂ ਕਰਨ ਤੋਂ ਬਾਅਦ ਨਤੀਜੇ ਸਭ ਦੇ ਸਾਹਮਣੇ ਹਨ। ਇਕੱਠੇ ਹੋ ਕੇ ਹੋਰ ਸੂਬੇ ਕਰਨਾਟਕ ਬਣਾਏ ਜਾ ਸਕਦੇ ਹਨ।

ਜਨਤਾ ਵਿੱਚ ਇਹ ਪ੍ਰਚਾਰ ਤੇਜ਼ ਕਰਨਾ ਹੋਵੇਗਾ ਕਿ ਹਾਈਕੋਰਟ ਅਤੇ ਸੁਪਰੀਮ ਕੋਰਟ ਦੇ ਜੱਜਾਂ ਨੂੰ ਰਿਟਾਇਰ ਹੋਣ ਤੋਂ ਬਾਅਦ ਸਿਆਸੀ ਅਹੁਦਿਆਂ 'ਤੇ ਫਿੱਟ ਕਰਨਾ ਬੰਦ ਹੋਣਾ ਚਾਹੀਦਾ ਹੈ। ਜੋ ਮੌਜੂਦਾ ਸਰਕਾਰ ਗਲਤ ਕਰ ਰਹੀ ਹੈ, ਉਹ ਸਭ ਬੰਦ ਹੋਣਾ ਚਾਹੀਦਾ ਹੈ। ਆਪੋ ਆਪਣੀ ਜਗ੍ਹਾ ਸਭ ਜਾਗੋ। ਸਰਕਾਰਾਂ ਨੂੰ ਸਵਾਲ ਕਰੋ। ਬੁੱਧੀਮਾਨ ਅਖ਼ਬਾਰਾਂ 'ਚ ਲਿਖਣ, ਵਕਤੇ ਮੌਕਾ ਮਿਲਣ 'ਤੇ ਟੈਲੀਵਿਜ਼ਨ, ਰੇਡੀਓ ਸਟੇਸ਼ਨਾਂ 'ਤੇ ਬੋਲਣ, ਆਪੋ-ਆਪਣੇ ਤਰੀਕੇ ਨਾਲ ਜਾਗਰਤ ਕਰੋ।

ਅਸੀਂ ਲੋਕ ਕੁਝ ਸਮਾਂ ਬੀਤਣ 'ਤੇ ਚੁੱਪ ਹੋ ਜਾਂਦੇ ਹਾਂ ਅਤੇ ਭੁੱਲ-ਭੁਲਾ ਜਾਂਦੇ ਹਾਂ। ਭਾਜਪਾ ਤੇ ਉਸ ਦੀਆਂ ਹਮਖਿਆਲ ਪਾਰਟੀਆਂ ਜਮਹੂਰੀਅਤ ਸਿਸਟਮ ਨੂੰ ਅਤੇ ਸੰਵਿਧਾਨ ਨੂੰ ਸੋਧ ਕੇ ਨਿਚੋੜ ਸੁੱਟਣਾ ਚਾਹੁੰਦੀਆਂ ਹਨ। ਜਿਵੇਂ ਤੁਹਾਨੂੰ ਯਾਦ ਹੋਵੇਗਾ ਅਜੇ ਬਹੁਤਾ ਚਿਰ ਨਹੀਂ ਹੋਇਆ। ਇਸ ਵਕਤ ਅਹੁਦੇ ਤੋਂ ਹਟਾਏ ਗਏ ਮਿਸਟਰ ਰਿਜਿਜੂ ਜੋ ਗ੍ਰਹਿ ਵਿਭਾਗ ਨਾਲ ਸੰਬੰਧ ਰੱਖਦੇ ਸਨ, ਨੇ ਕਲੇਜੀਅਮ ਪ੍ਰਣਾਲੀ 'ਚ ਸਰਕਾਰ ਲਈ ਇੱਕ ਸੀਟ ਦੀ ਮੰਗ ਕਰਕੇ ਨਵੀਂ ਬਹਿਸ ਛੇੜ ਕੇ ਸੰਵਿਧਾਨ ਨੂੰ ਕਮਜ਼ੋਰ ਜਾਂ ਖ਼ਤਮ ਕਰਨ ਦੀ ਗੱਲ ਤੋਰੀ ਹੈ ਤਾਂ ਕਿ ਉਹ ਮੌਜੂਦਾ ਸੰਵਿਧਾਨ ਨੂੰ ਓਵਰਹਾਲ ਕਰ ਸਕਣ।

ਮੌਜੂਦਾ ਸੰਵਿਧਾਨ 'ਚ 105 ਤੋਂ ਜ਼ਿਆਦਾ ਸੋਧਾਂ ਹੋ ਚੁੱਕੀਆਂ ਹਨ। ਬਾਕੀ ਸੋਧਾਂ ਕਰਨ ਲਈ ਵੱਖ-ਵੱਖ ਸਮੇਂ ਆਰਡੀਨੈਂਸ ਜਾਰੀ ਹੋ ਰਹੇ ਹਨ, ਜਿਨ੍ਹਾਂ ਨੂੰ ਬਾਅਦ ਵਿੱਚ ਸੋਧਾਂ 'ਚ ਤਬਦੀਲ ਕਰ ਦਿੱਤਾ ਜਾਵੇਗਾ। ਅਜੋਕੀ ਸਰਕਾਰ ਜਿੰਨਾ ਧੂਆਂਧਾਰ ਪ੍ਰਚਾਰ ਕਰ ਰਹੀ ਹੈ। ਧਰਾਤਲ 'ਤੇ ਉਹ ਕੁਝ ਦਿਨ ਨਹੀਂ ਰਿਹਾ। ਹੱਤਿਆਵਾਂ, ਖੋਹਾਂ, ਬਲਾਤਕਾਰ, ਭੀੜ ਹੱਤਿਆਵਾਂ ਫਿਰੌਤੀਆਂ, ਗੈਂਗਸਟਰਾਂ ਦਾ ਰੌਲਾ ਸਮੇਤ ਮਹਿੰਗਾਈ ਦੇ ਉਵੇਂ ਦਾ ਉਵੇਂ ਹੈ। ਬਣਾਉਣ ਵੱਲ ਘੱਟ ਅਤੇ ਵੇਚਣ ਵੱਲ ਜ਼ਿਆਦਾ ਧਿਆਨ ਦੇ ਹੋ ਰਿਹਾ ਹੈ। ਸਰਕਾਰੀ ਸੰਸਥਾਵਾਂ ਦੀ ਥਾਂ ਨਿੱਜੀਕਰਨ ਨੂੰ ਪਹਿਲ ਦਿੱਤੀ ਜਾ ਰਹੀ। ਵਧੀਆ ਇਸ ਕਰਕੇ ਵੇਚਿਆ ਜਾ ਰਿਹਾ, ਕਿਉਂਕਿ ਉਹ ਮੁਨਾਫ਼ੇ ਯੋਗ ਹੈ। ਘਾਟੇ ਵਾਲੀਆਂ ਸੰਸਥਾਵਾਂ ਇਸ ਕਰਕੇ ਵੇਚੀਆਂ ਜਾ ਰਹੀਆਂ ਹਨ ਕਿ ਇਸ ਤੋਂ ਕੋਈ ਮੁਨਾਫ਼ਾ ਨਹੀਂ ਹੋ ਰਿਹਾ।

ਜਿਸ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਮਨਸੂਬੇ ਘੜੇ ਜਾ ਰਹੇ ਹਨ, ਉਸ ਦੇ ਵਾਸੀ ਪੂਰਾ ਕੰਟਰੋਲ ਨਾ ਹੋਣ ਕਰਕੇ ਇਸ ਨਿਘਾਰ ਨੂੰ ਪਹੁੰਚ ਚੁੱਕੇ ਹਨ ਕਿ ਕਰਨਾਟਕ ਸੂਬੇ ਦੀ ਹਾਈਕੋਰਟ ਨੇ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਉਹ ਲਾਸ਼ਾਂ ਨਾਲ ਸੰਬੰਧਤ ਰਾਸ਼ਟਰ ਬਣਾਉਣ ਨੂੰ, ਸਖ਼ਤ ਸਜ਼ਾ ਦੇਣ ਲਈ ਅਪਰਾਧ ਦੀ ਸ਼੍ਰੇਣੀ 'ਚ ਲਿਆਵੇ। ਇਹ ਨਿਘਾਰ ਦਾ ਸਿਖਰ ਹੈ। ਜਦ ਵਹਿਸ਼ੀਆਨਾ ਮਨੁੱਖ ਲਾਸ਼ ਨਾਲ ਵੀ ਸੰਬੰਧ ਬਣਾਉਣ ਤੋਂ ਗੁਰੇਜ਼ ਨਹੀਂ ਕਰਦਾ। ਮੁਸੀਬਤਾਂ 'ਚ ਘਿਰੀਆਂ ਧੀਆਂ ਦੇ ਹੱਕ ਵਿੱਚ ਸੰਘਰਸ਼ ਏਨਾ ਪ੍ਰਚੰਡ ਹੋ ਚੁੱਕਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਹਮਾਇਤੀਆਂ ਦਾ ਸਮੂਹ ਰਾਸ਼ਟਰਪਤੀ ਜੀ ਤੱਕ ਮਿਲਣ ਜਾ ਰਿਹਾ ਹੈ। ਸਭ ਆਪੋ ਆਪਣੇ ਨਿੱਜ ਭੁਲਾ ਕੇ ਧੀਆਂ ਦਾ ਸਾਥ ਦਿਓ। ਇਸ ਵਿੱਚ ਦੇਰੀ ਸਾਨੂੰ ਦੂਰ ਤੱਕ ਲੈ ਜਾਵੇਗੀ।

# ਸੰਪਰਕ : 98721-65741

ਵਿਸ਼ਵ ਵਾਤਾਵਰਣ ਦਿਵਸ ਲਈ ਵਿਸ਼ੇਸ਼

# ਮਾਨਵ ਉਪਰ ਆਲਮੀ ਸੇਕ ਦਾ ਵਧਦਾ ਖ਼ਤਰਾ

ਵਿਜੈ ਬੰਬੇਲੀ

ਤਾ-ਆਲਮ ਨੂੰ ਦਰਪੇਸ਼ ਵੱਡੇ ਖ਼ਤਰਿਆਂ 'ਚੋਂ ਇੱਕ ਵੱਡਾ ਖ਼ਤਰਾ ਆਲਮੀ-ਤਪਸ਼ ਅਰਥਾਤ ਗਲੋਬਲ-ਵਾਰਮਿੰਗ ਹੈ, ਜਿਸ ਬਦੌਲਤ ਦੁਨੀਆ ਹੜ੍ਹ, ਸੋਕਾ, ਸਮੁੰਦਰੀ ਤੂਫਾਨ, ਭੁੱਖਮਰੀ ਅਤੇ ਨਵੀਂਆਂ-ਨਿਵੇਕਲੀਆਂ ਬਿਮਾਰੀਆਂ ਤੋਂ ਮੁਕਤੀ ਪਾਉਣ ਵਿੱਚ ਨਾ ਸਿਰਫ ਮੁਸ਼ਕਲ 'ਚ ਹੈ, ਸਗੋਂ ਇਸ ਨਾਲ ਜੁੜੀਆਂ ਅਲਾਮਤਾਂ ਵਿੱਚ ਹੋਰ-ਦਰ-ਹੋਰ ਵਾਧਾ ਹੋ ਰਿਹਾ ਹੈ। ਹੋਰ ਅਲਾਮਤਾਂ ਵਿੱਚੋਂ ਜਲ-ਸੋਮੇ, ਜਿਹੜੇ ਮੁੱਕਦੇ-ਸੁੱਕਦੇ ਜਾ ਰਹੇ ਹਨ ਅਤੇ ਰੁੱਤ ਬਦਲਾਅ, ਜਿਸ ਸਥਾਪਤ ਤਾਣਾ-ਬਾਣਾ ਉਲਝਾ ਦੇਣਾ ਹੈ, ਪ੍ਰਮੁੱਖ ਹਨ। ਦਰ-ਹਕੀਕਤ; ਸਾਡੇ ਗ੍ਰਹਿ ਤੋਂ ਬਿਨਾਂ ਸੋਰ-ਮੰਡਲ ਦੇ ਜ਼ਿਆਦਾਤਰ ਗ੍ਰਹਿ ਜਾਂ ਤਾਂ ਯਖ ਠੰਢੇ ਹਨ ਜਾਂ ਬਹੁਤ ਜ਼ਿਆਦਾ ਤੱਤੇ। ਸਿੱਟੇ ਵਜੋਂ, ਧਰਤੀ ਤੋਂ ਇਲਾਵਾ ਹੋਰ ਕਿਸੇ ਗ੍ਰਹਿ 'ਤੇ ਜ਼ਿੰਦਗੀ ਨਹੀਂ ਵਿਗਸਦੀ-ਧੜਕਦੀ। ਬ੍ਰਿਛ ਨਹੀਂ ਮੌਲਦੇ। ਜ਼ਿੰਦਗੀ ਵਿਗਸਣ, ਧੜਕਣ ਅਤੇ ਮੌਲਣ ਦੀ ਅਸਲ ਵਜ੍ਹਾ ਹੈ ਸਵੱਲੀ ਕੁਦਰਤ, ਜਲ-ਸੋਮੇ ਅਤੇ ਸਾਵਾਂ ਤਾਪਮਾਨ, ਜਿਹੜੇ ਆਪ ਸਹੇੜੀ ਆਲਮੀ-ਤਪਸ਼ ਨਾਲ ਗੜਬੜਾ ਰਹੇ ਹਨ।

ਕੀ ਧਰਤੀ ਉੱਤੇ ਜੀਵਨ ਹਮੇਸ਼ਾ ਸੁਰੱਖਿਅਤ ਰਹੇਗਾ? ਇਹ ਸਵਾਲ ਇਸ ਲਈ ਵੀ ਮਹੱਤਵਪੂਰਨ ਹੈ ਕਿ ਬੀਤੇ ਵਰ੍ਹੇ ਵਧਦੀ ਆਲਮੀ ਤਪਸ਼, ਜਿਹੜੀ ਜਲ ਅਤੇ ਸਾਂਵੇਂ ਤਾਪਮਾਨ ਦੀ ਧੜਵੈਲ ਦੁਸ਼ਮਣ ਹੈ, ਦੇ ਵਰ੍ਹਿਆਂ ਦੇ ਰੂਪ ਵਿੱਚ ਦਰਜ ਹੋ ਗਏ ਹਨ। ਅੱਗੇ ਵੀ ਖੈਰ ਨਹੀਂ ਦਿੱਸਦੀ। 'ਸੰਸਾਰ ਮੌਸਮ ਜਥੇਬੰਦੀ' ਨੇ ਕਰੀਬ ਦਸ ਸਦੀਆਂ ਦੇ ਤੁਲਨਾਤਮਿਕ ਅਧਿਐਨ ਉਪਰੰਤ ਚੇਤਾਵਨੀ ਦਿੱਤੀ ਹੈ ਕਿ ਗਰਮ ਹੋ ਰਹੀ ਧਰਤੀ ਇਕ ਖ਼ਤਰਨਾਕ ਨਤੀਜੇ ਵੱਲ ਵਧ ਰਹੀ ਹੈ। ਤਾਪਮਾਨ ਵਿੱਚ ਵਾਧੇ ਦੇ ਇਸ ਸਿਲਸਿਲੇ ਨੇ ਬੀਤੇ ਤਿੰਨ-ਚਾਰ ਦਹਾਕਿਆਂ ਤੋਂ ਜ਼ਿਆਦਾ ਜ਼ੋਰ ਪਕੜਿਆ ਹੈ, ਜਦੋਂ ਤੋਂ ਕੁਦਰਤ ਨੂੰ ਮਿੱਧਦਿਆਂ ਬੇ-ਲਗਾਮ ਉਦਯੋਗਿਕ ਗਤੀਵਿਧੀਆਂ ਅਤੇ ਅਖੌਤੀ ਵਿਕਾਸ ਦਾ ਦੌਰ ਸ਼ੁਰੂ ਹੋਇਆ। ਪਿਛਲੀ ਡੇਢ ਸਦੀ ਵਿੱਚ ਤਾਪਮਾਨ 'ਚ 1.08 ਤੋਂ 1.76 ਡਿਗਰੀ ਫਾਰਨਹੀਟ ਦਾ ਵਾਧਾ ਹੋ ਗਿਆ ਹੈ। ਆਲਮੀ ਤਪਸ਼ ਦੀ ਦਰ ਇਹੋ ਰਹੀ ਤਦ ਇਸ ਸਦੀ ਦੇ ਅੰਤ ਤੋਂ ਕਿਤੇ ਪਹਿਲਾਂ ਹੀ ਵਿਸ਼ਵ ਤਾਪਮਾਨ ਵਿੱਚ 4 ਤੋਂ 6 ਡਿਗਰੀ ਦਾ ਵਾਧਾ ਹੋ ਜਾਵੇਗਾ, ਜਿਹੜਾ ਜਲ ਸੋਮਿਆ, ਸ਼ੁੱਧ ਹਵਾ ਅਤੇ ਜੰਗਲਾਂ ਦਾ ਖੌਅ ਬਣੇਗਾ। ਨਤੀਜਾ: ਜੀਵ-ਜਗਤ ਅਤੇ ਮਨੁੱਖ ਦੀ ਹੋਂਦ ਨੂੰ ਮੁਕੰਮਲ ਖਤਰਾ।

ਮੌਸਮ ਵਿਗਿਆਨੀਆਂ ਜੋ ਕਾਰਨ ਲੱਭੇ, ਉਨ੍ਹਾਂ ਵਿੱਚ ਸਭ ਤੋਂ ਵੱਡਾ ਕਾਰਨ ਵਾਤਾਵਰਣ ਵਿੱਚ ਕਾਰਬਨ ਡਾਇਆਕਸਾਈਡ ਅਤੇ ਦੂਸਰੀਆਂ ਗ੍ਰੀਨ ਹਾਊਸ ਗੈਸਾਂ (ਮੀਥੇਨ ਅਤੇ ਨਾਈਟਰਸ ਆਕਸਾਈਡ ਆਦਿ) ਦੀ ਦਿਨੋ-ਦਿਨ ਵਧਦੀ ਮਾਤਰਾ ਦਾ ਹੈ। ਉਦਯੋਗਿਕ ਕ੍ਰਾਂਤੀ ਤੋਂ ਬਾਅਦ ਜ਼ਹਿਰੀਲੀਆਂ ਗੈਸਾਂ ਦਾ ਰਿਸਾਵ ਵਧਿਆ ਹੈ। ਗੈਰ-ਰਵਾਇਤੀ ਘਣੀ ਖੇਤੀ ਨੇ ਵੀ ਇਸ ਵਿੱਚ ਤਿੱਖਾ ਵਾਧਾ ਕੀਤਾ ਹੈ। ਗੈਰ-ਜ਼ਰੂਰੀ ਪੈਟਰੋਲਿੰਗ (ਆਵਾਜਾਈ) ਹੋ ਰਹੀ ਹੈ, ਜਿਹੜੀ ਘਾਤਕ ਮਿਥੇਨ ਗੈਸ ਦੀ ਮੁੱਖ ਸਿਰਜਕ ਹੈ। ਉਦਯੋਗ ਕੋਲਾ, ਪੈਟਰੋ ਕੈਮੀਕਲ ਅਤੇ ਕੁਦਰਤੀ ਗੈਸਾਂ ਜਿਹੇ ਹਾਈਡ ਰੋਕਾਰਬਨ ਬਾਲਣ 'ਤੇ ਨਿਰਭਰ ਹੋ ਕੇ ਰਹਿ ਗਏ ਹਨ। ਰਾਕਟਾਂ ਅਤੇ ਆਤਿਸ਼ੀ ਹਥਿਆਰਾਂ ਨੇ ਖਲਾਅ-ਗੰਧਲਾ ਨੂੰ ਜ਼ਰਬਾਂ ਦੇ ਦਿੱਤੀਆਂ ਹਨ। ਗੱਲ ਕੀ ਧਰਤੀ ਦੇ ਹਰੇ-ਭਰੇ ਪਿੰਡੇ ਨੂੰ ਜ਼ਹਿਰੀਲੇ ਧੂੰਏਂ ਵਿੱਚ ਲਿਪਟੇ ਗਰਮ ਗ੍ਰਹਿ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ, ਜਿਹੜਾ ਅਣਮਿਣਵੇਂ ਅੰਨ-ਜਲ ਸੰਕਟ, ਨਵੀਂਆਂ-ਨਿਵੇਲੀਆਂ ਬਿਮਾਰੀਆਂ ਸਮੇਤ ਅਣਕਿਆਸੀਆਂ ਸਮਾਜਕ ਉੱਥਲ-ਪੁੱਥਲਾਂ ਦਾ ਕਾਰਨ ਬਣੇਗਾ।

ਦਰ-ਹਕੀਕਤ; ਕੋਈ ਇੱਕ ਵਜ੍ਹਾ ਇਸ ਤਬਦੀਲੀ ਦਾ ਕਾਰਨ ਨਹੀਂ ਹੈ। ਏਅਰ ਕੰਡੀਸ਼ਨਰਾਂ, ਰੈਫਜੀਰੇਟਰਾਂ, ਫੋਮ ਅਤੇ ਹਾਰ-ਸ਼ਿੰਗਾਰ ਉਦਯੋਗਾਂ ਤੋਂ ਨਿਕਲਣ ਵਾਲੀਆਂ ਕਲੋਰੋ-ਫਲੋਰੋ ਕਾਰਬਨ ਗੈਸਾਂ, ਬਣਾਵਟੀ ਖਾਦਾਂ, ਕੀੜੇਮਾਰ-ਨਦੀਨ ਨਾਸ਼ਕ ਦਵਾਈਆਂ, ਵਾਹਨਾਂ ਦਾ ਧੂੰਆਂ, ਰਹਿੰਦ-ਖੂੰਹਦ ਅਤੇ ਜੰਗਲਾਂ ਦੀ ਅੱਗ, ਸ਼ੋਰ ਪ੍ਰਦੂਸ਼ਨ, ਬੇ-ਪ੍ਰਵਾਹ ਉਦਯੋਗਿਕ ਤੇ ਰਸਾਇਣਕ ਗਤੀਵਿਧੀਆਂ, ਪ੍ਰਮਾਣੂ ਤੇ ਪੁਲਾੜ ਖੋਜਾਂ, ਪੈਟਰੋ-ਕੈਮੀਕਲਜ਼ ਦੀ ਅੰਧਾਧੁੰਦ ਵਰਤੋਂ ਅਤੇ ਮਾਰੂ ਹਥਿਆਰਾਂ ਦਾ ਚਲਨ ਆਦਿ, ਯਾਨਿ ਕਿ ਕਿਸੇ ਨਾ ਕਿਸੇ ਰੂਪ ਵਿੱਚ ਵਾਤਾਵਰਣ ਅੰਦਰ ਘੁਸਪੈਠ ਹੋ ਰਹੀ ਹੈ। ਪੈਰਾਬੈਂਗਨੀ ਕਿਰਨਾਂ ਤੋਂ ਧਰਤੀ ਨੂੰ ਬਚਾਉਣ ਵਾਲੀ ਓਜ਼ੋਨ ਪਰਤ ਵਿਚਲੇ ਛੇਕ ਸਮੇਤ ਧਰਤੀ ਦੇ ਰੇਗਿਸਤਾਨੀਕਰਨ ਲਈ ਵੀ ਇਹੋ ਕਾਰਕ ਜ਼ਿੰਮੇਵਾਰ ਹਨ। ਨਤੀਜੇ ਵਜੋਂ ਸਮੁੰਦਰੀ ਉੱਠਲ-ਪੁੱਥਲਾਂ ਸਮੇਤ ਅਨੇਕਾਂ ਖ਼ਤਰਨਾਕ ਬਿਮਾਰੀਆਂ ਵੀ ਵਧਦੇ ਤਾਪਮਾਨ ਦਾ ਇਜ਼ਹਾਰ ਹਨ। ਜਲਵਾਯੂ ਦੇ ਬਦਲਦੇ ਮਿਜ਼ਾਜ 'ਤੇ ਕੀਤੇ ਗਏ ਇੱਕ ਅਧਿਐਨ ਮੁਤਾਬਕ ਵਾਤਾਵਰਣ ਤਬਦੀਲੀ ਨਾਲ ਮੁਲਕਾਂ ਦੀ ਸੁਰੱਖਿਆ ਲਈ ਵੀ ਗੰਭੀਰ ਖ਼ਤਰੇ ਖੜ੍ਹੇ ਹੋ ਜਾਣਗੇ, ਕਿਉਂਕਿ ਸਮੁੰਦਰ ਦੇ ਫੈਲਾਅ-ਉਠਾਅ ਅਤੇ ਗਲੇਸ਼ੀਅਰਾਂ ਦੇ ਪਿਘਲਣ ਨਾਲ ਜਲ-ਵਹਿਣਾਂ ਤੇ ਵਿਸ਼ਵੀ-ਹੱਦਾਂ 'ਚ ਅਣਕਿਆਸੀ ਬਦਲਾਅ ਦੀ ਸੰਭਾਵਨਾ ਪੈਦਾ ਹੋ ਰਹੀ ਹੈ।

ਧਰਤੀ ਦੀ ਹਰੀ ਪੱਟੀ, ਗਰਮੀ ਸੋਖਣ ਵਾਲੇ ਬਰਫੀਲੇ ਖੰਡ ਅਤੇ ਜਲ ਸੋਮੇ ਘਟਦੇ ਜਾ ਰਹੇ ਹਨ, ਜਿਸ ਨਾਲ ਮੌਸਮ ਅਤੇ ਰੁੱਤ ਬਦਲਾਅ ਸਮੇਤ ਹਿਮ-ਖੰਡਾਂ ਨੇ ਸਿਫਤੀ ਤਬਦੀਲੀ ਦੀ ਰਾਹ ਫੜ ਲਈ ਹੈ। ਬੀਤੇ ਦਿਨੀਂ ਅੰਟਾਰਟਿਕਾ ਵਿੱਚ ਵਰਗ-ਮੀਲਾਂ ਦਾ ਬਰਫੀਲਾ ਟਾਪੂ ਦੇਖਦੇ-ਦੇਖਦੇ ਟੁੱਟ-ਪੰਘਰ ਗਿਆ ਹੈ। ਕਾਰਨ ਅੰਟਾਰਟਿਕਾ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਤਰਕਸ਼ੀਲ ਹੋਣਾ ਸਿਹਤਮੰਦ ਹੋਣ ਦੀ ਮੁੱਢਲੀ ਨਿਸ਼ਾਨੀ ਹੈ

ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ

ਡਾ. ਸ਼ਿਆਮ ਸੁੰਦਰ ਦੀਪਤੀ

ਮੈਂ ਤਰਕਸ਼ੀਲ ਸੁਸਾਇਟੀ ਨਾਲ ਕਦੋਂ ਜੁੜਿਆ ਕਿ ਲਗਾਤਾਰ 'ਤਰਕਸ਼ੀਲ' ਮੈਗਜ਼ੀਨ ਦਾ ਲੇਖਕ ਹੋਇਆ, ਬੁਲਾਰਾ ਵੀ। ਇਸ ਪੱਖ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਮੈਂ ਤਰਕਸ਼ੀਲ ਕਦੋਂ ਹੋਇਆ। ਮੇਰਾ ਮਤਲਬ ਤਰਕਸ਼ੀਲ ਸੋਚ ਤੋਂ ਹੈ। ਤਰਕਸ਼ੀਲ ਅਤੇ ਵਿਗਿਆਨਕ ਸੋਚ ਸਮਾਨ ਅਰਥੀ ਸ਼ਬਦ ਹਨ, ਪਰ ਲੋਕ ਦੋਹਾਂ ਨੂੰ ਵੱਖੋ-ਵੱਖਰੇ ਅੰਦਾਜ਼ ਤੋਂ ਲੈਂਦੇ ਹਨ। ਜੇ ਤਰਕਸ਼ੀਲ ਕਹੋ ਤਾਂ ਮਤਲਬ ਹੁੰਦਾ ਹੈ, ਸੁਸਾਇਟੀ ਨਾਲ ਜੁੜਿਆ ਤੇ ਨਾਸਤਕ। ਭਾਵ ਰੱਬ ਨੂੰ ਨਾ ਮੰਨਣ ਵਾਲਾ। ਵਿਗਿਆਨਕ ਸੋਚ ਵਿਆਪਕ ਘੇਰੇ ਵਾਲੀ ਹੈ। ਨਾਸਤਕ ਸ਼ਬਦ ਉਂਜ ਮਾਰਕਸਵਾਦੀਆਂ, ਕਮਿਊਨਿਸਟਾਂ ਲਈ ਵੀ ਵਰਤਿਆ ਜਾਂਦਾ ਹੈ, ਪਰ ਸਾਰੇ ਤਰਕਸ਼ੀਲ ਮਾਰਕਸਵਾਦੀ ਨਹੀਂ ਹੁੰਦੇ। ਇਹ ਬਿਆਨ, ਹੋਰ ਵਿਆਖਿਆ ਦੀ ਮੰਗ ਕਰਦਾ ਹੈ। ਵੈਸੇ ਮਾਰਕਸ ਨੇ ਖੁਦ ਵੀ ਇਕ ਵਾਰੀ ਕਿਹਾ, 'ਮੈਂ ਮਾਰਕਸਵਾਦੀ ਨਹੀਂ ਹਾਂ', ਇਸ ਨੂੰ ਵੀ ਡੂੰਘਾਈ ਨਾਲ ਸੋਚਣ-ਸਮਝਣ ਦੀ ਲੋੜ ਹੈ। ਮਾਰਕਸੀ, ਤਰਕਸ਼ੀਲ ਅਤੇ ਨਾਸਤਕ ਇਕ-ਦੂਸਰੇ ਲਈ ਵਰਤੇ ਜ਼ਰੂਰ ਜਾਂਦੇ ਹਨ, ਪਰ ਇਹ ਸਾਰੇ ਸੰਕਲਪ ਹੀ ਆਜ਼ਾਦ ਸੰਕਲਪ ਹਨ।

ਮੈਂ ਕਹਿ ਰਿਹਾ ਸੀ ਮੇਰਾ ਵਾਸਤਾ ਕਦੋਂ ਤਰਕਸ਼ੀਲਤਾ ਨਾਲ ਪਿਆ। ਜੇਕਰ ਵਿਧੀਵਤ ਤਰੀਕੇ ਨਾਲ ਇਸ ਵਿਚਾਰਧਾਰਾ ਨਾਲ ਜੁੜਨ ਦੀ ਗੱਲ ਕਰਾਂ ਤਾਂ ਉਹ ਨੌਵੀਂ ਜਮਾਤ ਵਿਚ ਦਾਖਲ ਹੋਣ ਵੇਲੇ ਦੀ ਗੱਲ ਹੈ। ਭਾਵ ਕਿ ਪੰਦਰਾਂ ਸਾਲ ਦੀ ਉਮਰੇ। ਇਹ ਉਹ ਸਮਾਂ ਹੁੰਦਾ ਹੈ, ਜਦੋਂ ਇਹ ਤੈਅ ਹੁੰਦਾ ਹੈ ਕਿ ਵਿਦਿਆਰਥੀ ਨੇ ਅਗਲੀ ਪੜ੍ਹਾਈ ਵਿਚ ਵਿਗਿਆਨ ਰੱਖਣਾ ਹੈ ਜਾਂ ਆਰਟਸ। ਮਾਂ-ਪਿਉ ਨੂੰ ਬਹੁਤਾ ਪਤਾ ਨਹੀਂ ਸੀ, ਅਧਿਆਪਕ ਖੁਦ ਹੀ ਹੁਸ਼ਿਆਰ ਬੱਚਿਆਂ ਨੂੰ ਵਿਗਿਆਨ ਦੇ ਵਿਸ਼ੇ ਵਿਚ ਦਾਖਲ ਕਰ ਲੈਂਦੇ, ਕਿਉਂਕਿ ਇਹ ਵੀ ਧਾਰਨਾ ਸੀ ਕਿ ਵਿਗਿਆਨ ਦੀ ਪੜ੍ਹਾਈ ਔਖੀ ਹੁੰਦੀ ਹੈ, ਕਮਜ਼ੋਰ ਬੱਚੇ ਤੋਂ ਉਹ ਹੋਣੀ ਨਹੀਂ। ਅੱਗੇ ਫਿਰ ਵਿਗਿਆਨ ਵਿਚ ਮੈਡੀਕਲ ਅਤੇ ਨਾਨ-ਮੈਡੀਕਲ ਦੀ ਗੱਲ ਆਉਂਦੀ। ਇੱਕ ਵਿਸ਼ੇ ਦਾ ਫ਼ਰਕ ਹੁੰਦਾ, ਮੈਥ ਅਤੇ ਜੀਵ ਵਿਗਿਆਨ। ਪਤਾ ਨਹੀਂ ਇਹ ਫੈਸਲਾ ਅਧਿਆਪਕਾਂ ਨੇ ਕਿਵੇਂ ਕੀਤਾ? ਮੈਂ ਮੈਡੀਕਲ ਪੜ੍ਹਨ ਲੱਗ ਗਿਆ। ਕਹਿ ਲਵੋ ਵਿਗਿਆਨ ਨਾਲ ਜੁੜ ਗਿਆ, ਵਿਗਿਆਨ ਦੇ ਸਿਲੇਬਸੀ ਵਿਸ਼ੇ ਨਾਲ।

ਸਿਲੇਬਸੀ ਵਿਗਿਆਨ ਮੈਂ ਤਾਂ ਕਹਿਣਾ ਕਿ ਵਿਗਿਆਨ ਦੀ ਪੜ੍ਹਾਈ ਦਾ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਕੋਈ ਸੰਬੰਧ ਨਹੀਂ, ਦੂਰ-ਦੂਰ ਤੱਕ ਨਹੀਂ, ਘੱਟੋ-ਘੱਟ ਸਾਡੇ ਮੁਲਕ ਵਿਚ। ਮੈਡੀਸਨ ਦੇ ਆਪਣੇ ਜਮਾਤੀ ਅਤੇ ਅੱਗੋਂ ਮੇਰੇ ਕੋਲ ਪੜ੍ਹੇ ਸੈਂਕੜੇ ਵਿਦਿਆਰਥੀ, ਮੇਰੇ ਨੇੜੇ-ਤੇੜੇ ਦੇ ਦੋਸਤ, ਰਿਸ਼ਤੇਦਾਰ, ਮੇਰਾ ਆਪਣਾ ਪਰਵਾਰ, ਭਾਈਚਾਰਾ ਬਹੁਗਿਣਤੀ, ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸੱਖਣੇ। ਸਾਡੇ ਇਸ ਖਿੱਤੇ ਵਿਚ ਧਾਰਮਿਕ ਧਾਰਨਾਵਾਂ ਭਾਰੂ ਹਨ। ਗੁਰੂਆਂ ਦੀ ਧਰਤੀ ਹੈ। ਪਤਾ ਨਹੀਂ ਕਿਸ ਪੜਾਅ 'ਤੇ, ਧਰਮ ਅਤੇ ਵਿਗਿਆਨ ਵਿਰੋਧੀ ਕਰਾਰ ਦੇ ਦਿੱਤੇ ਗਏ। ਇਸ ਧਰਤੀ 'ਤੇ ਵੇਦ ਰਚੇ ਗਏ। ਸਭ ਤੋਂ ਵੱਧ ਇਸ ਦੇ ਲਈ ਸੱਤਾ ਦੀ ਭੂਮਿਕਾ ਹੁੰਦੀ ਹੈ। ਦੇਸ਼ ਦੇ ਹਾਲਾਤ ਦੇਖਦੇ-ਸਮਝਦੇ ਧਰਮ ਨਿਰਪੇਖਤਾ ਦੀ ਗੱਲ ਕਰਦੇ, ਸੰਵਿਧਾਨ ਰਚਦੇ ਹੋਏ, ਵਿਗਿਆਨਕ ਦ੍ਰਿਸ਼ਟੀਕੋਣ ਵਿਕਸਿਤ ਕਰਨ ਦੀ ਧਾਰਾ ਜੋੜੀ, ਪਰ ਜਿੰਨੀ ਮਿਹਨਤ ਧਾਰਮਿਕ ਅਦਾਰੇ ਕਰਦੇ ਹਨ, ਅੰਧਵਿਸ਼ਵਾਸ, ਵਹਿਮ-ਭਰਮ ਬਣਾਈ ਰੱਖਣ ਲਈ, ਉਸ ਦੇ ਮੁਕਾਬਲੇ ਵਿਗਿਆਨਕ ਨਜ਼ਰੀਏ ਵਾਲਾ ਹਥਿਆਰ ਖੁੰਡਾ ਵੀ ਹੈ ਤੇ ਇਸ ਪਾਸੇ ਕਾਰਜਸ਼ੀਲ ਲੋਕਾਂ ਦੀ ਗਿਣਤੀ ਵੀ ਨਿਗੂਣੀ ਹੈ। ਨਾਲ ਹੀ ਉਹ ਆਤਮ ਵਿਸ਼ਵਾਸੀ ਵੀ ਨਜ਼ਰ ਨਹੀਂ ਆਉਂਦੇ।

ਤਰਕਸ਼ੀਲ ਹੋਣ ਲਈ ਇਸ ਧਾਰਨਾ ਵਿਚ ਵਿਸ਼ਵਾਸ ਲਈ ਵਿਗਿਆਨ ਦੀ ਸਿਲੇਬਸੀ ਪੜ੍ਹਾਈ ਇਕ ਪੱਖ ਤਾਂ ਹੋ ਸਕਦੀ ਹੈ, ਪਰ ਉਸ ਨੂੰ ਪੜ੍ਹਾਉਣ ਵਾਲਾ ਅਧਿਆਪਕ ਕੌਣ ਹੈ, ਇਹ ਅਹਿਮ ਹੈ। ਜੋ ਕਲਾਸ ਵਿਚ, ਪਾਠ ਸ਼ੁਰੂ ਕਰਨ ਵੇਲੇ, ਵਾਹਿਗੁਰੂ, ਹੇ ਰਾਮ, ਯਾ ਖੁਦਾ ਦੀ ਗੱਲ ਕਰੇ ਤਾਂ ਸਮਝ ਸਕਦੇ ਹਾਂ। ਵਿਗਿਆਨ ਦਾ ਕੇਂਦਰੀ ਨੁਕਤਾ ਹੈ ਨਿਰਖ-ਪਰਖ਼, ਪੜਤਾਲ, ਕਾਰਨ ਦੀ ਤਲਾਸ਼ ਅਤੇ ਧਰਮ ਦਾ ਨੁਕਤਾ ਹੈ, 'ਕਰੇ ਕਰਾਵੇ ਆਪੇ ਆਪ ਮਾਨਸ ਕੇ ਕਿਛੁ ਨਾਹੀ ਹਾਥ'। ਮੈਡੀਕਲ ਦੀ ਪੜ੍ਹਾਈ ਕਰਕੇ, ਪੂਰਾ ਸਰੀਰ ਘੋਖ ਕੇ, ਜਰਮਾਂ ਦੀਆਂ ਕਿਸਮਾਂ ਪੜ੍ਹ ਕੇ, ਉਨ੍ਹਾਂ ਦੇ ਹਮਲੇ ਦੀ ਪੂਰੀ ਪ੍ਰਕ੍ਰਿਆ ਜਾਣ ਕੇ, ਲੱਛਣਾਂ ਦੀ ਪੈਦਾਵਾਰੀ ਤਰਤੀਬ ਨੂੰ ਸਮਝ ਕੇ, ਜੇ ਡਾਕਟਰ ਆਪਣੇ ਕਲੀਨਿਕ ਵਿਚ ਇਹ ਵਾਕ ਲਿਖ ਕੇ ਰੱਖੇ, 'ਆਈ ਟ੍ਰੀਟ, ਹੀ ਕਿਓਰ' ਮਤਲਬ 'ਮੈਂ ਦਵਾ ਦਿੰਦਾ ਹਾਂ, ਉਹ ਰਾਜ਼ੀ ਕਰਦਾ ਹੈ।' ਉਹ, ਉਹੀ 'ਆਪੇ ਆਪ' ਵਾਲਾ ਸਿਲਸਿਲਾ ਹੈ। ਸਾਫ਼ ਹੈ ਕਿ ਵਿਗਿਆਨਕ ਨਜ਼ਰੀਏ ਦੀ ਘਾਟ ਹੈ।

ਵੈਸੇ ਤਾਂ ਨੌਵੀਂ ਜਮਾਤ ਦਾ ਸਿਲੇਬਸ, ਪੰਦਰਾਂ ਸਾਲ ਦੀ ਉਮਰ। ਕਿਸ਼ੋਰ ਅਵਸਥਾ ਦੌਰਾਨ ਇਸ ਉਮਰ ਤੇ ਬੁੱਧੀ ਦਾ ਵਿਕਾਸ ਸ਼ੁਰੂ ਹੋਣਾ। ਨੌਵੀਂ ਵਿਚ ਹੀ ਨਿਊਟਨ, ਆਰਕਮੈਡੀਜ਼, ਮੈਂਡਲ ਆਦਿ ਦੇ ਸਿਧਾਂਤ ਪੜ੍ਹਾਏ ਜਾਂਦੇ ਹਨ। ਵਿਗਿਆਨ ਦਾ ਵਿਸ਼ਾ ਅੱਜ-ਕੱਲ੍ਹ ਭਾਵੇਂ ਪਹਿਲੀ ਜਮਾਤ ਤੋਂ ਸ਼ੁਰੂ ਹੋ ਜਾਂਦਾ ਹੈ, ਜੋ ਕਿ ਜਾਣਕਾਰੀ ਵਾਲਾ ਹੁੰਦਾ ਹੈ। ਸਰੀਰ ਦੀਆਂ ਹੱਡੀਆਂ ਕਿੰਨੀਆਂ ਹਨ, ਖੁਰਾਕ ਪ੍ਰਣਾਲੀ ਦੇ ਅੰਗਾਂ ਦੇ ਨਾਂਅ ਕੀ ਹਨ, ਪਰ ਕਿਸ਼ੋਰ ਉਮਰ 'ਤੇ ਸ਼ੁਰੂ ਹੁੰਦਾ ਹੈ, ਮੈਂਡਲ ਦਾ ਸਿਧਾਂਤ ਜੋ ਸਮਝਾਉਂਦਾ ਹੈ ਕਿ ਮਾਪਿਆਂ ਦੇ ਗੁਣ-ਦੋਸ਼ ਕਿਵੇਂ ਬੱਚਿਆਂ ਵਿਚ ਪਹੁੰਚਦੇ ਹਨ। ਕਿਵੇਂ ਰੰਗ, ਕੱਦ, ਵਾਲਾਂ ਦੀ ਬਣਤਰ ਬੱਚੇ ਹਾਸਲ ਕਰਦੇ ਹਨ। ਇਹ ਸਿਧਾਂਤ ਗਿਆਨਵਾਨ ਬਣਾਉਂਦੇ ਹਨ। ਕਿਸੇ ਤਰ੍ਹਾਂ ਦੇ ਵਹਿਮ-ਭੰਬਲਭੂਸੇ ਵਿਚ ਪੈਣ ਤੋਂ ਬਚਾਉਂਦਾ ਹੈ। ਪਿਛਲੱਗ ਬਨਣ ਤੋਂ ਰੋਕਦਾ ਹੈ।

ਸਵਾਲ ਹੈ ਕਿ ਅਧਿਆਪਕ ਕੌਣ ਹੈ? ਮਾਪੇ ਅਤੇ ਘਰ ਦਾ ਮਾਹੌਲ ਕਿਸ ਤਰ੍ਹਾਂ ਦਾ ਹੈ? ਭੌਤਿਕ ਵਿਗਿਆਨ ਵਿਚ ਚੰਦਰ ਅਤੇ ਸੂਰਜ ਗ੍ਰਹਿਣ ਦਾ ਵਿਗਿਆਨਕ ਪੱਖ ਪੜ੍ਹਾਇਆ ਜਾ ਰਿਹਾ ਹੈ ਤੇ ਗ੍ਰਹਿਣ ਵਾਲੇ ਦਿਨ ਮਾਂ ਜਾਂ ਦਾਦੀ, ਰਾਹੂ-ਕੇਤੂ ਦੀ ਕਥਾ ਸੁਣਾਉਂਦੀ ਹੈ। ਮੈਂ ਇਸ ਪੱਖੋਂ ਚੰਗਾ ਰਿਹਾ ਕਿ ਮੇਰੇ ਘਰ ਦਾ ਮਾਹੌਲ ਖੁੱਲ੍ਹਾ ਸੀ। ਕਿਸੇ ਵਿਸ਼ੇਸ਼ ਗੁਰੂ, ਗ੍ਰੰਥ ਜਾਂ ਰੱਬ ਨੂੰ ਮੰਨਣ, ਮੱਥਾ ਟੇਕਣ, ਆਰਤੀ ਕਰਨ ਦਾ ਮਾਹੌਲ ਨਹੀਂ ਸੀ। ਕਿਸੇ ਮੰਦਰ, ਗੁਰਦਵਾਰੇ ਵਿਚ ਜਾਣ ਦਾ ਰੁਟੀਨ ਵੀ ਨਹੀਂ ਸੀ। ਉਂਜ ਨਾਸਤਿਕ ਵੀ ਨਹੀਂ ਸੀ।

ਕਿਸ਼ੋਰ ਅਵਸਥਾ ਵਿਚ ਸਹਿਜ ਵਿਕਾਸ ਹੈ ਕਿ ਬੱਚਾ ਬੁੱਧੀਮਾਨ ਹੋ ਰਿਹਾ ਹੈ, ਮਤਲਬ ਜਿਗਿਆਸਾ ਦਾ ਨਿਵਾਰਨ ਕਰਨ ਵਾਲਾ। ਸਵਾਲਾਂ ਦੇ ਜਵਾਬ ਮੰਗਣ ਵਾਲਾ ਜਾਂ ਤਲਾਸ਼ਣ ਵਾਲਾ। ਇਸ ਸਮੇਂ ਅਧਿਆਪਕ ਜੇ ਸਾਥ ਨਹੀਂ ਦਿੰਦਾ, ਘਰ ਦਾ ਮਾਹੌਲ ਵੀ ਦਬਕੇ ਵਾਲਾ ਹੈ, ਪਰ ਬੱਚਾ ਜਿਗਿਆਸੂ ਹੈ। ਇਹ ਕੁਦਰਤੀ ਪ੍ਰਵਿਰਤੀ ਹੈ ਤੇ ਜੇ ਇਹ ਦਬਾਈ ਨਹੀਂ ਜਾਂਦੀ, ਮਾਰ-ਮੁਕਾਈ ਨਹੀਂ ਜਾਂਦੀ ਤੇ ਜਿਗਿਆਸਾ ਆਪ ਹੀ ਰਾਹ ਲੱਭ ਲੈਂਦੀ ਹੈ। ਜੋ ਮੈਂ ਕਹਿ ਸਕਦਾ ਹਾਂ ਕਿ ਮੈਡੀਕਲ ਕਾਲਜ ਦੀ ਪੜ੍ਹਾਈ ਨੇ ਸਰੀਰ ਦੀ ਬਣਤਰ ਅਤੇ ਕਾਰਜ ਪ੍ਰਣਾਲੀ ਨੇ ਇਸ ਜਿਗਿਆਸਾ ਨੂੰ ਨਵੇਂ ਰਾਹ ਦਿਖਾਏ।

ਐੱਮ.ਡੀ. ਦੀ ਪੜ੍ਹਾਈ ਦੌਰਾਨ ਜਦੋਂ ਮੇਰਾ ਵਿਸ਼ਾ ਸੀ ਕਮਿਊਨਿਟੀ ਮੈਡੀਸਨ ਤੇ ਉਸ ਦਾ ਇਕ ਮਹੱਤਵਪੂਰਨ ਹਿੱਸਾ ਸੀ, ਐਪੀਡੇਮੀਆਲੋਜੀ, ਮਹਾਂਮਾਰੀ ਵਿਗਿਆਨ। ਜਿਸ ਵਿਚ ਪੜ੍ਹਾਈ ਸੀ ਕਿਸੇ ਵੀ ਨਵੀਂ, ਪਹਿਲੀ ਵਾਰ ਆਈ ਮਹਾਂਮਾਰੀ ਦੇ ਕਾਰਨਾਂ ਤੱਕ ਕਿਵੇਂ ਪਹੁੰਚਿਆ ਜਾਵੇ, ਜੋ ਤਰਕਸ਼ੀਲਤਾ ਦੀ ਸਮਝ ਨੂੰ ਵਰਤੋਂ ਵਿਚ ਲਿਆਉਣਾ ਸੀ।

ਪਟਿਆਲਾ ਮੈਡੀਕਲ ਕਾਲਜ ਦੇ ਆਪਣੇ ਚਿੰਨ੍ਹ ਵਿਚ ਇਕ ਵਾਕ ਹੈ, 'ਰੋਗ ਦਾਰੂ ਦੋਵੇਂ ਬੁਝੈ ਤਾਂ ਵੈਦੁ ਸੁਜਾਣੁ'। ਐੱਮ.ਬੀ.ਬੀ.ਐੱਸ. ਜਾਂ ਅੱਗੋਂ ਮਾਹਿਰ, ਸੁਪਰ ਮਾਹਿਰ ਹੋਣ ਦਾ ਟੀਚਾ ਹੀ ਇਹੀ ਹੈ। ਬਿਮਾਰੀ ਤੱਕ ਪਹੁੰਚਣਾ ਅਤੇ ਉਸ ਦਾ ਇਲਾਜ ਬੁੱਝਣਾ। ਇਹੀ ਤਰਕਸ਼ੀਲਤਾ ਹੈ, ਜਦੋਂ ਸਮਾਜਿਕ ਵਰਤਾਰਿਆਂ ਨੂੰ ਘੋਖ ਕੇ, ਪਰਖ਼ ਕਰਕੇ, ਸਹੀ ਕਾਰਨ ਤੱਕ ਪਹੁੰਚਣਾ। ਕਾਰਨ ਜਾਣੇ ਬਿਨਾਂ ਇਲਾਜ ਹਨੇਰੇ ਵਿਚ ਟੱਕਰਾਂ ਮਾਰਨਾ ਹੈ।

ਮਾਨਸਿਕ ਰੋਗਾਂ ਦੇ ਵਿਭਾਗ ਵਿਚ ਕੰਮ ਕਰਦਿਆਂ, ਇਹ ਤਰਕਸ਼ੀਲਤਾ ਦੀ ਵਿਧੀ ਹੋਰ ਸਪੱਸ਼ਟ ਹੋਈ, ਜਦੋਂ ਸਮਝ ਪਈ ਕਿ ਸਾਰੇ ਹੀ ਮਾਨਸਿਕ ਰੋਗ, ਡਿਪਰੈਸ਼ਨ, ਫੋਬੀਆ, ਔਬਸੈਸ਼ਨ, ਲੱਛਣਾਂ ਦੇ ਅੰਗਰੇਜ਼ੀ ਨਾਂਅ ਹਨ। ਉਦਾਸ, ਡਰਪੋਕ, ਖਬਤੀ ਆਦਿ। ਕਾਰਨ ਕਿਤੇ ਹੋਰ ਹੈ, ਬਿਮਾਰੀ ਦੀ ਜੜ੍ਹ ਕਿਤੇ ਹੋਰ, ਸਾਡੇ ਸਮਾਜ ਵਿਚ। ਬਿਮਾਰੀਆਂ ਦੀ ਤਹਿ ਤੱਕ ਪਹੁੰਚਣ ਦੀ ਸਮਝ ਇਕ ਤਾਂ ਮਹਾਂਮਾਰੀ ਵਿਗਿਆਨ ਤੋਂ ਮਿਲੀ, ਦੂਸਰੀ ਸਮਾਜ ਵਿਗਿਆਨ ਦਾ ਸਿਖਾਂਦਰੂ ਹੋਣ ਨਾਲ ਵੀ।

ਇਸ ਤਰਕਸ਼ੀਲਤਾ ਵਾਲੇ ਪਹਿਲੂ ਨੂੰ ਫਿਰ ਮੈਗਜ਼ੀਨਾਂ/ਅਖ਼ਬਾਰਾਂ ਵਿਚ ਲਿਖਿਆ। ਲਿਖਦਾ ਪਹਿਲਾਂ ਵੀ ਸੀ, ਭਾਵੇਂ ਕਵਿਤਾਵਾਂ ਤੋਂ ਸ਼ੁਰੂ ਕੀਤਾ। ਕਹਾਣੀ ਲਿਖੀ ਤੇ ਮਿੰਨੀ ਕਹਾਣੀ ਵੱਲ ਵੀ ਆਇਆ, ਪਰ ਸਾਰੇ ਮਾਨਸਿਕ ਰੋਗਾਂ ਨੂੰ, ਉਦਾਸੀ ਰੋਗ ਤੋਂ ਸ਼ੁਰੂ ਕਰਕੇ, ਸਮਾਜ ਵਿਗਿਆਨ ਦੀ ਸਮਝ ਨਾਲ ਲਿਖਿਆ। ਪਹਿਲ ਲੇਖ ਭਾਅ ਜੀ ਗੁਰਸ਼ਰਨ ਸਿੰਘ ਦੀ ਮੈਗਜ਼ੀਨ 'ਸਮਤਾ' ਵਿਚ ਛਪਿਆ ਤਾਂ ਹੌਸਲਾ ਵਧਿਆ। ਫਿਰ ਸਾਰੇ ਲੇਖਾਂ ਨੂੰ 'ਮਾਨਸਿਕ ਰੋਗ ਅਤੇ ਸਾਡਾ ਸਮਾਜ' ਨਾਂਅ ਦੀ ਪੁਸਤਕ ਵਿਚ ਛਾਪਿਆ। ਪਹਿਲਾਂ ਇਹ ਖੁਦ ਛਾਪੀ ਤੇ ਫਿਰ ਤਰਕਸ਼ੀਲ ਸੁਸਾਇਟੀ ਨੇ ਛਾਪੀ। ਉਦੋਂ ਤਰਕਸ਼ੀਲ ਸੁਸਾਇਟੀ ਵੰਡੀ ਗਈ ਸੀ। ਪੁਸਤਕ ਤਰਕ ਭਾਰਤੀ ਪ੍ਰਕਾਸ਼ਨ ਨੇ ਛਾਪੀ। ਪ੍ਰਕਾਸ਼ਨ ਹੀ ਸ਼ਾਇਦ ਕਿਤੇ ਵੰਡ ਦਾ ਕਾਰਨ ਸੀ। ਪੁਸਤਕ ਨੂੰ ਥੋੜ੍ਹਾ ਸੋਧ ਕੇ, ਕੁਝ ਹੋਰ ਜੋੜ ਕੇ, 'ਮਨ ਮਾਹੌਲ ਮਨੋਰੋਗ' ਸਿਰਲੇਖ ਹੇਠ ਛਾਪੀ। ਇਹ ਕਿਤਾਬ ਤਰਕਸ਼ੀਲ ਸੁਸਾਇਟੀ ਨੇ ਖੁਦ ਛਾਪਣ ਦਾ ਫੈਸਲਾ ਲਿਆ।

ਮਾਨਸਿਕ ਰੋਗਾਂ ਨੂੰ ਲੈ ਕੇ ਤਰਕਸ਼ੀਲ ਸੁਸਾਇਟੀ ਦਾ ਜ਼ਿਕਰਯੋਗ ਕੰਮ ਹੈ। ਖਾਸ ਕਰਕੇ ਹਿਸਟੀਰੀਆ ਦੇ ਕੇਸਾਂ ਨੂੰ ਲੈ ਕੇ। ਹਿਸਟੀਰੀਆ, ਸਧਾਰਨ ਸ਼ਬਦਾਂ ਵਿਚ ਅਚੇਤ ਰੂਪੀ ਮਨ ਦਾ ਵਿਕਾਰ ਹੈ। ਪਰਵਾਰ ਵਿਚ ਵਿਸ਼ੇਸ਼ ਕਰਕੇ, ਜੋ ਕੋਈ ਅਣਗੌਲਿਆ ਹੁੰਦਾ ਹੈ, ਉਸ ਨੂੰ ਮਨ ਦੀਆਂ ਇੱਛਾਵਾਂ ਦਬਾ ਕੇ ਰੱਖਣੀਆਂ ਪੈਂਦੀਆਂ ਹਨ, ਕਿਉਂ ਜੋ ਉਸ ਕੋਲ ਹੋਰ ਕੋਈ ਜ਼ਰੀਆ ਨਹੀਂ ਹੁੰਦਾ। ਸਮਝ ਸਕਦੇ ਹਾਂ ਸਾਡੇ ਸਮਾਜ ਵਿਚ ਇਹ ਹਾਲਤ ਔਰਤਾਂ ਵਿਚ ਵੱਧ ਹੈ। ਇਸੇ ਕਰਕੇ ਹਿਸਟੀਰੀਆ ਵੀ। ਉਹ ਦਬਾਅ ਫਿਰ ਮਾਨਸਿਕ ਵਿਕਾਰ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਉਹ ਘਰੇ ਪਏ ਕੱਪੜੇ ਕੱਟਣਾ ਵੀ ਹੋ ਸਕਦਾ ਹੈ, ਘਰ ਅੰਦਰ ਰੋੜ-ਪੱਥਰ ਵੱਜਣਾ, ਅੱਗ ਲੱਗਣਾ ਜਾਂ ਖੂਨ ਦੇ ਛਿੱਟੇ ਪੈਣਾ ਵੀ। ਤਹਿ ਤੱਕ ਜਾ ਕੇ, ਪੂਰੀ ਤਰ੍ਹਾਂ ਘੋਖ-ਪੜਤਾਲ ਕਰਕੇ ਪੀੜਤ ਵਿਅਕਤੀ ਤੱਕ ਪਹੁੰਚ ਸੰਭਵ ਹੈ। ਤਰਕਸ਼ੀਲਾਂ ਨੇ ਅਨੇਕਾਂ ਅਜਿਹੇ ਕੇਸ ਸੁਲਝਾਏ ਹਨ।

ਇਸੇ ਦੌਰਾਨ ਤਰਕਸ਼ੀਲ ਸੁਸਾਇਟੀ ਦੇ ਮੁਖੀ ਰਾਜਿੰਦਰ ਭਦੌੜ ਨੇ ਕਿਹਾ ਕਿ ਅਜਿਹੇ ਕੇਸਾਂ ਨੂੰ ਸੁਲਾਉਂਦੇ ਹੋਏ, ਇਕ ਨਵਾਂ ਪੱਖ ਸਾਹਮਣੇ ਆ ਰਿਹਾ ਹੈ। ਕਿਤੇ ਨਾ ਕਿਤੇ ਸੈਕਸ ਨੂੰ ਲੈ ਕੇ, ਲੋਕਾਂ ਦੀ ਨਾਸਮਝੀ ਅਤੇ ਅਗਿਆਨਤਾ ਦਾ ਵੀ ਪਹਿਲੂ ਹੈ। ਮੈਨੂੰ ਕਿਹਾ ਗਿਆ ਕਿ ਸੈਕਸ ਦੀ ਵਿਗਿਆਨਕ ਵਿਆਖਿਆ ਨੂੰ ਲੈ ਕੇ ਕੁਝ ਲਿਖਾਂ। ਆਪਾਂ ਸਾਰੇ ਹੀ ਜਾਣਦੇ ਹਾਂ ਕਿ ਸੈਕਸ ਨੂੰ ਲੈ ਕੇ 'ਤਾਕਤ-ਜਵਾਨੀ' ਦੇ ਬੋਰਡਾਂ ਵਾਲਾ ਕਿੰਨਾ ਵੱਡਾ ਬਾਜ਼ਾਰ ਹੈ। ਸ਼ੋਸ਼ਣ ਹੈ, ਧੋਖਾ ਹੈ, ਕਿਉਂਕਿ ਇਹ ਆਮ ਬੋਲਚਾਲ ਵਿਚ ਆਪਸੀ ਚਰਚਾ ਕਰਨ ਲਈ ਵਰਜਿਤ ਵਿਸ਼ਾ ਹੈ।

ਮੈਂ ਕੋਸ਼ਿਸ਼ ਕੀਤੀ ਤੇ ਤਕਰੀਬਨ ਦੋ ਸਾਲ, ਇਸ ਦੇ ਵੱਖ-ਵੱਖ ਪਹਿਲੂਆਂ ਬਾਰੇ ਲਿਖਿਆ। ਕਾਫ਼ੀ ਪੜ੍ਹਿਆ ਗਿਆ ਤੇ ਉਸ ਤੋਂ ਵੱਧ ਨੌਜਵਾਨਾਂ ਦੇ ਫੋਨ ਆਏ ਤੇ ਆ ਕੇ ਮਿਲੇ ਵੀ। ਸਾਰੇ ਲੇਖ, ਇੱਕ ਕਿਤਾਬ 'ਨੌਜਵਾਨ ਅਤੇ ਸੈਕਸ ਸਮੱਸਿਆਵਾਂ' ਦੇ ਰੂਪ ਵਿਚ ਛਪੀ ਤਾਂ ਕਰਨਾਲ ਤੋਂ ਮਨੋਰੋਗ ਮਾਹਿਰ ਡਾ. ਜਗਦੀਸ਼ ਬਾਠਲਾ ਦੇ ਹੱਥ ਲੱਗੀ ਤਾਂ ਉਨ੍ਹਾਂ ਨੇ ਮੈਨੂੰ ਅਨੁਵਾਦ ਕਰਕੇ ਛਪਵਾਉਣ ਦੀ ਇਜਾਜ਼ਤ ਲਈ। ਇਹ ਕਿਤਾਬ ਹਿੰਦੀ ਵਿਚ ਉਹ ਆਪਣੇ ਮਰੀਜ਼ਾਂ ਨੂੰ ਮੁਫ਼ਤ ਵੰਡਦੇ ਹਨ।

ਇਸ ਤਰ੍ਹਾਂ ਮੈਂ ਤਰਕਸ਼ੀਲ ਸੁਸਾਇਟੀ ਦੇ ਨੇੜੇ ਹੋਇਆ ਜਾਂ ਉਹ ਮੇਰੇ ਸੰਪਰਕ ਵਿਚ ਆਏ। ਮੇਰੀਆਂ ਤਕਰੀਬਨ ਬਾਰਾਂ ਕਿਤਾਬਾਂ ਉਨ੍ਹਾਂ ਨੇ ਛਾਪੀਆਂ ਹਨ ਤੇ ਤਰਕਸ਼ੀਲ ਹੋਣ ਨਾਲ ਜੋ ਮੈਨੂੰ ਮਿਲਿਆ, ਉਹ ਬਹੁਤ ਵਸੀਹ ਹੈ। ਮੈਂ ਸਮਝਿਆ ਹੈ ਕਿ ਤਰਕਸ਼ੀਲ ਹੋਣਾ ਸਿਹਤਮੰਦ ਹੋਣ ਦੀ ਨਿਸ਼ਾਨੀ ਹੈ। ਜੇ ਕੋਈ ਸਰੀਰਕ ਤੌਰ 'ਤੇ ਆਪਣੇ ਆਪ ਨੂੰ ਸਿਹਤਮੰਦ ਕਹਿੰਦਾ-ਸਮਝਦਾ ਹੈ, ਭਾਵ ਕੋਈ ਬੁਖਾਰ ਨਹੀਂ, ਕੋਈ ਖੰਘ ਨਹੀਂ, ਕਿਸੇ ਤਰ੍ਹਾਂ ਦੀ ਢਿੱਡ ਪੀੜ ਨਹੀਂ, ਪਰ ਨਾਲ ਹੀ ਉਹ ਏਧਰ-ਉਧਰ ਭਟਕਦਾ ਹੈ, ਕਿਸਮਤ ਨੂੰ ਕੋਸਦਾ ਤੇ ਡੇਰਿਆਂ 'ਤੇ ਚੱਕਰ ਕੱਟਦਾ ਹੈ, ਮੰਨਤਾਂ ਮੰਗਦਾ ਤੇ ਵਰਤ ਰੱਖਦਾ ਹੈ, ਉਹ ਸਿਹਤਮੰਦ ਨਹੀਂ ਹੈ, ਇਹ ਭਟਕਣ ਦੀ ਸਥਿਤੀ ਹੈ। ਤਰਕਸ਼ੀਲ ਹੋਣਾ ਇਸ ਹਾਲਤ ਨੂੰ ਘੱਟ ਕਰਦਾ ਹੈ।

ਇਕ ਵਾਰਤਾਲਾਪ :

-ਜੇਕਰ ਜਾਨਵਰਾਂ ਤੋਂ ਵੱਖਰਾਉਂਦੀ, ਮਨੁੱਖ ਦੀ ਇਕ ਖਾਸੀਅਤ ਉਭਾਰਨੀ ਹੋਵੇ?

-ਮਨੁੱਖ ਸੋਚਦਾ ਹੈ।

-ਸੋਚਦੇ ਤਾਂ ਜਾਨਵਰ ਵੀ ਨੇ, ਜਦੋਂ ਭੁੱਖ-ਪਿਆਸ ਲੱਗਦੀ ਹੈ, ਜਦੋਂ ਸਿਰ 'ਤੇ ਕੋਈ ਖਤਰਾ ਹੋਵੇ।

-ਮਨੁੱਖ ਇਨ੍ਹਾਂ ਹਾਲਤਾਂ ਦੇ ਮੱਦੇਨਜ਼ਰ ਫੈਸਲਾ ਕਰਦਾ ਹੈ, ਸੋਚ-ਸਮਝ ਕੇ ਫੈਸਲਾ ਲੈਂਦਾ ਹੈ।

-ਫੈਸਲਾ ਜਾਨਵਰਾਂ ਨੂੰ ਵੀ ਕਰਨਾ ਪੈਂਦਾ ਹੈ, ਹਾਲਾਤ ਦੇ ਮੱਦੇਨਜ਼ਰ। ਭੱਜਣਾ ਹੈ ਜਾਂ ਭਿੜਨਾ ਹੈ।

-ਮਨੁੱਖ ਵਿਸ਼ਲੇਸ਼ਣ ਕਰਦਾ ਹੈ, ਫਿਰ ਫੈਸਲਾ ਕਰਦਾ ਹੈ।

-ਵਿਸ਼ਲੇਸ਼ਣ ਤਾਂ ਜਾਨਵਰ ਵੀ ਕਰਦੇ ਹਨ। ਬਚਣ ਜਾਂ ਮਰਨ?

-ਮਨੁੱਖ ਹਰ ਹਾਲਤ ਵਿਚ ਬਚਣ, ਮਰਨ ਤੋਂ ਅੱਗੇ ਇਨ੍ਹਾਂ ਤੋਂ ਇਲਾਵਾ ਹਾਲਤਾਂ ਨਾਲ ਨਜਿੱਠਦਾ ਵੀ ਹੈ। ਮਨੁੱਖ ਦਾ ਵਿਸ਼ਲੇਸ਼ਣ ਤਰਕ 'ਤੇ ਆਧਾਰਤ ਹੈ। ਚੰਗੇ-ਬੁਰੇ ਦੀ ਪਛਾਣ, ਸਹੀ-ਗਲਤ ਪ੍ਰਤੀ ਘੋਖ-ਪੜਤਾਲ।

ਤਰਕ ਕਰਨਾ ਦਿਮਾਗ ਦੇ ਵਿਕਾਸ ਦਾ ਪੜਾਅ ਹੈ। ਚੰਗੇ-ਬੁਰੇ ਦੀ ਪਛਾਣ ਤੋਂ ਬਾਅਦ, ਚੰਗੇ ਨਾਲ ਖੜ੍ਹਨਾ ਤੇ ਬੁਰੇ ਨੂੰ ਨਕਾਰਨਾ, ਮਨੁੱਖੀ ਸੋਚ ਦੇ ਅਗਲੇ ਪੜਾਅ ਹਨ।

ਮੋਬਾ: 98158-08506

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

4-June-Sunday.qxd 6/3/2023 9:16 PM Page 4



## ਕਵਿਤਾ ਵਰਗੀਆਂ ਧੀਆਂ

**ਪ੍ਰੋ. ਕੁਲਵੰਤ ਸਿੰਘ ਔਜਲਾ**
**ਸਫੇ : 160, ਮੁੱਲ : 300 ਰੁਪਏ**
**ਸਾਂਝ ਪ੍ਰਕਾਸ਼ਨ, ਜਲੰਧਰ**

# ਮਾਨਵੀ ਕਦਰਾਂ ਦੇ ਮਨਫ਼ੀ ਹੋਣ ਦਾ ਕਾਵਿਕ ਬਿਰਤਾਂਤ

ਕਿ ਤਾ ਬ ਦੀ

## ਪਰਖ ਪੜਚੋਲ

**ਡਾ. ਸਰਦੂਲ ਸਿੰਘ ਔਜਲਾ**





ਪ੍ਰੋ. ਕੁਲਵੰਤ ਸਿੰਘ ਔਜਲਾ ਇੱਕ ਅਜਿਹਾ ਵਿਅਕਤੀ ਹੈ, ਜਿਹੜਾ ਨਿਰੰਤਰ ਪੜ੍ਹਦਾ-ਲਿਖਦਾ ਰਹਿੰਦਾ ਹੈ। ਆਪਣੇ ਕਾਲਜ ਦੇ ਅਧਿਆਪਨ ਦੌਰਾਨ ਜਿੱਥੇ ਕੁਲਵੰਤ ਔਜਲਾ ਖੁਦ ਸਾਹਿਤ ਪੜ੍ਹਦਾ ਅਤੇ ਰਚਦਾ ਰਿਹਾ, ਉੱਥੇ ਉਸ ਨੇ ਆਪਣੇ ਵਿਦਿਆਰਥੀਆਂ ਦੇ ਮਨਾਂ ਵਿੱਚ ਵੀ ਸਾਹਿਤ ਦੀ ਚੇਟਕ ਲਾਉਣ ਦਾ ਵੱਡਮੁੱਲਾ ਕਾਰਜ ਕੀਤਾ। ਇਸੇ ਦੇ ਹੀ ਸਿੱਟੇ ਵਜੋਂ ਉਸ ਦੇ ਬਹੁਤ ਸਾਰੇ ਵਿਦਿਆਰਥੀ ਸਾਹਿਤ ਰਚ ਵੀ ਰਹੇ ਹਨ ਅਤੇ ਇਸ ਖਜਾਨੇ ਨੂੰ ਵਿਰਾਸਤੀ ਰੂਪ ਵਿੱਚ ਅਗਲੇਰੀ ਪੀੜ੍ਹੀ ਨੂੰ ਵੀ ਪ੍ਰਦਾਨ ਕਰ ਰਹੇ ਹਨ। ਆਪਣੇ ਅਧਿਆਪਕੀ ਕਿੱਤੇ ਦੀ ਸੇਵਾ-ਮੁਕਤੀ ਤੋਂ ਬਾਅਦ ਪ੍ਰੋ. ਔਜਲਾ ਹੋਰ ਵੀ ਸਮਰਪਣ ਭਾਵਨਾ ਨਾਲ ਸਾਹਿਤ ਖੇਤਰ ਵਿੱਚ ਸਰਗਰਮ ਹੋਏ। ਇਸੇ ਸਰਗਰਮੀ ਵਿੱਚੋਂ ਵੀ ਉਹਨਾਂ ਦੀ ਵਿਚਾਰਧੀਨ ਪੁਸਤਕ 'ਕਵਿਤਾ ਵਰਗੀਆਂ ਧੀਆਂ' ਤੋਂ ਪਹਿਲਾਂ ਦੋ ਕਾਵਿ ਪੁਸਤਕਾਂ 'ਮਾਂ ਵਰਗੀ ਕਵਿਤਾ' ਅਤੇ 'ਜਾਗ ਪੰਜਾਬ ਤੂੰ ਜਾਗ' ਪਾਠਕਾਂ ਦੇ ਰੂਬਰੂ ਹੋ ਚੁੱਕੀਆਂ ਹਨ। ਅਜੋਕੇ ਦੌਰ ਵਿੱਚ ਬਹੁਤ ਸਾਰੇ ਸਾਹਿਤਕਾਰ ਲਿਖਦੇ ਜ਼ਰੂਰ ਹਨ, ਪਰ ਪਾਠਕ ਪੈਦਾ ਨਹੀਂ ਕਰ ਸਕੇ, ਪਰ ਪ੍ਰੋ: ਔਜਲਾ ਦੇ ਪਾਠਕਾਂ ਦਾ ਘੇਰਾ ਵੀ ਚੌੜੇਰਾ ਹੈ। ਪੁਸਤਕਾਂ ਦੀ ਪ੍ਰਕਾਸ਼ਨਾ ਤੋਂ ਪਹਿਲਾਂ ਬਹੁਤ ਸਾਰੇ ਪਾਠਕ ਉਹਨਾਂ ਦੀਆਂ ਪ੍ਰਕਾਸ਼ਤ ਰਚਨਾਵਾਂ ਜੋ ਅਖਬਾਰਾਂ ਜਾਂ ਮੈਗਜ਼ੀਨਾਂ ਵਿੱਚ ਪ੍ਰਕਾਸ਼ਤ ਹੁੰਦੀਆਂ ਸਨ, ਨੂੰ ਪੜ੍ਹ ਕੇ ਉਹਨਾਂ ਦੀਆਂ ਪੁਸਤਕਾਂ ਦੀ ਪ੍ਰਕਾਸ਼ਨਾ ਬਾਰੇ ਵੀ ਜਗਿਆਸਾ ਜ਼ਾਹਰ ਕਰਦੇ ਸਨ, ਪਰ 'ਮੇਰੇ ਛੁਪੇ ਰਹਿਣ ਦੀ ਚਾਹ' ਸ਼ਾਇਦ ਉਹਨਾ ਨੇ ਪੱਲੇ ਬੰਨ੍ਹੀ ਹੋਈ ਪੰਕਤੀ ਸੀ। ਹੁਣ ਸਾਹਿਤਕ ਮਿੱਤਰ ਮੰਡਲੀ ਦੀ ਸਲਾਹ ਅਤੇ ਆਪਣੇ ਰਚੇ ਸਾਹਿਤ ਨੂੰ ਕਿਸੇ ਬੱਝਵੇਂ ਰੂਪ ਵਿੱਚ ਸਾਂਭਣ ਦੇ ਹੀਲੇ-ਵਸੀਲੇ ਵਿੱਚੋਂ ਇਹ ਤਿੰਨ ਪੁਸਤਕਾਂ ਪ੍ਰਕਾਸ਼ਤ ਹੋ ਕੇ ਸਾਹਮਣੇ ਆਈਆਂ ਹਨ, ਜਿਨ੍ਹਾਂ ਵਿੱਚ ਪ੍ਰੋ. ਔਜਲਾ ਦੀਆਂ ਗੌਲਣਯੋਗ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ। ਪਹਿਲੀਆਂ ਦੋ ਕਾਵਿ-ਪੁਸਤਕਾਂ ਨੂੰ ਪਾਠਕਾਂ ਦਾ ਭਰਪੂਰ ਹੁੰਗਾਰਾ ਪ੍ਰਾਪਤ ਵੀ ਹੋਇਆ। ਉਸੇ ਹੌਸਲੇ ਦੀ ਉਪਜ ਹੈ ਪ੍ਰੋ. ਕੁਲਵੰਤ ਔਜਲਾ ਦੀ ਪੁਸਤਕ 'ਕਵਿਤਾ ਵਰਗੀਆਂ ਧੀਆਂ।'

ਪ੍ਰੋ. ਕੁਲਵੰਤ ਔਜਲਾ ਪਰਵਾਰਕ ਅਤੇ ਸਮਾਜਿਕ ਰਿਸ਼ਤਿਆਂ ਨੂੰ ਜੀਉਂਦਾ ਵੀ ਹੈ, ਨਿਭਾਉਂਦਾ ਵੀ ਬਾਖੂਬੀ ਹੈ। ਅੱਜ ਦੇ ਸਵਾਰਥੀ ਅਤੇ ਦੰਭੀ ਯੁੱਗ ਵਿੱਚ ਜਿੱਥੇ ਰਿਸ਼ਤੇ ਸਿਰਫ ਬਣਾਉਟੀ ਅਤੇ ਥੋੜ੍ਹਚਿਰੀ ਅਪਣੱਤ ਦੇ ਮੁਥਾਜ ਹੋ ਕੇ ਰਹਿ ਗਏ ਹਨ, ਉੱਥੇ 'ਕਵਿਤਾ ਵਰਗੀਆਂ ਧੀਆਂ' ਇਸ ਪੁਸਤਕ ਦਾ ਸਿਰਲੇਖ ਹੀ ਆਪਣੇ ਆਪ ਵਿੱਚ ਰਿਸ਼ਤਿਆਂ ਦੀ ਪਾਕੀਜਗੀ ਅਤੇ ਨਿੱਘ ਦਾ ਲਖਾਇਕ ਬਣ ਜਾਂਦਾ ਹੈ। ਧੀਆਂ ਪ੍ਰਤੀ ਇਹ ਮੋਹ ਅਤੇ ਅਪਣੱਤ ਕੇਵਲ ਸ਼ਬਦੀ ਬਾਣਾ ਹੀ ਸ਼ਾਮਲ ਨਹੀਂ ਸਗੋਂ ਨਿੱਜੀ ਅਤੇ ਸਮਾਜਿਕ ਜ਼ਿੰਦਗੀ ਵਿੱਚ ਲੇਖਕ ਹਮੇਸ਼ਾ ਹੀ ਇਹਨਾਂ ਧੀਆਂ ਪ੍ਰਤੀ ਆਪਣਾ ਆਸ਼ੀਰਵਾਦ ਅਤੇ ਦੁਆਵਾਂ ਦਿਲ ਖੋਲ੍ਹ ਕੇ ਦਿੰਦਾ ਹੈ। ਧੀਆਂ ਨੂੰ ਕਵਿਤਾ ਨਾਲ ਤੁਲਨਾਉਣਾ ਧੀਆਂ ਦੀ ਕੋਮਲਤਾ, ਸੰਜੀਦਗੀ, ਈਮਾਨਦਾਰੀ ਅਤੇ ਖੈਰ-ਸੁੱਖ ਤਾਂ ਬਣਦਾ ਹੀ ਹੈ, ਪਰ ਨਾਲ ਦੀ ਨਾਲ ਅਜੋਕੇ ਦੌਰ ਵਿੱਚ ਧੀਆਂ ਪ੍ਰਤੀ ਪੈਦਾ ਹੋ ਰਹੀ ਬੇਰੁਖੀ ਅਤੇ ਧੀਆਂ ਦੁਆਰਾ ਵੱਖ-ਵੱਖ ਖੇਤਰਾਂ ਵਿੱਚ ਉੱਚੀਆਂ ਪ੍ਰਾਪਤੀਆਂ ਕਰਨ ਦੇ ਯਤਨਾਂ ਨੂੰ ਸਲਾਮ ਕਰਨ ਦਾ ਜਜ਼ਬਾ ਵੀ ਪ੍ਰਗਟਾਉਂਦਾ ਹੈ। ਬੇਸ਼ੱਕ ਜ਼ਮਾਨੇ ਦੇ ਹਾਲਾਤ ਧੀਆਂ ਪ੍ਰਤੀ ਜ਼ਿਆਦਾ ਸੁਖਦ ਨਹੀਂ। ਬਲਾਤਕਾਰ, ਪਰਵਾਰਕ ਤੇ ਸਮਾਜਿਕ ਵਿਤਕਰਾ ਉਹਨਾ ਲਈ ਅੜਚਨਾਂ ਪੈਦਾ ਕਰਦਾ ਹੈ, ਪਰ ਧੀਆਂ ਲਈ ਪ੍ਰੋ. ਔਜਲਾ ਦਾ ਸ਼ੁੱਭਚਿੰਤਨ 'ਸ਼ਾਬਾਸ਼ੇ' ਦਾ ਕਾਰਜ ਕਰਦਾ ਹੈ। ਉਹਨਾ ਦੇ ਮਨਾਂ ਵਿੱਚ ਦ੍ਰਿੜ੍ਹਤਾ ਅਤੇ ਵਿਸ਼ਵਾਸ ਪੈਦਾ ਕਰਦਾ ਹੈ, ਜਿਸ ਸਦਕਾ ਉਹ ਕਿਸੇ ਵੀ ਮੰਜ਼ਲ ਦੀ ਪ੍ਰਾਪਤੀ ਕਰ ਸਕਦੀਆਂ ਹਨ। ਜਿਵੇਂ ਉਹ ਲਿਖਦਾ ਹੈ :

'ਅਸੀਂ ਧੀਆਂ ਨੂੰ ਦੁੱਖ-ਦਰਿੰਦਗੀ, ਦਰ ਤੇ ਦੂਰੀ ਦਿੰਦੇ ਹਾਂ। ਧੀਆਂ ਪਰ ਸਾਨੂੰ ਸੰਵੇਦਨਾ, ਸਿਦਕ, ਸਿਆਣਪ, ਸ਼ੋਹਰਤ ਤੇ ਸੁਹਜ ਦਿੰਦੀਆਂ ਹਨ। ਨਾਨਕ ਬਾਬੇ ਨੇ ਤੇਰਾ ਤੇਰਾ ਤੋਲ ਕੇ ਸਾਨੂੰ ਮਾਨਵੀ ਕੀਮਤਾਂ ਨੂੰ ਤੋਲਣ ਤੇ ਮਾਪਣ ਦਾ ਰੱਬੀ ਤੇ ਰਬਾਬੀ ਮਰਤਬਾ ਦਿੱਤਾ, ਪਰ ਅਸੀਂ ਲੈਣ-ਦੇਣ ਅਤੇ ਨਾਪਣ-ਤੋਲਣ ਨੂੰ ਪੈਸਿਆਂ ਦੇ ਗਿਣਾਤਮਕ ਲੇਖਿਆਂ-ਜੋਖਿਆਂ ਵਿੱਚ ਜਕੜ ਦਿੱਤਾ ਹੈ। ਮਾਨਵੀ ਅਹਿਸਾਨ, ਅਦਾਇਗੀਆਂ ਤੇ ਅਨੁਭਵ ਸਾਡੇ ਲਈ ਕੀਮਤੀ ਨਹੀਂ ਰਹੇ। ਧੀਆਂ ਖੁਦ ਵੀ ਖੁਦ ਨੂੰ ਸਿਰਫ ਸਰੀਰ ਵਜੋਂ ਦੇਖਣ-ਪਰਖਣ ਦੀ ਸੋਚ ਬਦਲਣ ਅਤੇ ਅਸੀਂ ਵੀ ਧੀਆਂ ਨੂੰ ਬੇਗਾਨੀਆਂ ਅਮਾਨਤਾਂ ਵਜੋਂ ਦੇਖਣ-ਸਮਝਣ ਵਾਲੀ ਅੱਖ ਬਦਲ ਦੇਈਏ ਤਾਂ ਕਿ ਧੀਆਂ ਸਦਾ-ਸਦਾ ਲਈ ਕਵਿਤਾ ਵਰਗੀਆਂ ਹੀ ਰਹਿਣ।'

ਇੱਥੇ ਲੇਖਕ ਜਿੱਥੇ ਸਮਾਜ ਨੂੰ ਸੁਚੇਤ ਕਰਦਿਆਂ ਧੀਆਂ ਪ੍ਰਤੀ ਹਾਂ-ਵਾਚੀ ਰਵੱਈਆ ਅਪਨਾਉਣ ਦੀ ਤਾਕੀਦ ਕਰਦਾ ਹੈ, ਉੱਥੇ ਧੀਆਂ ਨੂੰ ਵੀ ਆਪਣੇ ਫਰਜ਼ਾਂ ਪ੍ਰਤੀ ਈਮਾਨਦਾਰੀ ਅਤੇ ਸੰਜੀਦਗੀ ਦੀ ਅਪੀਲ ਕਰਦਾ ਹੈ ਤਾਂ ਕਿ ਉਹ ਆਪਣਾ ਪਰਵਾਰਕ ਅਤੇ ਸਮਾਜਿਕ ਰੁਤਬਾ ਪੂਰੀ ਸ਼ਾਨ ਨਾਲ ਕਾਇਮ ਕਰ ਸਕਣ।

ਪ੍ਰੋ. ਔਜਲਾ ਦੀ ਵਾਰਤਕ ਵੀ ਉਸ ਦੀ ਕਵਿਤਾ ਵਾਂਗ ਹੀ ਫਿਕਰਮੰਦੀ ਦੀ ਵਾਰਤਕ ਹੈ, ਇਸੇ ਕਰਕੇ ਹੀ ਉਹ ਆਪਣੇ ਅਤੀਤ ਨਾਲ ਵੀ ਸੰਵਾਦ ਰਚਾਉਂਦਾ ਹੈ। ਉਹ ਉਸ 'ਘਰ' ਨੂੰ ਪੁਨਰ ਸੁਰਜੀਤ ਕਰਨਾ ਚਾਹੁੰਦਾ ਹੈ, ਜੋ ਹੁਣ 'ਹਾਊਸ ਨੰਬਰ' ਬਣ ਚੁੱਕਾ ਹੈ। ਪਦਾਰਥਕ ਉਨਤੀ ਨੇ ਜਿੱਥੇ ਸਾਨੂੰ ਤਕਨਾਲੋਜੀ ਨਾਲ ਜੋੜਿਆ ਹੈ, ਉੱਥੇ ਰੂਹ ਦਾ ਸਕੂਨ ਅਤੇ ਇੱਕ-ਦੂਜੇ ਕੋਲ ਬੈਠਣ ਦੀ ਥਾਂ ਕਾਹਲ ਅਤੇ ਅਚਵੀ ਨੇ ਮਨੁੱਖ ਨੂੰ ਬੇਚੈਨੀ ਭਰੇ ਵਾਤਾਵਰਣ ਦੇ ਸਨਮੁੱਖ ਖੜਾ ਕਰ ਦਿੱਤਾ ਹੈ। ਮਨੁੱਖ ਆਪਣੇ ਘਰ ਵਿੱਚ ਹੀ ਬੇਗਾਨੀ ਭਰਿਆ ਵਰਤਾਰਾ ਸਹਿਣ ਕਰ ਰਿਹਾ ਹੈ, ਉਹ ਏਨਾ ਨਪੀੜਿਆ ਹੋਇਆ ਹੈ ਕਿ 'ਮੀਸ਼ੇ ਦੀ ਕਵਿਤਾ ਵਾਂਗੂੰ ਚੀਕ ਬੁਲਬੁਲੀ' ਵੀ ਨਹੀਂ ਮਾਰ ਸਕਦਾ, ਸਗੋਂ ਸਭ ਕੁਝ ਸਹਿਣ ਕਰ ਰਿਹਾ ਹੈ। ਜੇਕਰ ਅਜਿਹੇ ਵਰਤਾਰੇ ਸਦਕਾ ਜੀਵਨ ਵਿੱਚ ਪੈਦਾ ਹੋ ਰਹੇ ਖਲਾਅ ਨੂੰ ਤੋੜਨਾ ਜਾਂ ਭਰਨਾ ਹੈ ਤਾਂ ਸੁਪਨੇ ਅਤੇ ਆਦਰਸ਼ਾਂ ਲਈ ਜ਼ਮੀਨ ਤਿਆਰ ਕਰਨੀ ਹੋਵੇਗੀ। ਜੇਕਰ ਜੀਵਨ ਵਿੱਚ ਸੁਪਨੇ ਅਤੇ ਆਦਰਸ਼ ਹੋਣਗੇ ਤਾਂ ਮਨੁੱਖੀ ਜ਼ਿੰਦਗੀ ਜਿਊਣ ਜੋਗੀ ਹੋਵੇਗੀ, ਨਹੀਂ ਤਾਂ ਇਸ ਹੋਣੀ ਨੂੰ ਭੋਗ ਤਾਂ ਅਸੀਂ ਸਾਰੇ ਹੀ ਰਹੇ ਹਾਂ। ਬੇਭਰੋਸਗੀ ਦੀ ਥਾਂ ਭਰੋਸਾ, ਬੇਈਮਾਨੀ ਦੀ ਥਾਂ 'ਘਾਲਿ ਖਾਇ ਕਿਛ ਹਥਹੁ ਛੇਇ' ਸਾਡੀ ਸੋਚ ਦਾ ਹਿੱਸਾ ਬਣਨਾ ਚਾਹੀਦਾ ਹੈ, ਜਿਵੇਂ ਉਹ ਸੋਹਣੀ ਜ਼ਿੰਦਗੀ ਦੀ ਤਸਵੀਰ-ਕਸ਼ੀ ਕਰਦਾ ਲਿਖਦਾ ਹੈ :

'ਨਵੀਂ ਸਵੇਰ ਦੇ ਸੁਪਨੇ ਬੀਜਣਾ ਸਾਡੀ ਜੀਵਨ-ਜਾਚ ਦਾ ਧਰਮ ਹੋਣਾ ਚਾਹੀਦਾ ਹੈ। ਸੱਜਰੀ, ਸੂਹੀ ਤੇ ਸੁਪਨਸ਼ੀਲ ਸਵੇਰ। ਨਵੀਂ ਸਵੇਰ ਦੀ ਆਮਦ ਨਾਲ ਆਲੇ-ਦੁਆਲੇ ਦਾ ਮਾਹੌਲ ਸੁਖਾਵਾਂ ਤੇ ਸਿਹਤਮੰਦ ਹੋ ਜਾਂਦਾ ਹੈ। ਸਾਹ ਤੇ ਸਾਹਸ ਊਰਜਿਤ ਹੋ ਜਾਂਦੇ ਹਨ। ਊਰਜਾ ਤੇ ਉਮੀਦ ਦੇ ਅਹਿਸਾਸ ਸ਼ਕਤੀਸ਼ਾਲੀ ਹੋਣ ਨਾਲ ਸਭ ਕੁਝ ਬਦਲਿਆ-ਬਦਲਿਆ ਜਾਪਣ ਲੱਗਦਾ ਹੈ। ਧੁਰ ਅੰਦਰੋਂ ਨਵੀਆਂ-ਨਕੋਰ ਲਿਸ਼ਕੋਰਾਂ ਆਵੇਸ਼ ਹੁੰਦੀਆਂ ਹਨ।'

ਲੇਖਕ ਦੇ ਮੱਤ ਮੁਤਾਬਕ ਜੇਕਰ ਸਮਾਜ ਵਿੱਚ ਅਸਾਵਾਂਪਣ ਪੈਦਾ ਹੋ ਰਿਹਾ ਹੈ ਤਾਂ ਇਹ ਖੁਦੀ ਗੁਮਾਨ ਹੀ ਇਸ ਸਭ ਕੁਝ ਨੂੰ ਸਿਰਜ ਰਿਹਾ ਹੈ। ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਪੈਦਾ ਹੋ ਰਹੀ ਕਸ਼ਮਕਸ਼ ਇਸ ਗੱਲ ਦੀ ਗਵਾਹ ਹੈ ਕਿ ਮਨੁੱਖ ਦੀ ਹੈਂਕੜੀ ਬਿਰਤੀ ਹੀ ਮਨੁੱਖਤਾ ਦਾ ਘਾਣ ਕਰ ਰਹੀ ਹੈ। ਬੇਸ਼ੱਕ ਅੱਜ ਤਰੱਕੀ ਬਹੁਤ ਹੋ ਰਹੀ ਹੈ, ਅਸੀਂ ਹਰੇਕ ਖੇਤਰ ਵਿੱਚ ਨਵੇਂ ਦਿਸਹੱਦੇ ਤਲਾਸ਼ ਰਹੇ ਹਾਂ, ਪਰ ਪਤਾ ਨਹੀਂ ਮਨੁੱਖੀ ਮਾਨਸਿਕਤਾ ਵਿੱਚ ਖੌਫ ਅਤੇ ਅਸਥਿਰਤਾ ਭਰਿਆ ਮਾਹੌਲ ਇੱਕ ਤਰ੍ਹਾਂ ਨਾਲ ਡਰਾਵਣੇ ਅਹਿਸਾਸ ਸਿਰਜ ਰਿਹਾ ਹੈ, ਕਿਉਂਕਿ ਮਨੁੱਖ-ਮਨੁੱਖ ਕੋਲੋਂ ਹੀ ਡਰ ਰਿਹਾ ਹੈ, ਜਦ ਕਿ ਗੁਰੂਆਂ, ਪੀਰਾਂ ਦਾ ਸੰਦੇਸ਼ ਹੰਕਾਰ ਨੂੰ ਛੱਡ ਕੇ ਪ੍ਰੇਮ ਦੇ ਮਾਰਗ ਦਾ ਪਾਂਧੀ ਬਣਨ ਦਾ ਸੀ, ਪਰ ਆਪਣੇ ਮਾਣ ਅਤੇ ਰੁਤਬੇ ਨੂੰ ਵਧਾਉਣ ਲਈ ਦੂਜਿਆਂ ਪ੍ਰਤੀ ਸਾੜਾ ਅਤੇ ਨਫਰਤ ਅਜੋਕੇ ਮਨੁੱਖ ਦੀ ਮਾਨਸਿਕਤਾ ਵਿੱਚ ਅਵਾਜ਼ਾਰੀ ਦਾ ਸਬੱਬ ਬਣ ਚੁੱਕਾ ਹੈ, ਜਿਵੇਂ ਅਜੋਕੇ ਸੱਤਾ ਬਾਜ਼ਾਰ ਵਿੱਚ ਤਾਨਾਸ਼ਾਹੀ ਪੂਰੇ ਜੋਬਨ 'ਤੇ ਜ਼ੋਰੇ ਨਾਲ ਪੈਰ ਪਾਸਾਰ ਰਹੀ ਹੈ। ਰੋਹ-ਵਿਦਰੋਹ ਦੀਆਂ ਧੁਨੀਆਂ ਲਿੱਸੀਆਂ ਹੋ ਗਈਆਂ ਹਨ। ਅਗਾਂਹਵਧੂ ਹਕੂਮਤਾਂ ਵੀ ਕੇਂਦਰੀਕਰਨ ਦਾ ਸ਼ਿਕਾਰ ਹੋ ਗਈਆਂ ਹਨ। ਹਰ ਇਨਸਾਨ ਸੱਤਾਧਾਰੀ ਹੋਣ ਦੇ ਸੁਪਨੇ ਲੈਂਦਾ ਹੈ।

ਆਪਣੀ ਸੱਤਾ ਨੂੰ ਪਰਵਾਰ ਤੋਂ ਲੈ ਕੇ ਅੰਤਰ-ਰਾਸ਼ਟਰੀ ਪੱਧਰ 'ਤੇ ਮਨੁੱਖੀ ਮਾਨਸਿਕਤਾ ਕਿਵੇਂ ਕਾਇਮ ਕਰ ਰਹੀ ਹੈ, ਇਸ ਦੇ ਕਾਰਨਾਂ ਦੀ ਤਲਾਸ਼ ਲੇਖਕ ਦੁਆਰਾ ਇਸ ਪੁਸਤਕ ਦੇ ਬਹੁਤ ਸਾਰੇ ਪਾਠਾਂ ਵਿੱਚ ਕੀਤੀ ਗਈ ਹੈ। ਉਹ ਚਾਹੁੰਦਾ ਹੈ ਕਿ ਅਜਿਹੇ ਕਾਰਨਾਂ ਦੀ ਸ਼ਨਾਖਤ ਕੀਤੀ ਜਾਵੇ ਜੋ ਮਨੁੱਖਤਾ ਲਈ ਘਾਤਕ ਸਿੱਧ ਹੋ ਰਹੇ ਹਨ ਅਤੇ ਵਾਰਤਕ ਦੀ ਇਸ ਪੁਸਤਕ ਵਿੱਚ ਉਹ ਖੁਦ ਵੀ ਇਹਨਾਂ ਕਾਰਨਾਂ ਨੂੰ ਕਾਟੇ ਹੇਠ ਲਿਆਉਣ ਦਾ ਯਤਨ ਕਰਦਾ ਹੈ।

ਲੇਖਕ ਇਸ ਪੱਖੋਂ ਵੀ ਅਵੇਸਲਾ ਨਹੀਂ ਕਿ ਜੇਕਰ ਅੱਜ ਦੇ ਯੁੱਗ ਹਨੇਰਗਰਦੀ, ਜੁਗਗਰਦੀ ਅਤੇ ਨਾਂਹਵਾਦੀ ਤਾਕਤਾਂ ਦਾ ਰਾਜ ਹੈ ਤਾਂ ਇਸ ਲਈ ਅਸੀਂ ਜ਼ਿੰਮੇਵਾਰ ਹਾਂ, ਵਿਸ਼ੇਸ਼ ਕਰਕੇ ਬੁੱਧੀਜੀਵੀ ਅਤੇ ਕਲਾਕਾਰ ਬਹੁਤੀ ਵਾਰੀ ਸੱਤਾ ਦੇ ਅਨੁਸਾਰੀ ਹੋ ਕੇ ਵਿਚਰਦੇ ਹਨ ਜਾਂ ਫਿਰ ਆਪਣੀ ਹਉਮੈ ਸਦਕਾ ਵਿਹਾਰਕਤਾ ਤੋਂ ਦੂਰ ਹੋ ਰਹੇ ਹਨ, ਪਰ ਨਾਲ ਹੀ ਉਹ ਉਹਨਾ ਬੁੱਧੀਜੀਵੀਆਂ ਅਤੇ ਕਲਾਕਾਰਾਂ ਨੂੰ ਸਲਾਮ ਵੀ ਕਰਦਾ ਹੈ, ਜੋ ਸੱਚ-ਝੂਠ ਦਾ ਨਿਤਾਰਾ ਕਰਨ ਦੇ ਆਹਰ ਵਿੱਚ ਆਪਣੀ ਕਲਮ ਚਲਾਉਂਦੇ ਹਨ, ਜਿਵੇਂ :

ਬੁਰੀ ਤਰ੍ਹਾਂ ਇਸਤੇਮਾਲ ਹੋ ਰਹੇ ਝੂਠ, ਫਰੇਬ, ਬੇਈਮਾਨੀ, ਬੇਇਤਬਾਰੀ ਤੇ ਬਦਦਿਆਨਤਦਾਰੀ ਦੇ ਦੌਰ ਵਿੱਚ ਪਤਾ ਨਹੀਂ ਲੱਗਦਾ ਕਿ ਕੌਣ ਸੱਚਾ ਹੈ ਤੇ ਕੌਣ ਸੁਹਿਰਦ। ਬਹੁਤ ਸਾਰੀਆਂ ਕਲਮਾਂ ਅਜੇ ਵੀ ਪੂਰੀ ਤਰ੍ਹਾਂ ਚੇਤੰਨ ਅਤੇ ਚੌਕਸ ਹਨ। ਦਿਲੋਂ ਬੋਲ ਰਹੇ ਹਨ ਕੁਝ ਲੋਕ।

ਲੇਖਕ ਨੂੰ ਇਸ ਗੱਲ ਦਾ ਵੀ ਗਿਲਾ ਹੈ ਕਿ ਜਿੱਥੇ ਅਜੋਕੇ ਯੁੱਗ ਵਿੱਚ ਬਹੁਪੱਖੀ ਪ੍ਰਦੂਸ਼ਣ ਫੈਲ ਰਿਹਾ ਹੈ। ਉਸ ਲਈ ਜ਼ਿੰਮੇਵਾਰ ਸਾਡੀ ਅਡੰਬਰੀ ਅਤੇ ਦਿਖਾਵੇ ਭਰੀ ਜ਼ਿੰਦਗੀ ਵੱਧ ਜ਼ਿੰਮੇਵਾਰ ਹੈ। ਸਾਡੀਆਂ ਰਸਮਾਂ, ਰੀਤਾਂ ਵੀ ਇਸ ਦੀ ਭੇਟ ਚੜ੍ਹ ਰਹੀਆਂ ਹਨ। ਲੇਖਕ ਮੁਤਾਬਕ ਸਾਡੀਆਂ ਵਿਆਹ-ਸ਼ਾਦੀਆਂ ਅਤੇ ਮਰਨੇ-ਪਰਨੇ ਵੀ ਦਿਲੀ ਖੁਸ਼ੀ, ਗਮੀ ਦੀ ਥਾਂ 'ਸ਼ੋ ਮੈਚਾਂ' ਵਿੱਚ ਤਬਦੀਲ ਹੋ ਰਹੇ ਹਨ। ਇਸ ਕਰਕੇ ਹੀ ਅਸੀਂ ਵਿਵੇਕ ਬੁੱਧ ਦੀ ਥਾਂ 'ਚੰਚਲ ਬੁੱਧ' ਦੇ ਧਾਰਨੀ ਹੋ ਕੇ ਕੰਮ ਚਲਾਊ ਜ਼ਿੰਦਗੀ ਜੀਅ ਰਹੇ ਹਾਂ, ਪਰ ਇਹ ਵਰਤਾਰਾ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਦੁਖਦਾਈ ਹੋ ਨਿਬੜੇਗਾ। ਪੈਸਾਵਾਦੀ ਕਦਰਾਂ-ਕੀਮਤਾਂ ਬਹੁਲਤਾ ਅਤੇ ਨੈਤਿਕ ਕਦਰਾਂ-ਕੀਮਤਾਂ ਤੋਂ ਕਿਨਾਰਾ ਵੀ ਅਜੋਕੇ ਯੁੱਗ ਦੀ ਵੱਡੀ ਫਿਕਰਮੰਦੀ ਹੈ, ਜਿਸ ਦਾ ਸਰਬਪੱਖੀ ਨਿਘਾਰ ਪੈਦਾ ਹੋ ਰਿਹਾ ਹੈ। ਲੇਖਕ ਇੱਕ ਸੁਚੱਜੇ ਮਾਹੌਲ ਨੂੰ ਸਿਰਜਣ ਲਈ ਆਪਣੇ ਇਤਿਹਾਸ ਅਤੇ ਵਿਰਸੇ ਦੇ ਨਾਇਕਾਂ ਦੀਆਂ ਉਦਾਹਰਣਾਂ ਵੀ ਪੇਸ਼ ਕਰਦਾ ਹੈ ਤਾਂ ਕਿਤੇ ਨਾ ਕਿਤੇ ਜਾਗ੍ਰਿਤੀ ਅਤੇ ਲੋਅ ਪੈਦਾ ਹੋ ਸਕੇ।

ਬੇਸ਼ੱਕ ਪੜ੍ਹਾਈ-ਲਿਖਾਈ ਮਨੁੱਖ ਨੂੰ ਅਗਿਆਨ ਤੋਂ ਗਿਆਨ ਅਤੇ ਹਨੇਰੇ ਤੋਂ ਚਾਨਣ ਦਾ ਰਾਹ ਦਿਖਾਉਂਦੀ ਹੈ, ਪਰ ਕਾਰਪੋਰੇਟ ਜਗਤ ਵਿੱਚ ਪਦਾਰਥਾਂ ਦੀ ਪ੍ਰਧਾਨਤਾ ਹੋਣ ਕਰਕੇ ਅੱਖਰਾਂ ਦੀ ਪੂੰਜੀ ਵੀ ਖੁਰਨ-ਭੁਰਨ ਦੀ ਸਥਿਤੀ ਭੋਗ ਰਹੀ ਹੈ। ਅੱਖਰ ਜਿਨ੍ਹਾਂ ਨੇ ਨਾੜਾਂ ਵਿੱਚ ਲਹੂ ਨੂੰ ਪੰਘਰਾਉਣਾ ਹੁੰਦਾ ਹੈ, ਪੁਸਤਕਾਂ ਜਿਨ੍ਹਾਂ ਨੇ ਗਿਆਨਮਈ ਪੈਂਡਿਆਂ ਦੀ ਤਲਾਸ਼ ਦਰਸਾਉਣਾ ਹੈ। ਉਹਨਾ ਦਾ ਜ਼ਿੰਦਗੀ ਵਿੱਚੋਂ ਮਨਫੀ ਹੋ ਜਾਣਾ ਸਾਡੀ ਜ਼ਿੰਦਗੀ ਦੇ ਖਾਤਮੇ ਦਾ ਸੂਚਕ ਬਣਦਾ ਜਾ ਰਿਹਾ ਹੈ। ਅੱਖਰ ਗਿਆਨ ਤੋਂ ਕੋਰਾ ਮਨੁੱਖ ਕਦੇ ਵੀ ਭਲਾਈ ਦੇ ਕਾਰਜ ਨਹੀਂ ਕਰ ਸਕਦਾ। ਉਹ ਕਿਸੇ ਵੀ ਬਦਲਾਅ ਲਈ ਅਗਰਸਰ ਨਹੀਂ ਹੋ ਸਕਦਾ। ਅੱਖਰਾਂ ਦੀ ਖੇਤੀ ਨਾਲ ਹੀ ਅਸੀਂ ਜ਼ਿੰਦਗੀ ਦੀ ਸੂਹੀ ਸਵੇਰ ਦਾ ਸੁਪਨਾ ਲੈ ਸਕਦੇ ਹਾਂ, ਇਹੀ ਲੇਖਕ ਦੀ ਸ਼ੁੱਭ-ਇੱਛਾ ਹੈ :

ਸੁੰਦਰ ਤੇ ਸੋਹਣੇ ਅੱਖਰ ਲਿਖਣ ਵਾਲਾ ਇਨਸਾਨ ਅੰਦਰੂਨੀ ਹੁਸਨ ਅਤੇ ਹੈਰਾਨਗੀ ਦਾ ਮਾਲਕ ਹੁੰਦਾ ਹੈ। ਜਿਹੜੇ ਲੋਕ ਅੱਖਰਾਂ ਦੀ ਜੜ੍ਹਤ ਤੇ ਫਬਤ ਵਿੱਚ ਪਰਬੀਨ ਹੁੰਦੇ ਹਨ, ਉਹਨਾ ਦੇ ਪੋਟਿਆਂ ਵਿੱਚ ਕਲਾਤਮਿਕ ਪੈਗੰਬਰੀ ਹੁੰਦੀ ਹੈ। ਕੰਧਾਂ ਉੱਤੇ ਲਿਖੇ ਭਾਵਪੂਰਤ ਮਾਟੋ ਪੜ੍ਹ ਕੇ ਮਾਸੂਮ ਬੱਚੇ ਅੱਖਰਾਂ ਦੇ ਸੱਚੇ ਸੌਦੇ ਦੇ ਅੰਦਰੂਨੀ ਆਦਰਸ਼ ਸਿੱਖਦੇ ਹਨ।

ਇੱਥੇ ਲੇਖਕ ਸੰਵਾਦ ਭਾਵੇਂ ਵਰਤਮਾਨ ਪੀੜ੍ਹੀ ਨਾਲ ਰਚਾ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# .ਗਦਰੀ ਵੀਰਾਂਗਣਾ ਬੀਬੀ ਗੁਲਾਬ ਕੌਰ

## .ਗਦਰੀ ਵੀਰਾਂਗਣਾ ਬੀਬੀ ਗੁਲਾਬ ਕੌਰ

**ਚਰੰਜੀ ਲਾਲ ਕੰਗਣੀਵਾਲ**
**ਸਫੇ : 96, ਮੁੱਲ : 200**
**ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ**

**ਡਾ. ਜੋਗਿੰਦਰ ਸਿੰਘ**



ਇਹ ਪੁਸਤਕ ਗ਼ਦਰ ਲਹਿਰ ਦੇ ਇਤਿਹਾਸ ਵਿਚ ਨਵੀਂ ਪੈੜ ਹੈ। ਹੁਣ ਤੱਕ ਇਸ ਲਹਿਰ ਉੱਤੇ ਬੇਸ਼ੁਮਾਰ ਖੋਜ ਪੱਤਰ, ਲੇਖ ਅਤੇ ਪੁਸਤਕਾਂ ਛਪ ਚੁੱਕੀਆਂ ਹਨ। ਇਨ੍ਹਾਂ ਪੁਸਤਕਾਂ ਵਿਚ ਗ਼ਦਰੀ ਬਾਬਿਆਂ ਦੇ ਸਮਾਜਕ ਪਿਛੋਕੜ ਅਤੇ ਰਾਜਨੀਤਕ ਯੋਗਦਾਨ ਦੀ ਚਰਚਾ ਕੀਤੀ ਗਈ ਹੈ, ਪਰ ਗ਼ਦਰ ਲਹਿਰ ਦੇ ਵਿਚ ਬੀਬੀਆਂ ਦੇ ਯੋਗਦਾਨ ਦੀ ਚਰਚਾ ਕੇਵਲ ਨਾਮਾਤਰ ਹੀ ਹੈ। ਇਹ ਪੁਸਤਕ ਉਸ ਗੈਪ ਨੂੰ ਪੂਰਾ ਕਰਨ ਦਾ ਪਲੇਠਾ ਜਤਨ ਹੈ। ਹੁਣ ਤੱਕ ਬਰਤਾਨਵੀ ਸਾਮਰਾਜ ਦੇ ਵਿਰੁੱਧ ਭਾਰਤੀਆਂ ਦੇ ਸੰਘਰਸ਼ ਨੂੰ ਦੋ ਸੰਕਲਪਾਂ ਰਾਹੀਂ ਬਿਆਨ ਕੀਤਾ ਗਿਆ ਹੈ। ਪਹਿਲਾ ਸੰਕਲਪ ਰਾਸ਼ਟਰੀ ਲਹਿਰ ਅਤੇ ਦੂਸਰਾ ਸੁਤੰਤਰਤਾ ਸੰਗਰਾਮ। ਪਹਿਲੇ ਸੰਕਲਪ ਅਨੁਸਾਰ ਬਰਤਾਨਵੀ ਸਾਮਰਾਜ ਦੇ ਵਿਰੁੱਧ ਜਿਨ੍ਹਾਂ ਵੀ ਸੰਘਰਸ਼ ਕੀਤਾ, ਉਨ੍ਹਾਂ ਨੂੰ ਰਾਸ਼ਟਰਵਾਦੀ ਆਖਿਆ ਗਿਆ ਹੈ। ਇਸ ਸੰਘਰਸ਼ ਵਿਚ ਰਾਜੇ-ਮਹਾਰਾਜੇ, ਜ਼ਿਮੀਂਦਾਰ, ਕਿਸਾਨ ਅਤੇ ਦਸਤਕਾਰ ਆਦਿ ਸ਼ਾਮਲ ਕੀਤੇ ਜਾਂਦੇ ਹਨ। ਇਸ ਸੰਘਰਸ਼ ਦਾ ਆਰੰਭ 1857 ਦੇ ਗ਼ਦਰ ਨੂੰ ਮੰਨਿਆ ਗਿਆ ਹੈ, ਜਿਸ ਵਿਚ ਉਹ ਰਿਆਸਤੀ ਰਾਜੇ-ਮਹਾਰਾਜੇ ਸ਼ਾਮਲ ਸਨ, ਜਿਨ੍ਹਾਂ ਦੀ ਰਾਜਸੱਤਾ ਅੰਗਰੇਜ਼ ਹਕੂਮਤ ਨੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਹਥਿਆ ਲਈ ਸੀ। ਪੰਜਾਬ ਵਿਚ ਇਸ ਸੰਘਰਸ਼ ਨੂੰ ਕੂਕਾ ਲਹਿਰ ਨੇ ਉਜਾਗਰ ਕੀਤਾ। ਪੰਜਾਬ ਦੇ 1907 ਈਸਵੀ ਦੇ ਅਗਰੇਰੀਅਨ ਐਜੀਟੇਸ਼ਨ ਨੇ ਇਸ ਸੰਘਰਸ਼ ਨੂੰ ਅੱਗੇ ਤੋਰਿਆ। ਇਸ ਉਪਰੰਤ ਪੰਜਾਬ ਵਿਚ ਮਹਾਤਮਾ ਗਾਂਧੀ ਦੀ ਅਗਵਾਈ ਅਧੀਨ ਨਾਮਿਲਵਰਤਣ ਲਹਿਰ, ਅਕਾਲੀ ਅਤੇ ਬੱਬਰ ਅਕਾਲੀ ਲਹਿਰਾਂ, ਸਤਿਆਗ੍ਰਹਿ ਅਤੇ ਭਾਰਤੀ ਛੱਡੋ ਅੰਦੋਲਨ ਆਮ ਕਰਕੇ ਸ਼ਾਮਲ ਕੀਤੇ ਜਾਂਦੇ ਹਨ। ਰਾਸ਼ਟਰੀ ਇਤਿਹਾਸਕਾਰਾਂ ਨੇ ਉਪਰੋਕਤ ਲਹਿਰਾਂ ਅਤੇ ਅੰਦੋਲਨਾਂ ਦੇ ਵਿਚ ਹਿੱਸਾ ਲੈਣ ਵਾਲਿਆਂ ਦੇ ਸਮਾਜਕ ਪਿਛੋਕੜ ਦਾ ਅਧਿਐਨ ਵੀ ਕੀਤਾ ਹੈ।

ਗ਼ਦਰ ਲਹਿਰ ਦੀ ਚਰਚਾ ਤਿੰਨ ਪ੍ਰਸੰਗਾਂ ਵਿਚ ਕੀਤੀ ਗਈ ਹੈ। ਪਹਿਲਾ; ਸਿੱਖ ਵਿਦਵਾਨਾਂ ਨੇ ਇਸ ਲਹਿਰ ਦੀ ਵਿਚਾਰਧਾਰਾ ਨੂੰ ਸਿੱਖ ਧਰਮ ਅਤੇ ਇਸ ਦੀਆਂ ਰਵਾਇਤਾਂ ਤੱਕ ਸੀਮਤ ਕੀਤਾ ਹੈ ਅਤੇ ਬਰਤਾਨਵੀ ਸਰਕਾਰ ਵਿਰੋਧੀ ਗਰਦਾਨਦੇ ਹਨ। ਅਸਲ ਵਿਚ ਇਹ ਲਹਿਰ ਮਨੁੱਖ ਦੀ ਰਾਜਨੀਤਕ, ਆਰਥਕ ਅਤੇ ਸੱਭਿਆਚਾਰਕ ਸੰਘਰਸ਼ ਦੀ ਆਜ਼ਾਦੀ ਦੀ ਲਖਾਇਕ ਸੀ। ਗ਼ਦਰ ਲਹਿਰ ਦੀ ਵਿਚਾਰਧਾਰਾ ਨੇ ਇਸਤਰੀ-ਮਰਦ ਦੀ ਬਰਾਬਰਤਾ ਦਾ ਪ੍ਰਚਾਰ ਕੀਤਾ। ਬੀਬੀ ਗੁਲਾਬ ਕੌਰ ਨੇ ਉਹਨਾਂ ਕਵਿਤਾਵਾਂ ਨੂੰ ਗਾਇਆ, ਜਿਸ ਵਿਚ ਆਸ ਕੀਤੀ ਗਈ ਕਿ ਔਰਤ ਮਰਦ ਦੇ ਬਰਾਬਰ ਦਾ ਯੋਗਦਾਨ ਪਾਵੇ, ਪਰ ਉਹ ਗ਼ਦਰ ਪਾਰਟੀ ਦੀ ਸਮੁੱਚੀ ਵਿਚਾਰਧਾਰਾ ਵਿਚ ਪਰਪੱਕ ਨਹੀਂ ਹੋ ਸਕੀ।

ਬੀਬੀ ਗੁਲਾਬ ਕੌਰ ਦੇ ਸੰਘਰਸ਼ ਦਾ ਪਹਿਲਾ ਪੜਾਅ ਪਤੀਵਰਤ ਧਰਮ ਦੇ ਬੰਧਨ ਤੋਂ ਮੁਕਤ ਹੋਣਾ ਸੀ। ਉਸ ਸਮੇਂ ਦੀ ਰਵਾਇਤ ਅਨੁਸਾਰ ਬੀਬੀਆਂ ਨੂੰ ਘਰ ਦੀ ਚਾਰਦੀਵਾਰੀ ਤੋਂ ਬਾਹਰਲੇ ਕਾਰ-ਵਿਹਾਰਾਂ ਵਿਚ ਖ਼ਾਸ ਕਰਕੇ ਰਾਜਨੀਤਕ ਗਤੀਵਿਧੀਆਂ ਵਿਚ ਹਿੱਸਾ ਲੈਣਾ ਦੀ ਆਮ ਖੁੱਲ੍ਹ ਨਹੀਂ ਸੀ। ਬੀਬੀ ਗੁਲਾਬ ਕੌਰ ਨੇ ਆਪਣੇ ਆਤਮਕ ਅਤੇ ਪ੍ਰਤੀਬੱਧਤਾ ਬਲ ਨਾਲ ਇਹ ਪੜਾਅ ਸਫਲਤਾਪੂਰਵਕ ਪਾਰ ਕੀਤਾ। ਦੂਸਰਾ ਪੜਾਅ ਗ਼ਦਰ ਪਾਰਟੀ ਦੀਆਂ ਮਨੀਲਾ ਵਿਖੇ ਮੀਟਿੰਗਾਂ ਵਿਚ ਹਿੱਸਾ ਲੈਣ ਲਈ ਆਪਣੇ ਆਪ ਨੂੰ ਮਾਨਸਕ ਤੌਰ 'ਤੇ ਤਿਆਰ ਕਰਨਾ ਸੀ। ਇਹ ਪੜਾਅ ਉਸ ਨੇ ਇਨਕਲਾਬੀਆਂ ਦੀ ਸੰਗਤ ਨਾਲ ਪਾਰ ਕੀਤਾ। ਬੀਬੀ ਦੀ ਮੁਲਾਕਾਤ ਨਾਮਵਰ ਗ਼ਦਰੀ ਬਾਬਿਆਂ ਨਾਲ ਕੋਰੀਆ ਜਹਾਜ਼ ਵਿਚ ਹੋਈ। ਇਸ ਜਹਾਜ਼ ਵਿਚ ਇਨਕਲਾਬੀ ਲੈਕਚਰ ਅਤੇ 'ਗ਼ਦਰ ਗੂੰਜਾਂ' ਕਵਿਤਾਵਾਂ ਆਦਿ ਪੜ੍ਹੀਆਂ ਅਤੇ ਸੁਣੀਆਂ ਜਾਂਦੀਆਂ ਸਨ। ਬੀਬੀ ਨੇ ਕੁਝ ਕਵਿਤਾਵਾਂ ਨੂੰ ਤਰੰਨੁਮ ਵਿਚ ਗਾਇਆ। ਫਲਸਰੂਪ ਬੀਬੀ ਗੁਲਾਬ ਕੌਰ ਗ਼ਦਰੀ ਬਾਬਿਆਂ ਦੇ ਧਿਆਨ 'ਚ ਆ ਗਈ।

ਦਿਲਚਸਪ ਤੱਥ ਇਹ ਸੀ ਕਿ ਬੀਬੀ ਨੇ ਭਾਈ ਪਰਮਾਨੰਦ ਵਰਗੇ ਇਨਕਲਾਬੀਆਂ ਦੇ ਜੀਵਨ ਉੱਤੇ ਲੈਕਚਰ ਦਿੱਤੇ। ਲੇਖਕ ਨੇ ਬੀਬੀ ਬਾਰੇ ਗ਼ਦਰੀ ਬਾਬਿਆਂ ਦੇ ਉਹਨਾਂ ਬਿਆਨਾਂ ਦਾ ਹਵਾਲਾ ਦਿੱਤਾ ਹੈ, ਜਿਸ ਵਿਚ ਉਸ ਦੀ ਭਾਰਤ ਦੀ ਆਜ਼ਾਦੀ ਦੇ ਸੰਗਰਾਮ ਲਈ ਤਾਂਘ ਅਤੇ ਜੋਸ਼ ਸੀ। ਲੇਖਕ ਅਨੁਸਾਰ ਬੀਬੀ ਗੁਲਾਬ ਕੌਰ ਹਮਸਫ਼ਰ ਯਾਤਰੀਆਂ ਲਈ ਪ੍ਰੇਰਨਾਸਰੋਤ ਬਣੀ ਸੀ, ਕਿਉਂਕਿ ਉਸ ਨੇ ਆਪਣੇ ਲੈਕਚਰਾਂ ਵਿਚ ਦੇਸ਼ ਵਾਸੀਆਂ ਨੂੰ ਆਜ਼ਾਦੀ ਦੇ ਸੰਗਰਾਮ ਵਿਚ ਹਿੱਸਾ ਲੈਣ ਲਈ ਇਨ੍ਹਾਂ ਸ਼ਬਦਾਂ ਨਾਲ ਵੰਗਾਰਿਆ:

'ਆਪਣੇ ਦੇਸ਼ ਦੀ ਆਜ਼ਾਦੀ ਲਈ ਲੜੋ ਅਤੇ ਕੁਰਬਾਨੀਆਂ ਕਰੋ। ਜੇ ਤੁਸੀਂ ਇਸ ਉਦੇਸ਼ ਨਾਲ ਸਹਿਮਤ ਹੋ, ਨਹੀਂ ਤਾਂ ਸਾਡੇ ਜ਼ਨਾਨੀਆਂ ਵਾਲੇ ਕੱਪੜੇ ਪਾ ਕੇ ਚੁੱਲ੍ਹਾ-ਚੌਂਕਾ ਸੰਭਾਲ ਲਓ।'

ਬੀਬੀ ਦੇ ਹੌਂਸਲੇ ਅਤੇ ਜੋਸ਼ ਦੀ ਤਾਰੀਫ਼ ਵਾਅਦਾ-ਮੁਆਫ਼ ਜਵਾਲਾ ਸਿੰਘ ਦੇ ਅਦਾਲਤੀ ਵਿਚ ਦਿੱਤੇ ਗਏ ਬਿਆਨ ਤੋਂ ਵੀ ਪਤਾ ਲੱਗਦਾ ਹੈ। ਜਦੋਂ ਗ਼ਦਰੀ ਬਾਬੇ ਪੰਜਾਬ ਵਿਚ ਪਹੁੰਚੇ ਤਾਂ ਬੀਬੀ ਗੁਲਾਬ ਕੌਰ ਨੇ 'ਆਪਣੇ ਘਰ ਦੇ ਜੀਆਂ ਨੂੰ ਪੁਲਸ ਦੀ ਮਾਰਕੁੱਟ, ਖਿੱਚ-ਧੂਹ ਤੋਂ ਬਚਾਉਣ ਅਤੇ ਹੋਰ ਮੁਸ਼ਕਲਾਂ ਤੋਂ ਬਚਣ ਲਈ ਸੋਚ-ਸਮਝ ਕੇ ਪੁਲਸ ਦੇ ਕਾਗ਼ਜ਼ਾਂ ਵਿਚ ਆਪਣੇ ਆਪ ਨੂੰ ਜੀਵਨ ਸਿੰਘ ਦੀ ਵਹੁਟੀ ਲਿਖਵਾਇਆ।' ਗ਼ੈਰ-ਮਰਦ ਨੂੰ ਪਤੀ ਐਲਾਨ ਕਰਨਾ ਅਸਧਾਰਨ ਸੋਚ ਸੀ। ਬੀਬੀ ਦੇ ਇਸ ਸਟੈਂਡ ਨੇ ਆਪਣੇ ਰਿਸ਼ਤੇਦਾਰਾਂ ਅਤੇ ਲੋਕਾਂ ਵਿਚ ਹਲਚਲ ਪੈਦਾ ਕਰ ਦਿੱਤੀ। ਸਰਕਾਰੀ ਤੰਤਰ ਨੇ ਉਸ ਬਾਰੇ ਭੰਡੀ ਪ੍ਰਚਾਰ ਕੀਤਾ।

ਬੀਬੀ ਗੁਲਾਬ ਕੌਰ ਨੇ ਗ਼ਦਰੀ ਇਨਕਲਾਬੀਆਂ ਨਾਲ ਰਹਿ ਕੇ ਪਿੰਡਾਂ ਅਤੇ ਨਗਰਾਂ ਵਿਚ ਗ਼ਦਰ ਦਾ ਪ੍ਰਚਾਰ ਕੀਤਾ। ਇਸ ਪ੍ਰਸੰਗ ਵਿਚ ਲੇਖਕ ਉਸ ਦੀਆਂ ਸੰਘਵਾਲ ਕੇਂਦਰ ਦੀਆਂ ਗਤੀਵਿਧੀਆਂ ਦਾ ਵਿਸ਼ੇਸ਼ ਹਵਾਲਾ ਦੇਂਦਾ ਹੈ। ਨਾਲ ਦੀ ਨਾਲ ਲੇਖਕ ਨੇ ਬੀਬੀ ਨੇ ਜੋ ਗ਼ਦਰ ਸਾਹਿਤ ਅਤੇ ਲੋੜੀਂਦੇ ਹਥਿਆਰਾਂ ਨੂੰ ਗ਼ਦਰੀ ਬਾਬਿਆਂ ਦੇ ਟਿਕਾਣਿਆਂ ਵਿਚ ਪੁਚਾਣ ਦੇ ਸਫਲ ਯਤਨਾਂ ਦੀ ਵੀ ਪ੍ਰਸੰਸਾ ਕੀਤੀ ਹੈ। ਇਸ ਕਾਰਜ ਲਈ ਬੀਬੀ ਗੁਲਾਬ ਕੌਰ ਨੇ ਪੁਲਸ ਦੀਆਂ ਨਜ਼ਰਾਂ ਤੋਂ ਬਚਣ ਲਈ ਨਾ ਕੇਵਲ ਆਪਣਾ ਨਾਂਅ ਹੀ ਬਦਲਿਆ, ਸਗੋਂ ਭਾਈ ਅਮਰ ਸਿੰਘ ਦੀ ਪਤਨੀ ਕਹਿਲਾਉਣ ਦੀ ਹਿੰਮਤ ਦਿਖਾਈ।

ਲੇਖਕ ਨੇ ਬੀਬੀ ਗੁਲਾਬ ਦੀਆਂ ਅੰਮ੍ਰਿਤਸਰ ਅਤੇ ਲਾਹੌਰ ਹੈੱਡਕੁਆਰਟਰ ਵਿਖੇ ਗਤੀਵਿਧੀਆਂ ਦਾ ਵੀ ਹਵਾਲਾ ਦਿੱਤਾ ਹੈ। ਲਾਹੌਰ ਵਿਖੇ ਤਾਂ ਬੀਬੀ ਨੇ ਗ਼ਦਰੀ ਬਾਬਿਆਂ ਦੇ ਟਿਕਾਣਿਆਂ ਲਈ ਇੰਦਰ ਸਿੰਘ ਭਸੀਨ ਗ਼ਦਰੀ ਨੂੰ ਫ਼ਰਜ਼ੀ ਪਤੀ ਬਣਾਇਆ। ਜਦੋਂ ਗ਼ਦਰੀ ਇਨਕਲਾਬੀਆਂ ਨੇ ਪੰਜਾਬ ਵਿਚ ਗ਼ਦਰ ਕਰਨ ਦਾ ਐਲਾਨ ਕੀਤਾ ਤਾਂ ਰਾਸ ਬਿਹਾਰੀ ਬੋਸ ਦੀ ਹਦਾਇਤ 'ਤੇ ਬੀਬੀ ਗੁਲਾਬ ਕੌਰ ਲਾਹੌਰ ਤੋਂ ਜਲੰਧਰ ਅਤੇ ਫਿਰ ਹੁਸ਼ਿਆਰਪੁਰ ਦੇ ਪਿੰਡ ਕੋਟਲਾ ਨੌਧ ਸਿੰਘ ਆ ਕੇ ਰਹੀ। ਏਸੇ ਪਿੰਡ ਵਿਚ ਹੀ ਬੀਬੀ ਗੁਲਾਬ ਕੌਰ ਦੀ ਗ੍ਰਿਫ਼ਤਾਰੀ ਮਾਰਚ 1915 ਨੂੰ ਹੋਈ ਸੀ। ਕਿਹਾ ਜਾਂਦਾ ਹੈ ਕਿ ਬੀਬੀ ਨੇ ਦੋ ਸਾਲ ਕੈਦ ਕੱਟੀ। ਉਪਰੰਤ ਬੀਬੀ ਗੁਲਾਬ ਕੌਰ ਨੇ ਪਿੰਡ ਕੋਟਲਾ ਨੌਧ ਸਿੰਘ ਦੇ ਭਾਈ ਅਮਰ ਸਿੰਘ ਦੇ ਪਰਵਾਰ ਨਾਲ ਆਪਣਾ ਆਖ਼ਰੀ ਸਮਾਂ ਬਿਤਾਇਆ। ਬੀਬੀ ਨੇ ਸੰਘਰਸ਼ ਦੀ ਖ਼ਾਤਰ ਆਪਣੇ ਪੇਕਿਆਂ ਅਤੇ ਸਹੁਰਿਆਂ ਦੇ ਪਿੰਡਾਂ ਨੂੰ ਅਲਵਿਦਾ ਕਹੀ। ਬੀਬੀ ਦੀ ਇਹ ਸੋਚ ਨਿਵੇਕਲੀ ਸੀ। 28 ਜੁਲਾਈ 1925 ਨੂੰ ਬੀਬੀ ਗੁਲਾਬ ਕੌਰ ਨੇ ਆਪਣੇ ਸੰਘਰਸ਼ੀ ਜੀਵਨ ਦਾ ਆਖ਼ਰੀ ਸਾਹ ਲਿਆ।

ਲੇਖਕ ਬੀਬੀ ਗੁਲਾਬ ਕੌਰ ਦੇ ਸੰਘਰਸ਼ ਨੂੰ ਮਾਈ ਭਾਗੋ ਦੀ ਪਰੰਪਰਾ ਦੇ ਪ੍ਰਸੰਗ ਵਿਚ ਪ੍ਰਸੰਸਾ ਕਰਦਾ ਹੈ। ਲੇਖਕ ਨੇ ਬੀਬੀ ਨੂੰ ਢੁਕਵੇਂ ਅਤੇ ਅਰਥ ਭਰਪੂਰ ਸ਼ਬਦਾਂ ਵਿਚ ਇਸ ਤਰ੍ਹਾਂ ਸ਼ਰਧਾਂਜਲੀ ਦਿੱਤੀ : 'ਭਾਰਤ ਮਾਤਾ ਦੀ ਇਹ ਸਪੁੱਤਰੀ, ਜਿਸ ਨੇ ਆਪਣੇ ਦੇਸ਼ ਨੂੰ ਗ਼ੁਲਾਮੀ ਤੋਂ ਆਜ਼ਾਦ ਕਰਵਾਉਣ ਲਈ ਜ਼ਨਾਨੀ ਵਰਗ ਦੇ ਸਰਬਉੱਚ ਫ਼ਰਜ਼ ਪਤੀ-ਭਗਤੀ ਨੂੰ ਛੱਡ ਕੇ ਦੇਸ਼ ਭਗਤੀ ਨੂੰ ਪ੍ਰਵਾਨ ਕੀਤਾ ਤੇ ਜ਼ਿੰਦਗੀ ਦਾ ਪਲ-ਪਲ ਭਾਰਤ ਮਾਤਾ ਨੂੰ ਆਜ਼ਾਦ ਕਰਨ ਦੇ ਸੰਘਰਸ਼ ਦੇ ਲੇਖੇ ਲਾਇਆ।' ਇਹ ਆਸ ਕੀਤੀ ਜਾਂਦੀ ਹੈ ਕਿ ਲੇਖਕ ਗ਼ਦਰੀ ਬਾਬਿਆਂ ਦੇ ਉਹਨਾਂ ਪਰਵਾਰਾਂ ਦੀਆਂ ਔਰਤਾਂ ਦੇ ਹੰਢਾਏ ਹੋਏ ਦੁੱਖਾਂ ਦੀ ਵੀ ਗਾਥਾ ਲਿਖੇਗਾ। ਉਸ ਕੋਲ ਇਸ ਕਾਰਜ ਨੂੰ ਸਫਲਤਾ ਪੂਰਵਕ ਨਿਭਾਉਣ ਦੀ ਦ੍ਰਿਸ਼ਟੀ ਅਤੇ ਤਕਨੀਕ ਹੈ।

**ਸੰਪਰਕ : 98158-46460**

# ਸੱਜਰਾ ਸਾਹਿਤ

## ਇਤਿਹਾਸਕ ਦ੍ਰਿਸ਼ਟੀ ਅਤੇ ਇਤਿਹਾਸਕ ਪੰਜਾਬੀ ਨਾਵਲ, ਅੰਤਰ-ਸੰਵਾਦ

**(ਮਨਮੋਹਨ ਬਾਵਾ ਦੇ ਗਲਪ ਦੇ ਵਿਸ਼ੇਸ਼ ਪ੍ਰਸੰਗ ਵਿੱਚ)**
**ਗੁਰਪ੍ਰੀਤ ਸਿੰਘ (ਡਾ.)**
**ਪੰਨੇ : 252, ਮੁੱਲ : 350 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**



ਸਾਡੇ ਕੋਲ ਦੋ ਪ੍ਰਕਾਰ ਦੀ ਇਤਿਹਾਸਕਾਰੀ ਮੌਜੂਦ ਹੈ। ਪਹਿਲੀ ਅਧਿਕਾਰਤ ਇਤਿਹਾਸਕਾਰੀ ਜਾਂ ਦਰਬਾਰੀ ਇਤਿਹਾਸਕਾਰੀ ਹੈ, ਜਿਹੜੀ ਕਿਸੇ ਸ਼ਾਸਕ ਧਿਰ ਵੱਲੋਂ ਕੀਤੇ ਗਏ ਹਰ ਸਹੀ/ਗਲਤ ਕਾਰਜ ਨੂੰ ਜਾਇਜ਼ ਠਹਿਰਾਉਂਦੀ ਹੈ ਅਤੇ ਹਰ ਕੰਮ ਨੂੰ ਜਨਹਿੱਤਾਂ ਦੀ ਰੱਖਿਆ ਲਈ ਕੀਤੇ ਕੰਮ ਵਜੋਂ ਪਰਿਭਾਸ਼ਤ ਕਰਦੀ ਹੈ। ਇਹ ਪਰਿਕਲਪਿਤ ਇਤਿਹਾਸ ਸਿਰਜਦੀ ਹੈ, ਜਿਸ ਦੀ ਵਾਸਤਵਿਕਤਾ ਪ੍ਰਮਾਣਿਕ ਨਹੀਂ ਹੁੰਦੀ। ਅਜਿਹੀ ਇਤਿਹਾਸਕਾਰੀ ਆਮ ਲੋਕਾਂ ਦੁਆਰਾ ਕੀਤੇ ਸੰਘਰਸ਼ਾਂ ਅਤੇ ਉਹਨਾ ਦੀਆਂ ਗਤੀਵਿਧੀਆਂ ਨੂੰ ਨਜ਼ਰਅੰਦਾਜ਼ ਕਰ ਦਿੰਦੀ ਹੈ। ਇਸ ਇਤਿਹਾਸਕਾਰੀ ਦੇ ਪ੍ਰਭਾਵ ਅਧੀਨ ਸੱਤਾ ਧਿਰ ਦੀਆਂ ਗਤੀਵਿਧੀਆਂ ਅਤੇ ਉਹਨਾਂ ਦੇ ਸਿਰਜਿਤ ਪ੍ਰਵਚਨ ਆਮ ਲੋਕਾਂ ਦੀ ਮਾਨਸਿਕ ਅਵਸਥਾ ਉੱਪਰ ਭਾਰੂ ਹੋ ਜਾਂਦੇ ਹਨ।

**-ਭੂਮਿਕਾ 'ਚੋਂ**

## ਅਗਰਬੱਤੀ

**(ਗਜ਼ਲ ਸੰਗ੍ਰਹਿ)**
**ਚੌਥਾ ਐਡੀਸ਼ਨ**
**ਜਸਵਿੰਦਰ**
**ਪੰਨੇ : 80, ਮੁੱਲ : 180 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**



ਇੱਕ ਸ਼ਿਅਰ ਦੇ ਸੀਮਤ ਸ਼ਬਦਾਂ 'ਚ ਵੱਡੇ ਅਰਥ ਪੈਦਾ ਕਰਨ ਦੀ ਗੱਲ ਮੈਨੂੰ ਟੁੰਬਦੀ ਹੈ। ਮੈਂ ਗਜ਼ਲ ਦੀ, ਫੁੱਲ ਦੀ ਪੱਤੀ ਨਾਲ ਹੀਰੇ ਦਾ ਜਿਗਰ ਕੱਟਣ ਦੀ ਸ਼ਕਤੀ ਦਾ ਕਾਇਲ ਹਾਂ। ਗਜ਼ਲ ਦੇ ਸ਼ਿਅਰਾਂ ਵਿੱਚ ਅਨੇਕ ਰੰਗਾਂ, ਤਰੰਗਾਂ, ਬੁਲੰਦੀਆਂ, ਗਹਿਰਾਈਆਂ ਦੇ ਕੋਲਾਜ ਬਣਦੇ ਹਨ, ਜੋ ਚਿਰ-ਸਥਾਈ ਪ੍ਰਭਾਵ ਛੱਡਦੇ ਹਨ। ਗਜ਼ਲ ਦੇ ਸ਼ਿਅਰ, ਪਾਠਕ ਮਨ ਦੀ ਤੜਪਦੀ ਰੇਤ ਦੀ ਪਿਆਸ ਬੁਝਾਉਂਦੇ ਹੋਏ ਇਸ ਦੀ ਤੀਬਰਤਾ ਨੂੰ ਨਵੇਂ ਸਿਰਿਓਂ ਤਿੱਖੀ ਕਰਦੇ ਜਾਂਦੇ ਨੇ ਅਤੇ ਅਖੀਰ ਵਿੱਚ ਜ਼ਿੰਦਗੀ ਦੇ ਗੁੱਝੇ ਭੇਦ ਉਜਾਗਰ ਕਰਨ ਵਾਲੇ ਸਕੂਨ ਅਤੇ ਤੜਪ ਦੇ ਮਿਲਵੇਂ ਅਹਿਸਾਸ ਪਿੱਛੇ ਬਚਦੇ ਹਨ।

**-ਲੇਖਕ ਵੱਲੋਂ**

## ਮੇਰਾ ਲੰਡਨ ਸਫਰਨਾਮਾ

**ਪਰਵੀਨ ਸੰਧੂ**
**ਪੰਨੇ : 60, ਮੁੱਲ : 125 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ**



ਪਹਿਲੀ ਮਿਲਣੀ ਦੌਰਾਨ ਹੀ ਇਹ ਪ੍ਰਤੀਤ ਹੋ ਰਿਹਾ ਸੀ ਜਿਵੇਂ ਸੱਭਿਅਤਾ ਦੇ ਸਾਰੇ ਸ੍ਰੇਸ਼ਟ ਗੁਣਾਂ ਨੇ ਪਰਵੀਨ ਦੀ ਸ਼ਖਸੀਅਤ ਨੂੰ ਘੁੱਟ ਕੇ ਆਪਣੇ ਕਲਾਵੇ ਵਿੱਚ ਲਿਆ ਹੋਇਆ ਹੋਵੇ। ਇਹ ਪੰਜਾਬੀ ਸਾਹਿਤ ਦੇ ਪਿੜ ਵਿੱਚ ਉਸ ਦੀ ਪਲੇਠੀ ਕੋਸ਼ਿਸ਼ ਸੀ। ਇਸ ਪੁਸਤਕ ਦਾ ਪਾਠ ਕਰਨ ਉਪਰੰਤ ਮੈਨੂੰ ਇੰਜ ਜਾਪਿਆ ਸੀ, ਜਿਵੇਂ ਪਰਵੀਨ ਸੰਧੂ ਨੇ ਇਹ ਪੁਸਤਕ ਆਪਣੀ ਇੱਛਾ ਅਨੁਸਾਰ ਜਾਂ ਸਾਹਿਤਕ ਅਖਾੜੇ ਵਿੱਚ ਪ੍ਰਵੇਸ਼ ਕਰਨ ਦੇ ਮਨੋਰਥ ਨਾਲ ਨਹੀਂ ਲਿਖੀ ਸੀ, ਬਲਕਿ ਜਿਹੜੇ ਵਾਤਾਵਰਨ ਵਿੱਚ ਉਹ ਸਾਹ ਲੈ ਰਿਹਾ ਸੀ, ਉਸ ਮਾਹੌਲ ਨੇ ਉਸ ਕੋਲੋਂ ਇਸ ਪੁਸਤਕ ਦੀ ਸਿਰਜਣਾ ਕਰਵਾਈ ਸੀ।

**-ਮੁੱਖ ਬੰਦ 'ਚੋਂ**

# ਪੁਸਤਕ ਰੀਵਿਊ

## ਸੁਪਨਿਆਂ ਦੀ ਉਡਾਣ

**(ਬਾਲ ਨਾਵਲ)**
**ਸੁਖਵਿੰਦਰ ਕੌਰ ਸਿੱਧੂ**
**ਮੁੱਲ : 150 ਰੁਪਏ, ਸੰਨ : 2021, ਪੰਨੇ : 111**
**ਨਵਰੰਗ ਪਬਲੀਕੇਸ਼ਨਜ਼, ਸਮਾਣਾ**

ਸੁਖਵਿੰਦਰ ਕੌਰ ਸਿੱਧੂ ਦੇ ਬਾਲ ਨਾਵਲ 'ਸੁਪਨਿਆਂ ਦੀ ਉਡਾਣ' ਵਿੱਚ 11 ਕਾਂਡ ਹਨ। ਉਸ ਨੇ ਇਸ ਨਾਵਲ ਵਿੱਚ ਸਕੂਲੀ ਵਿਦਿਆਰਥੀਆਂ ਨੂੰ ਜੀਵਨ ਪ੍ਰਤੀ ਬਹੁਤ ਹੀ ਚੰਗੀਆਂ ਸੇਧਾਂ ਦਿੱਤੀਆਂ ਹਨ। ਉਸ ਖੇਡਾਂ ਦੀ ਮਹੱਤਤਾ ਦੱਸੀ ਹੈ। ਉਸ ਸਕੂਲ ਦੀਆਂ ਲਾਇਬਰੇਰੀਆਂ ਵਿੱਚ ਪਈਆਂ ਕਿਤਾਬਾਂ ਨੂੰ ਪੜ੍ਹਨ ਦੀ ਮਹੱਤਤਾ ਦੱਸੀ ਹੈ। ਉਸ ਨੇ ਆਪਣੇ ਨਾਵਲ ਦੇ ਪਾਤਰਾਂ ਰਮਨੀਕ, ਗੀਤ, ਰਾਜਵੀਰ, ਸੈਨੀ ਆਦਿ ਰਾਹੀਂ ਕਈ ਮਹੱਤਵਪੂਰਨ ਕਥਾਵਾਂ ਸੁਣਾਈਆਂ ਹਨ। ਉਸ ਦਾਦੀ ਵੱਲੋਂ ਪੋਤੀ-ਪੋਤਿਆਂ ਨੂੰ ਦੇਸ਼ ਪ੍ਰੇਮ, ਮਹਾਨ ਹਸਤੀਆਂ ਜਿਵੇਂ ਸ਼ਹੀਦ ਭਗਤ ਸਿੰਘ, ਸ: ਊਧਮ ਸਿੰਘ ਆਦਿ ਕਥਾਵਾਂ ਸੁਣਾਉਣ ਲਈ ਪ੍ਰੇਰਨਾ ਦਿੱਤੀ ਹੈ।

ਸੁਖਵਿੰਦਰ ਕੌਰ ਸਿੱਧੂ ਨੂੰ ਪਤਾ ਹੈ ਕਿ ਬੱਚੇ ਹਮੇਸ਼ਾ ਵੱਡੇ-ਵੱਡੇ ਸੁਪਨਿਆਂ ਦੀ ਉਡਾਣ ਵਿੱਚ ਰਹਿੰਦੇ ਹਨ। ਉਸ ਨੇ ਇਸ ਲਈ ਬਚਪਨ ਤੋਂ ਬਹੁਪੱਖੀ ਵਿਸ਼ਿਆਂ 'ਤੇ ਗਿਆਨ ਪ੍ਰਦਾਨ ਕਰਨ ਲਈ ਵਿਚਾਰਾਂ ਦਿੱਤੀਆਂ ਹਨ। ਉਸ ਅਜਿਹਾ ਅਮਲੀ ਰੂਪ ਵਿੱਚ ਕੀਤਾ ਵੀ ਹੈ। ਉਸ ਨੇ ਬੱਚਿਆਂ ਨੂੰ ਵਿਦੇਸ਼ੀ ਦੇਸ਼ ਜਿਵੇਂ ਕੈਨੇਡਾ ਤੇ ਭਾਰਤ ਦੇ ਸੱਭਿਆਚਾਰ ਬਾਰੇ ਦੱਸਿਆ ਹੈ, ਪੰਜਾਬ ਦੇ ਪੁਸ਼ਪਾ ਸਾਇੰਸ ਸਿਟੀ ਬਾਰੇ, ਸਿਲਾਈ-ਕਢਾਈ, ਸੰਗੀਤ ਪ੍ਰਤੀ, ਲੋਕ-ਬੋਲੀ, ਅਧਿਆਪਕਾਂ ਦੇ ਰੋਲ ਪ੍ਰਤੀ ਆਦਿ ਬਹੁਤ ਕੁਝ ਲਿਖਿਆ ਹੈ।

ਨਾਵਲਕਾਰ ਲੇਖਿਕਾ ਸੁਖਵਿੰਦਰ ਕੌਰ ਸਿੱਧੂ ਨੂੰ ਵਿਦਿਆਰਥੀਆਂ ਦੇ ਮਨੋ-ਵਿਸ਼ਲੇਸ਼ਣ ਦਾ ਬਹੁਤ ਡੂੰਘਾ ਗਿਆਨ ਹੈ। ਉਸ ਨੇ ਢੁੱਕਵੀਂ ਵਾਰਤਾਲਾਪ ਵਿੱਚ ਬੱਚਿਆਂ ਨੂੰ ਨੈਤਿਕਤਾ ਦੀ ਸਿੱਖਿਆ ਦਿੱਤੀ ਹੈ, ਉਸ ਅਧਿਆਪਕਾਂ ਨੂੰ ਆਪਣੇ ਸਹੀ ਤਰੀਕੇ ਨਾਲ ਸਾਰੇ ਫਰਜ਼ ਨਿਭਾਉਣ ਲਈ ਪ੍ਰੇਰਨਾ ਦਿੱਤੀ ਹੈ। ਉਸ ਬੱਚਿਆਂ ਨੂੰ ਇਤਿਹਾਸ ਦਾ ਵੀ ਬਹੁਤ ਗਿਆਨ ਪ੍ਰਦਾਨ ਕੀਤਾ ਹੈ। ਉਸ ਦੇ ਇਸ ਨਾਵਲ ਰਾਹੀਂ ਵਿਦਿਆਰਥੀਆਂ ਨੂੰ ਸਦੀਵੀ ਗਿਆਨ ਪ੍ਰਾਪਤ ਕਰਨ ਵਾਲੀ ਸਿੱਖਿਆ ਮਿਲਦੀ ਹੈ। ਉਸ ਨੂੰ ਇਸ ਅਜੋਕੇ ਸਮੇਂ 'ਤੇ ਢੁੱਕਵੀਂ, ਸਹੀ, ਸਾਰਥਿਕ ਸਿੱਖਿਆ ਦੇਣ 'ਤੇ ਬਹੁਤ-ਬਹੁਤ ਵਧਾਈ ਤਾਂ ਬਣਦੀ ਹੈ। ਆਸ ਹੈ ਕਿ ਇਹੋ ਜਿਹੇ ਸਿਖਿਆਦਾਇਕ ਨਾਵਲਕਾਰ ਲੇਖਿਕਾ ਸੁਖਵਿੰਦਰ ਕੌਰ ਸਿੱਧੂ ਨਿਰੰਤਰ ਲਿਖਦੀ ਰਹੇਗੀ।

**- ਗੁਰਮੀਤ ਸਰਾਂ**

## ਸ਼ੌਕ ਲਈ ਲਿਖੀਆਂ ਮੁੱਲਵਾਨ ਕਹਾਣੀਆਂ

**ਕੈਥਰੀਨ**
**ਮਾਸਟਰ ਨਰਿੰਦਰ ਸਿੰਘ ਰੰਗੂਵਾਲ**
**ਪੰਨੇ-127, ਮੁੱਲ-250 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਇਹ ਪੁਸਤਕ ਕਹਾਣੀ ਸੰਗ੍ਰਹਿ ਹੈ। ਇੱਕ ਦਰਜਨ ਵਧੀਆ ਕਹਾਣੀਆਂ ਸੰਗ੍ਰਹਿ ਵਿੱਚ ਹਨ। ਇੱਕ ਤੋਂ ਇੱਕ ਵਧ ਕੇ ਕਹਾਣੀਆਂ ਹਨ। ਇਸ ਕਿਤਾਬ ਤੋਂ ਪਹਿਲਾਂ ਲੇਖਕ ਪਿੰਡ ਰੰਗੂਵਾਲ ਦਾ ਇਤਿਹਾਸ ਤੇ ਕਹਾਣੀ ਸੰਗ੍ਰਹਿ 'ਤਾਰੋ' ਲਿਖ ਕੇ ਸਾਹਿਤ ਵਿਚ ਜ਼ਿਕਰਯੋਗ ਥਾਂ ਬਣਾ ਚੁੱਕਾ ਹੈ। ਕਿਤਾਬ ਦੇ ਮੁੱਖ ਬੰਧ ਵਿਚ ਲੇਖਕ ਦਾ ਸਵੈ-ਕਥਨ ਹੈ ਕਿ ਅੱਜਕੱਲ੍ਹ ਕਿਤਾਬਾਂ ਛਾਪਣ 'ਤੇ ਖਰਚ ਕਰਨਾ ਲਾਭਕਾਰੀ ਨਹੀਂ। ਇਕ ਸਿਰਕੱਢ ਪ੍ਰਕਾਸ਼ਕ (ਨਾਂਅ ਨਹੀਂ) ਨੇ ਕਹਿ ਦਿੱਤਾ ਕਿ ਅੱਜਕੱਲ੍ਹ ਕਿਤਾਬਾਂ ਦੀ ਵਿਕਰੀ ਘਟ ਗਈ ਹੈ। ਵਿਕਰੀ ਘਟਣ ਵਾਲੀ ਗੱਲ ਤਾਂ ਵਧੇਰੇ ਪ੍ਰਕਾਸ਼ਕਾਂ ਦੀ ਹੈ, ਪਰ ਜਦੋਂ ਕਿਤੇ ਪੁਸਤਕ ਮੇਲੇ ਲਗਦੇ ਹਨ ਤਾਂ ਕਰੋੜਾਂ ਦੀ ਵਿਕਰੀ ਹੋਣ ਦੀਆਂ ਖਬਰਾਂ ਵੀ ਛਪ ਰਹੀਆਂ ਹਨ, ਬੰਦਾ ਕੀਹਨੂੰ ਸੱਚ ਮੰਨੇ। ਲੇਖਕ ਲਿਖਦਾ ਹੈ ਕਿ ਉਹ ਪੈਸੇ ਦੇ ਕੇ ਕਿਤਾਬ ਛਪਾਉਂਦਾ ਹੈ। ਪਾਠਕ ਪੜ੍ਹਨ ਨਾ ਪੜ੍ਹਨ, ਇਸ ਦਾ ਆਧਾਰ ਕਿਤਾਬ ਦੀ ਸਮਗਰੀ ਵੀ ਹੈ ਤੇ ਪਾਠਕ ਦਾ ਸੁਹਜ ਵੀ। ਭਾਵੇ ਇਹ ਸਾਡਾ ਵਿਸ਼ਾ ਨਹੀਂ ਹੈ, ਪਰ ਲੇਖਕ ਨੇ ਇਸ ਕਿਤਾਬ ਵਿਚ ਇਸ ਵਿਸ਼ੇ ਦੀ ਗੰਭੀਰਤਾ 'ਤੇ ਕਈ ਸਵਾਲ ਉਠਾਏ ਹਨ। ਪੁਸਤਕ ਦੇ ਲੇਖਕ ਰੰਗੂਵਾਲ ਦੀ ਨਿਮਰਤਾ ਵੇਖੋ—ਮੈਂ ਕੋਈ ਲੇਖਕ ਨਹੀਂ, ਸਗੋਂ ਆਪ ਝਰੀਟਾਂ ਮਾਰਨ ਵਾਲਾ ਵਿਅਕਤੀ ਹਾਂ। ਮੈਂ ਆਪਣੇ ਸ਼ੌਕ ਲਈ ਲਿਖਦਾ ਹਾਂ, ਪਰ ਬੱਚੇ ਕਹਿੰਦੇ ਨੇ ਛਪਵਾ ਲਓ, ਖਰਚਾ ਅਸੀਂ ਦੇ ਦਿੰਨੇ ਆਂ। (ਮੁੱਖ ਬੰਦ ਵਿਚੋਂ) ਇਸ ਸੰਬੰਧ ਵਿਚ ਮੈਂ ਰੀਵਿਊਕਾਰ (ਪੂਰੀ ਕਿਤਾਬ ਪੜ੍ਹ ਕੇ) ਦੇ ਤੌਰ 'ਤੇ ਇਹ ਕਹਿ ਸਕਦਾ ਹਾਂ ਕਿ ਰੰਗੂਵਾਲ ਜੀ, ਜੇ ਲਿਖਣਾ ਸ਼ੌਕ ਹੈ ਤਾਂ ਇਹ ਸ਼ੌਕ ਜੰਮਜੰਮ ਪਾਲੋ। ਕਿਤਾਬ ਦੀ ਪਹਿਲੀ ਸਿਰਲੇਖ ਵਾਲੀ ਕਹਾਣੀ ਵਿਚ ਹੀ ਗੋਰੀ ਕੁੜੀ 'ਕੈਥਰੀਨ' ਨੂੰ ਮੈਂ ਪਾਤਰ (ਸ਼ਾਇਦ ਤੁਸੀਂ ਖੁਦ ਹੀ ਹੋ), ਜਿਸ ਕਦਰ ਜ਼ਿੰਦਗੀ ਦੇ ਗੰਦ ਵਿਚੋਂ ਕੱਢ ਕੇ ਸਹੀ ਰਸਤੇ 'ਤੇ ਲਿਆਂਦਾ, ਉਸ ਨੂੰ ਜ਼ਿੰਦਗੀ ਜਿਉਣ ਜੋਗੀ ਬਣਾਇਆ, ਵੇਸਵਾਪਣ ਛੱਡਣਾ ਕਿਸੇ ਔਰਤ ਲਈ ਸੌਖਾ ਨਹੀਂ। ਜਦੋਂ ਕੈਥਰੀਨ ਵਿਦੇਸ਼ ਦੀ ਧਰਤੀ 'ਤੇ ਆਪਣੇ ਇਸ ਗਲੀਜ਼ ਜੀਵਨ ਬਾਰੇ ਦੱਸਦੀ ਹੈ। ਉਹ ਨਸ਼ਿਆਂ ਵਿਚ ਗਲਤਾਨ ਹੈ। ਇਕ ਪਾਦਰੀ ਕੋਲ ਜਾਂਦੀ ਹੈ। ਵੇਸਵਾਪਣ ਦੀ ਹਾਲਤ ਵਿਚ ਕੈਥਰੀਨ ਜਿਸ ਕਦਰ ਇਕ ਗਾਹਕ ਦਾ ਜ਼ਿਕਰ ਲੇਖਕ ਕਰਦਾ ਹੈ, ਉਹ ਪੜ੍ਹ ਕੇ ਪਾਠਕ ਚੌਂਕ ਜ਼ਰੂਰ ਜਾਂਦਾ ਹੈ, ਇਸ ਕਿਸਮ ਦਾ ਬੇਬਾਕ ਜ਼ਿਕਰ ਮੰਟੋ ਵੀ ਕਰਦਾ ਸੀ। ਅਣਖੀ ਸਾਹਿਬ ਦੀਆਂ ਕੁਝ ਕਹਾਣੀਆਂ ਵੀ ਨਜਾਇਜ਼ ਰਿਸ਼ਤਿਆਂ ਦੇ ਦਾਇਰੇ ਵਿਚ ਪੜ੍ਹੀਆਂ ਗਈਆਂ ਹਨ। ਲੇਖਕ ਨੂੰਹ-ਸਹੁਰੇ ਦੇ ਨਜਾਇਜ਼ ਰਿਸ਼ਤੇ ਦਾ ਜ਼ਿਕਰ ਕਹਾਣੀ 'ਹਾਂ ਮੈਂ ਪਾਪਣ ਹਾਂ' ਵਿਚ ਕਰਕੇ ਜਿਥੇ ਮਜਬੂਰ ਔਰਤ ਦੀ ਢੁਕਵੀਂ ਤਸਵੀਰ ਪੇਸ਼ ਕਰਦਾ ਹੈ, ਨਾਲ ਹੀ ਮਰਦ ਦੀ ਮਰਦਾਨਗੀ ਦੀ ਵੀ ਝਲਕ ਹੈ। ਪਤੀ ਵੱਲੋਂ ਪਤਨੀ ਨੂੰ ਕਹੇ ਬੋਲ ਵੇਖੋ-ਮੇਰਾ ਪਿਓ ਤਾਂ ਕੰਜਰ ਆ, ਤੂੰ ਕਿਉਂ ਨਾਲ ਕੰਜਰੀ ਬਣੀ। ਇਸ ਕਹਾਣੀ ਵਿਚ ਨੂੰਹ ਸਹੁਰੇ ਤੋਂ ਗਰਭਵਤੀ ਹੁੰਦੀ ਹੈ, ਉਹ ਹਕੀਮ ਤੋਂ ਪੁੜੀਆਂ ਲੈ ਕੇ ਦਿੰਦਾ ਹੈ। ਨੂੰਹ ਸਦਾ ਲਈ ਬਾਂਝ ਬਣਦੀ ਹੈ। ਇਹ ਮਰਦ ਦੀ ਹੈਂਕੜ ਹੈ, ਔਰਤ ਦਾ ਸ਼ੋਸ਼ਣ ਹੈ। ਲੇਖਕ ਦਾ ਇਸ ਘਟਨਾ ਨੂੰ ਕੁਦਰਤੀ ਸ਼ੈਲੀ ਵਿਚ ਬੇਬਾਕੀ ਨਾਲ ਪੇਸ਼ ਕਰਨਾ ਕਹਾਣੀਕਾਰ ਦੀ ਮਹੱਤਵਪੂਰਨ ਪ੍ਰਾਪਤੀ ਹੈ। ਕੈਥਰੀਨ 'ਮੈਂ' ਪਾਤਰ ਦੀ ਪ੍ਰੇਰਨਾ ਨਾਲ ਗੁਰਦੁਆਰਾ ਸਾਹਿਬ ਵਿਚ ਜਾ ਕੇ ਸੰਗਤ ਦੀ ਸੇਵਾ ਕਰਦੀ ਹੈ। ਲੰਗਰ ਛਕਦੀ ਹੈ। ਆਪਣੇ ਹਾਣੀ ਫਿਲਿਪਸ ਨਾਲ ਵਿਆਹ ਕਰਾਉਂਦੀ ਹੈ। ਕਮਾਲ ਇਹ ਹੈ ਕਿ ਲੇਖਕ (ਮੈਂ ਪਾਤਰ) ਕੈਥਰੀਨ ਦੇ ਬਾਪ ਵਾਲੇ ਫਰਜ਼ ਨਿਭਾਉਂਦਾ ਹੈ ਤੇ ਕੈਥਰੀਨ ਨੂੰ ਧੀ ਮੰਨਦਾ ਹੈ, ਉਸ ਨੂੰ ਸ਼ਗਨ ਦਿੰਦਾ ਹੈ। ਕੈਥਰੀਨ ਪੰਜ ਸੌ ਡਾਲਰ ਵਿਚੋਂ ਸੌ ਡਾਲਰ ਰੱਖਦੀ ਹੈ, ਇਹ ਰਿਸ਼ਤੇ ਦੀ ਪਾਕੀਜ਼ਗੀ ਹੈ। ਧਰਤੀ ਕੈਨੇਡਾ ਦੀ ਹੈ। ਇਹ ਕਹਾਣੀ ਜੇ ਸ਼ੌਕ ਨਾਲ ਲਿਖੀ ਹੈ ਤਾਂ ਪੰਜਾਬੀਅਤ ਦਾ ਮਾਣ ਵਧਾਉਣ ਵਾਲੀ ਕਹਾਣੀ ਕਹੀ ਜਾ ਸਕਦੀ ਹੈ। ਕਹਾਣੀਕਾਰ ਹਰੇਕ ਰਚਨਾ ਵਿਚ ਭਰਪੂਰ ਕਥਾਰਸ, ਨਿਵੇਕਲੀ ਕੁਦਰਤੀ ਵਹਿਣ ਵਾਲੀ ਸ਼ੈਲੀ, ਸਪੱਸ਼ਟਤਾ, ਬੇਬਾਕੀ, ਜਾਇਜ਼-ਨਜ਼ਾਇਜ਼ ਰਿਸ਼ਤੇ, ਦੂਰ ਦੇ ਢੋਲ ਸੁਹਾਉਣੇ ਅਨੁਸਾਰ ਵਿਦੇਸ਼ਾਂ ਵਿਚ ਪੰਜਾਬਣ ਕੁੜੀਆਂ ਦੇ ਮਨਮਰਜ਼ੀ ਦੇ ਕੱਚੇ-ਪੱਕੇ ਰਿਸ਼ਤੇ, ਘੜੀ ਪਲ ਵਿਚ ਵਿਆਹ, ਤਲਾਕ, ਬੱਚਿਆਂ ਦਾ ਸਰਕਾਰੀ ਖਰਚ 'ਤੇ ਪਾਲਣ-ਪੋਸ਼ਣ, ਪੰਜਾਬੀ ਪਤੀਆਂ ਵੱਲੋਂ ਗੋਰੀਆਂ ਦੇ ਜਾਲ ਵਿਚ ਫਸ ਕੇ ਆਪਣੇ ਘਰ ਦਾ ਉਜਾੜਾ ਕਰਨਾ, ਇਹ ਬਹੁਤ ਕੁਝ ਕਹਾਣੀਆਂ ਵਿਚ ਹੈ। 'ਜੱਟ ਗੰਨਾ ਨਹੀਂ ਦਿੰਦਾ, ਪਰ..' ਪੰਜਾਬੀ ਮੁਹਾਵਰੇ ਦੀ ਉਦਾਹਰਨ ਸਹਿਤ ਨਾਟਕੀ ਪੇਸ਼ਕਾਰੀ ਹੈ। ਪਿੰਕੀ ਆਪਹੁਦਰੀ ਪੜ੍ਹੀ-ਲਿਖੀ ਕੁੜੀ ਦੀ ਆਪਣੀ ਹੀ ਸਹੇਲੀ ਦੇ ਮਗਰ ਲੱਗ ਕੇ ਵਿਆਹ ਤੇ ਤਲਾਕ ਦੀ ਗਾਥਾ ਹੈ। 'ਆਰਤੀ ਗੁਆਚ ਗਈ' ਵਿਚ ਸਿਧੜ ਪਤੀ ਆਪਣੀ ਪਤਨੀ ਨੂੰ ਗੱਡੀ ਚੜ੍ਹਨ ਵੇਲੇ ਪਿੱਛੇ ਹੀ ਛੱਡ ਦਿੰਦਾ ਹੈ। ਪਤਨੀ ਪੇਕੇ ਘਰ ਆ ਜਾਂਦੀ ਹੈ। ਪਤੀ ਨੂੰ ਪਤਾ ਹੀ ਉਸ ਵੇਲੇ ਲਗਦਾ ਹੈ, ਜਦੋਂ ਉਸ ਦਾ ਸਟੇਸ਼ਨ ਆਉਂਦਾ ਹੈ। ਫੇਰ ਪਿੰਡ ਦੇ ਕਈ ਬੰਦੇ ਬਹੂ ਦੀ ਤਲਾਸ਼ ਕਰਨ ਤੁਰ ਪੈਂਦੇ ਹਨ।

ਪਿੰਡ ਵਿਚ ਲਾ-ਲਾ-ਲਾ-ਲਾ ਹੋ ਜਾਂਦੀ ਹੈ ਕਿ ਫਲਾਣੇ ਦੀ ਨੂੰਹ ਲੱਭਦੀ ਨਹੀ। ਸਾਰੀ ਕਹਾਣੀ ਹਾਸਰਸੀ ਹੈ। ਵਿਅੰਗ ਸ਼ੈਲੀ ਵਿਚ ਹੈ। ਭਟਕੀ ਜਵਾਨੀ ਵਿਚ ਮੁੰਡਾ-ਕੁੜੀ ਵਿਆਹ ਪਿਛੇ ਨਹਿਰ ਵਿਚ ਛਾਲ ਮਾਰਨ ਤੱਕ ਜਾਂਦੇ ਹਨ। ਮੁੰਡਾ ਛਾਲ ਨਹੀ ਮਾਰਦਾ, ਕੁੜੀ ਛਾਲ ਮਾਰਦੀ ਹੈ, ਪਰ ਗੋਤਾਖੋਰ ਬਚਾ ਲੈਂਦੇ ਹਨ। ਅਖੀਰ ਮੁੰਡੇ ਵਾਲੇ ਅਮੀਰ ਸਰਦਾਰ ਕੁੜੀ ਦੇ ਮਾਪਿਆਂ ਅੱਗੇ ਝੁਕ ਜਾਂਦੇ ਹਨ ਤੇ ਮੁੰਡੇ-ਕੁੜੀ ਦਾ ਵਿਆਹ ਹੁੰਦਾ ਹੈ। ਅਵੈੜਾ ਮੁੰਡਾ ਚੁੱਪ ਕਰ ਕੇ ਲਾਵਾਂ ਲੈਂਦਾ ਹੈ। ਸਾਰਾ ਬਿਰਤਾਂਤ ਕਮਾਲ ਦਾ ਹੈ। ਇਹੋ ਜਿਹੀ ਵਧੀਆ ਕਹਾਣੀ ਅਜੋਕੀ ਭਟਕੀ ਨੌਜਵਾਨ ਪੀੜ੍ਹੀ ਖਾਸ ਕਰਕੇ ਕੁੜੀਆ ਲਈ ਸੇਧ ਦੇਣ ਵਾਲੀ ਹੈ। ਜੇ ਲੇਖਕ ਦਾ ਇਹ ਸ਼ੌਕ ਹੈ ਤਾਂ ਸ਼ੌਕ ਮੁਬਾਰਕ। ਸਮਾਜ ਨੂੰ ਸਹੀ ਰਸਤਾ ਵਿਖਾਇਆ ਗਿਆ ਹੈ। ਸੰਗ੍ਰਹਿ ਦੀਆ ਹੋਰ ਕਹਾਣੀਆਂ, 'ਪਰ ਕਿਉਂ ? ', 'ਕਰਮਾਂ ਮਾਰੀ ਬੁਢਾਪੇ ਦੀ ਤ੍ਰਾਸਦੀ' ਵੀ ਪੜ੍ਹਨ ਵਾਲੀਆਂ ਕਹਾਣੀਆਂ ਹਨ। ਪੰਜਾਬੀ ਕਹਾਣੀ ਸਾਹਿਤ ਵਿਚ ਇਹ ਪੁਸਤਕ ਮਹੱਤਵਪੂਰਨ ਦਰਜਾ ਰੱਖਦੀ ਹੈ ? ਜੇ ਕਿਹਾ ਜਾਵੇ ਕਿ ਕਹਾਣੀਆ ਦੇ ਵਿਸ਼ਾਲ ਸਮੁੰਦਰ ਵਿਚ ਇਹ ਸੰਗ੍ਰਹਿ ਸੁੱਚਾ ਨਗ ਹੈ ਤਾਂ ਕੋਈ ਅਤਿਕਥਨੀ ਨਹੀ ਹੈ। ਜੇ ਸ਼ੌਕ ਹੈ ਤਾਂ ਪੜ੍ਹ ਕੇ ਵੇਖ ਲਓ। ਹੱਥ ਕੰਗਣ ਨੂੰ ਆਰਸੀ ਕੀ ? ਨਾਲੇ ਲੇਖਕ ਦਾ ਮੁੱਖ ਬੰਦ ਵਾਲਾ ਉਲ੍ਹਾਂਭਾ ਵੀ ਦੂਰ ਹੋ ਜਾਵੇਗਾ ਤੇ ਪ੍ਰਕਾਸ਼ਕ ਦਾ ਵੀ।

**—ਪ੍ਰਿੰਸੀਪਲ ਗੁਰਮੀਤ ਸਿੰਘ ਫਾਜ਼ਿਲਕਾ**

4-June-Sunday.qxd 6/3/2023 9:16 PM Page 6



# 'ਸੰਮਾਂ ਵਾਲੀ ਡਾਂਗ' ਦਾ ਮੰਚਨ

**ਅੰਮ੍ਰਿਤਸਰ** : ਲੋਕਪੱਖੀ ਸਮਾਜਿਕ ਅਤੇ ਸੱਭਿਆਚਾਰਕ ਤਬਦੀਲੀ ਲਈ ਸਿਰਫ ਪ੍ਰਗਤੀਸ਼ੀਲ ਰੰਗਮੰਚ ਹੀ ਇਕ ਅਜਿਹੀ ਖ਼ੂਬਸੂਰਤ ਕਲਾ ਦਾ ਪ੍ਰਭਾਵਸ਼ਾਲੀ ਮਾਧਿਅਮ ਹੈ, ਜਿੱਥੇ ਨਾਟਕ ਦੇ ਲੇਖਕ ਅਤੇ ਨਿਰਦੇਸ਼ਕ ਵੱਲੋਂ ਨਾਟਕ ਦੀ ਪੇਸ਼ਕਾਰੀ ਕਰਨ ਵਾਲੇ ਕਲਾਕਾਰਾਂ ਰਾਹੀਂ ਅਜਿਹੇ ਵਿਵਾਦਤ ਮੁੱਦਿਆਂ ਅਤੇ ਵਿਚਾਰਾਂ ਨੂੰ ਵੀ ਬੜੇ ਸਹਿਜ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰ ਦਿੱਤਾ ਜਾਂਦਾ ਹੈ, ਜਿਨ੍ਹਾਂ ਨੂੰ ਸਮਾਜ ਵਿਚ ਸਿੱਧੇ ਢੰਗ ਨਾਲ ਬਿਆਨ ਕਰਨਾ ਬੇਹੱਦ ਮੁਸ਼ਕਲ ਹੁੰਦਾ ਹੈ, ਪਰ ਲੋਕਾਂ ਤੱਕ ਸੱਚ ਪਹੁੰਚਾਉਣਾ ਵੀ ਬੇਹੱਦ ਜ਼ਰੂਰੀ ਹੁੰਦਾ ਹੈ।

ਡਾ. ਸਾਹਿਬ ਸਿੰਘ ਮੌਜੂਦਾ ਸਮਿਆਂ ਦਾ ਅਜਿਹਾ ਲੋਕਪੱਖੀ ਨਾਟਕਕਾਰ ਹੈ, ਜਿਸ ਨੂੰ ਸਮੁੱਚੇ ਸਮਾਜ ਅਤੇ ਖਾਸ ਕਰਕੇ ਆਮ ਮਿਹਨਤਕਸ਼ ਜਮਾਤ ਦੀਆਂ ਵਰਤਮਾਨ ਸਮੇਂ 'ਚ ਉੱਭਰਦੀਆਂ ਗੰਭੀਰ ਸਮੱਸਿਆਵਾਂ, ਚਲੰਤ ਮੁੱਦਿਆਂ, ਸਮਾਜਿਕ ਅਲਾਮਤਾਂ ਅਤੇ ਗੈਰ ਕੁਦਰਤੀ ਵਰਤਾਰਿਆਂ ਦੇ ਕਾਰਨਾਂ ਨੂੰ ਜਾਨਣ, ਸਮਝਣ ਅਤੇ ਉਨ੍ਹਾਂ ਦੀ ਨਾਟਕੀ ਪੇਸ਼ਕਾਰੀ ਰਾਹੀਂ ਇਸ ਸਭ ਕਾਸੇ ਲਈ ਜ਼ਿੰਮੇਵਾਰ ਸਾਮਰਾਜ ਪੱਖੀ ਹਕੂਮਤਾਂ ਅਤੇ ਫਿਰਕੂ ਤਾਕਤਾਂ ਦੀਆਂ ਲੋਕ ਮਾਰੂ ਨੀਤੀਆਂ ਉੱਤੇ ਸਿੱਧੀ ਉਂਗਲ ਰੱਖਣ ਅਤੇ ਉਨ੍ਹਾਂ ਦਾ ਲੋਕਪੱਖੀ ਹੱਲ ਪੇਸ਼ ਕਰਨ ਦਾ ਬਾਖ਼ੂਬੀ ਹੁਨਰ ਹਾਸਲ ਹੈ ਅਤੇ ਉਹ ਲੋਕਪੱਖੀ ਸਮਾਜਿਕ ਅਤੇ ਸੱਭਿਆਚਾਰਕ ਤਬਦੀਲੀ ਲਈ ਆਪਣੀ ਇਸ ਜ਼ਿੰਮੇਵਾਰੀ ਨੂੰ ਪੂਰੀ ਸੁਹਿਰਦਤਾ ਅਤੇ ਸਫਲਤਾ ਨਾਲ ਨਿਭਾਅ ਰਿਹਾ ਹੈ। ਉਸ ਦੀਆਂ ਲਿਖਤਾਂ ਅਤੇ ਨਾਟਕਾਂ ਵਿੱਚ ਰੰਗ-ਮੰਚ ਦੇ ਮਹਾਂਨਾਇਕ ਗੁਰਸ਼ਰਨ ਭਾਅ ਜੀ ਵਰਗੀ ਇਨਕਲਾਬੀ ਵਿਚਾਰਧਾਰਕ ਪ੍ਰਤੀਬੱਧਤਾ, ਸਮਰਪਿਤ ਭਾਵਨਾ ਅਤੇ ਲੋਕ ਮਾਨਸਿਕਤਾ ਨੂੰ ਆਪਣੇ ਜਮਹੂਰੀ ਹੱਕਾਂ ਦੀ ਰਾਖੀ ਲਈ ਝੰਜੋੜਦੀ ਗੰਭੀਰ ਨਾਟ ਸ਼ੈਲੀ ਸਾਫ ਨਜ਼ਰ ਆਉਂਦੀ ਹੈ।

ਪਿਛਲੇ ਦਿਨੀਂ ਪੰਜਾਬ ਸੰਗੀਤ ਨਾਟਕ ਅਕਾਦਮੀ ਅਤੇ ਮੰਚ ਰੰਗਮੰਚ ਅੰਮ੍ਰਿਤਸਰ ਵੱਲੋਂ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਦੀ ਅਗਵਾਈ ਹੇਠ ਕਰਵਾਏ ਗਏ ਕੌਮੀ ਰੰਗਮੰਚ ਉਤਸਵ ਮੌਕੇ ਅਦਾਕਾਰ ਮੰਚ ਮੁਹਾਲੀ ਦੇ ਸੰਸਥਾਪਕ ਡਾ. ਸਾਹਿਬ ਸਿੰਘ ਦਾ ਨਾਟਕ 'ਸੰਮਾਂ ਵਾਲੀ ਡਾਂਗ' ਵੇਖਣ ਦਾ ਮੌਕਾ ਮਿਲਿਆ। ਇਸ ਨਾਟਕ ਵਿਚ ਮੋਦੀ ਸਰਕਾਰ ਦੇ ਤਿੰਨ ਕਾਲੇ ਖੇਤੀ ਕਾਨੂੰਨਾਂ ਕਾਰਨ ਚੱਲੇ ਇਤਿਹਾਸਕ ਕਿਸਾਨੀ ਅੰਦੋਲਨ, ਖੇਤੀ ਅਤੇ ਕਿਸਾਨ ਵਿਰੋਧੀ ਨੀਤੀਆਂ, ਕਿਸਾਨਾਂ ਪ੍ਰਤੀ ਹਕੂਮਤ ਦੇ ਦੁਸ਼ਮਣੀ ਭਰੇ ਵਤੀਰੇ ਦੇ ਇਲਾਵਾ ਉਨ੍ਹਾਂ ਦੀਆਂ ਆਰਥਿਕ ਤੇ ਸਮਾਜਿਕ ਸਮੱਸਿਆਵਾਂ ਅਤੇ ਖਾਸ ਕਰਕੇ ਹਕੂਮਤੀ ਸਰਪ੍ਰਸਤੀ ਹੇਠ ਕਾਰਪੋਰੇਟ ਘਰਾਣਿਆਂ ਵੱਲੋਂ ਕਿਸਾਨ, ਖੇਤ ਮਜ਼ਦੂਰ ਅਤੇ ਖੇਤੀ ਖੇਤਰ ਦੀ ਕੀਤੀ ਜਾਂਦੀ ਅੰਨ੍ਹੀ ਲੁੱਟ, ਕਿਸਾਨਾਂ-ਖੇਤ ਮਜ਼ਦੂਰਾਂ ਵਿਚ ਵਧਦੇ ਮਾਨਸਿਕ ਤਣਾਅ, ਖ਼ੁਦਕੁਸ਼ੀਆਂ ਅਤੇ ਆਪਣੇ ਹੱਕਾਂ ਪ੍ਰਤੀ ਲੜਨ ਦੀ ਸੰਘਰਸ਼ਸ਼ੀਲ ਮਾਨਸਿਕਤਾ ਨੂੰ ਬੜੀ ਹੀ ਸੂਖਮਤਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਉਹ ਇਸ ਨਾਟਕ ਦਾ ਲੇਖਕ ਅਤੇ ਨਿਰਦੇਸ਼ਕ ਤਾਂ ਹੈ ਹੀ, ਪਰ ਉਸ ਨੇ ਇਸ ਨਾਟਕ ਦੇ ਇਕੋ-ਇਕ ਮੁੱਖ ਕਿਰਦਾਰ ਕਿਸਾਨ ਬਖਤਾਵਰ ਸਿੰਘ ਦੇ ਰੂਪ ਵਿਚ ਕਮਾਲ ਦੀ ਅਦਾਕਾਰੀ ਕਰਕੇ ਆਪਣੀ ਕਾਬਲੀਅਤ ਦਾ ਲੋਹਾ ਵੀ ਮੰਨਵਾਇਆ ਹੈ ਅਤੇ ਦਰਸ਼ਕਾਂ ਦੀ ਮਾਨਸਿਕਤਾ ਨੂੰ ਝੰਜੋੜਨ ਵਿਚ ਕਾਮਯਾਬ ਰਿਹਾ ਹੈ।

ਸਟੇਜ ਉਤੇ ਮੁਲਕ ਦੇ ਪ੍ਰਧਾਨ ਮੰਤਰੀ ਦੇ ਰੂਪ ਵਿਚ ਉੱਚੀ



ਜਗ੍ਹਾ ਰੱਖੀ ਇਕ ਕੁਰਸੀ ਨੂੰ ਸੰਬੋਧਿਤ ਹੁੰਦਾ ਹੋਇਆ ਕਿਸਾਨ ਬਖਤਾਵਰ ਸਿੰਘ ਮੌਜੂਦਾ ਕਿਸਾਨੀ ਦੀ ਦੁਰਦਸ਼ਾ ਲਈ ਹਕੂਮਤਾਂ ਦੀਆਂ ਸਾਮਰਾਜਪੱਖੀ ਅਤੇ ਕਿਸਾਨ ਵਿਰੋਧੀ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ। ਉਹ ਦੱਸਦਾ ਹੈ ਕਿ ਕਿਸਾਨ ਸਵੇਰੇ ਤੜਕੇ ਤੋਂ ਲੈ ਕੇ ਦੇਰ ਰਾਤ ਤੱਕ ਹਰ ਮੌਸਮ ਅਤੇ ਹਰ ਤਰ੍ਹਾਂ ਦੇ ਮਾੜੇ ਹਾਲਾਤ ਨਾਲ ਸਿੱਝਦਾ ਹੋਇਆ ਸਖ਼ਤ ਮਿਹਨਤ ਕਰਦਾ ਹੈ ਅਤੇ ਹਕੂਮਤਾਂ ਦੇ ਅੰਨ ਭੰਡਾਰ ਭਰਨ ਦੇ ਨਾਲ-ਨਾਲ ਸਾਰੇ ਦੇਸ਼ ਦੀ ਜਨਤਾ ਦਾ ਢਿੱਡ ਭਰਦਾ ਹੈ, ਪਰ ਹਕੂਮਤਾਂ ਅਤੇ ਵੱਡੇ ਪੂੰਜੀਪਤੀਆਂ ਵੱਲੋਂ ਉਸ ਨੂੰ ਉਸ ਦੀ ਫਸਲ ਅਤੇ ਮਿਹਨਤ ਦਾ ਸਹੀ ਮੁੱਲ ਨਹੀਂ ਦਿੱਤਾ ਜਾਂਦਾ ਅਤੇ ਉਲਟਾ ਉਸ ਨੂੰ ਕਰਜ਼ੇ ਦੇ ਬੋਝ ਹੇਠ ਲਿਆ ਕੇ ਖੇਤੀ ਅਤੇ ਜ਼ਮੀਨ ਤੋਂ ਬੇਦਖਲ ਕਰਨ ਦੀਆਂ ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਹ ਪ੍ਰਧਾਨ ਮੰਤਰੀ ਤੋਂ ਸਵਾਲ ਕਰਦਾ ਹੈ ਕਿ ਅਡਾਨੀਆਂ-ਅੰਬਾਨੀਆਂ ਵਰਗੇ ਕਾਰਪੋਰੇਟ ਘਰਾਣਿਆਂ ਦੇ ਕਰੋੜਾਂ ਰੁਪਏ ਦੇ ਕਰਜ਼ੇ ਤਾਂ ਮਾਫ ਕੀਤੇ ਜਾਂਦੇ ਹਨ, ਪਰ ਕਿਸਾਨਾਂ ਦੇ ਕੁਝ ਲੱਖ ਦੇ ਕਰਜ਼ਿਆਂ ਉੱਤੇ ਲੀਕ ਫੇਰਨ ਵੇਲੇ ਹਕੂਮਤਾਂ ਵੱਲੋਂ ਖਜ਼ਾਨਾ ਖਾਲੀ ਹੋਣ ਦਾ ਰੋਣਾ ਕਿਉਂ ਰੋਇਆ ਜਾਂਦਾ ਹੈ? ਵੱਡੇ-ਵੱਡੇ ਪੂੰਜੀਪਤੀ ਕਈ ਕਰੋੜਾਂ ਦੇ ਕਰਜ਼ੇ ਮਾਰ ਕੇ ਵਿਦੇਸ਼ਾਂ 'ਚ ਭਜਾ ਦਿੱਤੇ ਜਾਂਦੇ ਨੇ, ਪਰ ਕਿਸਾਨਾਂ ਉਤੇ ਕੁਝ ਲੱਖ ਦੇ ਕਰਜ਼ੇ ਦੀ ਵਸੂਲੀ ਲਈ ਹਕੂਮਤਾਂ ਕੁਰਕੀ ਕਰਨ ਵਾਸਤੇ ਪੁਲਸ ਦੀਆਂ ਡਾਰਾਂ ਲੈ ਕੇ ਪਹੁੰਚ ਜਾਂਦੀਆਂ ਨੇ। ਉਹ ਜਿੱਥੇ ਸਾਮਰਾਜੀ ਦੇਸ਼ਾਂ ਵੱਲੋਂ ਸੱਠਵਿਆਂ ਵਿੱਚ ਭਾਰਤ 'ਚ ਧੱਕੇ ਨਾਲ ਲਾਗੂ ਕੀਤੇ ਹਰੇ ਇਨਕਲਾਬ ਰਾਹੀਂ ਹਕੂਮਤਾਂ ਦੇ ਅੰਨ ਭੰਡਾਰ ਭਰਨ ਅਤੇ ਕਾਰਪੋਰੇਟਾਂ ਵੱਲੋਂ ਕਿਸਾਨੀ ਦੀ ਲੁੱਟ ਕਰਨ ਉੱਤੇ ਝੂਰਦਾ ਹੈ, ਉੱਥੇ ਹੀ ਵੱਡੇ ਪੱਧਰ 'ਤੇ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਕਰਕੇ ਧਰਤੀ ਹੇਠਲੇ ਪਾਣੀ, ਵਾਤਾਵਰਣ ਅਤੇ ਜ਼ਮੀਨ ਨੂੰ ਪ੍ਰਦੂਸ਼ਿਤ ਕਰਨ ਲਈ ਜ਼ਿੰਮੇਵਾਰ ਸਾਮਰਾਜੀ ਨੀਤੀਆਂ ਅਤੇ ਦੇਸੀ-ਵਿਦੇਸ਼ੀ ਵਪਾਰਕ ਕੰਪਨੀਆਂ ਨੂੰ ਦੋਸ਼ੀ ਵੀ ਠਹਿਰਾਉਂਦਾ ਹੈ।

ਉਹ ਪ੍ਰਧਾਨ ਮੰਤਰੀ ਨੂੰ ਸੰਬੋਧਿਤ ਹੁੰਦਾ ਕਹਿੰਦਾ ਹੈ ਕਿ "ਬਾਊ, ਸਾਨੂੰ ਕਿਸਾਨਾਂ ਨੂੰ ਆਪਣੇ ਖੇਤਾਂ ਵਿਚ ਕੰਮ ਕਰਨਾ ਹੀ ਚੰਗਾ ਲਗਦਾ ਹੈ ਅਤੇ ਸਾਨੂੰ ਆਪਣੇ ਪਰਵਾਰ, ਖੇਤਾਂ ਅਤੇ ਫਸਲਾਂ ਨੂੰ ਲਾਵਾਰਸ ਛੱਡ ਕੇ ਰੋਸ ਪ੍ਰਦਰਸ਼ਨ ਕਰਨ ਦਾ ਕੋਈ ਸ਼ੌਂਕ ਨਹੀਂ ਹੈ, ਪਰ ਤੁਹਾਡੇ ਹੁਕਮਰਾਨਾਂ ਦੀਆਂ ਕਿਸਾਨ ਮਾਰੂ ਨੀਤੀਆਂ ਨੇ ਸਾਨੂੰ ਘਰਾਂ ਤੋਂ ਸੈਂਕੜੇ ਮੀਲ ਦੂਰ ਦਿੱਲੀ ਵਿਖੇ ਧਰਨਾ ਲਾਉਣ ਲਈ ਮਜਬੂਰ ਕੀਤਾ ਹੈ।"

ਨਾਟਕ ਉਸ ਵਕਤ ਦਰਸ਼ਕਾਂ ਨੂੰ ਬੇਹੱਦ ਭਾਵੁਕ ਕਰ ਦਿੰਦਾ ਹੈ, ਜਦੋਂ ਬਖਤਾਵਰ ਦੀ ਲੜਕੀ ਦੇ ਵਿਆਹ ਵਾਲੇ ਦਿਨ ਉਸ ਦਾ ਨੌਜਵਾਨ ਲੜਕਾ ਦਿਹਾੜੀ ਕਰਦਾ ਹੋਇਆ ਕਿਸੇ ਜ਼ਿਮੀਦਾਰ ਦਾ ਸਾਮਾਨ ਸਿਰ ਉਤੇ ਚੁੱਕ ਕੇ ਖੇਤਾਂ 'ਚੋਂ ਲੰਘਦਿਆਂ ਪਾਣੀ ਵਿਚ ਡਿੱਗੀਆਂ ਬਿਜਲੀ ਦੀਆਂ ਨੰਗੀਆਂ ਤਾਰਾਂ ਨਾਲ ਕਰੰਟ ਲੱਗ ਕੇ ਮਰ ਜਾਂਦਾ ਹੈ, ਪਰ ਉਹ ਉਸੇ ਦਿਨ ਲੜਕੀ ਦੀ ਡੋਲੀ ਤੋਰਨ ਤੋਂ ਪਹਿਲਾਂ ਭਰੇ ਮਨ ਨਾਲ ਲੜਕੇ ਦਾ ਦਾਹ ਸੰਸਕਾਰ ਕਰਦਾ ਹੈ। ਉਹ ਹਕੂਮਤਾਂ ਨੂੰ ਸਵਾਲ ਕਰਦਾ ਹੈ ਕਿ "75 ਸਾਲ ਬਾਅਦ ਵੀ ਪਿੰਡਾਂ ਵਿਚ ਬਿਜਲੀ ਦੀਆਂ ਤਾਰਾਂ ਨੰਗੀਆਂ ਕਿਉਂ ਨੇ?" ਜਵਾਨ ਲੜਕੇ ਦੀ ਮੌਤ ਦਾ ਅਸਹਿ ਦੁੱਖ ਅਤੇ ਲੜਕੀ ਦੀ ਡੋਲੀ ਨੂੰ ਮੋਢਾ ਦੇ ਕੇ ਤੋਰ ਰਹੇ ਬਖਤਾਵਰ ਸਿੰਘ ਦੇ ਦੁੱਖ ਨੂੰ ਬਿਆਨ ਕਰਦਾ ਪਰਦੇ ਪਿੱਛੇ ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਦੀ ਗਮਗੀਨ ਆਵਾਜ਼ 'ਚ ਵੱਜਦਾ ਗਮਗੀਨ ਗੀਤ "ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ ਸਦਾ, ਬਾਬੁਲ ਦੀ ਬਣ ਕੇ ਗੋਲੀ ਨੀ ਮਾਂ" ਸੁਣ ਕੇ ਕੋਈ ਵੀ ਦਰਸਕ ਭਾਵੁਕ ਹੋਏ ਬਿਨਾਂ ਨਹੀਂ ਰਹਿੰਦਾ।

ਨਾਟਕ ਦੇ ਅਖੀਰ ਵਿੱਚ ਜਦੋਂ ਬਖਤਾਵਰ ਸਿੰਘ ਦੀ ਘਰਵਾਲੀ ਉਸ ਨੂੰ ਦੱਸਦੀ ਹੈ ਕਿ ਅੱਜ ਉਹ ਉਸ ਦੇ ਲਈ ਖਾਣਾ ਨਹੀਂ ਬਣਾ ਸਕੀ ਕਿਉਂਕਿ ਕਾਰਪੋਰੇਟ ਅਦਾਰਿਆਂ ਰੂਪੀ ਸੱਪ ਨੇ ਉਸ ਦੀ ਰਸੋਈ ਵਿੱਚ ਜੱਫਾ ਮਾਰ ਕੇ ਅੰਨ ਉੱਤੇ ਵੀ ਕਬਜ਼ਾ ਕਰ ਲਿਆ ਹੈ ਤਾਂ ਬਖਤਾਵਰ ਗੁੱਸੇ ਵਿੱਚ ਲਾਲ-ਪੀਲਾ ਹੁੰਦਾ ਹੋਇਆ ਦਰਸ਼ਕਾਂ ਨੂੰ ਸੰਬੋਧਿਤ ਹੁੰਦਾ ਕਹਿੰਦਾ ਹੈ ਕਿ ਮੁਨਾਫਾਖੋਰ ਪੂੰਜੀਪਤੀ ਅਦਾਰਿਆਂ ਰੂਪੀ ਇਹ ਸੱਪ ਪਿਛਲੇ ਕਾਫੀ ਸਮੇਂ ਤੋਂ ਕਦੇ ਉਸ ਦੇ ਖੇਤਾਂ ਵਿੱਚ ਅਤੇ ਕਦੇ ਤੂੜੀ ਵਾਲੇ ਕੋਠੇ ਵਿਚ ਵੜ ਕੇ ਉਸ ਦੀ ਆਰਥਿਕਤਾ, ਜ਼ਿੰਦਗੀ ਅਤੇ ਘਰ-ਪਰਵਾਰ ਨੂੰ ਲੁੱਟ ਕੇ ਬਰਬਾਦ ਕਰ ਰਿਹਾ ਹੈ ਅਤੇ ਇਹ ਸੱਪ ਹੁਣ ਸਾਡੇ ਘਰਾਂ ਵਿੱਚ ਵੀ ਵੜ ਆਇਆ ਹੈ ਤਾਂ ਉਹ ਕਿੱਲੀ ਉੱਤੇ ਟੰਗੀ ਸੰਮਾਂ ਵਾਲੀ ਡਾਂਗ ਚੁੱਕ ਕੇ ਉਸ ਸੱਪ ਨੂੰ ਚੰਗੀ ਤਰ੍ਹਾਂ ਮਸਲ ਕੇ ਰੱਖ ਦਿੰਦਾ ਹੈ। ਇਹੀ ਇਸ ਨਾਟਕ ਦਾ ਕਲਾਈਮੈਕਸ ਸੀਨ ਹੈ, ਜੋ ਫੈਸਲਾਕੁਨ ਇਨਕਲਾਬੀ ਸੰਘਰਸ਼ ਰਾਹੀਂ ਕਿਸਾਨੀ ਮਸਲਿਆਂ ਦੇ ਹੱਲ ਅਤੇ ਕਿਸਾਨਾਂ ਦੇ ਜਜ਼ਬਾਤਾਂ ਦੀ ਸਹੀ ਤਰਜਮਾਨੀ ਕਰਦਾ ਹੋਇਆ ਦਰਸ਼ਕਾਂ ਨੂੰ ਸੋਚਣ ਉੱਤੇ ਮਜਬੂਰ ਕਰਦਾ ਹੈ।

ਡਾ. ਸਾਹਿਬ ਸਿੰਘ ਨੇ ਇਸ ਨਾਟਕ ਰਾਹੀਂ ਸਮੂਹ ਕਿਸਾਨਾਂ ਅਤੇ ਆਮ ਲੋਕਾਂ ਨੂੰ ਸਪੱਸ਼ਟ ਤੌਰ 'ਤੇ ਇਹ ਸੁਨੇਹਾ ਦੇਣ ਦੀ ਸਫਲ ਕੋਸ਼ਿਸ਼ ਕੀਤੀ ਹੈ ਕਿ ਵੱਡੇ ਮੁਨਾਫਾਖੋਰ ਕਾਰਪੋਰੇਟ ਅਦਾਰੇ, ਸਾਮਰਾਜੀ ਹਕੂਮਤਾਂ ਅਤੇ ਮੌਕਾਪ੍ਰਸਤ ਸਿਆਸਤਦਾਨਾਂ ਦੀ ਮਿਲੀਭੁਗਤ ਨਾਲ ਤੁਹਾਡੇ ਖੇਤਾਂ, ਫਸਲਾਂ ਅਤੇ ਜ਼ਮੀਨਾਂ ਨੂੰ ਹੜੱਪ ਕਰਨ ਤੋਂ ਬਾਅਦ ਤੁਹਾਡੇ ਅਨਾਜ ਅਤੇ ਘਰਾਂ ਉੱਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਦਾ ਵਿਰੋਧ ਕਰਨ ਲਈ ਤੁਹਾਨੂੰ ਸੰਮਾਂ ਵਾਲੀ ਡਾਂਗ ਚੁੱਕ ਕੇ ਇਨ੍ਹਾਂ ਸੱਪ ਰੂਪੀ ਮੁਨਾਫਾਖੋਰ ਕਾਰਪੋਰੇਟ ਅਦਾਰਿਆਂ ਦਾ ਇਕਜੁੱਟ ਹੋ ਕੇ ਆਪਣੀ ਜਥੇਬੰਦਕ ਤਾਕਤ ਨਾਲ ਮੁਕਾਬਲਾ ਕਰਨਾ ਹੋਵੇਗਾ।

ਹਰ ਲੋਕਪੱਖੀ ਨਾਟਕਕਾਰ ਆਪਣੇ ਨਾਟਕ ਦੀ ਹਰ ਪੇਸ਼ਕਾਰੀ ਤੋਂ ਬਾਅਦ ਇਸ ਨੂੰ ਹੋਰ ਬਿਹਤਰ ਬਣਾਉਣ ਲਈ ਲਗਾਤਾਰ ਕੋਸ਼ਿਸ਼ ਕਰਦਾ ਰਹਿੰਦਾ ਹੈ ਅਤੇ ਦਰਸ਼ਕਾਂ ਤੋਂ ਮਿਲੇ ਸੁਝਾਵਾਂ ਉੱਤੇ ਗੌਰ ਕਰਨ ਵਿਚ ਕੋਈ ਹਿਚਕਚਾਹਟ ਮਹਿਸੂਸ ਨਹੀਂ ਕਰਦਾ। ਇਸ ਨਾਟਕ ਵਿਚ ਬਖਤਾਵਰ ਸਿੰਘ ਉੱਤੇ ਕਿਸਾਨੀ ਅੰਦੋਲਨ ਦੌਰਾਨ ਸਿਰਫ ਸਿੱਖ ਧਾਰਮਿਕ ਮਾਨਸਿਕਤਾ ਦੇ ਪ੍ਰਭਾਵ ਨੂੰ ਹੀ ਪੇਸ਼ ਕੀਤਾ ਗਿਆ ਹੈ, ਜਦਕਿ ਡਾਂਗ ਚੁੱਕਣ ਵੇਲੇ ਬਖਤਾਵਰ ਸਿੰਘ ਦੀ ਮਾਨਸਿਕਤਾ ਵਿਚ ਆਈ ਇਨਕਲਾਬੀ ਤਬਦੀਲੀ ਨੂੰ ਸ਼ਹੀਦ ਭਗਤ ਸਿੰਘ ਅਤੇ ਗਦਰੀ ਬਾਬਿਆਂ ਦੀ ਇਨਕਲਾਬੀ ਵਿਚਾਰਧਾਰਾ ਦੇ ਪ੍ਰਸੰਗ ਵਿਚ ਵੀ ਪੇਸ਼ ਕੀਤਾ ਜਾ ਸਕਦਾ ਸੀ, ਕਿਉਂਕਿ ਪੰਜਾਬ ਦਾ ਕਿਸਾਨ-ਮਜ਼ਦੂਰ ਚਾਹੇ ਕਿਸੇ ਵੀ ਧਰਮ, ਜਾਤ ਜਾਂ ਵਰਗ ਨਾਲ ਸੰਬੰਧਤ ਹੋਵੇ, ਧਾਰਮਿਕ ਮਾਨਸਿਕਤਾ ਦੇ ਨਾਲ-ਨਾਲ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ ਅਤੇ ਗਦਰੀ ਬਾਬਿਆਂ ਦੀ ਇਨਕਲਾਬੀ ਵਿਚਾਰਧਾਰਾ ਤੋਂ ਵੀ ਬਰਾਬਰ ਦਾ ਪ੍ਰਭਾਵਿਤ ਰਿਹਾ ਹੈ। ਸੋਲੋ ਨਾਟਕ ਹੋਣ ਕਾਰਨ ਇਸ ਨਾਟਕ ਵਿਚ ਨਾਟਕੀ ਕਲਾ ਦੀ ਜਗ੍ਹਾ ਵਾਰਤਾਰੂਪੀ ਪ੍ਰਭਾਵ ਉੱਭਰਦਾ ਜ਼ਿਆਦਾ ਵਿਖਾਈ ਦਿੰਦਾ ਹੈ, ਜਦਕਿ ਇਸ ਵਿਚ ਘੱਟੋ-ਘੱਟ ਦੋ ਜਾਂ ਤਿੰਨ ਹੋਰ ਕਲਾਕਾਰਾਂ ਨੂੰ ਸ਼ਾਮਲ ਕਰਕੇ ਨਾਟਕ ਵਿਚਲੇ ਵੱਖ-ਵੱਖ ਕਿਰਦਾਰਾਂ ਅਤੇ ਪੇਸ਼ਕਾਰੀ ਨੂੰ ਹੋਰ ਵੀ ਦਿਲਚਸਪ, ਖ਼ੂਬਸੂਰਤ ਅਤੇ ਪ੍ਰਭਾਵਸ਼ਾਲੀ ਬਣਾਇਆ ਜਾ ਸਕਦਾ ਹੈ।

ਕੁੱਲ ਮਿਲਾ ਕੇ ਇਹ ਨਾਟਕ ਮੌਜੂਦਾ ਸਾਮਰਾਜੀ ਹਕੂਮਤਾਂ ਅਤੇ ਵੱਡੇ ਕਾਰਪੋਰੇਟ ਅਦਾਰਿਆਂ ਦੀਆਂ ਕਿਸਾਨ ਵਿਰੋਧੀ ਨੀਤੀਆਂ ਦੇ ਖਿਲਾਫ ਕਿਸਾਨਾਂ ਨੂੰ ਜਥੇਬੰਦਕ ਸੰਘਰਸ਼ ਕਰਨ ਦਾ ਸਪੱਸ਼ਟ ਸੁਨੇਹਾ ਦੇਣ ਅਤੇ ਦਰਸ਼ਕਾਂ ਦੇ ਮਨਾਂ ਵਿਚ ਅਮਿੱਟ ਛਾਪ ਛੱਡਣ ਵਿੱਚ ਪੂਰੀ ਤਰ੍ਹਾਂ ਕਾਮਯਾਬ ਰਿਹਾ ਹੈ ਅਤੇ ਇਸ ਲਈ ਡਾ. ਸਾਹਿਬ ਸਿੰਘ ਮੁਬਾਰਕਬਾਦ ਦਾ ਹੱਕਦਾਰ ਹੈ।

**—ਸੁਮੀਤ ਸਿੰਘ**

# ਨਿਰਦੋਸ਼ ਦੀ ਪੁਸਤਕ ਲੋਕ ਅਰਪਣ



**ਸਰੀ**-ਪ੍ਰਸਿੱਧ ਪੰਜਾਬੀ ਸਾਹਿਤਕਾਰ ਗਿਆਨੀ ਕੇਵਲ ਸਿੰਘ ਨਿਰਦੋਸ਼ ਦੀ ਪੁਸਤਕ 'ਵਿਚਿ ਬਾਣੀ ਅੰਮ੍ਰਿਤੁ ਸਾਰੇ' ਲੋਕ ਅਰਪਣ ਕਰਨ ਲਈ ਖਾਲਸਾ ਲਾਇਬ੍ਰੇਰੀ ਸਰੀ ਵਿਖੇ ਸਮਾਗਮ ਕਰਵਾਇਆ ਗਿਆ। ਸਮਾਗਮ ਦਾ ਆਗਾਜ਼ ਕਰਦਿਆਂ ਪ੍ਰੋਗਰਾਮ ਦੇ ਸੰਚਾਲਕ ਡਾ. ਰਮਿੰਦਰ ਕੰਗ ਨੇ ਸਭ ਦਾ ਸਵਾਗਤ ਕੀਤਾ ਅਤੇ ਦੱਸਿਆ ਕਿ ਇਹ ਪੁਸਤਕ ਗਿਆਨੀ ਕੇਵਲ ਸਿੰਘ ਨਿਰਦੋਸ਼ ਦੀਆਂ ਪਹਿਲੀਆਂ ਕਿਰਤਾਂ ਦਾ ਸੰਗ੍ਰਹਿ ਹੈ। ਪੁਸਤਕ ਬਾਰੇ ਬੋਲਦਿਆਂ ਹਰਸ਼ਰਨ ਕੌਰ ਨੇ ਕਿਹਾ ਕਿ ਇਸ ਵੱਡ-ਆਕਾਰੀ ਪੁਸਤਕ ਵਿਚ ਗਿਆਨੀ ਜੀ ਨੇ ਗੁਰਬਾਣੀ ਦੀ ਵਿਆਖਿਆ ਕਾਵਿ ਰੂਪ ਵਿਚ ਕੀਤੀ ਹੈ ਅਤੇ ਉਨ੍ਹਾਂ ਦੀ ਕਾਵਿ ਕਲਾ ਵਿਚ ਮੁਹਾਰਤ ਦੀ ਇਹ ਇਕ ਉੱਤਮ ਰਚਨਾ ਹੈ। ਮਨਜੀਤ ਕੌਰ ਕੰਗ ਨੇ ਕਿਹਾ ਕਿ ਗੁਰਬਾਣੀ ਦੀ ਵਿਆਖਿਆ ਕਾਵਿ ਰੂਪ ਵਿਚ ਬਹੁਤ ਸਰਲ ਸ਼ਬਦਾਂ ਕਰਕੇ ਗਿਆਨੀ ਜੀ ਨੇ ਪੰਜਾਬੀ ਪਾਠਕਾਂ ਲਈ ਅਨਮੋਲ ਤੋਹਫ਼ਾ ਦਿੱਤਾ ਹੈ। ਪ੍ਰਸਿੱਧ ਸ਼ਾਇਰ ਮੋਹਨ ਗਿੱਲ ਨੇ ਕਿਹਾ ਕਿ ਗਿਆਨੀ ਕੇਵਲ ਸਿੰਘ ਨਿਰਦੋਸ਼ ਦੀ ਜੀਵਨ ਸ਼ੈਲੀ ਗੁਰਬਾਣੀ 'ਤੇ ਆਧਾਰਤ ਹੈ। ਉਨ੍ਹਾਂ ਆਪਣਾ ਸਮੁੱਚਾ ਜੀਵਨ ਗੁਰਬਾਣੀ ਅਨੁਸਾਰ ਉਸਾਰਿਆ ਹੈ। ਪਿੰਗਲ ਅਰੂਜ਼ ਦੇ ਉਹ ਮਾਹਰ ਹਨ ਅਤੇ ਉਨ੍ਹਾਂ ਦੀ ਇਹ ਪੁਸਤਕ ਪੰਜਾਬੀ ਸਾਹਿਤ ਜਗਤ ਲਈ ਵੱਡਮੁੱਲੀ ਦੇਣ ਹੈ।

ਜਰਨੈਲ ਸਿੰਘ ਸੇਖਾ, ਚਮਕੌਰ ਸਿੰਘ ਸੇਖੋਂ, ਅਮਰੀਕ ਪਲਾਹੀ ਅਤੇ ਸਤੀਸ਼ ਗੁਲਾਟੀ ਨੇ ਇਸ ਪੁਸਤਕ ਲਈ ਗਿਆਨੀ ਕੇਵਲ ਸਿੰਘ ਨਿਰਦੋਸ਼ ਨੂੰ ਮੁਬਾਰਕਬਾਦ ਦਿੱਤੀ। ਮੀਨੂੰ ਬਾਵਾ ਨੇ ਆਪਣੀ ਸੁਰੀਲੀ ਆਵਾਜ਼ ਵਿਚ ਗਿਆਨੀ ਕੇਵਲ ਸਿੰਘ ਨਿਰਦੋਸ਼ ਦਾ ਗੀਤ ਪੇਸ਼ ਕੀਤਾ।

ਗਿਆਨੀ ਕੇਵਲ ਸਿੰਘ ਨਿਰਦੋਸ਼ ਨੇ ਇਸ ਸੰਗ੍ਰਹਿ ਬਾਰੇ ਦੱਸਦਿਆਂ ਕਿਹਾ ਕਿ ਲਖਜੀਤ ਸਿੰਘ ਸਾਰੰਗ ਦੇ ਵਿਸ਼ੇਸ਼ ਸੁਝਾਅ ਅਤੇ ਸਹਿਯੋਗ ਸਦਕਾ ਇਹ ਪੁਸਤਕ ਪਾਠਕਾਂ ਤੀਕ ਪਹੁੰਚੀ ਹੈ। ਉਨ੍ਹਾਂ ਗੁਰਬਾਣੀ ਬਾਰੇ ਵਡਮੁੱਲੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਕਵਿਤਾ ਦੇ ਅੱਖਰੀ ਅਰਥ ਕਦੇ ਨਹੀਂ ਕੀਤੇ ਜਾ ਸਕਦੇ, ਭਾਵ-ਅਰਥ ਕੀਤੇ ਜਾ ਸਕਦੇ ਹਨ। ਕਵਿਤਾ ਦੀ ਵਿਆਖਿਆ ਕਰਨ ਨਾਲ ਕਵਿਤਾ ਕਵਿਤਾ ਨਹੀਂ ਰਹਿੰਦੀ। ਉਨ੍ਹਾਂ ਇਸ ਪੁਸਤਕ ਰਾਹੀਂ ਸੁਖਮਨੀ ਸਾਹਿਬ, ਭੱਟਾਂ ਦੇ ਸਵੱਈਏ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਭਾਵ-ਅਰਥਾਂ ਕਵਿਤਾ ਦੇ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਪਾਠਕ ਇਸ ਯਤਨ ਨੂੰ ਭਰਪੂਰ ਹੁੰਗਾਰਾ ਦੇਣਗੇ।

**—ਹਰਦਮ ਮਾਨ**

# ਹਰਭਜਨ ਖੇਮਕਰਨੀ ਨਾਲ ਰੂ-ਬ-ਰੂ

**ਅੰਮ੍ਰਿਤਸਰ**-ਪੰਜਾਬੀ ਸਾਹਿਤਕ ਜਥੇਬੰਦੀ ਜਨਵਾਦੀ ਲੇਖਕ ਸੰਘ ਅਤੇ ਅੰਮ੍ਰਿਤਸਰ ਸਰਹੱਦੀ ਸਾਹਿਤ ਸਭਾ ਵੱਲੋਂ ਅਰੰਭੀ "ਲੇਖਕਾਂ ਸੰਗ ਸੰਵਾਦ" ਸਮਾਗਮਾਂ ਦੀ ਲੜੀ ਤਹਿਤ ਅੱਜ ਏਥੇ ਬਜ਼ੁਰਗ ਸਾਹਿਤਕਾਰ ਹਰਭਜਨ ਸਿੰਘ ਖੇਮਕਰਨੀ ਨਾਲ ਉਹਨਾਂ ਦੇ ਗ੍ਰਹਿ ਵਿਖੇ ਸਾਹਿਤਕ ਮਿਲਣੀ ਦਾ ਆਯੋਜਨ ਕੀਤਾ ਗਿਆ। ਸਮਾਗਮ ਦੇ ਕਨਵੀਨਰ ਦੀਪ ਦੇਵਿੰਦਰ ਸਿੰਘ ਨੇ ਸਵਾਗਤੀ ਸ਼ਬਦ ਕਹਿੰਦਿਆਂ ਕਿਹਾ ਕਿ ਅਜਿਹੇ ਸਮਾਗਮਾਂ ਦੀ ਪਿਰਤ ਜਿੱਥੇ ਲੇਖਕ ਦਾ ਮਾਣ-ਸਨਮਾਨ ਦਾ ਸਬੱਬ ਬਣਦੇ ਹਨ, ਉੱਥੇ ਲੇਖਕ ਦੇ ਆਪਣੇ ਪਰਵਾਰ ਅਤੇ ਸਾਹਿਤਕ ਪਰਵਾਰ ਦਾ ਆਪਸੀ ਤਾਲਮੇਲ ਬਣਾਉਣ ਲਈ ਸਭ ਤੋਂ ਉੱਤਮ ਜ਼ਰੀਆ ਵੀ ਬਣਦੇ ਹਨ। ਵੇਲਾ-ਕੁਵੇਲਾ, ਕੋਕੂਨ ਵਿਚਲਾ ਮਨੁੱਖ, ਦਿਸ਼ਾ ਬਦਲਦੀ ਹਵਾ, ਥਿੰਦਾ ਘੜਾ ਅਤੇ ਖਰੂਦੀ ਪੈੜਾਂ ਆਦਿ ਕਹਾਣੀ ਸੰਗ੍ਰਹਿਆਂ ਦੇ ਰਚੇਤਾ ਹਰਭਜਨ ਖੇਮਕਰਨੀ ਨੇ ਕਿਹਾ ਕਿ ਬੇਸ਼ੱਕ ਉਹ ਬਾਰਡਰ ਏਰੀਆ ਦੇ ਜੰਮਪਲ ਹੋਣ ਦੇ ਨਾਲ-ਨਾਲ ਭਾਰਤੀ ਫੌਜ ਦੇ ਸੇਵਾਕਾਲ ਦੌਰਾਨ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਚਰਦੇ ਰਹੇ, ਫਿਰ ਵੀ ਸਾਹਿਤ ਅਤੇ ਸਾਹਿਤਕਾਰ ਦੇ ਸੰਗ-ਸਾਥ ਨੇ ਉਹਨਾਂ ਨੂੰ ਚੰਗਾ ਲੇਖਕ ਬਣਨ ਲਈ ਅਹਿਮ ਭੂਮਿਕਾ ਨਿਭਾਈ।



ਮਨਮੋਹਨ ਬਾਸਰਕੇ ਨੇ ਇਸ ਮੌਕੇ ਕਿਹਾ ਕਿ ਹਰਭਜਨ ਖੇਮਕਰਨੀ ਮਿੰਨੀ ਕਹਾਣੀ ਦੇ ਮੋਢੀ ਲੇਖਕਾਂ ਵਜੋਂ ਜਾਣੇ ਜਾਂਦੇ ਹਨ। ਹਰਜੀਤ ਸਿੰਘ ਸੰਧੂ ਅਤੇ ਸੁਮੀਤ ਸਿੰਘ ਨੇ ਕਿਹਾ ਕਿ ਖੇਮਕਰਨੀ ਸਾਹਿਬ ਵਾਲੀ ਪੀੜ੍ਹੀ ਨੇ ਨਵੇਂ ਲੇਖਕਾਂ ਨੂੰ ਉਤਸ਼ਾਹਿਤ ਕਰਨ ਲਈ ਸਲਾਹੁਣਯੋਗ ਉਪਰਾਲੇ ਕੀਤੇ ਹਨ। ਹਰਜਿੰਦਰ ਸਿੰਘ ਕਲਸੀ ਅਤੇ ਸੁਖਬੀਰ ਖੁਰਮਣੀਆਂ ਨੇ ਸਮਾਗਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸੰਵਾਦ ਮਨੁੱਖ ਅੰਦਰ ਸਹਿਜਤਾ ਬਖਸ਼ਦੇ ਹਨ। ਅਜੀਤ ਸਿੰਘ ਨਬੀਪੁਰੀ ਨੇ ਸੱਭਿਆਚਾਰਕ ਗੀਤ ਗਾਇਆ ਅਤੇ ਮੋਹਿਤ ਸਹਿਦੇਵ ਨੇ ਆਏ ਸਾਹਿਤਕਾਰਾਂ ਦਾ ਧੰਨਵਾਦ ਕਰਦਿਆਂ ਅਜਿਹੇ ਸਮਾਗਮਾਂ ਦੀ ਨਿਰੰਤਰਤਾ ਦੀ ਹਾਮੀ ਵੀ ਭਰੀ।

# ਪਲਸ ਮੰਚ ਮਾਂ ਬੋਲੀ ਲਈ ਲਾਮਬੰਦ

**ਖੰਨਾ**-ਪੰਜਾਬ ਲੋਕ ਸੱਭਿਆਚਾਰਕ ਮੰਚ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਲਿਖਤੀ ਪ੍ਰੈੱਸ ਬਿਆਨ 'ਚ ਕਿਹਾ ਹੈ ਕਿ ਦੇਸ਼ ਦੀ ਰਾਜਧਾਨੀ ਦਿੱਲੀ ਅਤੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੋਂ ਆਕਾਸ਼ਵਾਣੀ ਨੇ ਪੰਜਾਬੀ ਖ਼ਬਰਾਂ ਦਾ ਬੁਲੇਟਿਨ ਬੰਦ ਕਰਨ ਦੀ ਹਦਾਇਤ ਕਰਕੇ ਲੋਕਾਂ ਦੀ ਮਾਂ ਬੋਲੀ ਪੰਜਾਬੀ ਦਾ ਜੋ ਗਲ ਘੁੱਟਣ ਦਾ ਕੰਮ ਕੀਤਾ ਹੈ, ਉਸ ਦਾ ਵਿਆਪਕ ਵਿਰੋਧ ਕਰਨ ਲਈ ਸਮੂਹ ਪੰਜਾਬੀਆਂ ਨੂੰ ਜੋਟੀ ਪਾ ਕੇ ਵਿਰੋਧ ਵਿਚ ਨਿੱਤਰਨ ਲਈ ਲੋੜ ਹੈ।

ਉਹਨਾਂ ਕਿਹਾ ਕਿ ਦਿੱਲੀ ਅਤੇ ਚੰਡੀਗੜ੍ਹ ਆਕਾਸ਼ਵਾਣੀ ਵਿਚ ਕੰਮ ਕਰਦੇ ਕਾਮਿਆਂ ਨੂੰ ਜਲੰਧਰ ਆਕਾਸ਼ਵਾਣੀ ਤਬਦੀਲ ਕਰਕੇ ਕੇਂਦਰੀ ਹੁਕਮਰਾਨ ਸਪੱਸ਼ਟ ਸੁਨੇਹਾ ਦੇਣਾ ਚਾਹੁੰਦੇ ਨੇ ਕਿ ਪੰਜਾਬੀ ਬੋਲਦੇ ਖੇਤਰਾਂ ਨੂੰ ਮਾਂ ਬੋਲੀ ਤੋਂ ਵਿਰਵੇ ਕਰਕੇ ਬਹੁਤ ਸੀਮਤ ਦਾਇਰੇ ਵਿਚ ਅਣਸਰਦੇ ਨੂੰ ਪੰਜਾਬੀ ਦੀ ਗੱਲ ਹੋਵੇ, ਉਂਝ ਉਥੇ ਵੀ ਪੰਜਾਬੀ ਦੇ ਪਰ ਕੁਤਰਨ ਅਤੇ ਜੜ੍ਹੀਂ ਤੇਲ ਦੇਣ ਦਾ ਹਰ ਹਰਬਾ ਵਰਤਿਆ ਜਾ ਰਿਹਾ ਹੈ। ਪਲਸ ਮੰਚ ਦੇ ਆਗੂਆਂ ਦਾ ਵਿਚਾਰ ਹੈ ਕਿ ਇਹ ਕਦਮ ਚੁੱਕਣ ਪਿੱਛੇ ਖੇਤਰੀ ਲੋਕ-ਭਾਸ਼ਾਵਾਂ, ਸਾਹਿਤ, ਸੱਭਿਆਚਾਰ ਅਤੇ ਲੋਕ-ਅਧਿਕਾਰਾਂ ਉਪਰ ਛਾਪਾ ਮਾਰਨ ਦੇ ਬਹੁਤ ਹੀ ਗੁੱਝੇ ਅਤੇ ਕੋਝੇ ਮੰਤਵ ਕੰਮ ਕਰਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਮੁਲਕ ਦੀ ਭਾਸ਼ਾਈ, ਖੇਤਰੀ ਵੰਨ-ਸੁਵੰਨਤਾ ਨੂੰ ਮੇਸ ਕੇ ਆਰ.ਐੱਸ.ਐੱਸ. ਦੀਆਂ ਘੜੀਆਂ ਸਕੀਮਾਂ ਨੇਪਰੇ ਚਾੜ੍ਹਨ ਅਤੇ ਮੁਲਕ ਨੂੰ ਫਿਰਕੂ ਫਾਸ਼ੀ ਰਾਜ ਵਿੱਚ ਮੁਕੰਮਲ ਅਤੇ ਜ਼ਾਹਰਾ ਤੌਰ 'ਤੇ ਸਥਾਪਤ ਕਰਨ ਲਈ ਭਾਜਪਾ ਹਕੂਮਤ ਜੋ ਨਾਪਾਕ ਇਰਾਦੇ ਪਾਲ ਰਹੀ ਹੈ, ਉਹ ਅਮੀਰ, ਸਾਂਝੀ ਅਤੇ ਜੁਝਾਰੂ ਵਿਰਾਸਤ ਦੇ ਵਾਰਸ ਦੇਸ਼ ਵਾਸੀ ਕਦਾਚਿਤ ਨੇਪਰੇ ਨਹੀਂ ਚੜ੍ਹਨ ਦੇਣਗੇ।

ਉਹਨਾਂ ਕਿਹਾ ਕਿ ਮਾਂ ਬੋਲੀ ਅਤੇ ਲੋਕ-ਪੱਖੀ ਸੱਭਿਆਚਾਰ ਖਿਲਾਫ ਇਹ ਕਦਮ ਨਾ ਪਹਿਲਾ ਹੈ, ਨਾ ਆਖਰੀ ਅਤੇ ਨਾ ਸਿਰਫ ਪੰਜਾਬੀ ਬੋਲੀ ਤੱਕ ਸੀਮਤ ਰਹਿਣ ਵਾਲਾ ਹੈ, ਇਹ ਵਾਰੋ-ਵਾਰੀ ਸਭਨਾਂ ਖੇਤਰੀ ਭਾਸ਼ਾਵਾਂ ਨੂੰ ਨਿਸ਼ਾਨੇ 'ਤੇ ਲਿਆਉਣ ਲਈ ਘੜੀ ਰਣਨੀਤੀ ਦਾ ਹਿੱਸਾ ਹੈ।

ਉਹਨਾਂ ਕਿਹਾ ਕਿ ਭਾਜਪਾ ਹਕੂਮਤ ਸਾਮਰਾਜੀ ਆਕਾਵਾਂ ਦੇ ਮਨੋਰਥਾਂ ਦੀ ਪੂਰਤੀ ਲਈ ਲੰਮੇ ਦਾਅ ਤੋਂ ਗੋਂਦਾਂ ਗੁੰਦਣ ਦਾ ਕੰਮ ਕਰਦੀ ਆ ਰਹੀ ਹੈ। ਉਹ ਜਿੱਥੇ ਮੁਲਕ ਦੇ ਵਿਭਿੰਨ ਰੰਗਾਂ, ਪਹਿਚਾਣਾਂ ਨੂੰ ਨਕਸ਼ੇ ਤੋਂ ਮਿਟਾ ਕੇ ਆਪਣੇ ਮਨਪਸੰਦ ਇੱਕੋ ਰੰਗ ਵਿੱਚ ਰੰਗਣਾ ਚਾਹੁੰਦੀ ਹੈ। ਦਿੱਲੀ ਅਤੇ ਚੰਡੀਗੜ੍ਹ ਤੋਂ ਪੰਜਾਬੀ ਬੋਲੀ ਵਿਚ ਖ਼ਬਰਾਂ ਦਾ ਬੁਲੇਟਿਨ ਬੰਦ ਕਰਨਾ ਉਸ ਦੀ ਹੀ ਲੜੀ ਦੀ ਇੱਕ ਕੜੀ ਹੈ। ਪਲਸ ਮੰਚ ਦੇ ਆਗੂਆਂ ਨੇ ਕਿਹਾ ਕਿ ਇਸ ਹਮਲੇ ਖਿਲਾਫ ਆਵਾਜ਼ ਬੁਲੰਦ ਕਰਨ ਲਈ ਜਿੱਥੇ ਸਾਹਿਤਕਾਰਾਂ, ਲੇਖਕਾਂ, ਬੁੱਧੀਜੀਵੀਆਂ, ਰੰਗਕਰਮੀਆਂ, ਕਵੀਆਂ ਅਤੇ ਕਲਾ ਦੇ ਵੱਖ-ਵੱਖ ਮਾਧਿਅਮਾਂ ਨਾਲ ਜੁੜੇ ਲੋਕਾਂ ਦਾ ਫਰਜ਼ ਹੈ, ਉਥੇ ਮਜ਼ਦੂਰਾਂ, ਕਿਸਾਨਾਂ, ਵਿਦਿਆਰਥੀਆਂ, ਨੌਜਵਾਨਾਂ, ਤਰਕਸ਼ੀਲਾਂ, ਇਨਸਾਫ-ਪਸੰਦ ਅਤੇ ਜਮਹੂਰੀ ਹਿੱਸਿਆਂ ਵੱਲੋਂ ਵੀ ਅਜਿਹੇ ਹੱਲਿਆਂ ਨੂੰ ਪਛਾੜਨ ਲਈ ਮੈਦਾਨ 'ਚ ਨਿੱਤਰਨਾ ਵੀ ਬਹੁਤ ਜ਼ਰੂਰੀ ਹੈ।

ਪਲਸ ਮੰਚ ਨੇ ਫੈਸਲਾ ਕੀਤਾ ਹੈ ਕਿ ਉਸ ਦੀਆਂ ਨਾਟਕ, ਗੀਤ-ਸੰਗੀਤ ਅਤੇ ਕਲਾ ਦੇ ਹੋਰਨਾਂ ਹਿੱਸਿਆਂ ਨਾਲ ਜੁੜੀਆਂ ਸੰਸਥਾਵਾਂ ਅਤੇ ਵਿਅਕਤੀ ਥਾਓਂ-ਥਾਈਂ ਪੰਜਾਬੀ ਮਾਂ ਬੋਲੀ 'ਤੇ ਕੀਤੇ ਜਾ ਰਹੇ ਘਿਨੌਣੇ ਹਮਲਿਆਂ ਖਿਲਾਫ ਜ਼ੋਰਦਾਰ ਆਵਾਜ਼ ਬੁਲੰਦ ਕਰਨਗੇ। ਇਹ ਆਵਾਜ਼ ਬੁਲੰਦ ਕਰਦਿਆਂ ਇਸ ਦੀ ਆੜ ਹੇਠ ਆਪਣੇ ਸੌੜੇ ਫਿਰਕੂ ਮਨੋਰਥਾਂ ਦੇ ਫੁਲਕੇ ਸੇਕਣ ਲਈ ਮੌਕੇ ਦੀ ਤਾੜ ਵਿੱਚ ਰਹਿੰਦੇ ਅਨਸਰਾਂ ਤੋਂ ਵੀ ਸੁਚੇਤ ਰਹਿਣ ਦਾ ਹੋਕਾ ਦਿੱਤਾ ਜਾਏਗਾ।

# 'ਸਹਿਗਲ ਨਾਵਲ ਪੁਰਸਕਾਰ' ਅਜ਼ੀਜ਼ ਸਰੋਏ ਨੂੰ

**ਪਟਿਆਲਾ**- ਪੰਜਾਬੀ ਦੇ ਉੱਘੇ ਤੇ ਵਿਲੱਖਣ ਨਾਵਲਕਾਰ ਗੁਰਮੁਖ ਸਿੰਘ ਸਹਿਗਲ ਜੀ ਦੀ ਯਾਦ ਵਿਚ ਬਣਾਏ 'ਗੁਰਮੁਖ ਸਿੰਘ ਸਹਿਗਲ ਯਾਦਗਾਰੀ ਮੰਚ' ਵੱਲੋਂ ਸਹਿਗਲ ਸਾਹਿਬ ਦੀ ਯਾਦ ਵਿਚ ਇਸ ਸਾਲ ਤੋਂ ਸ਼ੁਰੂ ਕੀਤੇ ਗਏ 'ਗੁਰਮੁਖ ਸਿੰਘ ਸਹਿਗਲ ਨਾਵਲ ਪੁਰਸਕਾਰ' ਲਈ ਉਭਰਦੇ ਨਾਵਲਕਾਰ ਅਜ਼ੀਜ਼ ਸਰੋਏ ਦੇ ਨਾਵਲ 'ਆਪਣੇ ਲੋਕ' ਨੂੰ ਚੁਣਿਆ ਗਿਆ ਹੈ। 'ਮੰਚ' ਦੇ ਕਾਰਜ-ਕਰਤਿਆਂ ਸਤਪਾਲ ਭੀਖੀ ਤੇ ਜਸਪ੍ਰੀਤ ਸਿੰਘ ਜਗਰਾਓਂ ਨੇ ਦੱਸਿਆ ਕਿ ਇਸ ਪੁਰਸਕਾਰ ਲਈ 'ਮੰਚ' ਨੂੰ ਦਰਜਨ ਦੇ ਕਰੀਬ ਨਾਵਲ ਪ੍ਰਾਪਤ ਹੋਏ ਤੇ ਕੁਝ ਨਾਵਲ 'ਮੰਚ' ਨੇ ਪੰਜਾਬੀ ਦੇ ਵਿਦਵਾਨਾਂ ਤੇ ਪਾਠਕਾਂ ਤੋਂ ਰਾਇ ਲੈ ਕੇ ਖ਼ੁਦ ਮੰਗਵਾ ਕੇ ਪੜ੍ਹੇ। ਇਸ ਤਰ੍ਹਾਂ ਵੀਹ ਕੁ ਨਾਵਲ ਇਕੱਠੇ ਹੋ ਗਏ। ਫਿਰ ਪੰਜਾਬੀ ਦੇ ਵਿਦਵਾਨ ਲੇਖਕਾਂ, ਆਲੋਚਕਾਂ, ਪਾਠਕਾਂ ਤੇ ਪੁਸਤਕ ਵਿਕਰੇਤਾਵਾਂ ਦੀ ਇਕ 15 ਮੈਂਬਰੀ ਜਿਊਰੀ ਬਣਾਈ ਗਈ ਅਤੇ ਉਨ੍ਹਾਂ ਤੋਂ ਅਲੱਗ-ਅਲੱਗ ਰਾਇ ਲਈ ਗਈ। ਜਿਸ ਦੇ ਆਧਾਰ 'ਤੇ ਪਹਿਲਾਂ ਪੰਜ ਤੇ ਫਿਰ ਤਿੰਨ ਨਾਵਲ ਅੰਤਿਮ ਚੋਣ ਲਈ ਚੁਣੇ ਗਏ। ਆਖ਼ਰੀ ਦੌਰ ਵਿਚ ਅੰਤਿਮ ਪੰਜ ਮੈਂਬਰੀ ਕਮੇਟੀ ਵੱਲੋਂ 'ਆਪਣੇ ਲੋਕ' ਨੂੰ ਸਰਬਸੰਮਤੀ ਨਾਲ ਚੁਣ ਲਿਆ ਗਿਆ।

ਜ਼ਿਕਰਯੋਗ ਹੈ ਕਿ ਇਹ ਨਾਵਲ ਦੇਸ਼ ਵੰਡ ਦੇ ਉਰਾਰ-ਪਾਰ ਫੈਲੇ ਕੈਨਵਸ ਉਤੇ ਨਾ ਕੇਵਲ ਪੀਢੀਆਂ ਲੋਕ ਸਾਂਝਾਂ ਤੇ ਲੋਕ ਸੰਘਰਸ਼ਾਂ ਦੀ ਬਾਤ ਪਾਉਂਦਾ ਹੈ, ਸਗੋਂ ਤਤਕਾਲ ਦੀਆਂ ਜਮਾਤੀ ਤੇ ਸੁਧਾਰ ਲਹਿਰਾਂ ਦੇ ਸਰੂਪਾਂ ਤੇ ਪ੍ਰਭਾਵਾਂ ਨੂੰ ਵੀ ਆਪਣੇ ਕਲਾਵੇ ਵਿਚ ਲੈਂਦਾ ਹੈ। ਨਾਵਲ ਦੀ ਬੋਲੀ, ਸ਼ੈਲੀ ਮੁਹਾਵਰੇਦਾਰ ਤੇ ਠੇਠ ਪੇਂਡੂ ਰੰਗ ਵਿਚ ਰੰਗੀ ਹੋਈ ਹੈ। ਅਸਲ ਵਿਚ ਇਹ ਨਾਵਲ ਕੁਝ ਪਾਤਰਾਂ ਦੀ ਨਹੀਂ, ਸਗੋਂ ਦੇਸ਼ ਵੰਡ ਦਾ ਸੰਤਾਪ ਭੋਗਣ ਵਾਲੇ ਕਰੋੜਾਂ ਆਮ ਲੋਕਾਂ ਦੀ ਕਹਾਣੀ ਹੈ। ਇਹੀ ਕਾਰਨ ਹੈ ਕਿ ਇਹ ਨਾਵਲ ਪਾਕਿਸਤਾਨ ਵਿਚ ਵੀ ਸ਼ਾਹਮੁਖੀ ਵਿਚ ਲਿਪੀਅੰਤਰ ਹੋ ਕੇ ਛਪਿਆ ਤੇ ਮਕਬੂਲ ਹੋਇਆ ਹੈ। ਅਜ਼ੀਜ਼ ਸਰੋਏ 2011 ਤੋਂ ਨਾਵਲਕਾਰੀ ਕਰ ਰਿਹਾ ਹੈ ਤੇ ਇਹ ਉਸਦਾ ਤੀਜਾ ਨਾਵਲ ਹੈ। ਉਸ ਦੇ ਪਹਿਲੇ ਦੋ ਨਾਵਲ ਹਨ- 'ਹਨੇਰੀ ਰਾਤ ਦੇ ਜੁਗਨੂੰ' ਤੇ 'ਕੇਹੀ ਵਗੇ ਹਵਾ'। ਨਾਵਲ ਦੀਆਂ ਉਪਰੋਕਤ ਖ਼ੂਬੀਆਂ ਤੋਂ ਇਲਾਵਾ ਲੇਖਕ ਦਾ ਲਗਾਤਾਰ ਅਣਗੌਲਿਆ ਰਹਿਣਾ ਵੀ ਇਸ ਚੋਣ ਪਿੱਛੇ ਇਕ ਅਹਿਮ ਕਾਰਨ ਰਿਹਾ ਹੈ। ਪੁਰਸਕਾਰ ਅਗਲੇ ਦਿਨੀਂ ਪਟਿਆਲਾ ਵਿਖੇ ਇਕ ਸਾਦਾ ਸਾਹਿਤਕ ਸਮਾਗਮ ਕਰ ਕੇ ਅਦਾ ਕੀਤਾ ਜਾਵੇਗਾ।

# ਭੂਸ਼ਨ ਧਿਆਨਪੁਰੀ ਯਾਦਗਾਰੀ ਐਵਾਰਡ ਅੰਬਰੀਸ਼ ਨੂੰ

**ਖਰੜ**-ਸੁਰ ਸਾਂਝ ਕਲਾ ਮੰਚ ਖਰੜ ਵੱਲੋਂ "ਭੂਸ਼ਨ ਧਿਆਨਪੁਰੀ ਯਾਦਗਾਰੀ ਵਾਰਤਕ ਐਵਾਰਡ" ਸ਼ੁਰੂ ਕੀਤਾ ਜਾ ਰਿਹਾ ਹੈ। ਪਹਿਲਾ ਪੁਰਸਕਾਰ ਉੱਘੇ ਲੇਖਕ ਡਾ. ਅੰਬਰੀਸ਼ ਨੂੰ ਦਿੱਤਾ ਜਾ ਰਿਹਾ। ਸੰਸਥਾ ਦੇ ਪ੍ਰਧਾਨ ਸੁਰਜੀਤ ਸੁਮਨ, ਜਨਰਲ ਸਕੱਤਰ ਜਗਦੀਪ ਸਿੱਧੂ, ਸਰਪ੍ਰਸਤ ਸੁਖਵਿੰਦਰ ਕੰਬੋਜ ਤੇ ਚੋਣ ਕਮੇਟੀ ਪ੍ਰਧਾਨ ਬਲੀਜੀਤ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਕਿਹਾ ਕਿ "ਪੁਰਸਕਾਰ ਦਾ ਮਿਆਰ ਕਾਇਮ ਰੱਖਿਆ ਜਾਏਗਾ; ਬਕਾਇਦਾ ਕਮੇਟੀ ਇਸ ਪੁਰਸਕਾਰ ਦੀ ਚੋਣ ਕਰੇਗੀ ; ਇਸ ਵਿਚ 21 ਹਜ਼ਾਰ ਰੁਪਏ ਸਨਮਾਨ ਪੱਤਰ ਤੇ ਸਨਮਾਨ ਚਿੰਨ੍ਹ ਦਿੱਤਾ ਜਾਵੇਗਾ। ਇਸ ਇਨਾਮ ਤੋਂ ਸ਼ੁਰੂ ਹੋ ਕੇ ਇਹ ਸਿਲਸਿਲਾ ਹੋਰ ਇਨਾਮਾਂ, ਵਿਧਾਵਾਂ ਤੱਕ ਫੈਲੇਗਾ। ਉਹਨਾਂ ਅੱਗੇ ਕਿਹਾ ਕਿ "ਡਾ. ਅੰਬਰੀਸ਼ ਨੇ ਗੌਰਮਿੰਟ ਮੈਡੀਕਲ ਕਾਲਜ ਅੰਮ੍ਰਿਤਸਰ ਤੋਂ ਐੱਮ.ਬੀ.ਬੀ.ਐੱਸ, ਐੱਮ.ਡੀ. ਦੀਆਂ ਡਿਗਰੀਆਂ ਹਾਸਲ ਕੀਤੀਆਂ, ਇਸੇ ਕਾਲਜ ਤੋਂ ਫੇਰ ਪ੍ਰੋਫੈਸਰ, ਮੁਖੀ ਪੀਡਿਆਟ੍ਰਿਕਸ ਵਿਭਾਗ ਤੇ ਬਾਅਦ ਵਿਚ ਪ੍ਰਿੰਸੀਪਲ ਵਜੋਂ ਸੇਵਾ ਮੁਕਤ ਹੋਏ। ਉਹਨਾਂ ਦੇ ਛੇ ਕਾਵਿ ਸੰਗ੍ਰਹਿ ਤੇ ਇਕ ਸਫਰਨਾਮਾ ਛਪ ਚੁੱਕਾ ਹੈ। ਕਵਿਤਾਵਾਂ ਅੰਗਰੇਜ਼ੀ, ਹਿੰਦੀ, ਮਲਿਆਲਮ 'ਚ ਅਨੁਵਾਦ ਹੋ ਕੇ ਪ੍ਰਕਾਸ਼ਤ ਹੋ ਚੁੱਕੀਆਂ ਹਨ। ਨਿਬੰਧਾਂ ਦੀ ਕਿਤਾਬ 'ਘਾੜਤਾ' ਛਪਾਈ ਅਧੀਨ ਹੈ। ਇਹਨਾਂ ਦੇ ਸੈਂਕੜੇ ਲੇਖ ਪੰਜਾਬੀ ਟ੍ਰਿਬਿਊਨ, ਫਿਲਹਾਲ, ਸੰਖ, ਹੁਣ ਆਦਿ ਅਖਬਾਰਾਂ, ਰਸਾਲਿਆਂ ਵਿਚ ਛਪ ਚੁੱਕੇ ਹਨ। ਇਹ ਪੁਰਸਕਾਰ ਜੁਲਾਈ ਮਹੀਨੇ ਵਿਚ ਇਕ ਸਮਾਗਮ ਦੌਰਾਨ ਪ੍ਰਦਾਨ ਕੀਤਾ ਜਾਵੇਗਾ।"



# ਪੰਜਾਬੀ ਭਾਸ਼ਾ ਉਪਰ ਗਿਣੀ-ਮਿੱਥੀ ਸਾਜ਼ਿਸ਼ ਅਧੀਨ ਹਮਲਾ

**ਚੰਡੀਗੜ੍ਹ**-ਪਿਛਲੇ ਸੱਤ ਦਹਾਕਿਆਂ ਤੋਂ ਦੇਸ਼ ਦੀ ਰਾਜਧਾਨੀ ਦਿੱਲੀ ਅਤੇ ਸਾਢੇ ਪੰਜ ਦਹਾਕਿਆਂ ਤੋਂ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਚ ਕੇਂਦਰ ਸਰਕਾਰ ਦੇ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਅਧੀਨ ਚੱਲਦੇ ਪ੍ਰਸਾਰ ਭਾਰਤੀ ਵੱਲੋਂ ਅਕਾਸ਼ਵਾਣੀ 'ਤੇ ਪੜ੍ਹੀਆਂ ਜਾਂਦੀਆਂ ਪੰਜਾਬੀ ਖਬਰਾਂ ਦਾ ਬੁਲੇਟਨ ਬੰਦ ਕਰਕੇ ਪੰਜਾਬੀ ਦੀਆਂ ਖਬਰਾਂ ਪੜ੍ਹਨ ਵਾਲੇ ਅਮਲੇ-ਫੈਲੇ ਨੂੰ ਜਲੰਧਰ ਤਬਦੀਲ ਕਰਨ ਦੇ ਫੈਸਲੇ ਨੂੰ ਮੰਦਭਾਗਾ ਅਤੇ ਚਿੰਤਾਜਨਕ ਕਰਾਰ ਦਿੰਦੇ ਇਪਟਾ, ਪੰਜਾਬ ਦੇ ਪ੍ਰਧਾਨ ਨਾਟਕਕਾਰ ਅਤੇ ਨਾਟ-ਨਿਰਦੇਸ਼ਕ ਸੰਜੀਵਨ ਸਿੰਘ ਨੇ ਕਿਹਾ ਕਿ ਇਹ ਪੰਜਾਬੀ ਭਾਸ਼ਾ ਉਪਰ ਗਿਣੀ-ਮਿੱਥੀ ਸਾਜ਼ਿਸ਼ ਅਧੀਨ ਕੀਤਾ ਹਮਲਾ ਹੈ, ਜਿਸ ਨੂੰ ਪੰਜਾਬੀ ਹਰਗਿਜ਼ ਵੀ ਬਰਦਾਸ਼ਤ ਨਹੀਂ ਕਰਨਗੇ।

ਇਪਟਾ,ਪੰਜਾਬ ਦੇ ਸਕੱਤਰ ਇੰਦਰਜੀਤ ਰੂਪੋਵਾਲੀ, ਇਪਟਾ, ਚੰਡੀਗੜ੍ਹ ਦੇ ਪ੍ਰਧਾਨ ਬਲਕਾਰ ਸਿੱਧੂ ਤੇ ਜਨਰਲ ਸਕੱਤਰ ਕੰਵਲ ਨੈਣ ਸਿੰਘ ਸੇਖੋਂ ਅਤੇ ਇਪਟਾ ਕਾਰਕੁਨ ਰਾਬਿੰਦਰ ਸਿੰਘ ਰੱਬੀ, ਅਮਨ ਭੋਗਲ, ਦਲਬਾਰ ਸਿੰਘ, ਹਰਜੀਤ ਕੈਂਥ, ਡਾ. ਕੁਲਦੀਪ ਦੀਪ, ਡਾ. ਸੁਰੇਸ਼ ਮਹਿਤਾ, ਗੁਰਵਿੰਦਰ ਸਿੰਘ, ਕਿਰਤੀ ਕਿਰਪਾਲ, ਬਿੱਟੂ ਔਲਖ, ਗੁਰਮੀਤ ਪਾਹੜਾ, ਬਲਬੀਰ ਮੂਦਲ, ਗਮਨੂ ਬਾਂਸਲ, ਡਾ. ਹਰਭਜਨ ਸਿੰਘ, ਨਰਿੰਦਰ ਨੀਨਾ, ਅਸ਼ੋਕ ਪੁਰੀ ਨੇ ਅਕਾਸ਼ਵਾਣੀ 'ਤੇ ਪੜ੍ਹੀਆਂ ਜਾਂਦੀਆਂ ਪੰਜਾਬੀ ਖਬਰਾਂ ਦਾ ਬੁਲੇਟਨ ਬੰਦ ਕਰਨ ਦੇ ਫੈਸਲੇ ਦੀ ਨਿਖੇਧੀ ਕਰਦੇ ਕਿਹਾ ਕਿ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦਾ ਇਹ ਨਾਦਰਸ਼ਾਹੀ ਹੁਕਮ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਘਾਤਿਕ ਅਤੇ ਜੜ੍ਹੀਂ ਤੇਲ ਦੇਣ ਵਾਲਾ ਹੈ।

ਮਹਿਕਮੇ ਨੂੰ ਇਸ ਫੈਸਲੇ ਉਪਰ ਮੁੜ ਤੋਂ ਵਿਚਾਰ ਕਰਨਾ ਚਾਹੀਦਾ ਹੈ।

**— ਰਾਬਿੰਦਰ ਸਿੰਘ ਰੱਬੀ**

# ਸਮਕਾਲ

## ਹੁਣ : ਮਈ-ਅਗਸਤ 2023




ਇਸ ਚੁਮਾਹੀ ਪਰਚੇ ਦਾ ਇਹ ਛਿਆਲੀਵਾਂ ਅੰਕ ਹੈ। ਇੱਕ ਪਰਚਾ ਆਪਣੇ ਆਰੰਭਲੇ ਸਮੇਂ ਤੋਂ ਹੀ ਆਕਾਰ ਅਤੇ ਮਿਆਰ ਦੀ ਗੁਣਵੱਤਾ ਕਰਕੇ ਵਿਲੱਖਣ ਪਛਾਣ ਬਣਾਉਣ ਵਿੱਚ ਕਾਮਯਾਬ ਰਿਹਾ ਹੈ। ਬਹੁਤੇ ਪਾਠਕ ਇਸ ਦੇ ਨਵੇਂ ਅੰਕ ਦੀ ਉਡੀਕ ਵੀ ਕਰਦੇ ਹਨ ਅਤੇ ਪੁੱਛ-ਪੜਤਾਲ ਵੀ ਕਰਦੇ ਰਹਿੰਦੇ ਹਨ। ਸੰਪਾਦਕੀ ਹਰ ਕਿਸਮ ਦੇ ਫਾਸ਼ੀਵਾਦ ਵਿਰੁੱਧ ਲੜਨ, ਜੱਦੋ-ਜਹਿਦ ਕਰਨ, ਅੰਦਰਲੀ ਦੁਨੀਆ ਤੋਂ ਬਾਹਰ ਆ ਕੇ ਜ਼ਮੀਨੀ ਹਕੀਕਤ ਨਾਲ ਜੁੜਨ ਆਦਿ ਬਾਰੇ ਬਹੁਤ ਕੁਝ ਕਹਿ ਰਹੀ ਹੈ। ਗੁਰਨਾਇਬ ਸਿੰਘ ਦੀਆਂ ਕਵਿਤਾਵਾਂ ਤਾਂ ਹਨ ਹੀ, ਨਾਲ ਹੀ ਮਨਜੀਤ ਇੰਦਰਾ ਨਾਲ ਗੱਲਾਂ ਸਿਰਲੇਖ ਹੇਠ ਮਨਜੀਤ ਇੰਦਰਾ ਦੀ ਜ਼ਿੰਦਗੀ ਬਾਰੇ ਭਰਪੂਰ ਗੱਲਾਂ ਵੀ ਹਨ, ਯਾਦਗਾਰੀ ਤਸਵੀਰਾਂ ਵੀ ਬਹੁਤ ਕੁਝ ਕਹਿੰਦੀਆਂ ਜਾਪਦੀਆਂ ਹਨ। ਕਹਾਣੀਆਂ ਵਾਲੇ ਭਾਗ ਵਿੱਚ ਫਸਲਾਂ ਦੇ ਫੈਸਲੇ (ਸੁਖਪਾਲ ਸਿੰਘ ਥਿੰਦ), ਡਲਿਵਰੀ ਮੈਨ (ਭਗਵੰਤ ਰਸੂਲਪੁਰੀ), ਪਿਆਰਾ ਨਿਹੰਗ (ਅਨੇਮਨ ਸਿੰਘ), ਫਨੀਅਰ (ਦਰਸ਼ਨ ਜੋਗਾ), ਸਿਰ ਦੇ ਵਾਲ (ਬਲੀਜੀਤ), ਚੈਪਟਰ ਕਲੋਜ਼ (ਆਗਾਜ਼ਬੀਰ), ਸ਼ਹਿਰ ਜਲ ਰਿਹਾ ਹੈ (ਜੋਗੇ ਭੰਗਲ), ਚਚੀ ਵੀਰੋ (ਦੇਵਿੰਦਰ ਕੌਰ ਗੁਰਾਇਆ), ਦੁੱਖਾਂ ਦੀ ਕੌਲੀ, ਸੁੱਖਾਂ ਦਾ ਛੱਲਾ (ਰੂਪਾ ਸਿੰਘ ਹਿੰਦੀ), ਮਹਾਂ ਘਟਨਾ (ਅਨੁਰਾਗ ਅਨੰਤ ਹਿੰਦੀ), ਬਟਵਾਰਾ (ਆਨੰਦ ਲਹਿਰ-ਹਿੰਦੀ) ਸ਼ਾਮਲ ਹਨ। ਜਸਵੰਤ ਕੰਵਲ, ਹਰਦੇਵ ਦਿਲਗੀਰ, ਹਰਭਜਨ ਬਾਜਵਾ, ਸੁਲਤਾਨਾ ਬੇਗਮ, ਪਾਤਰ, ਅਜਮੇਰ ਔਲਖ, ਮੋਹਨ ਭੰਡਾਰੀ, ਕਿਰਪਾਲ ਕਜ਼ਾਕ, ਗੁਰਭਜਨ ਗਿੱਲ ਅਤੇ ਹੋਰਾਂ ਦੀਆਂ ਵੱਖ-ਵੱਖ ਸਮਾਗਮਾਂ ਸਮੇਂ ਦੀਆਂ ਯਾਦਗਾਰੀ ਤਸਵੀਰਾਂ ਵੀ ਇਸ ਅੰਕ ਦੀ ਸ਼ੋਭਾ ਬਣੀਆਂ ਹਨ। ਜਸਬੀਰ ਭੁੱਲਰ, ਨਵਦੀਪ ਸਿੰਘ ਮੁੰਡੀ ਅਤੇ ਕੁਝ ਹੋਰ ਸ਼ਾਇਰਾਂ ਦੀਆਂ ਨਜ਼ਮਾਂ ਵੀ ਹਨ। ਰਬਾਬੀ ਭਾਈ ਛੈਲਾ ਬਾਰੇ ਜਾਣਕਾਰੀ ਹੈ। ਰਵਿੰਦਰ ਸਹਿਰਾਅ ਦੀ ਚੇਤੇ ਦੀ ਸੰਦੂਕੜੀ ਉਸ ਸਮੇਂ ਦਾ ਇਤਿਹਾਸ ਬਿਆਨ ਕਰਦੀ ਹੈ, ਜਿਸ ਬਾਰੇ ਹੁਣ ਦੀ ਨੌਜੁਆਨ ਪੀੜ੍ਹੀ ਨੂੰ ਸੂਚਿਤ ਅਤੇ ਸੁਚੇਤ ਕਰਨਾ ਜ਼ਰੂਰੀ ਹੈ। ਜਸਵੀਰ ਰਾਣਾ ਵੱਲੋਂ ਮੋਹਨ ਭੰਡਾਰੀ ਨਾਲ ਕੀਤੀ ਮੁਲਾਕਾਤ (ਆਖਰੀ) ਵੀ ਦਿਲਚਸਪ ਹੈ। ਇਹਨਾਂ ਤੋਂ ਇਲਾਵਾ ਬੂਟਾ ਸਿੰਘ ਚੌਹਾਨ, ਗੁਰਬਖਸ਼ ਭੰਡਾਲ ਅਤੇ ਹੋਰਾਂ ਦੀਆਂ ਕਲਾ-ਕਿਰਤਾਂ ਵੀ ਇਸ ਅੰਕ ਵਿੱਚ ਸ਼ਾਮਲ ਹਨ।

ਪੰਨੇ : 210, ਮੁੱਲ : 200 ਰੁਪਏ, ਮੁੱਖ ਸੰਪਾਦਕ : ਸੁਸ਼ੀਲ ਦੁਸਾਂਝ, ਸੰਪਰਕ : 102, ਦੂਜੀ ਮੰਜ਼ਲ, ਮੋਨਾ ਪੈਰਾਡਾਈਜ਼, ਸ਼ਿਵਾਲਿਕ ਸਿਟੀ, ਸੈਕਟਰ 127, ਗਰੇਟਰ ਮੋਹਾਲੀ-140301 (ਮੋ:) 98887-99870

## ਸੁਰਖ ਲੀਹ : ਮਈ-ਜੂਨ 2023

ਦੁਮਾਹੀ ਪਰਚੇ ਦੀ ਇਸ ਅੰਕ ਵਿੱਚ ਮਈ ਦਿਹਾੜੇ ਨੂੰ ਇੱਕ ਮਜ਼ਬੂਤ ਵਿਚਾਰਧਾਰਾ ਦਾ ਝੰਡਾ ਬੁਲੰਦ ਕਰਨ ਦੇ ਅਹਿਦ ਵਜੋਂ ਮਨਾਉਣ ਦੀ ਗੱਲ ਕਹੀ ਗਈ ਹੈ। ਅੰਮ੍ਰਿਤਪਾਲ ਅਤੇ ਉਸ ਦੇ ਸਾਥੀਆਂ ਖਿਲਾਫ ਹੋ ਰਹੀ ਕਾਰਵਾਈ ਨੂੰ ਫਿਰਕੂ ਰਾਸ਼ਟਰਵਾਦੀ ਬਿਰਤਾਂਤ ਸਿਰਜਣ ਦੇ ਮਨਸੂਬਿਆਂ ਵਜੋਂ ਦੇਖਿਆ ਜਾ ਰਿਹਾ ਹੈ। ਸਾਮਰਾਜਵਾਦ ਖਿਲਾਫ, ਲੋਕਾਂ ਦੇ ਸੰਘਰਸ਼ਾਂ ਦੌਰਾਨ ਫਿਰਕਾਪ੍ਰਸਤੀ ਖਿਲਾਫ ਜੂਝਣ ਬਾਰੇ ਵੀ ਜ਼ਿਕਰ ਹੈ ਇਸ ਅੰਕ ਵਿੱਚ। ਪੰਜਾਬ ਦੀ ਧਰਤੀ 'ਤੇ ਜੀ-20 ਸੰਮੇਲਨ ਅਤੇ ਉਸ ਦੇ ਹੋ ਰਹੇ ਵਿਰੋਧ ਬਾਰੇ ਵੀ ਜ਼ਿਕਰ ਹੈ। ਅਰੁੰਧਤੀ ਰਾਏ ਦਾ 'ਡਿਜੀਟਲ ਭਾਰਤ 'ਚ ਬੋਲਣ ਦੀ ਆਜ਼ਾਦੀ' ਨਾਮੀ ਮਹੱਤਵਪੂਰਨ ਲੇਖ ਵੀ ਹੈ। ਪੁਰਾਣੀ ਪੈਨਸ਼ਨ ਅਤੇ ਹੋਰ ਭਖਦੇ ਮਸਲਿਆਂ ਬਾਰੇ ਵੀ ਗੱਲ ਹੋਈ ਹੈ।

ਪੰਨੇ : 58, ਮੁੱਲ : 30 ਰੁਪਏ, ਸੰਪਾਦਕ : ਪਾਵੇਲ, ਸੰਪਰਕ : ਨਕੱਈ ਵਾਲੀ ਪਹੀ, ਪੁੱਡਾ ਕਾਲੋਨੀ, ਗਾਂਧੀ ਨਗਰ-ਰਾਮਪੁਰਾ ਫੂਲ-151103, ਜ਼ਿਲ੍ਹਾ ਬਠਿੰਡਾ (ਮੋ:) 94785-84295

*- ਹਰਜਿੰਦਰ ਅਟਵਾਲ (ਡਾ.)*

# ਪਾਠਕਾਂ ਦੇ ਝਰੋਖੇ 'ਚੋਂ

## ਪ੍ਰੋ. ਪਿਆਰਾ ਸਿੰਘ ਭੋਗਲ

28 ਮਈ ਦੇ ਨਵਾਂ ਜ਼ਮਾਨਾ ਵਿਚ 'ਦ੍ਰਿਸ਼ਟੀਕੋਣ' ਨੇ ਖਬਰਾਂ ਦੇ ਢੇਰ ਵਿਚੋਂ ਕੁਝ ਖਬਰਾਂ ਦਾ ਜ਼ਿਕਰ ਕੀਤਾ ਹੈ। ਖਬਰਾਂ ਤਾਂ ਪਲ-ਪਲ ਬਦਲਦੀਆਂ ਹਨ। ਸਮਾਂ ਤੇਜ਼ ਰਫਤਾਰੀ ਹੈ। ਦੁਨੀਆ ਬਹੁਤ ਨੇੜੇ ਹੁੰਦੀ ਜਾ ਰਹੀ ਹੈ, ਇਸ ਲਈ ਨਵਾਂ ਜ਼ਮਾਨਾ ਦੇ ਕਾਲਮਨਵੀਸ ਨੂੰ ਖਾਸ ਖਬਰਾਂ ਦੀ ਚੋਣ ਕਰਕੇ ਇਸ ਕਾਲਮ ਦੀ ਪੂਰਤੀ ਕਰਨੀ ਹੁੰਦੀ ਹੈ। ਮੀਡੀਆ ਜਿਸ ਖਬਰ ਨੂੰ ਫਲੈਸ਼ ਕਰਨੀ ਚਾਹੇ, ਉਸ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਦਾ ਹੈ। ਨਵਾਂ ਜ਼ਮਾਨਾ ਦੀ ਆਪਣੀ ਖਾਸ ਨੀਤੀ ਹੈ, ਜਿਸ ਤਹਿਤ ਲੋਕ ਮਸਲੇ ਮੋਹਰੀ ਹਨ, ਕਿਉਂਕਿ ਨਵਾਂ ਜ਼ਮਾਨਾ ਨਿਰੋਲ ਲੋਕ ਹਿੱਤਾਂ ਦੀ ਗੱਲ ਕਰਦਾ ਆ ਰਿਹਾ ਹੈ। ਪ੍ਰੋ. ਪਿਆਰਾ ਸਿੰਘ ਭੋਗਲ ਬਾਰੇ ਡਾ. ਲਖਵਿੰਦਰ ਸਿੰਘ ਜੌਹਲ ਦਾ ਲੇਖ ਵਿੱਛੜ ਗਏ ਵਿਦਵਾਨ ਸਾਹਿਤਕਾਰ ਤੇ ਜ਼ਹੀਨ ਆਲੋਚਕ ਪਿਆਰਾ ਸਿੰਘ ਭੋਗਲ ਦੀ ਜ਼ਿੰਦਗੀ ਬਾਰੇ ਚੰਗੀ ਰੌਸ਼ਨੀ ਪਾ ਗਿਆ। ਪਿਆਰਾ ਸਿੰਘ ਭੋਗਲ ਨੇ ਕਿਸੇ ਵੇਲੇ ਪੰਜਾਬੀ ਸਾਹਿਤ ਦਾ ਇਤਿਹਾਸ ਤੇ ਆਲੋਚਨਾ ਦੀ ਕਿਤਾਬ ਪੱਛਮੀ ਤੇ ਭਾਰਤੀ ਆਲੋਚਨਾ ਦੇ ਸਿਧਾਂਤ ਐਨੀ ਸੌਖੀ ਸ਼ਬਦਾਵਲੀ ਵਿਚ ਲਿਖੀ ਸੀ ਕਿ ਮੇਰੇ ਜਿਹੇ ਸ਼ਾਬਦਿਕ ਵਣਜਾਰੇ ਵੀ ਐੱਮ ਏ ਪੰਜਾਬੀ (1985) ਚੰਗੇ ਨੰਬਰ ਲੈ ਕੇ ਪਾਸ ਕਰ ਗਏ। ਪਿਆਰਾ ਸਿੰਘ ਭੋਗਲ ਵਿਦਿਆਰਥੀਆਂ ਨਾਲ ਤੇ ਪੰਜਾਬੀਆਂ ਨਾਲ ਸੱਚੀ-ਸੁੱਚੀ ਮੁਹੱਬਤ ਕਰਦੇ ਰਹੇ। ਭੋਗਲ ਸਾਹਿਬ ਪੰਜਾਬ ਨੂੰ ਖੁਸ਼ਹਾਲ ਵੇਖਣਾ ਚਾਹੁੰਦੇ ਸਨ। ਅਖਬਾਰਾਂ ਵਿਚ ਪ੍ਰੋ. ਭੋਗਲ ਦੇ ਲੇਖ ਪੜ੍ਹ ਕੇ ਰੂਹ ਖੁਸ਼ ਹੋ ਜਾਂਦੀ ਸੀ। ਡੀ ਡੀ ਪੰਜਾਬੀ (ਜਲੰਧਰ ਦੂਰਦਰਸ਼ਨ) 'ਤੇ ਵੀ ਕਈ ਵਾਰ ਪਿਆਰਾ ਸਿੰਘ ਭੋਗਲ ਪੰਜਾਬੀ ਜ਼ੁਬਾਨ ਤੇ ਪੰਜਾਬੀ ਸਾਹਿਤ ਦੀ ਚਰਚਾ ਕਰਦੇ ਰਹੇ ਹਨ। ਨਿੰਦਰ ਘੁਗਿਆਣਵੀ ਨੇ ਬਾਪੂ ਜਸੋਵਾਲ ਨੂੰ ਰੂਹ ਨਾਲ ਯਾਦ ਕੀਤਾ। ਜਸੋਵਾਲ ਨੇ ਹਰੇਕ ਨਵੇਂ ਕਲਾਕਾਰ ਨੂੰ ਪਿਆਰ ਦਿੱਤਾ। ਮੇਰੀ ਕਿਤਾਬ ਲਾਪਰਵਾਹੀ ਜ਼ਿੰਦਾਬਾਦ (ਵਿਅੰਗ) ਜਸੋਵਾਲ ਜੀ ਨੇ ਫਾਜ਼ਿਲਕਾ ਦੇ ਸੱਭਿਆਚਾਰਕ ਮੇਲੇ ਵਿਚ ਰਿਲੀਜ਼ ਕੀਤੀ ਸੀ। ਡਾ. ਦੀਪਤੀ ਨੇ ਦਵਾਈਆਂ ਦੀ ਸਨਅਤ ਬਾਰੇ ਚੰਗੀ ਜਾਣਕਾਰੀ ਦਿੱਤੀ ਹੈ। ਕਾਲਮ ਦੀ ਸ਼ਬਦਾਵਲੀ ਰੌਚਿਕ ਤੇ ਦਿਲਚਸਪ ਹੈ। ਇਸ ਵਾਰ ਮਿੰਨੀ ਕਹਾਣੀਆਂ ਨੇ ਝੰਡੇ ਗੱਡ ਦਿੱਤੇ, ਖਾਸ ਕਰਕੇ ਸਰਪਰਾਈਜ਼ ਗਿਫਟ, ਜੀ ਬੀ ਰੋਡ, ਮੈਂ ਵੀ ਹਾਂ, ਜਾਗ, ਤੂੰ ਦੱਸਿਆ ਈ ਨੀ ਚੰਗੀਆਂ ਰਚਨਾਵਾਂ ਹਨ। ਡਾ. ਕਰਮਜੀਤ ਨਡਾਲਾ ਨੇ ਨਾਵਲ 'ਚਾਣਕਿਆ' ਦੀ ਚੰਗੀ ਪੜਚੋਲ ਕੀਤੀ ਹੈ। ਇਸ ਕਿਸਮ ਦੇ ਨਾਵਲ ਮਨਮੋਹਨ ਬਾਵਾ ਨੇ ਲਿਖੇ ਹਨ। ਕੰਵਲ ਦਾ 'ਤੋਸ਼ਾਂਲੀ ਦੀ ਹੰਸੋ' ਵੀ ਇਸੇ ਵਰਗ ਦਾ ਹੈ। ਕਿਤਾਬਾਂ ਦੇ ਅੰਗ ਸੰਗ ਵਿਚ ਗੁਰਬਚਨ ਸਿੰਘ ਭੁੱਲਰ ਦੀ ਗੱਲਾਂ ਸਾਹਿਤ ਦੀਆਂ, ਲੰਡਨ ਦੂਰ ਨਹੀਂ, ਗੁਰੂ ਕੇ ਬਾਗ, ਉਹ ਲਿਖਦੇ ਹਨ ਕਿ ਇਸ ਬਾਰੇ ਪੜ੍ਹ ਕੇ ਚੰਗੀ ਜਾਣਕਾਰੀ ਮਿਲੀ। ਚਾਰੇ ਕਿਤਾਬਾਂ ਦੇ ਸਿਰਜਕ ਸਾਹਿਤ ਦੇ ਵੱਡੇ ਥੰਮ੍ਹ ਹਨ।

**—ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**

# ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਦੇਸ਼ ਭਗਤ ਗਿਆਨੀ ਊਧਮ ਸਿੰਘ ਖਨਿਆਣ (ਧਮੋਟ)-2 : ਡਾ. ਗੁਰਦੇਵ ਸਿੰਘ ਸਿੱਧੂ

ਜੁਆਨੀ ਦੇ ਮੱਥੇ ਉਗੀ ਕੈਮਰੇ ਦੀ ਅੱਖ : ਅਮੋਲਕ ਸਿੰਘ

'ਮੇਰੇ ਪਿਤਾ ਬਾਲੱਯਾ' ਦੀ ਪਰਖ ਪੜਚੋਲ : ਭਗਵੰਤ ਰੂਸਲਪੁਰੀ

ਸੋਨੀਆਪਾਲ ਦੀਆਂ ਕਵਿਤਾਵਾਂ ਅਤੇ ਹੋਰ ਬਹੁਤ ਕੁਝ

4-JUNE-PAGE-1.qxd 6/3/2023 9:51 PM Page 1

ਐਤਵਾਰ, 4 ਜੂਨ, 2023

21 ਜੇਠ { ਨਾਨਕਸ਼ਾਹੀ 555
ਬਿਕਰਮੀ 2080 }

ਜਿਲਦ/VOL. : 72

ਅੰਕ/NO. : 3

# ਨਵਾਂ ਜ਼ਮਾਨਾ

DAILY NAWAN ZAMANA • SUNDAY, 4 JUNE, 2023

ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ   Regd. No : Pb/JL-123/2021-23, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 14

## ਓਡੀਸ਼ਾ ਰੇਲ ਹਾਦਸਾ — ਮਰਨ ਵਾਲਿਆਂ ਦੀ ਗਿਣਤੀ 290 ਤੋਂ ਪਾਰ







**ਨਵੀਂ ਦਿੱਲੀ** : ਓਡੀਸ਼ਾ ਦੇ ਬਾਲਾਸੋਰ 'ਚ ਸ਼ੁੱਕਰਵਾਰ ਨੂੰ ਹੋਏ ਰੇਲ ਹਾਦਸੇ 'ਚ ਮ੍ਰਿਤਕਾਂ ਦੀ ਗਿਣਤੀ 290 ਤੋਂ ਪਾਰ ਪਹੁੰਚ ਗਈ ਹੈ। ਓਡੀਸ਼ਾ ਦੇ ਪ੍ਰਮੁੱਖ ਸਕੱਤਰ ਨੇ ਮ੍ਰਿਤਕਾਂ ਦੀ ਗਿਣਤੀ ਦੀ ਪੁਸ਼ਟੀ ਕੀਤੀ। ਓਡੀਸ਼ਾ ਦੇ ਮੁੱਖ ਸਕੱਤਰ ਪ੍ਰਦੀ ਜੇਨਾ ਨੇ ਅਧਿਕਾਰਤ ਬਿਆਨ 'ਚ ਦੱਸਿਆ ਕਿ ਬਾਲਾਸੋਰ ਰੇਲ ਹਾਦਸਾ ਦੇਸ਼ ਦੇ ਸਭ ਤੋਂ ਵੱਡੇ ਰੇਲ ਹਾਦਸਿਆਂ 'ਚੋਂ ਇੱਕ ਹੈ। ਇਸ ਹਾਦਸੇ 'ਚ ਜ਼ਖ਼ਮੀਆਂ ਦੀ ਗਿਣਤੀ 1200 ਤੱਕ ਪਹੁੰਚ ਚੁੱਕੀ ਹੈ। ਬਹੁਤ ਸਾਰੇ ਲੋਕ ਹਸਪਤਾਲਾਂ 'ਚ ਭਰਤੀ ਕਰਾਏ ਗਏ ਹਨ। ਸਥਾਨਕ ਲੋਕ ਖ਼ੂਨਦਾਨ ਲਈ ਅੱਗੇ ਆ ਰਹੇ ਹਨ। ਓਡੀਸ਼ਾ ਸਰਕਾਰ ਨੇ ਰਾਜ ਸ਼ੋਕ ਦਾ ਐਲਾਨ ਕੀਤਾ ਹੈ।

ਰੇਲ ਮੰਤਰੀ ਅਸ਼ਵਨੀ ਵੈਣਵ ਨੇ ਕਿਹਾ ਕਿ ਰੈਸਕਿਊ ਮਿਸ਼ਨ ਪੂਰਾ ਹੋ ਗਿਆ ਹੈ। ਪਰਵਾਰਕ ਮੈਂਬਰਾਂ ਨੂੰ ਸੂਚਨਾ ਦੇ ਦਿੱਤੀ ਗਈ ਹੈ। ਓਡੀਸ਼ਾ ਦੇ ਬਾਲਾਸੋਰ 'ਚ ਤਿੰਨ ਰੇਲ ਗੱਡੀਆਂ ਦੇ ਆਪਸ 'ਚ ਟਕਰਾਉਣ ਨਾਲ ਹੁਣ ਤੱਕ 290 ਲੋਕਾਂ ਦੀ ਮੌਤ ਹੋ ਚੁੱਕੀ ਹੈ। ਉਥੇ ਹੀ ਸੈਂਕੜਿਆਂ ਤੋਂ ਵੱਧ ਯਾਤਰੀ ਜਖ਼ਮੀ ਹਨ। ਕਈ ਯਾਤਰੀਆਂ ਦੀ ਹਾਲਤ ਗੰਭੀਰ ਬਣੀ ਹੋਈ ਹੈ। ਮਰਨ ਵਾਲੇ ਯਾਤਰੀਆਂ ਦੀ ਗਿਣਤੀ ਵਧ ਸਕਦੀ ਹੈ। ਜਖ਼ਮੀਆ ਦਾ ਵੱਖ-ਵੱਖ ਹਸਪਤਾਲਾਂ 'ਚ ਇਲਾਜ ਚੱਲ ਰਿਹਾ ਹੈ। ਰੇਲ ਮੰਤਰਾਲੇ ਨੇ ਉੱਚ ਪੱਧਰੀ ਜਾਂਚ ਦੇ ਆਦੇਸ਼ ਦਿੱਤੇ ਹਨ। ਐੱਨ ਡੀ ਆਰ ਐੱਫ ਦੇ ਡਾਇਰੈਕਟਰ ਜਨਰਲ ਨੇ ਰੇਲ ਹਾਦਸੇ 'ਤੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਬਹੁਤ ਦੁਖਦਾਈ ਘਟਨਾ ਹੈ, ਇੱਥੇ ਜਾਨ-ਮਾਲ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ। ਉਨ੍ਹਾ ਕਿਹਾ ਕਿ ਐੱਨ ਡੀ

● ਬਾਕੀ ਸਫ਼ਾ 10 'ਤੇ

## 'ਕਵਚ' ਵੀ ਹੋਇਆ ਫੇਲ੍ਹ

**ਨਵੀਂ ਦਿੱਲੀ** : ਓਡੀਸ਼ਾ ਰੇਲ ਹਾਦਸੇ ਨੂੰ ਲੈ ਕੇ ਮੌਜੂਦਾ ਸਮੇਂ ਦੇਸ਼ 'ਚ ਚਰਚਾ ਹੋ ਰਹੀ ਹੈ। ਇਸ ਹਾਦਸੇ 'ਚ ਲਗਭਗ 290 ਯਾਤਰੀਆਂ ਦੀ ਮੌਤ ਹੋ ਗਈ ਹੈ। ਇਹ ਘਟਨਾ ਕਿਸ ਤਰ੍ਹਾਂ ਹੋਈ, ਜਦਕਿ ਦੇਸ਼ 'ਚ ਸਾਲ 2022 'ਚ 'ਕਵਚ' ਨਾਂਅ ਦੀ ਨਵੀਂ ਸੁਰੱਖਿਆ ਤਕਨੀਕ ਨੂੰ ਲਾਗੂ ਕੀਤਾ ਗਿਆ। ਸੁਰੱਖਿਆ ਪ੍ਰਣਾਲੀ 'ਕਵਚ' ਦੀ ਖਾਸੀਅਤ ਹੈ ਕਿ ਇੱਕ ਰੇਲ ਲਾਈਨ 'ਤੇ ਦੋਵੇਂ ਪਾਸਿਓਂ ਆਉਣ ਵਾਲੀਆਂ ਰੇਲ ਗੱਡੀਆਂ ਇੱਕ ਦੂਰੀ 'ਤੇ ਆਪਣੇ ਆਪ ਰੁਕ ਜਾਣਗੀਆਂ। ਦੇਸ਼ 'ਚ ਤਿਆਰ ਰੇਲ

● ਬਾਕੀ ਸਫ਼ਾ 10 'ਤੇ

## 14 ਸਾਲ ਪਹਿਲਾਂ ਵੀ ਇਸ ਦਿਨ ਹੋਇਆ ਸੀ ਹਾਦਸਾ

**ਨਵੀਂ ਦਿੱਲੀ** : ਓਡੀਸ਼ਾ 'ਚ ਬੀਤੇ ਸ਼ੁੱਕਰਵਾਰ ਤਿੰਨ ਰੇਲ ਗੱਡੀਆਂ ਕੋਰੋਮੰਡਲ ਐੱਕਸਪ੍ਰੈੱਸ ਅਤੇ ਬੈਂਗਲੁਰੂ-ਹਾਵੜਾ ਐੱਕਸਪ੍ਰੈੱਸ ਅਤੇ ਇੱਕ ਮਾਲ ਗੱਡੀ ਦੀ ਟੱਕਰ 'ਚ ਕਈ ਜਾਨਾਂ ਚਲੀਆਂ ਗਈਆਂ। ਇਹ ਹਾਦਸਾ ਆਜ਼ਾਦੀ ਤੋਂ ਬਾਅਦ ਦੀ ਸਭ ਤੋਂ ਵੱਡੀ ਦੁਰਘਟਨਾ 'ਚੋਂ ਇੱਕ ਹੈ। ਓਡੀਸ਼ਾ 'ਚ ਕੋਰੋਮੰਡਲ ਐੱਕਸਪ੍ਰੈੱਸ 14 ਸਾਲ ਪਹਿਲਾਂ ਵੀ 2009 'ਚ ਪਟੜੀ ਤੋਂ ਉਤਰ ਗਈ ਸੀ। ਉਸ ਦਿਨ ਵੀ ਸ਼ੁੱਕਰਵਾਰ ਸੀ ਤੇ ਸਮਾਂ ਕਰੀਬ 7 ਵਜੇ ਦਾ। 2023 'ਚ ਵੀ ਸ਼ੁੱਕਰਵਾਰ ਦੇ ਦਿਨ ਹੀ ਸ਼ਾਮ 7.30 ਵਜੇ ਦੇ ਕਰੀਬ ਓਡੀਸ਼ਾ ਐੱਕਸਪ੍ਰੈੱਸ ਹਾਦਸੇ ਦਾ ਸ਼ਿਕਾਰ ਹੋਈ ਸੀ। ਬਾਲਾਸੋਰ ਦਾ ਇਹ ਰੇਲ ਹਾਦਸਾ ਪੱਛਮੀ ਬੰਗਾਲ 'ਚ 1999 'ਚ ਹੋਇਆ ਗੈਸਲ ਰੇਲ ਹਾਦਸਾ ਅਤੇ 2010 'ਚ ਹੋਏ ਗਿਆਨੇਸ਼ਵਰੀ ਹਾਦਸੇ ਤੋਂ ਵੀ ਵੱਡਾ ਤੇ ਭਿਆਨਕ ਹੈ।

## ਮਮਤਾ ਨੇ ਰੇਲਵੇ ਸੁਰੱਖਿਆ ਕਮਿਸ਼ਨ ਤੋਂ ਜਾਂਚ ਕਰਾਉਣ ਦੀ ਕੀਤੀ ਮੰਗ

**ਨਵੀਂ ਦਿੱਲੀ** : ਓਡੀਸ਼ਾ ਰੇਲ ਹਾਦਸੇ 'ਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਦੀ ਮੌਜੂਦਗੀ ਬਾਰੇ ਕਿਹਾ ਕਿ ਕੋਰੋਮੰਡਲ ਸਭ ਤੋਂ ਚੰਗੀ ਐੱਕਸਪ੍ਰੈੱਸ ਰੇਲ ਗੱਡੀਆਂ 'ਚੋਂ ਇੱਕ ਹੈ। ਮੈਂ ਤਿੰਨ ਵਾਰ ਰੇਲ ਮੰਤਰੀ ਰਹੀ। ਉਨ੍ਹਾ ਇਸ ਦੀ ਜਾਂਚ ਰੇਲਵੇ ਸੁਰੱਖਿਆ ਕਮਿਸ਼ਨ ਤੋਂ ਕਰਾਉਣ ਦੀ ਮੰਗ ਕੀਤੀ ਹੈ। ਮਮਤਾ ਸ਼ਨੀਵਾਰ ਹੀ ਬਾਲਾਸੋਰ ਘਟਨਾ ਸਥਾਨ 'ਤੇ ਪਹੁੰਚ ਗਈ ਸੀ। ਉਨ੍ਹਾ ਇਸ ਹਾਦਸੇ 'ਤੇ ਸਵਾਲ ਉਠਾਉਂਦੇ ਕਿਹਾ ਕਿ ਜਿੱਥੋਂ ਤੱਕ ਮੇਰੀ ਜਾਣਕਾਰੀ ਹੈ ਉਸ ਮੁਤਾਬਿਕ ਰੇਲ 'ਚ ਕੋਈ ਟੱਕਰ ਰੋਕੂ ਉਪਕਰਨ ਨਹੀਂ ਸੀ। ਜੇਕਰ ਡਿਵਾਇਸ ਰੇਲ ਗੱਡੀ 'ਚ ਹੁੰਦਾ ਤਾਂ ਇਹ ਹਾਦਸਾ ਨਾ ਹੁੰਦਾ। ਉਨ੍ਹਾ ਕਿਹਾ ਕਿ ਮ੍ਰਿਤਕਾਂ ਨੂੰ ਤਾਂ ਵਾਪਸ ਨਹੀਂ ਲਿਆਂਦਾ ਜਾ ਸਕਦਾ, ਪਰ ਸਾਡਾ ਕੰਮ ਬਚਾਅ ਅਭਿਆਨ ਅਤੇ ਸਥਿਤੀ ਨੂੰ

● ਬਾਕੀ ਸਫ਼ਾ 10 'ਤੇ

## ਸ਼ਾਹਬਾਜ਼ ਸ਼ਰੀਫ਼ ਨੇ ਘਟਨਾ 'ਤੇ ਦੁੱਖ ਪ੍ਰਗਟਾਇਆ

**ਇਸਲਾਮਾਬਾਦ** : ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਓਡੀਸ਼ਾ ਰੇਲ ਹਾਦਸੇ 'ਤੇ ਆਪਣਾ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾ ਭਾਰਤ 'ਚ ਰੇਲ ਹਾਦਸੇ ਵਿੱਚ ਸੈਂਕੜੇ ਲੋਕਾਂ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾ ਕਿਹਾ—ਇਸ ਤਰਾਸਦੀ 'ਚ ਆਪਣੇ ਪਰਵਾਰਕ ਮੈਂਬਰਾਂ ਨੂੰ ਗੁਆਉਣ ਵਾਲੇ ਦੁਖੀ ਪਰਵਾਰਾਂ ਪ੍ਰਤੀ ਮੇਰੀ ਡੂੰਘੀ ਸੰਵੇਦਨਾ। ਮੈਂ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਹਾਦਸੇ 'ਚ ਜ਼ਖ਼ਮੀ ਹੋਏ ਲੋਕ ਜਲਦੀ ਠੀਕ ਹੋ ਜਾਣ।

## ਬ੍ਰਿਜ ਭੂਸ਼ਣ ਖਿਲਾਫ਼ 4 ਗਵਾਹ ਆਏ ਸਾਹਮਣੇ

**ਨਵੀਂ ਦਿੱਲੀ** : ਮਹਿਲਾ ਭਲਵਾਨਾਂ ਦੇ ਜਿਨਸੀ ਸ਼ੋਸ਼ਣ ਦੇ ਦੋਸ਼ੀ ਬ੍ਰਿਜ ਭੂਸ਼ਣ ਖਿਲਾਫ਼ ਇੱਕ ਓਲੰਪਿਕ, ਇੱਕ ਰਾਸ਼ਟਰਮੰਡਲ ਸੋਨ ਤਮਗਾ ਜੇਤੂ, ਇੱਕ ਅੰਤਰਰਾਸ਼ਟਰੀ ਰੈਫਰੀ ਅਤੇ ਇੱਕ ਸਟੇਟ ਪੱਧਰੀ ਕੋਚ ਨੇ ਗਵਾਹੀ ਦਿੰਦੇ ਹੋਏ ਮਹਿਲਾ ਭਲਵਾਨਾਂ ਦੇ ਦੋਸ਼ਾਂ ਦੀ ਪੁਸ਼ਟੀ ਕੀਤੀ ਹੈ। ਬ੍ਰਿਜ ਭੂਸ਼ਣ ਖਿਲਾਫ਼ ਗਵਾਹੀ ਦੇਣ ਵਾਲਿਆਂ 'ਚ ਚਾਰ ਲੋਕ ਉਨ੍ਹਾਂ 125 ਗਵਾਹਾਂ 'ਚੋਂ ਹਨ, ਜਿਨ੍ਹਾਂ ਦੇ ਬਿਆਨ ਦਿੱਲੀ ਪੁਲਸ ਨੇ ਦਰਜ ਕੀਤੇ ਹਨ। ਪੀੜਤਾਂ 'ਚੋਂ ਇੱਕ ਨੇ ਆਪਣੇ ਕੋਚ ਨੂੰ ਬ੍ਰਿਜ ਭੂਸ਼ਣ ਬਾਰੇ ਘਟਨਾ ਤੋਂ 6 ਦਿਨ ਬਾਅਦ ਫੋਨ ਕਰਕੇ ਜਾਣਕਾਰੀ ਦੇ ਦਿੱਤੀ ਸੀ। ਮਾਮਲੇ ਦੀ ਜਾਂਚ ਕਰ ਰਹੀ ਦਿੱਲੀ ਪੁਲਸ ਨੇ ਮਹਿਲਾ ਪੁਲਸ ਮੁਲਾਜ਼ਮਾਂ ਸਮੇਤ ਵਿਸ਼ੇਸ਼ ਜਾਂਚ ਦਲ ਦਾ ਗਠਨ ਕੀਤਾ, ਜਿਸ ਨੇ ਡਬਲਯੂ ਐੱਫ ਆਈ ਤੋਂ ਉਨ੍ਹਾਂ ਲੋਕਾਂ ਬਾਰੇ ਜਾਣਕਾਰੀ ਮੰਗੀ, ਜੋ ਉਸ ਟੂਰਨਾਮੈਂਟ 'ਚ ਮੌਜੂਦ ਸਨ। ਬ੍ਰਿਜ ਭੂਸ਼ਣ ਖਿਲਾਫ਼ ਦੋਸ਼ਾਂ ਦੀ ਪੁਸ਼ਟੀ ਕਰਨ ਵਾਲੇ ਚਾਰ ਗਵਾਹਾਂ ਬਾਰੇ ਪੁੱਛੇ ਜਾਣ 'ਤੇ ਦਿੱਲੀ ਪੁਲਸ ਦੇ ਬੁਲਾਰੇ ਨਲਵਾ ਨੇ ਕਿਹਾ—ਅਸੀਂ ਇਸ ਮਾਮਲੇ ਦੀ ਜਾਂਚ ਜਾਂ ਸਬੂਤਾਂ 'ਤੇ ਕੋਈ ਟਿੱਪਣੀ ਨਹੀਂ ਕਰ ਸਕਦੇ। ਜਾਂਚ ਹਾਲੇ ਵੀ ਚੱਲ ਰਹੀ ਹੈ। ਉਨ੍ਹਾ ਕਿਹਾ ਕਿ ਐੱਸ ਆਈ ਟੀ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਅਦਾਲਤ ਨੂੰ ਇੱਕ ਰਿਪੋਰਟ ਸੌਂਪੀ ਜਾਵੇਗੀ।

## ਅਜੈ ਬੰਗਾ ਨੇ ਵਿਸ਼ਵ ਬੈਂਕ ਦੇ ਮੁਖੀ ਦਾ ਸੰਭਾਲਿਆ ਅਹੁਦਾ



**ਵਾਸ਼ਿੰਗਟਨ** : ਭਾਰਤੀ ਅਮਰੀਕੀ ਅਜੈ ਬੰਗਾ ਨੇ ਸ਼ਨੀਵਾਰ ਵਿਸ਼ਵ ਬੈਂਕ ਦੇ ਪ੍ਰਧਾਨ ਵਜੋਂ ਅਹੁਦਾ ਸੰਭਾਲ ਲਿਆ ਹੈ। ਇਸ ਦੇ ਨਾਲ ਉਹ ਦੋ ਕੌਮਾਂਤਰੀ ਵਿੱਤੀ ਸੰਸਥਾਵਾਂ ਵਿਸ਼ਵ ਬੈਂਕ ਅਤੇ ਅੰਤਰਰਾਸ਼ਟਰੀ ਮੁਦਰਾ ਕੋਸ਼ (ਆਈ ਐੱਮ ਐੱਫ) ਦੇ ਮੁਖੀ ਬਣਨ ਵਾਲੇ ਪਹਿਲੇ ਸਿੱਖ ਤੇ ਗੈਰ-ਗੋਰੇ ਹਨ। 3 ਮਈ ਨੂੰ ਵਿਸ਼ਵ ਬੈਂਕ ਦੇ ਕਾਰਜਕਾਰੀ ਨਿਰਦੇਸ਼ਕਾਂ ਨੇ ਬੰਗਾ ਨੂੰ ਵਿਸ਼ਵ ਬੈਂਕ ਦਾ 14ਵਾਂ ਪ੍ਰਧਾਨ ਚੁਣਿਆ ਸੀ। ਉਨ੍ਹਾ ਦਾ ਕਾਰਜਕਾਲ ਪੰਜ ਸਾਲ ਦਾ ਹੋਵੇਗਾ। ਆਈ ਐੱਮ ਐੱਫ ਦੀ ਮੈਨੇਜਿੰਗ ਡਾਇਰੈਕਟਰ ਕ੍ਰਿਸਟਾਲੀਨਾ ਜਾਰਜੀਵਾ ਨੇ ਟਵੀਟ ਕੀਤਾ, 'ਮੈਂ ਅਜੈ ਬੰਗਾ ਨੂੰ ਵਿਸ਼ਵ ਬੈਂਕ ਦੇ ਪ੍ਰਧਾਨ ਵਜੋਂ ਆਪਣੀ ਨਵੀਂ ਭੂਮਿਕਾ ਸੰਭਾਲਣ 'ਤੇ ਸ਼ੁਭਕਾਮਨਾਵਾਂ ਦਿੰਦੀ ਹਾਂ।'

## ਦੇਸ਼ ਭਗਤ ਯਾਦਗਾਰ ਕਮੇਟੀ ਦੀ ਜਨਰਲ ਬਾਡੀ ਨੇ ਲਏ ਅਹਿਮ ਫੈਸਲੇ

**ਕੌਮੀ ਸਿੱਖਿਆ ਨੀਤੀ ਦੇ ਦੁਰਪ੍ਰਭਾਵ ਸੰਬੰਧੀ ਸੈਮੀਨਾਰ ਹੋਏਗਾ 24 ਨੂੰ, ਭਲਵਾਨਾਂ ਤੇ ਡਾ. ਨਵਸ਼ਰਨ ਦੇ ਹੱਕ 'ਚ ਪਾਸ ਕੀਤੇ ਮਤੇ**



**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਦੀ ਸ਼ਨੀਵਾਰ ਹੋਈ ਜਨਰਲ ਬਾਡੀ ਮੀਟਿੰਗ ਨੇ ਗੰਭੀਰ ਵਿਚਾਰ-ਵਟਾਂਦਰੇ ਉਪਰੰਤ ਫੈਸਲਾ ਕੀਤਾ ਕਿ 24 ਜੂਨ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਸਿੱਖਿਆ ਨੀਤੀ ਦੀ ਹਕੀਕਤ ਸੰਬੰਧੀ ਸੈਮੀਨਾਰ ਕੀਤਾ ਜਾਏਗਾ। ਸੈਮੀਨਾਰ 'ਚ ਪਹਿਲਾ ਸੈਸ਼ਨ: ਕੌਮੀ ਸਿੱਖਿਆ ਨੀਤੀ 2020, ਸਿੱਖਿਆ ਦਾ ਨਿੱਜੀਕਰਨ ਅਤੇ ਦੂਜਾ ਸੈਸ਼ਨ : ਕੌਮੀ ਸਿੱਖਿਆ ਨੀਤੀ 2020, ਸਿੱਖਿਆ, ਵਿਗਿਆਨ ਅਤੇ ਤਰਕਸ਼ੀਲਤਾ ਵਿਸ਼ਿਆਂ 'ਤੇ ਵਿਚਾਰ-ਚਰਚਾ ਕੀਤੀ ਜਾਏਗੀ।

ਦੇਸ਼ ਭਗਤ ਯਾਦਗਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਜਨਰਲ ਬਾਡੀ ਮੀਟਿੰਗ ਦੇ ਵੇਰਵਿਆਂ ਬਾਰੇ ਦੱਸਿਆ ਕਿ ਇਹ ਮਾਮਲਾ ਮਹਿਜ਼ ਵਿਦਿਅਕ ਖੇਤਰ ਦੇ ਅਦਾਰਿਆਂ ਅੰਦਰ ਸਿਲੇਬਸ ਬਦਲੀ, ਨਵੇਂ ਸਿਲੇਬਸ ਦੇ ਦਾਖਲਾ ਤੱਕ ਹੀ ਮਹਿਦੂਦ ਨਹੀਂ, ਇਹ ਸਮੁੱਚੀ ਸਮਾਜਕ, ਸੱਭਿਆਚਾਰਕ ਜ਼ਿੰਦਗੀ ਨਾਲ ਨੇੜਿਓਂ ਜੁੜਿਆ ਮੁੱਦਾ ਹੈ। ਇਸ ਨਾਲ ਦਰਸ਼ਨ, ਇਤਿਹਾਸ, ਰਾਜਨੀਤਕ, ਸਮਾਜਕ ਸ਼ਾਸਤਰ, ਸਾਹਿਤ, ਸੱਭਿਆਚਾਰ, ਵਿਗਿਆਨ ਅਤੇ ਕਲਾ ਦੀਆਂ ਸੂਖ਼ਮ ਵਿਧਾਵਾਂ ਜੁੜੀਆਂ ਹੋਈਆਂ ਹਨ। ਇਸ ਕਰਕੇ

● ਬਾਕੀ ਸਫ਼ਾ 10 'ਤੇ

## ਮੇਰੀ ਪਹਿਲੀ ਤਰਜੀਹ ਛੋਟੀ ਕਿਸਾਨੀ ਨੂੰ ਸੰਕਟ 'ਚੋਂ ਕੱਢਣਾ : ਖੁੱਡੀਆਂ



**ਬਠਿੰਡਾ, (ਬਖਤੌਰ ਢਿੱਲੋਂ)**-ਖੇਤੀ ਨੂੰ ਦਰਪੇਸ਼ ਸੰਕਟ ਦੇ ਚੱਲਦਿਆਂ ਛੋਟੀ ਕਿਸਾਨੀ ਲਈ ਸਾਹ ਲੈਣਾ ਵੀ ਦੁੱਭਰ ਹੋਇਆ ਪਿਆ ਹੈ, ਮੇਰੀ ਪਹਿਲੀ ਤਰਜੀਹ ਦੁੱਖਾਂ ਤੇ ਭੁੱਖਾਂ ਦੀ ਮਾਰੀ ਇਸ ਕਿਸਾਨੀ ਨੂੰ ਰਾਹਤ ਪਹੁੰਚਾਉਣੀ ਹੋਵੇਗੀ। ਇਹ ਵਿਚਾਰ ਖੇਤੀਬਾੜੀ ਮੰਤਰੀ ਬਣਨ ਉਪਰੰਤ ਪਲੇਠੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਗੁਰਮੀਤ ਸਿੰਘ ਖੁੱਡੀਆਂ ਨੇ ਪ੍ਰਗਟ ਕੀਤੇ। ਚੰਡੀਗੜ੍ਹ ਤੋਂ ਲੰਬੀ ਹਲਕੇ 'ਚ ਸਥਿਤ ਆਪਣੇ ਘਰ ਨੂੰ ਮੁੜਦਿਆਂ ਸਥਾਨਕ ਲੇਕ ਵਿਊ ਰੈਸਟ ਹਾਊਸ ਵਿਖੇ ਜਿਉਂ ਹੀ ਸ੍ਰੀ ਖੁੱਡੀਆਂ ਦੀ ਕਾਰ ਰੁਕੀ ਤਾਂ ਜੋਸ਼ 'ਚ ਲਬਰੇਜ਼ ਆਮ ਆਦਮੀ ਪਾਰਟੀ ਦੇ ਵਰਕਰਾਂ ਤੇ ਆਗੂਆਂ ਤੋਂ ਇਲਾਵਾ ਇਲਾਕੇ ਦੇ ਜਨ-ਸਧਾਰਨ ਲੋਕਾਂ ਨੇ ਉਹਨਾ ਦਾ ਗਰਮਜੋਸ਼ੀ ਨਾਲ ਸੁਆਗਤ ਕੀਤਾ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਉਹਨਾ ਦੇ ਸਨਮਾਨ ਵਿੱਚ ਪੁਲਸ ਦੀ ਇੱਕ ਟੁਕੜੀ ਨੇ ਗਾਰਡ ਆਫ਼ ਆਨਰ ਪੇਸ਼ ਕੀਤਾ। ਖੁੱਡੀਆਂ ਨੇ ਕਿਹਾ ਕਿ ਉਹ ਇੱਕ-ਦੋ ਦਿਨਾਂ 'ਚ ਕਿਸੇ ਕਿਸਮ ਦੇ ਬਦਲਾਅ ਦਾ

● ਬਾਕੀ ਸਫ਼ਾ 10 'ਤੇ

## ਮਾਨ ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਵਿਰਾਸਤ ਤੇ ਵਿਰਸੇ ਨਾਲ ਜੋੜਨ ਦਾ ਉਪਰਾਲਾ ਸ਼ੁਰੂ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਸਰਕਾਰ ਨੇ ਸੂਬੇ ਦੇ ਸਕੂਲਾਂ 'ਚ ਗਰਮੀਆਂ ਦੀਆਂ ਛੁੱਟੀਆਂ ਦਾ ਐਲਾਨ ਕਰ ਦਿੱਤਾ ਹੈ। ਸਕੂਲ 2 ਜੁਲਾਈ ਨੂੰ ਮੁੜ ਤੋਂ ਖੁੱਲ੍ਹਣਗੇ। ਇਸ ਵਾਰ ਪੰਜਾਬ ਸਰਕਾਰ ਨੇ ਸੂਬੇ ਦੇ ਵਿਦਿਆਰਥੀਆਂ ਨੂੰ ਪੰਜਾਬ ਦੀ ਮਹਾਨ ਵਿਰਾਸਤ ਅਤੇ ਵਿਰਸੇ ਨਾਲ ਜੋੜਣ ਦਾ ਉਪਰਾਲਾ ਸ਼ੁਰੂ ਕੀਤਾ ਗਿਆ ਹੈ। ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਇਸ ਸੰਬੰਧੀ ਸੋਸ਼ਲ ਮੀਡੀਆ 'ਤੇ ਜਾਣਕਾਰੀ ਦਿੰਦਿਆਂ ਲਿਖਿਆ ਕਿ ਇੱਕ ਨਿਵੇਕਲੀ ਪਹਿਲ, ਆਪ ਜੀ ਦੇ ਸਾਥ ਦੀ ਲੋੜ ਹੈ। ਪੰਜਾਬ ਦੇ ਸਕੂਲਾਂ 'ਚ ਚੱਲ ਰਹੀਆਂ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਸਾਰੇ ਸਰਕਾਰੀ, ਪ੍ਰਾਈਵੇਟ ਅਤੇ ਏਡਿਡ ਸਕੂਲਾਂ, ਚਾਹੇ ਉਹ ਕਿਸੇ ਵੀ ਬੋਰਡ ਨਾਲ ਸੰਬੰਧਤ ਹੋਣ, ਦੇ ਵਿਦਿਆਰਥੀਆਂ ਨੂੰ ਪੰਜਾਬ ਦੀ ਮਹਾਨ ਵਿਰਾਸਤ ਅਤੇ ਵਿਰਸੇ ਨਾਲ ਜੋੜਣ ਦਾ ਉਪਰਾਲਾ ਸ਼ੁਰੂ ਕੀਤਾ ਗਿਆ ਹੈ। ਸਕੂਲਾਂ ਵੱਲੋਂ ਦਿੱਤੇ ਹੋਮਵਰਕ ਦੇ ਨਾਲ-ਨਾਲ ਹੁਣ ਪਹਿਲੀ ਤੋਂ ਅੱਠਵੀਂ ਜਮਾਤ ਦੇ ਸਾਰੇ ਵਿਦਿਆਰਥੀ ਰੋਜ਼ਾਨਾ ਇੱਕ-ਇੱਕ ਠੇਠ ਪੰਜਾਬੀ ਦਾ ਸ਼ਬਦ ਲੱਭ ਕੇ ਯਾਦ ਕਰਨਗੇ (ਛੁੱਟੀਆਂ ਦੌਰਾਨ ਕੁੱਲ 30 ਸ਼ਬਦ) ਇਸੇ ਤਰ੍ਹਾਂ ਪੰਜਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀ ਠੇਠ ਪੰਜਾਬੀ ਸ਼ਬਦਾਂ ਦੇ ਨਾਲ-ਨਾਲ ਦੇਸੀ ਮਹੀਨਿਆਂ ਦੇ ਨਾਂਅ (ਬਾਰਾਂ ਮਾਹ), ਇਹਨਾਂ ਦੇ ਸ਼ੁਰੂ ਹੋਣ ਦਾ ਸਮਾਂ ਅਤੇ ਦੇਸੀ ਮਹੀਨਿਆਂ ਦਾ ਰੁੱਤਾਂ ਨਾਲ ਕੀ ਸੰਬੰਧ, ਯਾਦ ਕਰਨਗੇ। ਉਮੀਦ ਹੈ ਕਿ ਸਾਡੇ ਇਸ ਨਿਵੇਕਲੇ ਉਪਰਾਲੇ ਨੂੰ ਸੂਬੇ ਦੇ ਸਾਰੇ ਸਕੂਲਾਂ ਦੇ ਵਿਦਿਆਰਥੀ ਅਤੇ ਮਾਪੇ ਪਸੰਦ ਕਰਨਗੇ ਅਤੇ ਅਲੋਪ ਹੋ ਰਹੇ ਪੰਜਾਬੀ

● ਬਾਕੀ ਸਫ਼ਾ 10 'ਤੇ

## ਅੱਜ-ਨਾਮਾ

ਮੁੜ ਕੇ ਹਲਚਲ ਹੈ ਰਾਜਸੀ ਵਧਣ ਲੱਗੀ,
ਲੱਗ ਪਏ ਮਿਲਣ ਨੇ ਰੁੱਠੜੇ ਯਾਰ ਮੀਆਂ।
ਓਦਾਂ ਅੰਦਰ ਦੀ ਖਹੁਰ ਨਹੀਂ ਜਾਣ ਵਾਲੀ,
ਭਰਿਆ ਅੰਦਰ ਆ ਬਹੁਤ ਗੁਬਾਰ ਮੀਆਂ।
ਓਧਰ ਦਿੱਲੀ ਦੀ ਖਹਿਬੜ ਵੀ ਤੇਜ਼ ਹੋਈ,
ਹਰ ਇੱਕ ਜੀਭ ਹੈ ਬਣੀ ਤਲਵਾਰ ਮੀਆਂ।
ਉਹ ਵੀ ਪਾਉਂਦੀ ਪ੍ਰਭਾਵ ਪੰਜਾਬ ਤੀਕਰ,
ਪਾਉਂਦੀ ਧੂਣੀ 'ਤੇ ਤੇਲ ਦੀ ਧਾਰ ਮੀਆਂ।
ਲੱਭ ਲਉ ਪਾਂਧਾ ਜਾਂ ਪੁੱਛ ਲਉ ਜੋਤਸ਼ੀ ਨੂੰ,
ਸਕੇਗਾ ਭਲਕ ਦੀ ਬਾਤ ਨਹੀਂ ਦੱਸ ਮੀਆਂ।
ਗੱਡੀ ਰਿੜ੍ਹਦੀ ਸੰਤੁਲਨ ਤੋਂ ਬਿਨਾਂ ਲੱਗਦੀ,
ਨਹੀਂ ਹੈ ਕਿਸੇ ਡਰਾਈਵਰ ਦੇ ਵੱਸ ਮੀਆਂ।

-ਤੀਸ ਮਾਰ ਖਾਂ

## ਹਰਿਮੰਦਰ ਸਾਹਿਬ ਨੇੜੇ ਬੰਬ ਹੋਣ ਦੀ ਅਫ਼ਵਾਹ ਫੈਲਾਉਣ ਵਾਲੇ ਕਾਬੂ

**ਅੰਮ੍ਰਿਤਸਰ** : ਸ੍ਰੀ ਹਰਿਮੰਦਰ ਸਾਹਿਬ ਨੇੜੇ 4 ਬੰਬ ਧਮਾਕੇ ਹੋਣ ਦੀ ਸੂਚਨਾ ਨੇ ਦੇਰ ਰਾਤ ਹਫੜਾ-ਦਫੜੀ ਮਚਾ ਦਿੱਤੀ। ਦਰਅਸਲ ਕਿਸੇ ਨੇ ਫੋਨ ਕਰ ਕੇ ਇਸ ਸੰਬੰਧੀ ਜਾਣਕਾਰੀ ਦਿੱਤੀ ਸੀ। ਪੁਲਸ ਨੇ ਮੌਕੇ 'ਤੇ ਪੁੱਜ ਕੇ ਤਫ਼ਤੀਸ਼ ਕੀਤੀ ਤਾਂ ਕੁਝ ਨਾ ਮਿਲਿਆ। ਇਸ ਮਗਰੋਂ ਜਦੋਂ ਫੋਨ ਕਰਨ ਵਾਲੇ ਦੀ ਪੈੜ ਨੱਪੀ ਤਾਂ ਪਤਾ ਲੱਗਾ ਕਿ ਕਿਸੇ ਨਿਹੰਗ ਸਿੰਘ ਨੇ ਚੋਰੀ ਦੇ ਫੋਨ ਤੋਂ ਝੂਠੀ ਕਾਲ ਕੀਤੀ ਸੀ। ਪੁਲਸ ਨੂੰ ਬੰਬ ਤਾਂ ਨਹੀਂ ਮਿਲੇ, ਪਰ ਪੁਲਸ ਨੇ ਚਾਰ ਵਿਅਕਤੀਆਂ ਨੂੰ ਹਿਰਾਸਤ 'ਚ ਲਿਆ ਹੈ, ਜਿਨ੍ਹਾਂ 'ਚ ਤਿੰਨ ਨਾਬਾਲਗ ਹਨ। 2 ਅਤੇ 3 ਜੂਨ ਦੀ ਦਰਮਿਆਨੀ ਰਾਤ ਡੇਢ ਵਜੇ ਪੁਲਸ ਨੂੰ ਕੰਟਰੋਲ ਰੂਮ 'ਤੇ ਸੂਚਨਾ ਮਿਲੀ ਕਿ ਦਰਬਾਰ ਸਾਹਿਬ ਦੇ ਨੇੜੇ ਬੰਬ ਰੱਖੇ ਗਏ ਹਨ। ਇਹ ਸੂਚਨਾ ਕਿਸੇ ਵੱਲੋਂ ਫੋਨ ਕਰਕੇ

● ਬਾਕੀ ਸਫ਼ਾ 10 'ਤੇ




page-6-4-(JUNE)-2023-G-(BV).qxd 6/3/2023 10:12 PM Page 1



# ਸਤਿਗੁਰੂ ਕਬੀਰ ਜੀ ਦੇ 625ਵੇਂ ਪ੍ਰਕਾਸ਼ ਪੁਰਬ ਸੰਬੰਧੀ ਨਗਰ ਕੀਰਤਨ ਸਜਾਇਆ



ਧਾਰੀਵਾਲ (ਮਨਦੀਪ ਵਿੱਕੀ)-ਪ੍ਰਬੰਧਕ ਕਮੇਟੀ ਸਤਿਗੁਰੂ ਕਬੀਰ ਮੰਦਿਰ (ਰਜਿ.) ਫੱਜੂਪੁਰ ਧਾਰੀਵਾਲ ਵੱਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸਤਿਗੁਰੂ ਕਬੀਰ ਜੀ ਦੇ 625ਵੇਂ ਪ੍ਰਕਾਸ਼ ਪੁਰਬ ਦੇ ਸਬੰਧ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਸਤਿਗੁਰੂ ਕਬੀਰ ਮੰਦਿਰ ਫੱਜੂਪੁਰ ਤੋਂ ਆਰੰਭ ਹੋ ਕੇ ਪਿੰਡ ਫਤਿਹਨੰਗਲ, ਲੇਹਲ, ਜਫਰਵਾਲ ਰੋਡ, ਦੀਨਪੁਰ, ਅਹਿਮਦਾਬਾਦ, ਬੇਦੀ ਕਲੋਨੀ, ਦਾਣਾ ਮੰਡੀ ਧਾਰੀਵਾਲ, ਸ਼ਹਿਰ ਤੋਂ ਹੁੰਦਾ ਹੋਇਆ ਮੁੜ ਵਾਪਸ ਆਰੰਭਿਕ ਸਥਾਨ 'ਤੇ ਸਮਾਪਤ ਹੋਇਆ। ਨਗਰ ਕੀਰਤਨ ਦੌਰਾਨ ਪਾਲਕੀ ਸਾਹਿਬ ਦੇ ਪਿੱਛੇ ਪਿੱਛੇ ਸੰਗਤਾਂ ਕਬੀਰ ਸਾਹਿਬ ਦੀ ਮਹਿਮਾ ਦਾ ਗੁਣਗਾਣ ਕਰ ਰਹੀਆਂ ਸਨ।

ਇਸ ਨਗਰ ਕੀਰਤਨ ਦੌਰਾਨ ਭਗਤ ਦੀਨਾ ਨਾਥ ਅਤੇ ਹੋਰ ਜਥਿਆਂ ਵਲੋਂ ਸਤਿਗੁਰੂ ਕਬੀਰ ਜੀ ਬਾਣੀ ਦਾ ਕੀਰਤਨ ਕਰਦਿਆਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਸ਼ਰਧਾਲੂਆਂ ਵੱਲੋਂ ਸੰਗਤਾਂ ਲਈ ਵੱਖ-ਵੱਖ ਥਾਵਾਂ ਤੇ ਠੰਡੇ-ਮਿੱਠੇ ਜਲ ਦੀ ਛਬੀਲ ਅਤੇ ਲੰਗਰ ਲਗਾਏ ਗਏ। ਨਗਰ ਕੀਰਤਨ ਵਿੱਚ ਸਤਿਗੁਰੂ ਕਬੀਰ ਮੰਦਿਰ ਫੱਜੂਪੁਰ ਪ੍ਰਬੰਧਕ ਕਮੇਟੀ ਪ੍ਰਧਾਨ ਅਸ਼ਵਨੀ ਫੱਜੂਪੁਰ, ਸੈਕਟਰੀ ਗੁਰਬਚਨ ਸਿੰਘ ਜ਼ਿਲੇਦਾਰ, ਖਜਾਨਚੀ ਪ੍ਰੇਮਪਾਲਅਹਿਮਦਾਬਾਦ, ਪ੍ਰੇਮਪਾਲ ਪੰਮਾ, ਪ੍ਰੇਮ ਸਿੰਘ ਬੇਦੀ ਕਾਲੋਨੀ ਧਾਰੀਵਾਲ, ਮੁੱਖ ਸੇਵਾਦਾਰ ਕੁੰਦਨ ਲਾਲ, ਕੀਮਤੀ ਲਾਲ ਭਗਤ, ਹਰੀ ਰਾਮ ਭਗਤ, ਬਲਵਿੰਦਰ ਬਿੰਦਾ, ਸਾਈਂ ਦਾਸ ਭਗਤ, ਮਹੰਤ ਬਾਬਾ ਜਾਨਕੀ ਦਾਸ, ਡਾ: ਸੰਤੋਖ ਰਾਜ ਬਿਧੀਪੁਰ, ਮਾਸਟਰ ਸੁਭਾਸ਼ ਚੰਦਰ, ਬਲਵਿੰਦਰ ਪਾਲ ਹੈਪੀ, ਪ੍ਰੇਮ ਪਾਲ ਨੰਬਰਦਾਰ, ਕੈਪਟਨ ਸੱਤਪਾਲ ਸੋਹਲ, ਸਰਪੰਚ ਬਲਵਿੰਦਰ ਪਾਲ ਟਾਂਕ, ਤਲਵਿੰਦਰ ਬਿੰਦਾ, ਸੁਖਦੇਵ ਸਿੰਘ, ਮਾਸਟਰ ਗੁਰਦੇਵ ਸਿੰਘ, ਮਾਸਟਰ ਪਵਨ ਕੁਮਾਰ, ਕੁਲਦੀਪ ਜੱਜ, ਹਰਮੀਤ ਪਾਲ ਭਗਤ, ਨੰਦ ਲਾਲ ਕਲਿਆਣਪੁਰ, ਡਾਕਟਰ ਰਤਨ ਲੇਹਲ, ਜਤਿੰਦਰ ਭਗਤ ਦੀਨਪੁਰ, ਐਡਵੋਕੇਟ ਲਲਿਤ ਪ੍ਰਸਾਦ, ਸੋਮ ਰਾਜ, ਬਾਊ ਹੰਸ ਰਾਜ, ਰਮੇਸ਼ ਕੁਮਾਰ, ਰਾਮ ਕ੍ਰਿਸ਼ਨ, ਹਰਵਿੰਦਰ ਕੁਮਾਰ, ਮਾ. ਰਾਜ ਕੁਮਾਰ, ਹਰਵਿੰਦਰ ਭਿੰਦਾ ਆਦਿ ਤੋਂ ਇਲਾਵਾ ਇਲਾਕੇ ਦੀਆਂ ਸੰਗਤਾਂ ਸ਼ਾਮਲ ਸਨ।

## ਪੰਜਾਬੀ ਸਭਿਆਚਾਰਕ ਵਿਰਸਾ ਸੰਭਾਲ ਸਮਰ ਕੈਂਪ ਲਗਾਇਆ ਜਾਵੇਗਾ- ਡਾ: ਨਿੰਦੀ

ਖਰੜ (ਹਰਨਾਮ ਸਿੰਘ ਡੱਲਾ)- ਸੱਭਿਆਚਾਰਕ ਵਿਰਾਸਤ ਦੀ ਸੰਭਾਲ ਲਈ ਕਾਰਜਸ਼ੀਲ ਡਾਕਟਰ ਨਰਿੰਦਰ ਨਿੰਦੀ ਨੇ ਪੰਜਾਬ ਸੱਭਿਆਚਾਰਕ, ਸੈਰ ਸਪਾਟਾ,ਕਿਰਤ ਅਤੇ ਪ੍ਰਾਹੁਣਚਾਰੀ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਇਕ ਸਮਰ ਕੈਂਪ ਆਯੋਜਿਤ ਕਰਨ ਪ੍ਰੋਗਰਾਮ ਬਣਾਇਆ ਹੈ। ਇਸ ਕੈਂਪ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਕੈਂਪ ਇੱਕ ਪਿੰਡ ਵਿੱਚ ਲਗਾਇਆ ਜਾ ਰਿਹਾ ਹੈ, ਜਦੋਂ ਕਿ ਆਮ ਕਰਕੇ ਇਹੋ ਜਿਹੇ ਕੈਂਪ ਸ਼ਹਿਰਾਂ ਅਤੇ ਕਸਬਿਆਂ ਵਿੱਚ ਹੀ ਆਯੋਜਿਤ ਹੁੰਦੇ ਰਹੇ ਹਨ। ਇਹ ਕੈਂਪ ਗਿਆਨੀ ਦਲਜੀਤ ਸਿੰਘ ਯਾਦਗਾਰੀ ਭਵਨ ਪਿੰਡ ਜਟਾਣਾ ਨੇੜੇ ਸ੍ਰੀ ਚਮਕੌਰ ਸਾਹਿਬ ਦੇ ਵਿਹੜੇ ਵਿੱਚ ਮਿਤੀ 06 ਜੂਨ 2023 ਨੂੰ ਸਵੇਰੇ 10.00 ਵਜੇ ਸ਼ੁਰੂ ਹੋ ਕੇ 30 ਜੂਨ 2023 ਤੱਕ ਚੱਲੇਗਾ। ਸਿਖਾਂਦਰੂਆਂ ਦੇ ਚਾਹ ਪਾਣੀ ਦਾ ਪ੍ਰਬੰਧ ਵੀ ਪ੍ਰਬੰਧਕਾਂ ਵਲੋਂ ਕੀਤਾ ਜਾ ਰਿਹਾ ਹੈ। ਜਿਸ ਵਿੱਚ ਸਿਖਾਂਦਰੂਆਂ ਨੂੰ ਸਰਬ ਪੱਖੀ ਉਨਤੀ ਦੇ ਨਾਲ- ਨਾਲ ਸੰਗੀਤ ਨਾਟ 'ਗਦਰ ਦੀ ਗੂੰਜ' ਜਿਸ ਦਾ ਵਿਸ਼ਾ 'ਗਦਰੀ ਬਾਬਿਆਂ ਦਾ ਭਾਰਤ ਦੀ ਆਜਾਦੀ ਵਿੱਚ ਯੋਗਦਾਨ' ਹੈ, ਦੀ ਤਿਆਰੀ ਅਤੇ ਆਯੋਜਨ ਸ਼ਾਮਲ ਹੈ, ਸਿਖਾਂਦਰੂਆਂ ਨੂੰ ਕਲਾ ਮਈ ਢੰਗ ਨਾਲ ਸਮਝਾਇਆ ਅਤੇ ਮੰਚਨ ਕਰਵਾਇਆ ਜਾਵੇਗਾ। ਡਾਕਟਰ ਨਰਿੰਦਰ ਨਿੰਦੀ ਨੇ ਦੱਸਿਆ ਕਿ ਇਸ ਕੈਂਪ ਦਾ ਉਦਘਾਟਨ ਲੋਕਧਾਰਾ ਭਾਈਚਾਰਾ ਦੇ ਪ੍ਰਧਾਨ ਦਵਿੰਦਰ ਸਿੰਘ ਵਲੋਂ ਕੀਤਾ ਜਾਵੇਗਾ।

## ਜਥੇਬੰਦੀਆਂ ਵੱਲੋਂ 8 ਨੂੰ ਸੂਬੇ ਭਰ ਦੇ ਪਾਵਰਕਾਮ ਦਫਤਰਾਂ 'ਤੇ ਧਰਨੇ ਦਾ ਐਲਾਨ

ਪੱਟੀ (ਬਲਦੇਵ ਸਿੰਘ ਕਿਰਤੋਵਾਲ/ਸ਼ਮਸ਼ੇਰ ਸਿੰਘ ਯੋਧਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਤੇ ਭਾਰਤੀ ਕਿਸਾਨ ਯੂਨੀਅਨ ਆਜ਼ਾਦ ਵੱਲੋਂ ਸਾਂਝੇ ਤੌਰ 'ਤੇ ਐਲਾਨੇ ਸੂਬੇ ਭਰ ਦੇ ਪਾਵਰਕਾਮ ਦਫਤਰਾਂ ਦੇ ਘਿਰਾਉ ਨੂੰ ਸਫਲ ਬਣਾਉਣ ਲਈ ਪਿੰਡ-ਪਿੰਡ ਮੀਟਿੰਗਾਂ ਦਾ ਸਿਲਸਿਲਾ ਆਰੰਭ ਕੀਤਾ ਜਾ ਚੁੱਕਾ ਹੈ। ਉਧਰ ਆਪਣੇ ਹੱਕਾਂ ਦੀ ਇਸ ਲੜਾਈ ਲਈ ਕਿਸਾਨਾਂ ਮਜ਼ਦੂਰਾਂ ਦੇ ਨਾਲ-ਨਾਲ ਔਰਤਾਂ ਅਤੇ ਨੌਜਵਾਨਾਂ ਵਿੱਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਉਕਤ ਵਿਚਾਰ ਪੱਟੀ ਜ਼ੋਨ ਆਗੂ ਸਵਰਨ ਸਿੰਘ ਖਹਿਰਾ, ਪ੍ਰਧਾਨ ਦਲਜੀਤ ਸਿੰਘ ਗਿੱਲ ਅਤੇ ਜ਼ੋਨ ਪ੍ਰੈਸ ਸਕੱਤਰ ਸਤਨਾਮ ਸਿੰਘ ਹਰੀਕੇ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਾਂਝੇ ਕੀਤੇ। ਆਗੂਆਂ ਨੇ ਕਿਹਾ ਕਿ 8 ਜੂਨ ਨੂੰ ਪਾਵਰਕਾਮ ਹਰੀਕੇ ਦੇ ਉੱਪ ਮੰਡਲ ਅਫਸਰ ਮੂਹਰੇ ਧਰਨਾ ਦੇ ਕੇ ਆਪਣੀਆਂ ਮੰਗਾਂ ਸਬੰਧੀ ਮੰਗ ਪੱਤਰ ਦਿੱਤੇ ਜਾਣਗੇ। ਇਸ ਤੋਂ ਇਲਾਵਾ ਲਟਕਦੀਆਂ ਆ ਰਹੀਆਂ ਮੰਗਾਂ ਨੀਵੀਆਂ, ਢਿੱਲੀਆਂ ਤਾਰਾਂ ਨੂੰ ਉੱਚਾ ਕਰਨ, ਸੜੇ ਟਰਾਂਸਫਾਰਮਰ ਪਹਿਲ ਦੇ ਆਧਾਰ ਤੇ ਬਦਲਣ, ਖੇਤੀ ਸੈਕਟਰ ਦੀ ਬਿਜਲੀ ਸਪਲਾਈ ਯਕੀਨੀ ਬਣਾਉਣ ਅਤੇ ਚੋਰਾਂ ਵੱਲੋ ਬਿਜਲੀ ਯੰਤਰ, ਤਾਰਾਂ ਅਤੇ ਤੇਲ ਚੋਰੀ ਦੇ ਮਾਮਲਿਆਂ ਵਿੱਚ ਜਲਦੀ ਸੁਣਵਾਈ ਨੂੰ ਲੈ ਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਜਿਸ ਨੂੰ ਲੈ ਕੇ ਪਿੰਡ ਪਿੰਡ ਲੋਕਾਂ ਨੂੰ ਲਾਮਬੰਦ ਕਰਕੇ ਵੱਡੀ ਗਿਣਤੀ ਸਮੇਤ 8 ਜੂਨ ਨੂੰ ਹਰੀਕੇ ਪਹੁੰਚਣ ਲਈ ਰੂਪ ਰੇਖਾ ਉਲੀਕੀ ਜਾ ਰਹੀ ਹੈ। ਸਵਰਨ ਸਿੰਘ ਖਹਿਰਾ ਨੇ ਦੱਸਿਆ ਕਿ ਆਰਥਿਕ ਤੌਰ ਤੇ ਲੀਹੋਂ ਲੱਥੇ ਕਿਸਾਨੀ ਧੰਦੇ ਨੂੰ ਲਾਹੇਵੰਦ ਬਣਾਉਣ ਲਈ ਫਸਲਾਂ ਦੇ ਰੇਟ ਡਾ. ਸੁਆਮੀਨਾਥਨ ਰਿਪੋਰਟ ਮੁਤਾਬਿਕ ਤਹਿ ਕਰਨ ਦੇ ਨਾਲ ਨਾਲ ਘੱਟ ਵਿਆਜ ਦਰਾਂ ਤੇ ਕਰਜ਼ਾ ਮੁਹੱਈਆ ਕਰਾਇਆ ਜਾਵੇ। ਕੋਆਪ੍ਰੇਟਿਵ ਸੁਸਾਇਟੀਆਂ ਨੂੰ ਮੁੜ ਸੁਰਜੀਤ ਕਰਦਿਆਂ ਸਸਤਾ ਰਾਸ਼ਨ, ਪਸ਼ੂ ਖੁਰਾਕ ਕੀਟ ਨਾਸ਼ਕ ਦਵਾਈਆਂ ਅਤੇ ਖੇਤੀ ਔਜ਼ਾਰ ਸਾਰਾ ਸਾਲ ਮੁਹੱਈਆ ਕਰਵਾ ਕੇ ਮਹਿੰਗਾਈ ਨੂੰ ਮੂੰਹ ਤੋੜ ਜੁਆਬ ਦਿੱਤਾ ਜਾਵੇ।

ਇਸ ਮੌਕੇ ਨਰਿੰਦਰ ਸਿੰਘ ਕਿਰਤੋਵਾਲ, ਬਲਬੀਰ ਸਿੰਘ ਸ਼ਾਹ, ਜਥੇਦਾਰ ਬਗੀਚਾ ਸਿੰਘ, ਬਾਬਾ ਬਲਵਿੰਦਰ ਸਿੰਘ ਆਦਿ ਆਗੂ ਹਾਜ਼ਰ ਸਨ।

# ਮਾਤਾ ਗੁਜਰੀ ਖ਼ਾਲਸਾ ਕਾਲਜ ਦੇ ਵਧੀਆ ਅੰਕ ਲੈਣ ਵਾਲੇ ਵਿਦਿਆਰਥੀ ਸਨਮਾਨਤ



ਕਰਤਾਰਪੁਰ (ਹਰਮੇਸ਼ ਦੱਤ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਮਾਤਾ ਗੁਜਰੀ ਖ਼ਾਲਸਾ ਕਾਲਜ, ਕਰਤਾਰਪੁਰ ਵਿਖੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਕਲਾਸ ਵਿਚੋਂ ਚੰਗੇ ਅੰਕ ਪ੍ਰਾਪਤ ਕਰਨ ਵਾਲੇ ਵੱਖ-ਵੱਖ ਸਕੂਲਾਂ ਤੋਂ ਕਾਲਜ ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਅਤੇ ਬਾਰ੍ਹਵੀਂ ਕਲਾਸ ਦੇ ਨਤੀਜਿਆਂ ਵਿੱਚੋਂ ਸਾਇੰਸ, ਆਰਟਸ ਅਤੇ ਕਾਮਰਸ ਸਟ੍ਰੀਮਜ਼ ਦੇ ਵਧੀਆ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਨੇ ਦੱਸਿਆ ਕਿ 10+2 (ਸਾਇੰਸ, ਆਰਟਸ ਅਤੇ ਕਾਮਰਸ) ਦੇ ਨਤੀਜੇ 100 ਫੀਸਦੀ ਰਹੇ। 10+2 (ਨਾਨ ਮੈਡੀਕਲ) ਵਿਚੋਂ ਅਰਮਾਨ ਭੁੱਲਰ ਨੇ 95.8%, ਟੀਸ਼ਾ ਨੇ 92.8%, ਮੁਸਕਾਨ ਬਾਲਾ ਨੇ 92%, ਸਾਇੰਸ (ਮੈਡੀਕਲ) ਸ਼ਿਲਪਾ ਨੇ 91%, ਕੁਸਮ ਨੇ 90.6%, ਸਿਮਰਨ ਕੌਰ 88.8%, ਆਰਟਸ ਵਿਚੋਂ ਓਂਕਾਰਦੀਪ ਬੰਗੜ ਨੇ 93.2%, ਗੁਰਲੀਨ ਕੌਰ 88.8%, ਪ੍ਰਮੋਦ ਕੁਮਾਰ ਨੇ 86%, ਕਾਮਰਸ ਵਿਚੋਂ ਹਰਸਿਮਰਨ ਸਿੰਘ ਨੇ 90.8%, ਹਰਪ੍ਰੀਤ ਕੌਰ ਨੇ 89%, ਸਾਹਿਲਪ੍ਰੀਤ ਕੌਰ 88.08% ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ। ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਗਈ ਅਤੇ ਭਵਿੱਖ ਵਿਚ ਵੀ ਇਸੇ ਸਿਰੜ ਅਤੇ ਲਗਨ ਨਾਲ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ।

# ਬਿਜਲੀ ਮੀਟਰ ਬਕਸਿਆਂ ਨੂੰ ਲੱਗੀ ਭਿਆਨਕ ਅੱਗ, ਵੱਡਾ ਹਾਦਸਾ ਹੋਣੋਂ ਟਲਿਆ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਾਦੀਆਂ ਦੇ ਕਾਲਜ ਰੋਡ ਉਪਰ ਘਰਾਂ ਦੇ ਬਾਹਰ ਲੱਗੇ ਬਿਜਲੀ ਮੀਟਰ ਬਕਸਿਆਂ ਨੂੰ ਅਚਾਨਕ ਭਿਆਨਕ ਅੱਗ ਲੱਗਣ ਅਤੇ ਸਾਰੇ ਮੀਟਰ ਸੜਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮੌਕੇ 'ਤੇ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਸ਼ਨੀਵਾਰ ਬਾਅਦ ਦੁਪਹਿਰ ਕਾਦੀਆਂ ਦੇ ਕਾਲਜ ਰੋਡ ਘਰਾਂ ਦੇ ਬਾਹਰ ਲੱਗੇ ਬਿਜਲੀ ਮੀਟਰ ਬਕਸਿਆਂ ਨੂੰ ਅਚਾਨਕ ਅੱਗ ਲੱਗ ਗਈ ਅਤੇ ਅੱਗ ਲੱਗਣ ਉਪਰੰਤ ਦੇਖਦੇ ਹੀ ਦੇਖਦੇ ਅੱਗ ਨੇ ਭਿਆਨਕ ਰੂਪ ਧਾਰ ਲਿਆ। ਅੱਗ ਇੰਨੀ ਭਿਆਨਕ ਸੀ ਕਿ ਆਸ-ਪਾਸ ਦੇ ਲੋਕਾਂ ਦੇ ਵਿਚ ਹਫੜਾ-ਦਫੜੀ ਮਚ ਗਈ। ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਜਦੋਂ ਦੇ ਘਰਾਂ ਤੋਂ ਬਾਹਰ ਮੀਟਰ ਬਕਸੇ ਬਣਾਏ ਗਏ ਹਨ ਅਜਿਹੇ ਹਾਦਸੇ ਵਾਪਰਨ ਦਾ ਖਤਰਾ ਹਮੇਸ਼ਾ ਹੀ ਬਣਿਆ ਰਹਿੰਦਾ ਹੈ। ਉਧਰ ਦੂਜੇ ਪਾਸੇ ਬਿਜਲੀ ਵਿਭਾਗ ਦੇ ਕਰਮਚਾਰੀ ਜਸਬੀਰ ਸਿੰਘ ਕੋਟ ਟੋਡਰ ਮਲ ਅਤੇ ਯਸ਼ਪਾਲ ਵੱਲੋਂ ਟੀਮ ਸਮੇਤ ਪਹੁੰਚੇ ਅਤੇ ਆਸ-ਪਾਸ ਦੇ ਗੁਆਂਢੀਆਂ ਦੀ ਮਦਦ ਨਾਲ ਮੀਟਰ ਬਕਸਿਆਂ ਉਪਰ ਰੇਤ ਪਾ ਕੇ ਅੱਗ 'ਤੇ ਕਾਬੂ ਪਾਇਆ ਗਿਆ। ਲੋਕਾਂ ਨੇ ਦੱਸਿਆ ਕਿ ਜੇਕਰ ਬਿਜਲੀ ਕਰਮਚਾਰੀ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਨਾ ਪਾਉਂਦੇ ਤਾਂ ਵੱਡਾ ਹਾਦਸਾ ਵਾਪਰ ਸਕਦਾ ਸੀ। ਆਸ-ਪਾਸ ਦੇ ਲੋਕਾਂ ਨੇ ਬਿਜਲੀ ਵਿਭਾਗ ਦੇ ਅਧਿਕਾਰੀਆਂ ਕੋਲੋਂ ਮੰਗ ਕੀਤੀ ਹੈ ਕਿ ਸਮੇਂ ਸਮੇਂ ਸਿਰ ਇਨ੍ਹਾਂ ਬਿਜਲੀ ਮੀਟਰ ਬਕਸਿਆਂ ਦੀ ਜਾਂਚ ਕੀਤੀ ਜਾਵੇ ਅਤੇ ਜੋ ਇਨ੍ਹਾਂ ਵਿੱਚ ਕਮੀਆਂ ਹਨ ਉਨ੍ਹਾਂ ਨੂੰ ਸਮੇਂ ਸਿਰ ਦੂਰ ਕੀਤਾ ਜਾਵੇ ਤਾਂ ਜੋ ਭਵਿੱਖ ਵਿੱਚ ਅਜਿਹੇ ਹਾਦਸੇ ਦੁਬਾਰਾ ਨਾ ਵਾਪਰ ਸਕਣ। ਦੱਸਣਯੋਗ ਹੈ ਕਿ ਜਿਸ ਸਥਾਨ 'ਤੇ ਮੀਟਰ ਬਕਸਿਆਂ ਨੂੰ ਭਿਆਨਕ ਅੱਗ ਲੱਗੀ ਹੈ ਉਸ ਦੇ ਨਜ਼ਦੀਕ ਸੰਘਣੀ ਆਬਾਦੀ ਅਤੇ ਦੋ ਪ੍ਰਾਈਵੇਟ ਸਕੂਲ ਵੀ ਹਨ। ਜੇਕਰ ਸਕੂਲ ਲੱਗੇ ਹੁੰਦੇ ਤਾਂ ਕੋਈ ਹੋਰ ਵੱਡਾ ਹਾਦਸਾ ਵਾਪਰ ਸਕਦਾ ਸੀ।

ਉਧਰ ਦੂਜੇ ਪਾਸੇ ਜਦੋਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਕਾਦੀਆਂ ਦੇ ਐੱਸਡੀਓ ਜੱਸਾ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਸ਼ਾਰਟ ਸਰਕਟ ਕਾਰਨ ਇਹ ਹਾਦਸਾ ਵਾਪਰਿਆ ਹੈ। ਉਨ੍ਹਾਂ ਵੱਲੋਂ ਤੁਰੰਤ ਆਪਣੇ ਕਰਮਚਾਰੀਆਂ ਨੂੰ ਭੇਜ ਕੇ ਬਿਜਲੀ ਨੂੰ ਬਹਾਲ ਕਰ ਦਿੱਤਾ ਗਿਆ। ਬਕਸੇ ਵਿੱਚ ਕੁੱਲ 18 ਬਿਜਲੀ ਮੀਟਰ ਸਨ। ਅੱਗ ਲੱਗਣ ਕਾਰਨ ਵਿਭਾਗ ਦਾ ਕੁਲ 21 ਹਜ਼ਾਰ ਰੁਪਏ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਭਵਿੱਖ ਵਿੱਚ ਅਜਿਹਾ ਹਾਦਸਾ ਵਾਪਰਦਾ ਹੈ ਤਾਂ ਉਸ ਦੀ ਇਤਲਾਹ ਤੁਰੰਤ ਬਿਜਲੀ ਵਿਭਾਗ ਨੂੰ ਕੀਤੀ ਜਾਵੇ।

## ਟੋਇਟਾ ਕਿਰਲੋਸਕਰ ਮੋਟਰ ਵੱਲੋਂ ਬਜਾਜ ਫਾਈਨਾਂਸ ਲਿਮਟਿਡ ਨਾਲ ਸਾਂਝੇਦਾਰੀ

ਅੰਮ੍ਰਿਤਸਰ : ਟੋਇਟਾ ਕਿਰਲੋਸਕਰ ਮੋਟਰ (ਟੀਕੇਐੱਮ) ਨੇ ਬਜਾਜ ਫਾਈਨਾਂਸ ਲਿਮਟਿਡ (ਬੀ.ਐੱਫ.ਐੱਲ.) ਦੇ ਨਾਲ ਇੱਕ ਸਮਝੌਤਾ ਪੱਤਰ (ਐੱਮਓਯੂ) 'ਤੇ ਦਸਤਖ਼ਤ ਕਰਨ ਦਾ ਐਲਾਨ ਕੀਤਾ ਹੈ। ਇਹ ਭਾਰਤ ਦੇ ਪ੍ਰਮੁੱਖ ਅਤੇ ਵਿਭਿੰਨ ਵਿੱਤੀ ਸੇਵਾ ਸਮੂਹਾਂ ਵਿੱਚੋਂ ਇੱਕ, ਬਜਾਜ ਫਿਨਸਰਵ ਲਿਮਟਿਡ ਦਾ ਹਿੱਸਾ ਹੈ ਅਤੇ ਇਸ ਇਕਰਾਰ ਦਾ ਉਦੇਸ਼ ਉੱਨਤ ਪ੍ਰਚੂਨ ਵਿੱਤ (ਰਿਟੇਲ ਫਾਈਨਾਂਸ) ਵਿਕਲਪ ਪ੍ਰਦਾਨ ਕਰਨਾ ਹੈ। ਬਜਾਜ ਫਾਈਨਾਂਸ ਦੇ ਨਾਲ ਸਾਂਝੇਦਾਰੀ ਗਾਹਕਾਂ ਨੂੰ ਸੁਵਿਧਾਜਨਕ ਅਤੇ ਆਕਰਸ਼ਕ ਵਿੱਤੀ ਵਿਕਲਪ ਪ੍ਰਦਾਨ ਕਰੇਗੀ । ਬੀਐੱਫਐੱਲ ਨੇ ਇਹ ਐਲਾਨ ਵੀ ਕੀਤਾ ਹੈ ਕਿ ਉਹ 1 ਜੂਨ, 2023 ਤੋਂ ਭਾਰਤ ਦੇ 89 ਪ੍ਰਮੁੱਖ ਸਥਾਨਾਂ 'ਤੇ ਪੜਾਅ 1 ਦੇ ਹਿੱਸੇ ਵਜੋਂ ਆਪਣਾ ਨਵਾਂ 4 ਵ੍ਹੀਲਰ ਫਾਈਨਾਂਸ ਕਾਰੋਬਾਰ ਸ਼ੁਰੂ ਕਰੇਗੀ। ਇਹ ਸਥਾਨ ਕੁੱਲ ਆਟੋ ਉਦਯੋਗ ਦੀ ਵਿਕਰੀ ਦਾ ਲਗਭਗ 70 ਪ੍ਰਤੀਸ਼ਤ ਕਵਰ ਕਰਦੇ ਹਨ।

## ਸਾਥੀ ਜਗਜੀਤ ਸਿੰਘ ਜੱਸੇਆਣਾ ਖਿਲਾਫ਼ ਦਰਜ ਝੂਠਾ ਪਰਚਾ ਰੱਦ, ਧਰਨਾ ਖਤਮ

ਜਲੰਧਰ (ਨਵਾਂ ਜ਼ਮਾਨਾ ਸਰਵਿਸ)- 'ਜੱਸੇਆਣਾ ਤਸ਼ੱਦਦ ਕਾਂਡ ਵਿਰੋਧੀ ਐਕਸ਼ਨ ਕਮੇਟੀ' ਸ੍ਰੀ ਮੁਕਤਸਰ ਸਾਹਿਬ ਦੀ ਅਗਵਾਈ ਹੇਠ ਸ਼ਹਿਰ ਦੇ ਬੱਸ ਅੱਡੇ ਦੀ ਪੁਲਸ ਚੌਕੀ ਸਾਹਵੇਂ ਚੱਲ ਰਿਹਾ ਦਿਨ-ਰਾਤ ਦਾ ਪੱਕਾ ਧਰਨਾ ਦਿਹਾਤੀ ਮਜ਼ਦੂਰ ਸਭਾ ਪੰਜਾਬ ਦੇ ਸੂਬਾਈ ਜੱਥੇਬੰਦਕ ਸਕੱਤਰ ਸਾਥੀ ਜਗਜੀਤ ਸਿੰਘ ਜੱਸੇਆਣਾ ਖਿਲਾਫ਼ ਦਰਜ ਕੀਤਾ ਗਿਆ ਝੂਠਾ ਪਰਚਾ ਰੱਦ ਕਰਵਾਉਣ ਪਿਛੋਂ ਜਿੱਤ ਦੇ ਰੂਪ 'ਚ ਸਮਾਪਤ ਹੋ ਗਿਆ ਹੈ। ਇਹ ਜਾਣਕਾਰੀ ਐਕਸ਼ਨ ਕਮੇਟੀ ਦੇ ਕਨਵੀਨਰ ਸਾਥੀ ਹਰਜੀਤ ਸਿੰਘ ਮਦਰੱਸਾ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਐਕਸ਼ਨ ਕਮੇਟੀ ਵਿੱਚ ਸ਼ਾਮਲ ਡੇਢ ਦਰਜਨ ਮਜ਼ਦੂਰ ਜੱਥੇਬੰਦੀਆਂ ਅਤੇ ਭਰਾਤਰੀ ਸੰਗਠਨਾਂ ਵੱਲੋਂ ਸਰਵ ਸਾਥੀ ਗੁਰਨਾਮ ਸਿੰਘ ਦਾਊਦ, ਤਰਸੇਮ ਸਿੰਘ ਖੁੰਡੇ ਹਲਾਲ, ਰਣਜੀਤ ਸਿੰਘ ਸਿੰਘ ਧਾਲੀਵਾਲ ਅਤੇ ਪਰਮਿੰਦਰ ਸਿੰਘ ਪਾਸ਼ਾ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਵਿਸ਼ਾਲ ਲੋਕ ਇਕੱਠ 20 ਮਈ ਨੂੰ ਦਰਜ ਕੀਤਾ ਗਿਆ ਉਪਰੋਕਤ ਝੂਠਾ ਪਰਚਾ ਰੱਦ ਕਰਨ ਪਿੱਛੋਂ ਜਿੱਤ ਰੈਲੀ ਵਿੱਚ ਤਬਦੀਲ ਹੋ ਗਿਆ। ਇਸ ਮੌਕੇ ਦਰਸ਼ਨ ਨਾਹਰ, ਦਰਸ਼ਨਾ ਜੋਸ਼ੀ, ਬੋਹੜ ਸਿੰਘ ਸੁਖਨਾ, ਮਹਿੰਗਾ ਸਿੰਘ ਦੋਦਾ, ਗੁਰਨਾਮ ਸਿੰਘ ਭਿੰਡਰ, ਬਲਦੇਵ ਸਿੰਘ ਨੂਰਪੁਰੀ, ਬੇਅੰਤ ਸਿੰਘ ਵੰਗਲ, ਪ੍ਰਕਾਸ਼ ਸਿੰਘ ਨੰਦਗੜ੍ਹ, ਗੁਰਤੇਜ ਸਿੰਘ ਹਰੀਨੌ, ਜੱਗਾ ਸਿੰਘ ਖੂਹੀਆਂ ਸਰਵਰ ਵੱਲੋਂ ਡਟਵਾਂ ਸਾਥ ਦੇ ਕੇ ਸੰਘਰਸ਼ ਨੂੰ ਫਤਿਹ ਕਰਨ ਵਾਲੀਆਂ ਸਭਨਾਂ ਧਿਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

## ਮਹਿਤਪੁਰ ਇਲਾਕੇ ਵਿੱਚ ਹੋ ਰਹੀਆਂ ਲਗਾਤਾਰ ਚੋਰੀਆਂ

ਮਹਿਤਪੁਰ (ਰਾਜਾ)-ਇਲਾਕੇ ਵਿੱਚ ਹੋ ਰਹੀਆਂ ਲਗਾਤਾਰ ਚੋਰੀਆਂ ਕਾਰਨ ਦੋਆਬਾ ਕਿਸਾਨ ਯੂਨੀਅਨ ਮਹਿਤਪੁਰ ਵੱਲੋਂ ਐਸ ਐਚ ਓ ਮਹਿਤਪੁਰ ਨਾਲ ਮੀਟਿੰਗ ਕਰਕੇ ਕਿਸਾਨਾਂ ਅਤੇ ਦੁਕਾਨਦਾਰਾਂ ਦੀਆਂ ਮੁਸ਼ਕਲਾਂ ਬਾਰੇ ਜਾਣੂ ਕਰਵਾਇਆ ਗਿਆ। ਇਲਾਕੇ ਵਿੱਚ ਸੈਂਕੜਿਆਂ ਦੀ ਗਿਣਤੀ ਵਿਚ ਟਰਾਂਸਫਾਰਮਰ ਚੋਰੀ ਹੋ ਚੁੱਕੇ ਹਨ ਅਤੇ ਹਰ ਰੋਜ਼ ਚੋਰੀ ਹੋ ਰਹੇ ਹਨ। ਇਸ ਤੋਂ ਇਲਾਵਾ ਮਹਿਤਪੁਰ ਬਜ਼ਾਰ ਵਿੱਚ ਕਰਿਆਨੇ ਦੀ ਦੁਕਾਨ ਲੁੱਟੀ ਜਾ ਚੱਕੀ ਹੈ। ਪਿੰਡਾਂ ਵਿਚੋਂ ਮੱਝਾਂ ਚੋਰੀ ਹੋ ਰਹੀਆਂ ਹਨ। ਇਸ ਕਰਕੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਐਸ ਐਚ ਓ ਮਹਿਤਪੁਰ ਜਤਿੰਦਰ ਕੁਮਾਰ ਵੱਲੋਂ ਯੂਨੀਅਨ ਦੇ ਆਗੂਆਂ ਨੂੰ ਚੋਰਾਂ 'ਤੇ ਜਲਦੀ ਸਖਤ ਕਾਰਵਾਈ ਦਾ ਭਰੋਸਾ ਦਿੱਤਾ। ਇਸ ਮੌਕੇ ਪ੍ਰਧਾਨ ਕਸਮੀਰ ਸਿੰਘ ਪੰਨੂ, ਮਹਿੰਦਰਪਾਲ ਸਿੰਘ ਟੁਰਨਾ, ਗੁਰਨਾਮ ਸਿੰਘ ਮਹਿਸਮਪੁਰੀ, ਨਿਰਮਲ ਸਿੰਘ ਝੁੱਗੀਆਂ, ਗੁਰਭੇਜ ਸਿੰਘ ਪੰਨੂ, ਤਜਿੰਦਰ ਸਿੰਘ, ਅਰਬਿੰਦਰ ਸਿੰਘ ਚੀਮਾ, ਜਸਵੰਤ ਸਿੰਘ ਸਿੰਘਾਪੁਰ, ਬਲਦੇਵ ਸਿੰਘ ਉੱਧੋਵਾਲ, ਅਵਤਾਰ ਸਿੰਘ ਮਾਨ, ਜਰਨੈਲ ਸਿੰਘ, ਹਰਬੰਸ ਸਿੰਘ, ਅਮਰਜੀਤ ਸਿੰਘ ਜੱਜ, ਬਿੰਦਾ ਪੰਨੂ ਤੰਦਾਉਰਾ, ਸਤਵਿੰਦਰ ਸਿੰਘ ਨਿੱਝਰ, ਪਰਮਜੀਤ ਸਿੰਘ ਮੰਗਾ, ਨਰਿੰਦਰ ਪਾਲ ਸਿੰਘ, ਮੰਗਾ ਨਾਹਰ, ਗੁਰਪ੍ਰੀਤ ਸਿੰਘ ਮਰੋਕ ਮਹਿਸਮਪੁਰ, ਹਰਪ੍ਰੀਤ ਸਿੰਘ ਹੈਪੀ ਆਦਿ ਹਾਜ਼ਰ ਸਨ


**Court Notice**

In the Court of Sh. Barinder Singh Ramana
Principal Judge, Family Court, Rupnagar.
CNR No. PBRO01-001795-2023
Next Date : 11.8.2023
Kuldeep Singh aged about 40 years S/o Karm Singh R/o Vill. Alampur, Tehsil and Distt. Rupnagar.
Versus
General Public
Petition u/s 7, 10 and 25 of Guardian and Wards Act, 1890
Publication issued to : General Public
In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 11.8.2023 at 10.00 a.m.
For details logon to https://highcourtchd.gov.in/?trs=district notice&district=ropar
Principal Judge, Family Court, Rupnagar.
Dated, this day of 11.5.2023

**Court Notice**

In the Court of Sh. Barinder Singh Ramana
Principal Judge, Family Court, Rupnagar.
CNR No. P·RO01-001825-2023
Next Date : 8.8.2023
1. Surjit Singh aged about 72 years S/o Labh Singh S/o Bishan Ram 2. Bhinder Kaur aged about 70 years W/o Surjit Singh S/o Labh Singh both R/o Vill. Chotta Samana, Tehsil Morinda, Distt. Rupnagar.
Versus
General Public
Petition Under Hindu Minority and GuardianShip Act for appointing applicants/petitiners as Guardian of the minor Harinder Singh D.O.B. 20.10.2015 S/o Avtar Singh, being his grandparents for the welfare and education of the minor.
Publication issued to : General Public
In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 8.8.2023 at 10.00 a.m.
For details logon to https://highcourtchd.gov.in/?trs=district notice&district=ropar
Principal Judge, Family Court, Rupnagar.
Dated, this day of 11.5.2023

**Capital Small Finance Bank**

HO:- MIDAS Corporate Park, 3rd Floor, 37, G.T. Road, Jalandhar-144001, Punjab, India.

ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮ:) ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਦਾ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ (ਐਕਟ, 2002 (2002 ਦਾ 54) ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ/ਗਰੰਟਰਾਂ ਨੂੰ ਡਿਮਾਂਡ ਨੋਟਿਸ ਦੀ ਮਿਤੀ ਨੂੰ ਸਮੇਤ ਭਵਿੱਖੀ ਵਿਆਜ ਬਕਾਇਆ ਖੜ੍ਹੀ ਰਕਮ ਲਈ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਮਿਤੀ 11.01.2023 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

| ਕਰਜ਼ਦਾਰ ਅਤੇ ਗਰੰਟਰ ਦਾ ਨਾਂਅ | ਅਚੱਲ ਜਾਇਦਾਦ ਦਾ ਵੇਰਵਾ | ਬਕਾਇਆ ਰਕਮ |
|---|---|---|
| ਕਰਜ਼ਦਾਰ : (1) ਮੈਸਰਜ਼ ਇਲੈਕਟੋ ਹੱਟ ਸਾਹਮਣੇ ਸਾਈ ਸਟੂਡੀਓ, ਸਰਕਲ ਰੋਡ, ਰਾਏਕੋਟ, ਲੁਧਿਆਣਾ-141109 ਵਿਖੇ ਸਥਿਤ ਰਾਹੀਂ ਇਸ ਦੇ ਮਾਲਕ : ਸ੍ਰੀ ਸੁਨੀਲ ਕੁਮਾਰ ਬਾਂਸਲ ਪੁੱਤਰ ਬਸੇਸਰ ਲਾਲ ਉਰਫ ਬਸ਼ੇਸ਼ਰ ਲਾਲ ਬਾਂਸਲ ਵਾਸੀ ਮਕਾਨ | ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਸੰਤੋਸ਼ ਰਾਣੀ ਪਤਨੀ ਸੁਨੀਲ ਕੁਮਾਰ ਦੀ ਮਾਲਕੀ ਵਾਲੀ ਜਾਇਦਾਦ ਨਾਲ ਸੰਬੰਧਤ ਸਭ ਕੁੱਝ। ਪੈਮਾਇਸ਼ 150 ਵਰਗ ਗਜ਼ (5 ਮਰਲੇ) ਮੁਹੱਲਾ ਖੇਲਾ ਖੰਗੂੜਾ, ਪੁਰਾਣਾ ਮਕਾਨ ਨੰ. 2152, ਨਵਾਂ ਨੰਬਰ 24/13, ਰਾਏਕੋਟ, ਵਿਕਰੀ ਡੀਡ ਵਸੀਕਾ ਨੰ. 1375 ਮਿਤੀ 14.06.2011 | ਓ ਡੀ ਟੀ ਲਿਮਟ ਰੁਪਏ 26,05,007/- |

ਨੰ. 2152, ਵਾਰਡ ਨੰ. 13, ਰਾਏਕੋਟ, ਲੁਧਿਆਣਾ, ਪੰਜਾਬ-141109, ਗਰੰਟਰ : (2) ਸ੍ਰੀਮਤੀ ਸੰਤੋਸ਼ ਉਰਫ ਸੰਤੋਸ਼ ਰਾਣੀ ਪਤਨੀ ਸ੍ਰੀ ਸੁਨੀਲ ਕੁਮਾਰ ਬਾਂਸਲ ਵਾਸੀ ਮਕਾਨ ਨੰ. 2152, ਵਾਰਡ ਨੰ. 13, ਰਾਏਕੋਟ, ਲੁਧਿਆਣਾ, ਪੰਜਾਬ-141109 (3) ਸ੍ਰੀ ਹਨੀ ਗੋਇਲ ਪੁੱਤਰ ਸੁਰੇਸ਼ ਕੁਮਾਰ ਗੋਇਲ ਵਾਸੀ ਮਕਾਨ ਨੰ. 2579, ਮੁਹੱਲਾ ਕੰਗੀਆਂ, ਰਾਏਕੋਟ, ਲੁਧਿਆਣਾ-141109

ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ, ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਰੂਲ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਉਪਰੋਕਤ ਦਰਸਾਈਆਂ ਜਾਇਦਾਦਾਂ ਦਾ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ।
ਸਕਿਉਰਡ ਐੱਸਟ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।
ਖਾਸ ਤੌਰ 'ਤੇ ਕਰਜ਼ਦਾਰਾਂ ਤੇ ਗਰੰਟਰਾਂ ਅਤੇ ਆਮ ਲੋਕਾਂ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਸੰਬੰਧੀ ਕੋਈ ਸੌਦੇਬਾਜ਼ੀ ਨਾ ਕਰਨ ਅਤੇ ਜਾਇਦਾਦ ਨਾਲ ਸੰਬੰਧਤ ਕਿਸੇ ਵੀ ਤਰ੍ਹਾਂ ਦੀ ਸੌਦੇਬਾਜ਼ੀ ਬੈਂਕ ਦੀ ਵਸੂਲੀ ਹੇਠ ਹੋਵੇਗੀ।

ਸਥਾਨ : ਰਾਏਕੋਟ ਮਿਤੀ : 01.6.2023 ਸਹੀ/- ਅਧਿਕਾਰਤ ਅਫਸਰ

**Capital Small Finance Bank**

HO:- MIDAS Corporate Park, 3rd Floor, 37, G.T. Road, Jalandhar-144001, Punjab, India.

ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮ:) ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸਨ ਐਂਡ ਰੀਕੰਸਟਰੱਕਸ਼ਨ ਆਫ ਦਾ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ (ਐਕਟ, 2002 (2002 ਦਾ 54) ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ/ਗਰੰਟਰਾਂ ਨੂੰ ਡਿਮਾਂਡ ਨੋਟਿਸ ਦੀ ਮਿਤੀ ਨੂੰ ਸਮੇਤ ਭਵਿੱਖੀ ਵਿਆਜ ਬਕਾਇਆ ਖੜ੍ਹੀ ਰਕਮ ਲਈ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਮਿਤੀ 27.3.2023 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

| ਕਰਜ਼ਦਾਰ ਅਤੇ ਗਰੰਟਰ ਦਾ ਨਾਂਅ | ਅਚੱਲ ਜਾਇਦਾਦ ਦਾ ਵੇਰਵਾ | ਬਕਾਇਆ ਰਕਮ |
|---|---|---|
| ਕਰਜ਼ਦਾਰ-1, ਸ੍ਰੀਮਤੀ ਮੀਨਾ ਪਤਨੀ ਸ੍ਰੀ ਸੁਰਿੰਦਰ ਮਸੀਹ ਵਾਸੀ ਈਸਾ ਨਗਰੀ, ਅਕਬਰਵਾਲਾ, ਮਖੂ, ਫਿਰੋਜ਼ਪੁਰ, ਪੰਜਾਬ-142044. 2. ਸ੍ਰੀ ਜੋਨਾਥਨ ਪੁੱਤਰ ਸ੍ਰੀ ਸੁਰਿੰਦਰ ਮਸੀਹ ਵਾਸੀ ਈਸਾ ਨਗਰੀ, ਅਕਬਰਵਾਲਾ, ਮਖੂ, ਫਿਰੋਜ਼ਪੁਰ, | ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ: ਤਬਾਦਲਾ ਬੈਨਾਮਾ ਨੰ. 2021-22/119/1/788 ਮਿਤੀ 30.12.2021 ਅਨੁਸਾਰ ਸ੍ਰੀਮਤੀ ਮੀਨਾ ਪਤਨੀ ਸੁਰਿੰਦਰ ਮਸੀਹ ਦੀ ਮਲਕੀਅਤ ਜਾਇਦਾਦ ਰਕਬਾ 4 ਮਰਲੇ 4 ਸਰਸਾਹੀ, ਵਾਕਿਆ ਪਿੰਡ ਵਿੰਜੋਕੇ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਨਾਲ ਸੰਬੰਧਤ ਸਭ ਕੁਝ | ਜਾਇਦਾਦ ਵਿਰੁੱਧ ਕਰਜ਼ਾ ਰੁਪਏ 10,14,920.34 |

ਪੰਜਾਬ-142044, ਗਰੰਟਰ : 3. ਸ੍ਰੀ ਸੁਖਦੇਵ ਸਿੰਘ ਪੁੱਤਰ ਅਜੈਬ ਸਿੰਘ, ਪਿੰਡ ਨੰਗਲ, ਫਿਰੋਜ਼ਪੁਰ-142044

ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ, ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਰੂਲ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਉਪਰੋਕਤ ਦਰਸਾਈਆਂ ਜਾਇਦਾਦਾਂ ਦਾ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ।
ਸਕਿਉਰਡ ਐੱਸਟ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।
ਖਾਸ ਤੌਰ 'ਤੇ ਕਰਜ਼ਦਾਰਾਂ ਤੇ ਗਰੰਟਰਾਂ ਅਤੇ ਆਮ ਲੋਕਾਂ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਸੰਬੰਧੀ ਕੋਈ ਸੌਦੇਬਾਜ਼ੀ ਨਾ ਕਰਨ ਅਤੇ ਜਾਇਦਾਦ ਨਾਲ ਸੰਬੰਧਤ ਕਿਸੇ ਵੀ ਤਰ੍ਹਾਂ ਦੀ ਸੌਦੇਬਾਜ਼ੀ ਬੈਂਕ ਦੀ ਵਸੂਲੀ ਹੇਠ ਹੋਵੇਗੀ।

ਸਥਾਨ : ਵਿੰਜੋਕੇ, ਮਖੂ ਮਿਤੀ : 1.6.2023 ਸਹੀ/- ਅਧਿਕਾਰਤ ਅਫਸਰ

**ਆਮ ਸੂਚਨਾ**

ਮੈਂ ਜੈ ਸਮਰਥ ਨਰੂਲਾ ਪੁੱਤਰ ਚਰਨਜੀਤ ਸਿੰਘ ਨਰੂਲਾ ਵਾਸੀ 36 ਅਜੀਤ ਨਗਰ ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੀਆਂ ਤਿੰਨ ਪੁਰਾਣੀਆਂ ਰਜਿਸਟਰੀਆਂ (1) ਬੈ ਨਾਮਾ ਵਸੀਕਾ ਨੰ: 2678 ਤਸਦੀਕ ਮਿਤੀ 09-07-1984 ਤਸਦੀਕਸ਼ੁਦਾ ਸਬ ਰਜਿਸਟਰਾਰ ਅੰਮ੍ਰਿਤਸਰ ਬਹੱਕ ਅਵਤਾਰ ਕੌਰ ਪਤਨੀ ਸੁਰਜਨ ਸਿੰਘ ਤੇ (2) ਬੈ ਨਾਮਾ ਵਸੀਕਾ ਨੰ: 2679 ਤਸਦੀਕ ਮਿਤੀ 09-07-1984 ਤਸਦੀਕਸ਼ੁਦਾ ਸਬ ਰਜਿਸਟਰਾਰ ਅੰਮ੍ਰਿਤਸਰ ਬਹੱਕ ਹਰਜੀਤ ਕੌਰ ਪਤਨੀ ਸਵਰਨ ਸਿੰਘ ਤੇ (3) ਬੈ ਨਾਮਾ ਵਸੀਕਾ ਨੰ: 5071 ਤਸਦੀਕ ਮਿਤੀ 06-07-1983 ਤਸਦੀਕਸ਼ੁਦਾ ਸਬ ਰਜਿਸਟਰਾਰ ਅੰਮ੍ਰਿਤਸਰ ਬਹੱਕ ਰਵਿੰਦਰ ਕੌਰ ਪਤਨੀ ਖੁਰਿੰਦਰ ਸਿੰਘ ਦੇ ਸੀ ਇਹ ਮੇਰੇ ਕੋਲੋਂ ਗੁੰਮ ਹੋ ਗਈਆਂ ਹਨ, ਇੰਨਾਂ ਰਜਿਸਟਰੀਆਂ ਤੇ ਮੈਂ ਕਿਸੇ ਬੈਂਕ ਜਾਂ ਸਰਕਾਰੀ ਜਾਂ ਗੈਰ ਸਰਕਾਰੀ ਅਦਾਰੇ ਪਾਸੋਂ ਕੋਈ ਲੋਨ ਨਹੀਂ ਲਿੱਤਾ ਅਤੇ ਨਾ ਹੀ ਕਿਸੇ ਅਦਾਲਤ ਵਿਚ ਕਿਸੇ ਕੇਸ ਵਿਚ ਹਨ। ਇਸ ਸਬੰਧੀ ਪੁਲਿਸ ਥਾਣਾ ਡਵੀਜ਼ਨ-ਬੀ ਅੰਮ੍ਰਿਤਸਰ ਵਿਖੇ ਰਿਪੋਰਟ (ਰੋਜ਼ਨਾਮਚਾ ਸਾਂ:043, ਮਿਤੀ 02/06/2023) ਦਰਜ ਹੈ।

**Court Notice**

In the Court of Sh. Amanpreet Singh
Civil Judge (Senior Division), Rupnagar.
CS/448/2023
CNR No. PBRO02-000666-2023
Next Date : 3.7.2023
Harsheep Singh S/o Karwal Pushwinder Singh S/o Baldev Singh R/o Vill. Kheri Salabatpur, Tehsil Sri Chamkaur Sahib, Distt. Rupnagar.
Versus
General Public and Ors
Suit for Declaration
Publication issued to : General Public
In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 3.7.2023 at 10.00 a.m.
For details logon to https://highcourtchd.gov.in/?trs=district notice&district=ropar
Civil Judge (Senior Division), Rupnagar.
Dated, this day of 31.5.2023

**Court Notice**

In the Court of Sh. Barinder Singh Ramana
Principal Judge, Family Court, Rupnagar.
CNR No. PBRO01-004533-2021
Next Date : 4.7.2023
Ramandeep Kaur
Versus
Sehajpal Singh
Petition u/s 125 CrPC
Publication issued to : Sehajpal Singh F/o Darshan Singh R/o Vill. Ralli, Post Office Datewas, Tehsil Budhladha, Distt. Mansa.
In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 4.7.2023 at 10.00 a.m.
For details logon to https://highcourtchd.gov.in/?trs=district notice&district=ropar
Principal Judge, Family Court, Rupnagar.
Dated, this day of 11.5.2023

**ਅਦਾਲਤੀ ਇਸ਼ਤਿਹਾਰ**

ਬਾ ਅਦਾਲਤ-ਲਵਦੀਪ ਸਿੰਘ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਗੜ੍ਹਦੀਵਾਲਾ।
ਕੇਸ : 01/2023 ਤਕਸੀਮ, ਪਿੰਡ ਹਦਬਸਤ ਨੰ: ਗੜ੍ਹਦੀਵਾਲਾ/19, ਖੇਵਟ ਨੰ: 776/742
ਧਿਰਾਂ : ਦੇਸ ਰਾਜ ਬਨਾਮ ਧਿਆਨ ਸਿੰਘ ਵਗੈਰਾ
ਉਪਰੋਕਤ ਅਨੁਵਾਨ ਕੇਸ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਇਤਲਾਹ ਸਧਾਰਨ ਤਰੀਕੇ ਨਾਲ ਨਹੀਂ ਹੋ ਸਕੀ ਹੈ। ਇਸ ਲਈ ਉਤਰਵਾਦੀਆਂ ਨੂੰ ਅਖਬਾਰ ਨੋਟਿਸ/ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਮਿਤੀ 15.6.2023 ਨੂੰ ਸਵੇਰੇ 8.00 ਵਜੇ ਅਸਾਲਤਨ ਜਾਂ ਵਕਾਲਤਨ ਕੇਸ ਦੀ ਪੈਰਵੀ ਲਈ ਇਸ ਅਦਾਲਤ ਵਿੱਚ ਹਾਜ਼ਰ ਹੋਣ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਉਜਰ ਮੰਨਣਯੋਗ ਨਹੀਂ ਹੋਵੇਗਾ।
1. ਧਿਆਨ ਸਿੰਘ ਪੁੱਤਰ ਸੁੰਦਰ ਸਿੰਘ ਵਾਸੀ ਪਿੰਡ ਗੜ੍ਹਦੀਵਾਲਾ, ਤਹਿ: ਦਸੂਹਾ 2. ਨਰਿੰਦਰ ਕੌਰ ਵਿਧਵਾ ਕਾਹਨ ਸਿੰਘ 3. ਸੁਖਵਿੰਦਰ ਸਿੰਘ 4. ਬਲਵਿੰਦਰ ਸਿੰਘ ਪੁੱਤਰਾਨ ਕਾਹਨ ਸਿੰਘ 5. ਰਾਜਵਿੰਦਰ ਕੌਰ ਪੁੱਤਰੀ ਕਾਹਨ ਸਿੰਘ ਵਾਸੀਆਨ ਪਿੰਡ ਗੜ੍ਹਦੀਵਾਲਾ, ਤਹਿ: ਦਸੂਹਾ 6. ਮਨਜੀਤ ਕੌਰ ਵਿਧਵਾ ਨਰੈਣ ਸਿੰਘ 7. ਕਮਲਜੀਤ ਕੌਰ 8. ਬਲਜੀਤ ਕੌਰ 9. ਲਖਵਿੰਦਰ ਸਿੰਘ 10. ਕੁਲਜੀਤ ਕੌਰ ਪੁੱਤਰੀਆਂ ਨਰੈਣ ਸਿੰਘ 11. ਰਵਿੰਦਰ ਸਿੰਘ ਪੁੱਤਰ ਨਰੈਣ ਸਿੰਘ 12. ਸ਼ਵੀ ਪੁੱਤਰ ਬਰਕਤ ਅਲੀ ਪੁੱਤਰ ਨੂਰਾ ਵਾਸੀ ਦਾਣਾ ਮੰਡੀ ਰੋਡ ਗੜ੍ਹਦੀਵਾਲਾ, ਤਹਿ: ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ।
ਅੱਜ ਮਿਤੀ 2.6.2023 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।
ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਗੜ੍ਹਦੀਵਾਲਾ।






**General Notice**

I,Simranjeet Kaur D/O Jarnail Singh R/O H.No.71,Guru Ram Das Avenue,Kot Khalsa, Amritsar, Punjab inform that in my policy at Post Office No.05CE 978302 my name is written as Simarjit Kaur but my correct name is Simranjeet Kaur.Please correct my name in my policy.

I Sarbjit Kaur W/O Varinder Singh R/O Village Sohal Tehsil Tarn Taran Distt. Tarn Taran Have Declared That My Son Jaskaran Singh Is Still Un Married And Lives In Italy, Now He Is Getting Married With Rajwinder Kaur, She Is Also Lives In Italy .is There Anybody Have Objection In Respect Of Their Marriage Can Submit Their Objection Within 30 Days.

**ਆਮ ਸੂਚਨਾ**

ਮੈ ਦਿਨੇਸ਼ ਸੋਨੀ ਪੁੱਤਰ ਦਵਾਰਕਾ ਦਾਸ ਵਾਸੀ ਜਲੰਧਰ ਨੇ ਇੱਕ ਜਮੀਨ ਪਿੰਡ ਪਟਿਆੜੀ ਵਿਖੇ ਖਰੀਦ ਕੀਤੀ ਹੈ। ਇਸ ਵਿੱਚ ਟਿਊਬਵੈਲ ਖਾਤਾ ਨੰਬਰ ਏ. ਪੀ. 227 ਪਹਿਲੇ ਮਾਲਕ ਰਾਜਵੀਰ ਸਿੰਘ ਪੁੱਤਰ ਬਲਵੀਰ ਸਿੰਘ ਦੇ ਨਾਮ ਤੇ ਚਲਦਾ ਹੈ। ਮੈ ਖਾਤੇ ਨੂੰ ਆਪਣੇ ਨਾਮ ਤੇ ਬਦਲੀ ਕਰਵਾਉਣਾ ਹੈ। ਕਿਸੇ ਨੂੰ ਇਤਰਾਜ਼ ਹੋਵੇ ਤਾ 7 ਦਿਨਾਂ ਦੇ ਅੰਦਰ ਸੱਬ ਆਫਿਸ ਪੀ. ਐਸ. ਪੀ. ਸੀ. ਐਲ. ਸਬ ਆਫਿਸ ਜਨੌੜੀ ਦੇ ਸਕਦਾ ਹੈ। (HITESH)

ਮੈਂ, ਧਰਮੀ ਪਤਨੀ ਫਕੀਰ ਚੰਦ ਵਾਸੀ ਮਕਾਨ ਨੰ. 281, ਘਾਗ ਪੱਤੀ ਜੰਡੂ ਸਿੰਘਾ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਬਲਵਿੰਦਰ ਕੁਮਾਰ ਨੂੰ ਮਿਤੀ 07-02-2019 ਨੂੰ ਬੇਦਖਲ ਕੀਤਾ ਸੀ, ਕਿਉਂਕਿ ਉਹ ਮੇਰੇ ਕਹਿਣੇ ਤੋਂ ਬਾਹਰ ਸੀ, ਪਰ ਹੁਣ ਮੇਰਾ ਲੜਕਾ ਬਲਵਿੰਦਰ ਕੁਮਾਰ ਮੇਰੇ ਕਹਿਣੇਕਾਰ ਹੈ ਅਤੇ ਮੇਰੀ ਹਰ ਗੱਲ ਮੰਨਦਾ ਹੈ। ਇਸ ਲਈ ਮੈਂ ਬੇਦਖਲੀ ਦੇ ਦਿੱਤੇ ਇਸ਼ਤਿਹਾਰ ਨੂੰ ਕੈਂਸਲ/ਖਾਰਜ ਕਰਦੀ ਹਾਂ। ਹੁਣ ਮੇਰਾ ਲੜਕਾ ਮੇਰੀ ਚੱਲ-ਅਚੱਲ ਜਾਇਦਾਦ ਦਾ ਵਾਰਸ ਹੈ। ਸੰਬੰਧਤ ਨੋਟ ਕਰਨ।

**ਬੇਦਖਲੀ ਨੋਟਿਸ**

ਮੈਂ, ਪਰਮਜੀਤ ਸਿੰਘ ਪੁੱਤਰ ਸ਼੍ਰੀ ਬੂਟਾ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਲੋਹਾਰ ਪ੍ਰਤਾਪਪੁਰਾ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜੋਗੇਸ਼ਵਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਮਨੋਜ ਕੁਮਾਰ ਪੁੱਤਰ ਸ਼੍ਰੀ ਤਰਸੇਮ ਲਾਲ ਵਾਸੀ ਗਲੀ ਨੰ. 4, ਪਟੇਲ ਨਗਰ, ਫਗਵਾੜਾ, ਹਾਲ ਵਾਸੀ ਗਲੀ ਨੰ: 3, ਸੁਭਾਸ ਨਗਰ, ਫਗਵਾੜਾ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਅੰਸ਼ ਲਾਹੜ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ ਸੁਖਚੈਨ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਰਣਜੀਤਗੜ੍ਹ ਤਹਿਸੀਲ ਵਾ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਬੀਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੇ ਲੜਕੇ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਮੇਰਾ ਜਾਂ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ ਹੈ। ਉਸ ਨਾਲ ਕੋਈ ਵੀ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ ਕੰਸ ਰਾਜ ਪੁੱਤਰ ਗਿਆਨ ਚੰਦ ਵਾਸੀ ਪਿੰਡ ਬਾਊਪੁਰ ਅਫਗਾਨਾ, ਡਾਕਖਾਨਾ ਡੁੱਗਰੀ, ਜ਼ਿਲਾ ਗੁਰਦਾਸਪੁਰ ਆਪਣੇ ਲੜਕੇ ਗਗਨਦੀਪ ਕੁਮਾਰ ਅਤੇ ਉਸਦੀ ਪਤਨੀ ਅੰਮ੍ਰਿਤ ਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਹ ਮੇਰੇ ਅਤੇ ਮੇਰੇ ਬਾਕੀ ਪਰਿਵਾਰ ਦੇ ਕਹਿਣੇ ਵਿਚ ਨਹੀਂ ਹਨ। ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ ਠਾਕੁਰ ਸਿੰਘ ਪੁੱਤਰ ਅਮਰ ਸਿੰਘ ਅਤੇ ਅਮਰਜੀਤ ਕੌਰ ਪਤਨੀ ਠਾਕੁਰ ਸਿੰਘ ਵਾਸੀਆਨ ਪੱਤੀ ਬਾਬਾ ਜੀਵਨ ਸਿੰਘ ਸੁਲਤਾਨਵਿੰਡ ਪਿੰਡ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਗੁਰਪ੍ਰੀਤ ਸਿੰਘ ਉਰਫ ਗੋਪੀ ਅਤੇ ਉਸ ਦੀ ਪਤਨੀ ਕੰਵਲਜੀਤ ਕੌਰ ਉਰਫ ਗੋਗਾ ਸਾਡੇ ਕਹਿਣੇ ਵਿੱਚ ਨਹੀਂ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਨਰੇਸ਼ ਕੁਮਾਰ ਪੁੱਤਰ ਲੇਟ ਸ੍ਰੀ ਗੁਲਸ਼ਨ ਕੁਮਾਰ ਅਤੇ ਰਮਾ ਛਾਬੜਾ ਪਤਨੀ ਨਰੇਸ਼ ਕੁਮਾਰ ਵਾਸੀਆਨ ਮਕਾਨ ਨੰ. 224/6, ਨਿਜਾਤਮ ਨਗਰ, ਜਲੰਧਰ, ਪੰਜਾਬ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਰੋਹਿਤ ਜੋ ਸਾਡੇ ਅਤੇ ਸਾਡੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੈ, ਨੂੰ ਅਸੀਂ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਅਸੀਂ ਅਤੇ ਸਾਡਾ ਪਰਵਾਰ ਇਸ ਦੇ ਕਿਸੇ ਵੀ ਲੈਣ-ਦੇਣ ਜਾਂ ਚੰਗੇ-ਮਾੜੇ ਕੰਮਾਂ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ। ਸਾਡਾ ਉਸ ਨਾਲ ਕੋਈ ਰਿਸ਼ਤਾ-ਨਾਤਾ ਨਹੀਂ ਹੈ। ਸੰਬੰਧਤ ਨੋਟ ਕਰਨ।

**ਬੇਦਖਲੀ ਨੋਟਿਸ**

ਮੈਂ, ਵਿਜੇ ਕੁਮਾਰੀ ਪਤਨੀ ਲੇਟ ਅਸ਼ਵਨੀ ਕੁਮਾਰ ਵਾਸੀ ਮੁਹੱਲਾ ਨੰਗਲ ਕੋਟਲੀ, ਗੁਰਦਾਸਪੁਰ, ਤਹਿ: ਤੇ ਜ਼ਿਲ੍ਹਾ ਗੁਰਦਾਸਪੁਰ, ਮੇਰਾ ਲੜਕਾ ਅਭਿਸ਼ੇਕ ਸ਼ਰਮਾ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ। (ਡੋਗਰਾ)

ਮੈਂ ਜਗਤਾਰ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਮੌੜ (ਫਰੀਦਕੋਟ) ਆਪਣੇ ਪੁੱਤਰ ਮਨਦੀਪ ਸਿੰਘ, ਨੂੰਹ ਹਰਪ੍ਰੀਤ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਹ ਮੇਰੇ ਕਹਿਣੇ ਤੋਂ ਬਾਹਰ ਹਨ, ਬੁਰੀ ਸੰਗਤ ਦੇ ਸ਼ਿਕਾਰ ਹਨ, ਉਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜੁੰਮੇਵਾਰ ਹੋਵੇਗਾ। ਉਨਾਂ ਨਾਲ ਮੇਰਾ ਕੋਈ ਤਲੱਕ ਵਾਸਤਾ ਨਹੀਂ ਹੈ। ਇਹ ਦੋਵੇਂ ਸਾਡੇ ਪਾਸੋਂ ਅਲੱਗ ਰਹਿ ਰਹੇ ਹਨ। ਇਨਾਂ ਦੀਆਂ ਦੋ ਬੱਚੀਆਂ (ਗੁਰਨਾਜ ਕੌਰ (2) ਤਨਵੀਰ ਕੌਰ (3) ਹਰਪ੍ਰੀਤ ਕੌਰ ਸਾਡੇ ਕੋਲ ਚੌਥੀ ਵਾਰੀ ਛੱਡ ਗਈ ਹੈ, ਉਨਾਂ ਨਾਲ ਬੁਰਾ ਵਿਵਹਾਰ ਕਰਦੀ ਹੈ। ਮੈਂ ਤੇ ਮੇਰਾ ਪਰਵਾਰ ਆਪਣੀਆਂ ਪੋਤਰੀਆਂ ਦੀ ਪਰਵਰਿਸ਼ ਕਰ ਰਹੇ ਹਾਂ ਅਤੇ ਕਰਦੇ ਰਹਾਂਗੇ।

ਅਸੀਂ ਦਵਿੰਦਰਪਾਲ ਸਿੰਘ ਪੁੱਤਰ ਸੁਰਿੰਦਰ ਸਿੰਘ ਅਤੇ ਸਰਬਜੀਤ ਕੌਰ ਪਤਨੀ ਦਵਿੰਦਰਪਾਲ ਸਿੰਘ ਵਾਸੀ ਪਿੰਡ ਸ਼ਮਸ਼ੇਰਪੁਰ ਡਾਕਖਾਨਾ ਫਤਿਹਗੜ੍ਹ ਚੂੜੀਆਂ ਜਿਲ੍ਹਾ ਗੁਰਦਾਸਪੁਰ ਆਪਣੇ ਲੜਕੇ ਕਰਨਬੀਰ ਸਿੰਘ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ । ਉਹ ਸਾਡੇ ਕਹਿਣੇ ਵਿੱਚ ਨਹੀਂ ਹੈ । ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ । (KP)

ਮੈਂ ਮੰਜੂਰ ਮਸੀਹ ਪੁੱਤਰ ਬਰਕਤ ਮਸੀਹ ਵਾਸੀ ਵਾਰਡ ਨੰਬਰ 01, ਫਤਿਹਗੜ੍ਹ ਚੂੜੀਆਂ ਤਹਿਸੀਲ ਬਟਾਲਾ ਜਿਲ੍ਹਾ ਗੁਰਦਾਸਪੁਰ ਆਪਣੇ ਲੜਕੇ ਜੋਨ ਮਸੀਹ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਹ ਮੇਰੇ ਕਹਿਣੇ ਵਿੱਚ ਨਹੀਂ ਹੈ । ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ । (KP)

ਮੈਂ, ਰਮੇਸ਼ ਕੁਮਾਰ ਪੁੱਤਰ ਲਾਲ ਚੰਦ ਵਾਸੀ 93-ਏ, ਦਯਾਨੰਦ ਨਗਰ, ਗਲੀ ਨੰ: 3, ਲਾਰੰਸ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਨੁਜ, ਉਸ ਦੀ ਪਤਨੀ ਪ੍ਰਭਜੋਤ ਕੌਰ ਅਤੇ ਉਹਨਾਂ ਦੀ ਲੜਕੀ ਹਿਮਾਂਸ਼ੀ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹਨ। ਮੈਂ ਆਪਣੇ ਲੜਕੇ, ਨੂੰਹ ਅਤੇ ਪੋਤਰੀ ਸਭ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਹਨਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ, ਉਹ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਵਾਰ ਦਾ ਉਹਨਾਂ ਨਾਲ ਕੋਈ ਤਲਕ-ਵਾਸਤਾ ਨਹੀਂ। (ਕੇ ਕੇ)

ਮੈਂ, ਦਰਸ਼ਨ ਕੌਰ ਪਤਨੀ ਹਰਜਿੰਦਰ ਸਿੰਘ ਵਾਸੀ ਪਿੰਡ ਕੋਟ ਗੰਗੂਰਾਏ, ਜ਼ਿਲ੍ਹਾ ਲੁਧਿਆਣਾ ਆਪਣੇ ਬੇਟੇ ਜਤਿੰਦਰ ਸਿੰਘ, ਨੂੰਹ ਸਤਬੀਰ ਕੌਰ ਅਤੇ ਪੋਤਾ ਮਨਰੂਪ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹਨ, ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੈਂ ਅਤੇ ਮੇਰਾ ਪਰਵਾਰ ਇਹਨਾਂ ਦੇ ਕਿਸੇ ਵੀ ਲੈਣ-ਦੇਣ ਜਾਂ ਚੰਗੇ-ਮਾੜੇ ਕੰਮਾਂ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ। ਸਾਡਾ ਉਨ੍ਹਾਂ ਨਾਲ ਕੋਈ ਰਿਸ਼ਤਾ-ਨਾਤਾ ਨਹੀਂ ਹੈ। ਸੰਬੰਧਤ ਨੋਟ ਕਰਨ। (7821)

ਮੈ ਜਸਵਿੰਦਰ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਨੰਗਲਗੁਰੂ ਤਹਿਸੀਲ ਵਾ ਜ਼ਿਲਾ ਅੰਮ੍ਰਿਤਸਰ ਨੇ ਆਪਣੇ ਲੜਕੇ ਰਾਜਨ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋ ਬੇਦਖਲ ਕਰ ਦਿੱਤਾ ਹੈ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

**ਨਾਂਅ ਦੀ ਬਦਲੀ**

ਮੈਂ ਜੁਗਰਾਜ ਸਿੰਘ ਪੁੱਤਰ ਛੋਟਾ ਸਿੰਘ ਵਾਸੀ ਤਖਾਣਵੱਧ ਜਿਲਾ ਮੋਗਾ ਜਨਮ ਤਾਰੀਖ 01-04-1979 ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਮ ਜੁਗਰਾਜ ਸਿੰਘ ਤੋਂ ਬਦਲ ਕੇ ਅੰਗਰੇਜ ਸਿੰਘ ਸਿੰਘ ਰੱਖ ਲਿਆ ਹੈ, ਸਬੰਧਤ ਨੋਟ ਕਰਨ। (ਬੱਬੀ)

ਮੈਂ ਸੁਨੰਦਨਜੀਤ ਸ਼ਰਮਾ ਪੁੱਤਰ ਹਰਦੇਵ ਸ਼ਰਮਾ ਵਾਸੀ ਪਿੰਡ ਰਾਮਪੁਰਾ (ਬਠਿੰਡਾ), ਮੈਂ ਇਸਲਾਮ ਧਰਮ ਅਪਨਾ ਲਿਆ ਹੈ, ਮੈ ਅਪਨਾ ਨਾਮ ਬਦਲ ਕੇ ਸੁਨੰਦਨਜੀਤ ਸ਼ਰਮਾ ਤੋ ਨਿੰਦਰ ਖਾਨ ਰੱਖ ਲਿਆ ਹੈ, ਸਬੰਧਤ ਨੋਟ ਕਰਨ।

ਮੈਂ, ਗੁਰਜੀਤ ਕੌਰ ਪਤਨੀ ਸੁਖਮੰਦਰ ਸਿੰਘ ਵਾਸੀ ਝਾੜੀਵਾਲਾ, ਜ਼ਿਲ੍ਹਾ ਫਿਰੋਜ਼ਪੁਰ ਦਾ ਨਾਂਅ ਮਾਲ ਵਿਭਾਗ ਦੇ ਰਿਕਾਰਡ ਵਿੱਚ ਗਲਤੀ ਨਾਲ ਸੁਰਜੀਤ ਕੌਰ ਦਰਜ ਹੋ ਗਿਆ ਹੈ। ਮੇਰਾ ਅਸਲ ਨਾਂਅ ਗੁਰਜੀਤ ਕੌਰ ਅਤੇ ਅੱਗੇ ਤੋਂ ਮੈਨੂੰ ਗੁਰਜੀਤ ਕੌਰ ਦੇ ਨਾਂਅ ਨਾਲ ਹੀ ਜਾਣਿਆ ਜਾਵੇ।

ਮੈਂ, ਹਰਭਜਨ ਸਿੰਘ ਪੁੱਤਰ ਮੁਖਤਾਰ ਸਿੰਘ ਵਾਸੀ 63-ਏ, ਖਾਲਸਾ ਐਵੇਨਿਊ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ (ਪੰਜਾਬ) ਨੇ ਆਪਣਾ ਨਾਂਅ ਹਰਭਜਨ ਸਿੰਘ ਤੋਂ ਬਦਲ ਕੇ ਹਰਭਜਨ ਸਿੰਘ ਭੁੱਲਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

**ਬੇਦਖਲੀ ਨੋਟਿਸ**

I, Sakatter Singh S/o Gurnam Singh R/o Village Burj 169, P.O. Sari Amant Khan District Tarn Taran have changed my name from Sakatter Singh to Sakattar Singh.

I, Kawaljit Kaur W/o Bikkar Singh R/o VPO Bhaini Rajputan District Amritsar have changed my name from Kawaljit Kaur to Kawaljeet Kaur

I Priya D/o Sh. Jaipal Resident of Guru Nanakpura, Beas, Amritsar, Punjab have changed my name from Priya to Priya Priya. All concerned please note.

**Change of Name**

I Satwinder Kaur Shergill W/O Resham Singh Vill & P.O.Jagat Pur Teh.Banga Distt.SBS Nagar, have changed my name to Satwinder Kaur . please note . (kataria)

I, Meena Kumari W/o Satpal R/o H.No. 128, Mohalla New Kartar Nagar, Shahkot, Distt. Jalandhar, have changed my name from Meena Kumari to Veena Kumari. Note please.

I, Sukhmanvir Singh S/o Kulwinder Singh R/o Butter Kalan, Tehsil & Distt. Gurdaspur, have changed my name from Sukhmanbir to Sukhmanvir Singh. All concerned note.

I, Yashasvi D/O Chander Mohan Parmar R/O 260,Avtar Avenue, Near Trillium Mall,Amritsar have added my Surname now known as Yashasvi Parmar.

I,Sweety Sood alias Nisha Malhotra W/O Raman Kumar Sood R/O 141,Nagina Avenue,B/S Power Colony, Majitha Road,Amritsar,Punjab have changed my name from Sweety Sood alias Nisha Malhotra to Sweety Sood .Concerned note.

I, Mamta W/O Raj Kumar R/O 1883-A,Ram Nagar Colony, Amritsar,Punjab have changed my name after marriage from Mamta to Seema. Concerned note.

I, Priyanka Goenka W/o Kavish Bawa R/o 1160, Gali Lala Wali Katra Ahluwalia Amritsar have changed my name from Priyanka Goenka to Priyanka

I,Ankita Manaktala W/O Sumant Mehra R/O 88,Basant Avenue, Near Ram Park, Amritsar, Punjab have changed my name from Ankita Manaktala to Ankita Mehra.Concerned note.

I, Madhu Aggarwal W/o Sh. Savtantar Kumar R/o Outside Bhandari Mohalla, Opp. Shanti Devi Hospital, Batala, Distt. Gurdaspur, Punjab, India declare that I am known by two names Madhu Aggarwal and Madhu Mittal. Both the names are of one and the same person. Concerned Note.

I, Baljit Kaur W/o Kulwant Singh R/o Village Sawal, Tehsil Sultanpur Lodhi, Distt. Kapurthala, Punjab, India, have changed my name from Baljit Kaur to Baljeet Kaur. All concerned please note.

I Shruti Seth W/O Vaneesh Ahuja R/O House No 928, R.b Estate, Loharka Road Amritsar Have Changed My Name From Shruti Seth To Shruti Ahuja.

I Vanish Ahuja S/O Ashok Ahuja R/O House No 928, R.b Estate, Loharka Road Amritsar Have Changed My Name From Vanish Ahuja To Vaneesh Ahuja.

I, Harjinder Kaur W/o Varinder Singh R/o 79, Ram Avenue, Mandir Wale Plot, Opposite New Amritsar, Amritsar have changed my name from Harjinder Kaur to Mandeep Kaur

I, hitherto Known as Lakshmi Devi Alias Joginder Kaur W/o Harbhajan Lal R/o Nakodar Road Colony Nurmahal, Tehsil Phillaur, Distt. Jalandhar-144039, Punjab have changed my name and shall hereafter be known as Joginder Kaur.

**ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ**

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


## ਧਾਰੀਵਾਲ ਮਿੱਲ ਮੁਲਾਜ਼ਮਾਂ ਨੂੰ ਜਲਦ ਮਿਲੇਗਾ ਬਕਾਇਆ: ਕਵਿਤਾ ਖੰਨਾ



ਗੁਰਦਾਸਪੁਰ (ਜਨਕ ਮਹਾਜਨ)-ਨਿਊ ਐਗਰਟਨ ਵੂਲਨ ਮਿੱਲ ਧਾਰੀਵਾਲ ਮਿੱਲ ਦੇ ਮੌਜੂਦਾ ਅਤੇ ਸੇਵਾਮੁਕਤ ਮੁਲਾਜ਼ਮਾਂ ਨੂੰ ਜਲਦ ਹੀ ਉਨ੍ਹਾਂ ਦੇ ਬਕਾਏ ਦਾ ਭੁਗਤਾਨ ਕਰ ਦਿੱਤਾ ਜਾਵੇਗਾ। ਇਸ ਸਬੰਧੀ ਕਵਿਤਾ ਖੰਨਾ ਨੇ ਕੇਂਦਰੀ ਉਦਯੋਗ ਮੰਤਰੀ ਪੀਯੂਸ਼ ਗੋਇਲ ਨਾਲ ਨਵੀਂ ਦਿੱਲੀ ਵਿਖੇ ਮੁਲਾਕਾਤ ਕੀਤੀ ਅਤੇ ਆਪਣੇ ਵੱਲੋਂ ਕੇਂਦਰੀ ਮੰਤਰੀ ਨੂੰ ਇਕ ਮੰਗ ਪੱਤਰ ਦਿੱਤਾ। ਕੇਂਦਰੀ ਮੰਤਰੀ ਨੂੰ ਮੁਲਾਕਾਤ ਦੌਰਾਨ ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਮੁਲਾਜ਼ਮਾਂ ਦੇ ਪਰਿਵਾਰ ਰੋਜ਼ਾਨਾ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ।ਕਵਿਤਾ ਖੰਨਾ ਨੇ ਮੁਲਾਜ਼ਮਾਂ ਦੀਆਂ ਬਕਾਇਆ ਤਨਖ਼ਾਹਾਂ, ਸੇਵਾ ਮੁਕਤੀ ਅਤੇ ਹੋਰ ਬਕਾਇਆ ਕਲੀਅਰ ਕਰਨ ਦੀ ਬੇਨਤੀ ਕੀਤੀ। ਇਸ ਦੌਰਾਨ ਉਨ੍ਹਾਂ ਕਿਹਾ ਕਿ ਅਪ੍ਰੈਲ 2022 ਤੱਕ ਦੇ ਬਕਾਏ ਲਈ ਭਾਰਤ ਸਰਕਾਰ ਦੇ ਕੇਂਦਰੀ ਬਜਟ ਵਿੱਚ 102.57 ਕਰੋੜ ਰੁਪਏ ਦੀ ਰਾਸ਼ੀ ਮਨਜ਼ੂਰ ਕੀਤੀ ਗਈ ਹੈ ਅਤੇ ਇਹ ਰਾਸ਼ੀ ਅਜੇ ਤੱਕ ਪ੍ਰਾਪਤ ਨਹੀਂ ਹੋਈ ਹੈ। ਉਨ੍ਹਾਂ ਦੱਸਿਆ ਕਿ 30 ਜੂਨ 2017 ਤੱਕ ਮਿੱਲ ਵਿੱਚ 417 ਮੁਲਾਜ਼ਮ ਸਨ, ਜਿਨ੍ਹਾਂ ਵਿੱਚੋਂ 276 ਹੁਣ ਸੇਵਾਮੁਕਤ ਹੋ ਚੁੱਕੇ ਹਨ। ਇਸ ਸਮੇਂ 141 ਕਰਮਚਾਰੀ ਅਜੇ ਵੀ ਰੋਲ 'ਤੇ ਹਨ। ਇਸ ਸਬੰਧੀ ਮੰਤਰੀ ਪੀਯੂਸ਼ ਗੋਇਲ ਨੇ ਟੈਕਸਟਾਈਲ ਮੰਤਰਾਲੇ ਵਿੱਚ ਸਬੰਧਤ ਅਧਿਕਾਰੀ ਨੂੰ ਬੁਲਾਇਆ ਅਤੇ ਵਿਭਾਗ ਨੂੰ ਅਪ੍ਰੈਲ 2022 ਤੱਕ ਦੇ ਸਾਰੇ ਬਕਾਏ ਜਲਦੀ ਤੋਂ ਜਲਦੀ ਕਲੀਅਰ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਜਲਦ ਹੱਲ ਕਰ ਦਿੱਤਾ ਜਾਵੇਗਾ।

## ਚੇਅਰਮੈਨ ਲਾਏ ਜਾਣ 'ਤੇ ਆਪ ਵਰਕਰਾਂ 'ਚ ਭਾਰੀ ਰੋਸ

ਮਹਿਤਪੁਰ (ਰਾਜਾ) ਹਲਕਾ ਸ਼ਾਹਕੋਟ ਬਲਾਕ ਮਹਿਤਪੁਰ ਦੇ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਇਕ ਰੋਸ ਮੀਟਿੰਗ ਮਹਿਤਪੁਰ ਵਿੱਚ ਕੀਤੀ ਗਈ ਅਤੇ ਰੋਸ ਪ੍ਰਗਟ ਕੀਤਾ ਗਿਆ। ਵਰਕਰਾਂ ਨੇ ਹਾਈ ਕਮਾਂਡ ਤੋਂ ਮੰਗ ਕੀਤੀ ਕਿ ਮਾਰਕੀਟ ਕਮੇਟੀ ਮਹਿਤਪੁਰ ਦੇ ਨਵੇਂ ਲਗਾਏ ਚੇਅਰਮੈਨ ਨੂੰ ਬਦਲਿਆ ਜਾਵੇ। ਇਥੇ ਚੇਅਰਮੈਨ ਬਲਾਕ ਮਹਿਤਪੁਰ ਦੇ ਪਾਰਟੀ ਵਰਕਰ ਨੂੰ ਲਗਾਇਆ ਜਾਵੇ। ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਕ੍ਰਿਸ਼ਨ ਕੁਮਾਰ ਬਿੱਟੂ ਜ਼ਿਲਾ ਜੁਆਇੰਟ ਸਕੱਤਰ, ਸੁਰਜੀਤ ਸਿੰਘ ਸਰਕਲ ਪ੍ਰਧਾਨ, ਮਨਜੀਤ ਸਿੰਘ ਵੇਹਰਾਂ ਸਰਕਲ ਪ੍ਰਧਾਨ, ਨਿਰਮਲ ਸਿੰਘ ਹਰੀਪੁਰ, ਨਵਦੀਪ ਕੁਮਾਰ ਮਹੇ ਸ਼ਹਿਰੀ ਪ੍ਰਧਾਨ ਮਹਿਤਪੁਰ, ਬਲਵੀਰ ਮਹੇੜੂ, ਪਰਮਿੰਦਰ ਸਿੰਘ ਸ਼ਾਹਪੁਰ, ਸੀਨੀਅਰ ਆਗੂ ਹਰਵਿੰਦਰ ਸਿੰਘ ਮਠਾੜੂ, ਕਮਲਜੀਤ ਕੌਰ ਮਾਲੋਵਾਲ ਸੀਨੀਅਰ ਆਗੂ, ਨਰਿੰਦਰ ਸਿੰਘ ਮੰਡਿਆਲਾ, ਪਰਮਜੀਤ ਸਿੰਘ, ਗੁਰਮੀਤ ਸਿੰਘ ਬੁਲੰਦਾ, ਸਾਗਰ ਪੰਚ, ਹਰਜੀਤ ਸਿੰਘ ਰੌਲੀ, ਗੁਰਵਿੰਦਰ ਸਿੰਘ ਉਧੋਵਾਲ ਆਦਿ ਹਾਜ਼ਰ ਸਨ।

## ਨਸ਼ੀਲੀਆਂ ਗੋਲੀਆਂ ਦੇ 600 ਪੱਤਿਆਂ ਸਮੇਤ ਕਾਬੂ

ਮਾਹਿਲਪੁਰ (ਸਫਰੀ) - ਥਾਣਾ ਮੁਖੀ ਮਾਹਿਲਪੁਰ ਸਬ ਇੰਸਪੈਕਟਰ ਬਲਜਿੰਦਰ ਸਿੰਘ ਮੱਲ੍ਹੀ ਦੀ ਦੇਖ-ਰੇਖ ਹੇਠ ਏ ਐਸ ਆਈ ਸਤਨਾਮ ਸਿੰਘ ਸਮੇਤ ਸਾਥੀ ਕਰਮਚਾਰੀਆਂ ਨੇ ਚੈਕਿੰਗ ਦੌਰਾਨ ਮੋਟਰਸਾਈਕਲ ਨੰਬਰ ਪੀ ਬੀ 24 - ਬੀ-1836 'ਤੇ ਸਵਾਰ ਵਿਕਾਸ ਉਰਫ ਵਿੱਕੀ ਪੁਤਰ ਜੋਗ ਰਾਜ ਵਾਸੀ ਚੱਕ ਰੌਤਾਂ ਥਾਣਾ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਕਾਬੂ ਕਰਕੇ ਉਸ ਪਾਸੋਂ 600 ਪੱਤੇ ਨਸ਼ੀਲੀਆਂ ਗੋਲੀਆਂ ਦੇ ਬਰਾਮਦ ਕਰਕੇ ਉਸ ਖਿਲਾਫ ਮੁਕੱਦਮਾ ਨੰਬਰ 123 ਮਿਤੀ 02-06-2023 ਅ/ਧ 22,29-61-85 ਐਨ ਡੀ ਪੀ ਐੱਸ ਐਕਟ ਤਹਿਤ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪੀਰ ਬਾਬਾ ਕੱਲੂ ਸ਼ਾਹ ਦੀ ਦਰਗਾਹ 'ਤੇ ਸਾਲਾਨਾ ਸਭਿਆਚਾਰਕ ਮੇਲਾ 15 ਨੂੰ

ਅੱਡਾ ਸਰਾਂ (ਕਾਜਲ ) -ਪਿੰਡ ਨੈਨੋਵਾਲ ਵੈਦ ਵਿਖੇ ਪੀਰ ਬਾਬਾ ਕੱਲੂ ਸ਼ਾਹ ਜੀ ਦੀ ਦਰਗਾਹ 'ਤੇ ਸਾਲਾਨਾ 30 ਵਾਂ ਸਭਿਆਚਾਰਕ ਮੇਲਾ 15 ਜੂਨ ਨੂੰ ਕਰਵਾਇਆ ਜਾਵੇਗਾ। ਮੇਲੇ ਦੀਆਂ ਤਿਆਰੀਆਂ ਨੂੰ ਲੈ ਕੇ ਹੋਈ ਪ੍ਰਬੰਧਕ ਕਮੇਟੀ ਦੀ ਮੀਟਿੰਗ ਵਿਚ ਪ੍ਰਧਾਨ ਸਤਨਾਮ ਸਿੰਘ ਢਿੱਲੋਂ ਨੇ ਦੱਸਿਆ ਕਿ ਮੇਲੇ ਦਾ ਉਦਘਾਟਨ ਸਾਬਕਾ ਮੰਤਰੀ ਚੋਧਰੀ ਬਲਬੀਰ ਸਿੰਘ ਮਿਆਣੀ ਅਤੇ ਸਾਬਕਾ ਕਮਿਸ਼ਨਰ ਲਖਵਿੰਦਰ ਸਿੰਘ ਲੱਖੀ ਕਰਨਗੇ, ਜਦਕਿ ਵਿਧਾਇਕ ਜਸਵੀਰ ਸਿੰਘ ਰਾਜਾ ਅਤੇ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਬਾਦਲ ਅਰਵਿੰਦਰ ਸਿੰਘ ਰਸੂਲਪੁਰ ਮੁੱਖ ਮਹਿਮਾਨ ਹੋਣਗੇ। ਮੇਲੇ ਦੌਰਾਨ ਅਮਨ ਰੋਜ਼ੀ,ਜੈਲੀ,ਲੱਖੀ ਸਿੱਧੂ,ਮਹਿੰਦੀ ਬਰਾੜ, ਐਸ਼ ਕੌਰ,ਸੁੱਖੀ ਖ਼ਾਨ, ਵਿਨੂੰ ਈਦੂ,ਸਲੀਮ ਸਾਬਰੀ ਮਲੇਰਕੋਟਲਾ ਵਾਲੇ ਕਵਾਲ, ਅਵਤਾਰ ਚੜਿੱਕ ਅਤੇ ਇਕਬਾਲ ਚੜਿੱਕ ਅਤੇ ਰਾਣਾ ਕੰਮੇਆਨਿਆ ਆਦਿ ਕਲਾਕਾਰ ਭਾਗ ਲੈਣਗੇ। ਸਮਾਜ ਸੇਵਕ ਮਨਜੋਤ ਸਿੰਘ ਤਲਵੰਡੀ,ਦਵਿੰਦਰ ਸਿੰਘ ਮੂਨਕ,ਡਾ.ਕੇਵਲ ਸਿੰਘ ਕਾਜਲ ਅਤੇ ਰੇਸ਼ਮ ਸਿੰਘ ਢਿੱਲੋਂ ਇੰਗਲੈਂਡ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਇਸ ਮੌਕੇ ਸੁਖਵਿੰਦਰ ਸਿੰਘ ਢਿੱਲੋਂ,ਸੋਮ ਨਾਥ ਮਹਿਮੀ, ਸੁਖਵੀਰ ਸਿੰਘ,ਸਾਬਕਾ ਸਰਪੰਚ ਨਰਿੰਦਰ ਸਿੰਘ,ਬਲਜਿੰਦਰ ਸਿੰਘ,ਗੁਰਮੀਤ ਸਿੰਘ, ਜਸਵੰਤ ਸਿੰਘ ਬਿੱਟਾ,ਸੁਖਦੇਵ ਸਿੰਘ, ਸੰਦੀਪ ਸਿੰਘ ਮਹਿਮੀ,ਕਿੰਦਾ,ਜੀਤੀ,ਜੋਬਨ ਢਿੱਲੋਂ, ਸਰਬਜੀਤ ਸਿੰਘ,ਸੁਭਾਸ਼ ਰਾਮ ਆਦਿ ਮੌਜੂਦ ਸਨ ।

4-Jun-PAGE- 7.qxd 6/3/2023 10:10 PM Page 1



# ਏ ਆਈ ਐੱਫ ਸਕੀਮ ਨਾਲ 3300 ਕਰੋੜ ਰੁਪਏ ਦੇ ਖੇਤੀ ਪ੍ਰੋਜੈਕਟਾਂ ਦੀ ਹੋਈ ਸ਼ੁਰੂਆਤ : ਜੌੜਾਮਾਜਰਾ




**ਚੰਡੀਗੜ੍ਹ, ( ਗੁਰਜੀਤ ਬਿੱਲਾ )**-ਪੰਜਾਬ ਸਰਕਾਰ ਦੇ ਬਾਗਬਾਨੀ ਵਿਭਾਗ ਨੇ ਪਿਛਲੇ ਵਿੱਤੀ ਸਾਲ 2022-23 ਦੌਰਾਨ ਸੂਬੇ ਵੱਲੋਂ ਕੀਤੀ ਪ੍ਰਗਤੀ ਨੂੰ ਸਾਂਝਾ ਕਰਨ ਅਤੇ ਪੰਜਾਬ ਵਿੱਚ ਏ.ਆਈ.ਐਫ. ਸਕੀਮ ਦੇ ਪ੍ਰਚਾਰ ਲਈ ਸਰਕਾਰ ਦੇ ਨਾਲ-ਨਾਲ ਨਿੱਜੀ ਖੇਤਰ ਦੇ ਭਾਈਵਾਲਾਂ ਵੱਲੋਂ ਪਾਏ ਯੋਗਦਾਨ ਨੂੰ ਮਾਨਤਾ ਦੇਣ ਲਈ ਮਗਸੀਪਾ, ਸੈਕਟਰ-26 ਚੰਡੀਗੜ੍ਹ ਵਿਖੇ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ (ਏਆਈਐਫ) ਸੰਮੇਲਨ ਕਰਵਾਇਆ ਗਿਆ। ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਵੱਲੋਂ ਲਾਂਚ ਕੀਤੀ ਇਹ ਏਆਈਐਫ ਸਕੀਮ ਜੁਲਾਈ 2020 ਵਿੱਚ ਸ਼ੁਰੂ ਕੀਤੀ ਗਈ ਸੀ। ਏਆਈਐਫ ਸਕੀਮ ਦਾ ਉਦੇਸ਼ ਖੇਤੀਬਾੜੀ ਅਤੇ ਬਾਗਬਾਨੀ ਵੈਲਯੂ ਚੇਨਾਂ ਵਿੱਚ ਵਾਢੀ ਉਪਰੰਤ ਪ੍ਰਬੰਧਨ ਬੁਨਿਆਦੀ ਢਾਂਚਾ ਤਿਆਰ ਕਰਨਾ ਹੈ। ਸੂਬੇ ਵਿੱਚ ਏਆਈਐਫ ਸਕੀਮ ਨੂੰ ਲਾਗੂ ਕਰਨ ਵਾਸਤੇ ਬਾਗਬਾਨੀ ਵਿਭਾਗ ਸੂਬੇ ਦੀ ਨੋਡਲ ਏਜੰਸੀ ਹੈ।

ਬਾਗਬਾਨੀ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਕਿਸਾਨਾਂ ਦੀ ਆਮਦਨ ਵਧਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਦੇ ਸੁਪਨੇ ਨੂੰ ਅੱਗੇ ਵਧਾਉਂਦੇ ਹੋਏ ਪੰਜਾਬ ਨੇ ਏ.ਆਈ.ਐਫ ਸਕੀਮ ਤਹਿਤ ਬਹੁਤ ਤਰੱਕੀ ਕੀਤੀ ਹੈ। ਪਿਛਲੇ ਵਿੱਤੀ ਸਾਲ 2022-23 ਦੌਰਾਨ 3480 ਪ੍ਰੋਜੈਕਟਾਂ ਤੋਂ 2877 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਆਕਰਸ਼ਿਤ ਕੀਤਾ ਗਿਆ ਹੈ। ਉਹਨਾਂ ਅੱਗੇ ਦੱਸਿਆ ਕਿ 720 ਕਰੋੜ ਰੁਪਏ ਦੇ ਕਰਜੇ ਪਹਿਲਾਂ ਹੀ ਮਨਜ਼ੂਰ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚੋਂ 591 ਕਰੋੜ ਰੁਪਏ ਦੇ ਕਰਜੇ ਪਹਿਲਾਂ ਹੀ ਵੱਖ-ਵੱਖ ਕਰਜਾ ਦੇਣ ਵਾਲੀਆਂ ਸੰਸਥਾਵਾਂ ਵੱਲੋਂ ਵੰਡੇ ਜਾ ਚੁੱਕੇ ਹਨ। ਪੰਜਾਬ ਵਿੱਚੋਂ ਇਸ ਸਕੀਮ ਦਾ ਲਾਭ ਲੈਣ ਵਿੱਚ ਮੋਹਰੀ ਜ਼ਿਲ੍ਹੇ ਬਠਿੰਡਾ (326), ਸੰਗਰੂਰ (326), ਪਟਿਆਲਾ (315), ਸ੍ਰੀ ਮੁਕਤਸਰ ਸਾਹਿਬ (294) ਅਤੇ ਫਾਜ਼ਿਲਕਾ (283) ਹਨ।

ਜੌੜਾਮਾਜਰਾ ਨੇ ਦੱਸਿਆ ਕਿ ਇਸ ਸਕੀਮ ਰਾਹੀਂ ਸੂਬੇ ਵਿੱਚ ਬਣਾਏ ਗਏ ਪ੍ਰਮੁੱਖ ਖੇਤੀਬਾੜੀ ਬੁਨਿਆਦੀ ਢਾਂਚੇ ਵਿੱਚ ਕੋਲਡ ਰੂਮ ਅਤੇ ਕੋਲਡ ਸਟੋਰ, ਪ੍ਰਾਇਮਰੀ ਪ੍ਰੋਸੈਸਿੰਗ ਸੈਂਟਰ, ਕਸਟਮ ਹਾਇਰਿੰਗ ਸੈਂਟਰ, ਵੇਅਰਹਾਊਸ, ਸੋਰਟਿੰਗ ਅਤੇ ਗਰੇਡਿੰਗ ਯੂਨਿਟ ਅਤੇ ਮੌਜੂਦਾ ਖੇਤੀਬਾੜੀ ਬੁਨਿਆਦੀ ਢਾਂਚੇ ਤੇ ਸੋਲਰ ਪੈਨਲ ਸ਼ਾਮਲ ਹਨ। ਇਸ ਸਕੀਮ ਨੂੰ ਲਾਗੂ ਕਰਨ ਵਿੱਚ ਹਿੱਸਾ ਲੈਣ ਵਾਲੇ 35 ਸੂਬਿਆਂ ਅਤੇ ਕੇਂਦਰ ਸ਼ਾਸ਼ਿਤ ਪ੍ਰਦੇਸਾਂ ਵਿੱਚੋਂ ਪੰਜਾਬ ਇਸ ਸਮੇਂ (31 ਮਾਰਚ 2023 ਅਨੁਸਾਰ) 11ਵੇਂ ਸਥਾਨ 'ਤੇ ਹੈ। ਇਸ ਏ.ਆਈ.ਐਫ ਸੰਮੇਲਨ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਖੇਤੀਬਾੜੀ ਅਤੇ ਕਿਸਾਨ ਭਲਾਈ ਅਤੇ ਫੂਡ ਪ੍ਰੋਸੈਸਿੰਗ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਸਮੇਤ ਅਧਿਕਾਰੀ, ਕੇ.ਏ.ਪੀ. ਸਿਨਹਾ, ਆਈ.ਏ.ਐਸ., ਵਧੀਕ ਮੁੱਖ ਸਕੱਤਰ (ਏ.ਸੀ.ਐਸ.) ਕਮ ਵਿੱਤ ਕਮਿਸਨਰ, ਬਾਗਬਾਨੀ, ਅਨੁਰਾਗ ਅਗਰਵਾਲ, ਆਈ.ਏ.ਐਸ., ਵਧੀਕ ਮੁੱਖ ਸਕੱਤਰ (ਏ.ਸੀ.ਐਸ.) ਕਮ ਵਿੱਤੀ ਕਮਿਸਨਰ ਸਹਿਕਾਰਤਾ, ਅਰਸਦੀਪ ਸਿੰਘ ਥਿੰਦ, ਸਕੱਤਰ-ਬਾਗਬਾਨੀ, ਕਰਨੈਲ ਸਿੰਘ, ਆਈ.ਏ.ਐਸ., ਐਮ.ਡੀ. ਪੰਜਾਬ ਐਗਰੋ ਇੰਡਸਟਰੀਜ ਕਾਰਪੋਰੇਸ਼ਨ, ਗਿਰੀਸ ਦਿਆਲਨ, ਆਈ.ਏ.ਐਸ., ਐਮ.ਡੀ. ਮਾਰਕਫੈੱਡ, ਡਾ. ਸੁਖਪਾਲ ਸਿੰਘ, ਚੇਅਰਮੈਨ, ਪੰਜਾਬ ਰਾਜ ਕਿਸਾਨ ਕਮਿਸਨ ਅਤੇ ਸੈਮੂਅਲ ਪ੍ਰਵੀਨ ਕੁਮਾਰ, ਸੰਯੁਕਤ ਸਕੱਤਰ, ਖੇਤੀਬਾੜੀ ਮੰਤਰਾਲੇ, ਭਾਰਤ ਸਰਕਾਰ ਸ਼ਾਮਲ ਸਨ।

## 646 ਬੇਰੁਜ਼ਗਾਰ ਸਰੀਰਿਕ ਸਿੱਖਿਆ ਅਧਿਆਪਕ ਖਟਕੜ ਕਲਾਂ ਤੋਂ ਪੈਦਲ ਮਾਰਚ ਕਰਨਗੇ : ਲਾਧੂਕਾ



**ਬਹਿਰਾਮ (ਅਵਤਾਰ ਕਲੇਰ)** ਬੇ-ਰੁਜ਼ਗਾਰ 646 ਪੀ ਟੀ ਆਈ ਅਧਿਆਪਕ ਯੂਨੀਅਨ ਦੀ ਮੀਟਿੰਗ ਹੋਈ ਜਿਸ ਵਿਚ ਕਮੇਟੀ ਨੇ ਫੈਸਲਾ ਕੀਤਾ ਕਿ 646 ਪੀਟੀਆਈ ਅਧਿਆਪਕਾਂ ਨਾਲ ਵੋਟਾਂ ਤੋਂ ਪਹਿਲਾਂ ਟੈਂਕੀ 'ਤੇ ਬੈਠੀ ਹੱਕ ਮੰਗ ਰਹੀ ਸਿੱਪੀ ਸ਼ਰਮਾ ਨਾਲ ਪਾਣੀ ਵਾਲੀ ਟੈਂਕੀ 'ਤੇ ਮੋਹਾਲੀ ਵਿੱਖੇ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਵਾਅਦਾ ਕੀਤਾ ਸੀ ਕਿ ਤੁਸੀਂ ਧਰਨੇ ਨਾ ਲਗਾਓ ਅਸੀਂ ਤੁਹਾਡਾ ਕੰਮ ਸਾਡੀ ਸਰਕਾਰ ਆਉਣ 'ਤੇ ਤੁਹਾਡੀ ਭਰਤੀ ਪਹਿਲੀ ਕੈਬਨਿਟ ਵਿੱਚ ਜਰੂਰ ਕਰਾਂਗੇ ਪਰ ਲਗਭਗ ਇਕ ਸਾਲ ਤੋਂ ਉੱਪਰ ਟਾਈਮ ਹੋ ਗਿਆ ਹੈ ਅਜੇ ਤੱਕ 646 ਪੀ ਟੀ ਆਈ ਅਧਿਆਪਕਾਂ ਦੀ ਭਰਤੀ ਨਹੀਂ ਹੋਈ। ਹੁਣ ਕਰੋਨਾ ਦਾ ਬਹਾਨਾ ਨਾ ਲਾਉਂਦੇ ਹੋਏ , ਸਾਡੀ ਸੱਤ ਮੈਂਬਰੀ ਕਮੇਟੀ ਨਾਲ ਪੈਨਲ ਮੀਟਿੰਗ ਕੀਤੀ ਜਾਵੇ। ਇਸ ਮੀਟਿੰਗ ਵਿੱਚ ਨੌਕਰੀ ਲਈ ਮੈਰਿਟ ਲਿਸਟ ਜਾਰੀ ਨਾ ਹੋਈ ਤਾਂ ਖਟਕੜ ਕਲਾਂ ਤੋਂ ਪੈਦਲ ਮਾਰਚ ਮੁੱਖ ਮੰਤਰੀ ਦੀ ਕੋਠੀ ਤੱਕ ਮਾਰਚ ਕੀਤਾ ਜਾਵੇਗਾ। ਇਸ ਮੌਕੇ ਯੂਨੀਅਨ ਦੇ ਕਮੇਟੀ ਆਗੂ ਪ੍ਰਧਾਨ ਭੋਲਾ ਸਿੰਘ, ਪ੍ਰਧਾਨ ਕ੍ਰਿਸ਼ਨ ਸਿੰਘ ਨਾਭਾ, ਜਤਿਨ ਨਵਾਂਸ਼ਹਿਰ, ਕੁਲਦੀਪ ਜਲੰਧਰ,ਵਕੀਲ ਫੂਸ ਮੰਡੀ, ਅਰਵਿੰਦ ਗਿੱਲ, ਸਿੱਪੀ ਸ਼ਰਮਾ ਮਾਨਸਾ, ਪਰਸਿੰਦਰ ਪਟਿਆਲਾ, ਨੇਹਾ ਮੋਹਾਲੀ, ਜਸਵਿੰਦਰ ਅੱਕਾਂਵਾਲੀ, ਭੀਮ ਸ਼ਰਮਾ, ਸੇਵਕ ਬਠਿੰਡਾ, ਗਗਨ ਮਾਨਸਾ, ਮਨਜੀਤ ਸੰਗਰੂਰ, ਹਰੀਸ਼ ਫਿਰੋਜ਼ਪੁਰ, ਰਾਜ ਪਾਲ ਜਲਾਲਾਬਾਦ,ਪਵਨ ਬਿਸ਼ਨੋਈ, ਸੁਰਿੰਦਰ ਫਜ਼ਿਲਕਾ , ਜਗਸੀਰ ਫਾਜ਼ਿਲਕਾ,ਗੁਰਦੀਪ ਸੰਗਰੂਰ, ਸੇਵਕ ਮਾਨਸਾ, ਹਰਪ੍ਰੀਤ ਸਿੰਘ ਸੰਗਰੂਰ, ਅਰਵਿੰਦ ਗਿੱਲ ਮਾਨਸਾ, ਚੰਨ ਗੁਰਦਾਸਪੁਰ, ਬਲਜਿੰਦਰ ਮਲੋਟਗੁਰ ਲਾਲ ਮੁਕਤਸਰ ਆਦਿ ਹਾਜ਼ਰ ਸਨ ।

## ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਿਆਸ ਪਿੰਡ ਦਾ ਨਤੀਜਾ 100% ਰਿਹਾ

**ਅਲਾਵਲਪੁਰ, (ਮਦਨ ਬੰਗੜ)**- ਬਿਆਸ ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦਾ ਨਤੀਜਾ 100% ਰਿਹਾ। ਸਕੂਲ ਪ੍ਰਿੰਸੀਪਲ ਆਸ਼ਾ ਰਾਣੀ ਨੇ ਦੱਸਿਆ



ਕਿ ਅੱਠਵੀਂ,ਦੱਸਵੀਂ ਅਤੇ ਬਾਰਵੀਂ ਜਮਾਤ ਦਾ ਨਤੀਜਾ 100 ਪ੍ਰਤੀਸਤ ਰਿਹਾ ਹੈ । ਅੱਠਵੀਂ ਦੀ ਪ੍ਰੇਰਨਾ ਨੇ (89.83%) ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ,ਦੀਪਿਕਾ ਸੈਂਧੀ ਨੇ (89.1 %) ਅੰਕ ਲੈ ਕੇ ਦੂਸਰਾ ਸਥਾਨ, ਹਰਮਨਦੀਪ ਕੌਰ ਨੇ (88.9%) ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਦਸਵੀਂ ਜਮਾਤ ਵਿਚ ਚੰਦਨਦੀਪ ਸੈਂਧੀ ਨੇ (84.61%) ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ,ਯਸ਼ਦੀਪ ਵਰਮਾ ਨੇ (83-84%) ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ, ਮਨਦੀਪ ਕੌਰ ਨੇ (8215%) ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ ਬਾਰਵੀਂ ਜਮਾਤ 'ਚੋਂ ਮਨਪ੍ਰੀਤ ਕੌਰ ਨੇ (86.8%) ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਨਵਜੋਤ ਕੌਰ ਨੇ (85.8%) ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ, ਸਿਮਰਨ ਨੇ (81.6%) ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਪਿੰਸੀਪਲ ਆਸ਼ਾ ਰਾਣੀ ਅਤੇ ਸਮੂਹ ਸਟਾਫ ਤੇ ਬੱਚਿਆਂ ਦੀ ਮਿਹਨਤ 'ਤੇ ਉਹਨਾਂ ਨੂੰ ਵਧਾਈਆਂ ਦਿੱਤੀਆਂ ਅਤੇ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

## ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ 5 ਦਿਨਾ ਸਮਰ ਕੈਂਪ ਸਮਾਪਤ

**ਸੁਲਤਾਨਪੁਰ ਲੋਧੀ ( ਹਨੀ )** ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵੱਲੋਂ ਕਿੰਡਰ ਗਾਰਟਨ ਅਤੇ ਪਹਿਲੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਲਈ ਪ੍ਰਿੰਸੀਪਲ ਰੇਨੂੰ ਅਰੋੜਾ ਦੀ



ਅਗਵਾਈ ਵਿਚ 5 ਦਿਨਾ ਸਮਰ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਦੀ ਸਮਾਪਤੀ ਮੌਕੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ । ਇਸ ਦੌਰਾਨ ਵਿਦਿਆਰਥੀਆਂ ਲਈ ਵੱਖ ਵੱਖ ਪ੍ਰਕਾਰ ਦੀਆਂ ਗਤੀਵਿਧੀਆਂ ਦਾ ਆਯੋਜਨ ਵੀ ਕੀਤਾ ਗਿਆ । ਜਿਸ ਵਿੱਚ ਡਾਂਸ, ਸੰਗੀਤ, ਸਰੀਰਕ ਕਸਰਤ, ਕਲਾ ਅਤੇ ਸ਼ਿਲਪਕਾਰੀ ਆਦਿ ਸ਼ਾਮਲ ਸਨ । ਵਿਦਿਆਰਥੀਆਂ ਨੇ ਆਪਣੀ ਰੁਚੀ ਅਨੁਸਾਰ ਆਪਣੀਆਂ ਗਤੀਵਿਧੀਆਂ ਦੀ ਚੋਣ ਕੀਤੀ । ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ । ਸੀਨੀਅਰ ਵਿੰਗ ਦੇ ਵਿਦਿਆਰਥੀਆਂ ਨੇ ਵਿਗਿਆਨ ਅਤੇ ਗਣਿਤ ਦੇ ਮਾਡਲਾਂ ਦਾ ਪ੍ਰਦਰਸ਼ਨ ਕੀਤਾ। ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਨੇ ਵਿਦਿਆਰਥੀਆਂ ਵਲੋਂ ਦਿਖਾਈ ਪ੍ਰਤਿਭਾ ਦੀ ਭਰਪੂਰ ਸ਼ਲਾਘਾ ਕੀਤੀ ।

## ਸੀ ਆਈ ਐੱਸ ਐੱਫ ਦੇ ਜਵਾਨ ਦੀ ਡਿਊਟੀ ਦੌਰਾਨ ਮੌਤ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**-ਪਿੰਡ ਦਹੀਰਪੁਰ ਨਾਲ ਸਬੰਧਿਤ ਪੈਰਾ ਮਿਲਟਰੀ (ਸੀ.ਆਈ.ਐੱਸ.ਐੱਫ.) 'ਚ ਬਤੌਰ ਏ.ਐੱਸ.ਆਈ. ਡਿਊਟੀ ਨਿਭਾ ਰਹੇ ਸੈਨਿਕ ਚਮੇਲ ਸਿੰਘ ਪੁੱਤਰ ਜਗਤ ਰਾਮ ਦੀ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਸੈਨਿਕ ਦੇ ਪਰਵਾਰਕ ਮੈਂਬਰਾਂ ਅਨੁਸਾਰ ਏ.ਐੱਸ.ਆਈ. ਚਮੇਲ ਸਿੰਘ ਹੈਦਰਾਬਾਦ ਵਿਖੇ ਸੀ.ਆਈ.ਐੱਸ.ਐੱਫ. ਦੀ ਯੂਨਿਟ 'ਚ ਤੈਨਾਤ ਸਨ ਤੇ ਜਦੋਂ ਉਹ ਉੱਥੋਂ ਏਅਰਪੋਰਟ 'ਤੇ ਡਿਊਟੀ ਲਈ ਜਾ ਰਹੇ ਸਨ ਤਾਂ ਅਚਾਨਕ ਉਨਾਂ ਨੂੰ ਦਿਲ ਦਾ ਦੌਰਾ ਪੈ ਗਿਆ। ਇਸ ਦੌਰਾਨ ਸਾਥੀ ਸੈਨਿਕਾਂ ਵੱਲੋਂ ਉਨਾਂ ਨੂੰ ਹਸਪਤਾਲ ਵਿਖੇ ਲਿਜਾਇਆ ਗਿਆ। ਮਗਰ ਦਰਦ ਨਾ ਸਹਾਰਦਿਆਂ ਉਨਾਂ ਦੀ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਕਰੀਬ 2 ਸਾਲ ਤੋਂ ਹੈਦਰਾਬਾਦ ਵਿਖੇ ਤੈਨਾਤ ਚਮੇਲ ਸਿੰਘ ਦਾ ਕੁਝ ਦਿਨ ਪਹਿਲਾਂ ਹੀ ਦਿੱਲੀ ਵਿਖੇ ਤਬਾਦਲਾ ਹੋਇਆ ਸੀ ਤੇ ਜਿਨਾਂ 1-2 ਦਿਨਾਂ 'ਚ ਘਰ ਆ ਕੇ ਮੁੜ ਨਵੀਂ ਪੋਸਟਿੰਗ 'ਤੇ ਜੁਆਇਨ ਕਰਨਾ ਸੀ। ਏ.ਐੱਸ.ਆਈ. ਚਮੇਲ ਸਿੰਘ ਦੀ ਦੇਰ ਸ਼ਾਮ ਪਿੰਡ ਦਹੀਰਪੁਰ ਵਿਖੇ ਮ੍ਰਿਤਕ ਦੇਹ ਪਹੁੰਚੀ ਜਿਨਾਂ ਦਾ ਸਵੇਰੇ ਪਿੰਡ ਵਿਖੇ ਸਰਕਾਰੀ ਸਨਮਾਨਾਂ ਨਾਲ ਸੰਸਕਾਰ ਕਰ ਦਿੱਤਾ ਗਿਆ। ਇਸ ਮੌਕੇ ਸੀ.ਆਈ.ਐੱਸ.ਐੱਫ. ਦੀ ਯੂਨਿਟ ਤੋਂ ਪਹੁੰਚੀ ਟੁਕੜੀ ਨੇ ਸੈਨਿਕ ਏ.ਐੱਸ.ਆਈ. ਚਮੇਲ ਸਿੰਘ ਨੂੰ ਅੰਤਿਮ ਸਲਾਮੀ ਦਿੱਤੀ। ਇਸ ਮੌਕੇ ਬਲਾਕ ਕਾਂਗਰਸ ਪ੍ਰਧਾਨ ਅਵਤਾਰ ਚੌਧਰੀ, ਸਰਪੰਚ ਕਮਲਾ ਦੇਵੀ, ਸਾਬਕਾ ਸਰਪੰਚ ਰਣਜੀਤ ਸਿੰਘ, ਰਾਮ ਸਰੂਪ ਰਾਜਗਿਰੀ, ਬਲਵੀਰ ਫੌਜੀ, ਜੀਤ ਸਿੰਘ, ਬਲਵਿੰਦਰ ਸਿੰਘ ਅਤੇ ਚਰਨ ਸਿੰਘ ਸਹਿਤ ਹੋਰ ਪਿੰਡ ਵਾਸੀ ਹਾਜ਼ਰ ਸਨ।

## ਨਡਾਲੋਂ 'ਚ ਨਾਮ ਸਿਮਰਨ ਅਖੰਡ ਜਾਪ ਆਰੰਭ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਗੁਰਦਵਾਰਾ ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਜੀ ਪਿੰਡ ਨਡਾਲੋਂ ਵਿਖੇ ਸੰਤ ਬਾਬਾ ਨਰਿੰਦਰ ਸਿੰਘ ਜੀ-ਸੰਤ ਬਾਬਾ ਬਲਵਿੰਦਰ ਸਿੰਘ ਜੀ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਦੀ ਸਰਪ੍ਰਸਤੀ ਅਤੇ ਜਥੇਦਾਰ ਬਾਬਾ ਗੁਰਮੀਤ ਸਿੰਘ ਜੀ ਕਾਰ ਸੇਵਾ ਵਾਲਿਆਂ ਦੀ ਅਗਵਾਈ 'ਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਅਤੇ ਖਾਲਸਾ ਪੰਥ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਮਨਾਏ ਜਾ ਰਹੇ 6 ਰੋਜ਼ਾ ਸ਼ਹੀਦੀ ਜੋੜ ਮੇਲੇ ਦੇ ਚੌਥੇ ਦਿਨ ਅਰਦਾਸ ਉਪਰੰਤ ਨਾਮ ਸਿਮਰਨ ਅਖੰਡ ਜਾਪ ਆਰੰਭ ਹੋ ਗਏ। ਇਸ ਮੌਕੇ ਨਾਮ ਸਿਮਰਨ ਅਖੰਡ ਜਾਪ ਦੀ ਆਰੰਭਤਾ ਸੰਤ ਬਾਬਾ ਨਰਿੰਦਰ ਸਿੰਘ ਜੀ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਨੇ ਜਥੇਦਾਰ ਬਾਬਾ ਗੁਰਮੀਤ ਸਿੰਘ ਜੀ, ਬਾਬਾ ਜਰਨੈਲ ਸਿੰਘ ਨਡਾਲੋਂ, ਬਾਬਾ ਦਲੇਰ ਸਿੰਘ, ਬਾਬਾ ਹਰਦੇਵ ਸਿੰਘ ਝਵਾਲ, ਭਾਈ ਅਵਤਾਰ ਸਿੰਘ, ਭਾਈ ਮਨਦੀਪ ਸਿੰਘ, ਬਾਬਾ ਕਸਮੀਰ ਸਿੰਘ ਦੁਸਾਂਝ ਕਲਾਂ, ਭਾਈ ਸਾਹਿਬ ਸਿੰਘ ਆਦਿ ਦੀ ਹਾਜਰੀ 'ਚ ਕੀਤੀ। ਇਸ ਤੋਂ ਪਹਿਲਾਂ ਸੰਤ ਬਾਬਾ ਨਰਿੰਦਰ ਸਿੰਘ ਜੀ ਸ੍ਰੀ ਹਜ਼ੂਰ ਸਾਹਿਬ ਵਾਲੇ ਤੇ ਬਾਬਾ ਵੀਰਜਤਿੰਦਰ ਸਿੰਘ ਮਲਕਪੁਰ ਵਾਲਿਆਂ ਨੇ ਸੰਗਤਾਂ ਨੂੰ ਗੁਰਬਾਣੀ ਕਥਾ ਕੀਰਤਨ ਰਾਹੀਂ ਨਿਹਾਲ ਕੀਤਾ ਜਥੇਦਾਰ ਬਾਬਾ ਗੁਰਮੀਤ ਸਿੰਘ ਨੇ ਦੱਸਿਆ ਕਿ 2 ਜੂਨ ਨੂੰ ਨਾਮ ਸਿਮਰਨ ਅਖੰਡ ਜਾਪ ਜੋ ਆਰੰਭ ਹੋਏ ਹਨ, ਇਨ੍ਹਾਂ ਦੇ ਭੋਗ ਤੇ ਆਰੰਭ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 4 ਜੂਨ ਨੂੰ ਸਵੇਰੇ 10 ਵਜੇ ਪਾਏ ਜਾਣਗੇ, ਉਪਰੰਤ ਸ਼ਹੀਦੀ ਸਮਾਗਮ ਦੌਰਾਨ ਕਵੀਸ਼ਰ ਗਿਆਨੀ ਮਹਿਲ ਸਿੰਘ ਚੰਡੀਗੜ੍ਹ,ਢਾਡੀ ਭਾਈ ਸੁਖਪ੍ਰੀਤ ਸਿੰਘ ਸਾਲੀਣਾ, ਬਾਪੂ ਗੁਰਚਰਨ ਸਿੰਘ ਹਵਾਰਾ, ਬਾਬਾ ਰਾਜਾ ਰਾਜ ਸਿੰਘ, ਭਾਈ ਬਲਵਿੰਦਰ ਸਿੰਘ ਜੀ ਖਾਲਸਾ, ਭਾਈ ਰਣਜੋਧ ਸਿੰਘ ਨਡਾਲੋਂ, ਭਾਈ ਲਖਵਿੰਦਰ ਸਿੰਘ ਆਦੀਆਂ, ਭਾਈ ਪਲਵਿੰਦਰ ਸਿੰਘ ਤਲਵਾੜਾ, ਸੁਖਦੇਵ ਸਿੰਘ ਨਡਾਲੋਂ ਆਦਿ ਦੇ ਜਥੇ ਸੰਗਤਾਂ ਨੂੰ ਗੁਰਬਾਣੀ ਕਥਾ ਕੀਰਤਨ ਰਾਹੀਂ ਨਿਹਾਲ ਕਰਨਗੇ।ਇਸ ਮੌਕੇ ਸਾਬਕਾ ਸਰਪੰਚ ਜਸਬੀਰ ਸਿੰਘ ਭੱਟੀ, ਲਖਵਿੰਦਰ ਸਿੰਘ ਵਿੰਦਾ, ਧਰਮਿੰਦਰ ਸਿੰਘ ਸੋਨੂੰ, ਅਮਰਜੀਤ ਸਿੰਘ ਰਾਜਾ ਜਾਂਗਲੀਆਣਾ, ਸੁਖਦੇਵ ਸਿੰਘ ਨਰੂੜ, ਨਿਰਮਲ ਸਿੰਘ ਭੱਟੀ, ਬਲਜਿੰਦਰ ਸਿੰਘ ਪੰਜੋੜ, ਬਲਬੀਰ ਸਿੰਘ, ਹਰਦੀਪ ਸਿੰਘ ਨਡਾਲੋਂ, ਪ੍ਰਿੰਸਪਾਲ ਸਿੰਘ, ਤਰਲੋਚਨ ਸਿੰਘ ਤੋਤਾ, ਬਾਬਾ ਸੇਰਾ, ਕਿਸਨ ਸਿੰਘ ਲਾਂਗਰੀ, ਮਨਪ੍ਰੀਤ ਸਿੰਘ, ਨਿਸਾਨ ਸਿੰਘ, ਪਿਆਰਾ ਸਿੰਘ, ਉਂਕਾਰ ਸਿੰਘ, ਬੀਬੀ ਬਹਾਦਰ ਕੌਰ, ਜਸਲੀਨ ਸਿੰਘ, ਭੁਪਿੰਦਰ ਸਿੰਘ, ਮਨਜੀਤ ਸਿੰਘ ਆਦਿ ਹਾਜਰ ਸਨ।

## ਪੰਜਾਬੀ ਲਾਜ਼ਮੀ ਵਿਸ਼ੇ ਨੂੰ ਹਟਾਉਣ ਦੀ ਤਜਵੀਜ਼ ਨਿੰਦਣਯੋਗ ਤੇ ਮੰਦਭਾਗੀ : ਇਪਟਾ

**ਮੁਹਾਲੀ (ਗੁਰਜੀਤ ਬਿੱਲਾ)**-ਪੰਜਾਬ ਯੂਨੀਵਰਸਿਟੀ ਦੀ ਸਿੰਡੀਕੇਟ ਵੱਲੋਂ ਬੀ.ਏ. ਦੇ ਸਿਲੇਬਸਾਂ ਵਿਚੋਂ ਪੰਜਾਬੀ ਲਾਜ਼ਮੀ ਵਿਸ਼ੇ ਨੂੰ ਹਟਾਉਣ ਦੀ ਤਜਵੀਜ਼ ਨਿੰਦਣਯੋਗ ਅਤੇ ਮੰਦਭਾਗੀ ਕਰਾਰ ਦਿੰਦੇ ਇਪਟਾ,ਪੰਜਾਬ ਦੇ ਪ੍ਰਧਾਨ, ਨਾਟਕਕਾਰ ਅਤੇ ਨਾਟ-ਨਿਰਦੇਸ਼ਕ ਸੰਜੀਵਨ ਸਿੰਘ ਨੇ ਕਿਹਾ ਕਿ ਪੰਜਾਬ ਵਿਚ ਪੰਜਾਬੀ ਨੂੰ ਹੀ ਖੋਰਾ ਲਾ ਕੇ ਪੰਜਾਬੀਆਂ ਨੂੰ ਮਾਨਸਿਕ ਤੌਰ 'ਤੇ ਅਪੰਗ ਤੇ ਕੰਗਾਲ ਕਰਨ ਦੀ ਹਾਕਿਮ ਦੀ ਸੋਚੀ-ਸਮਝੀ ਚਾਲ ਹੈ। ਇਪਟਾ, ਪੰਜਾਬ ਦੇ ਸੱਕਤਰ ਇੰਦਰਜੀਤ ਰੂਪੋਵਾਲੀ, ਇਪਟਾ, ਚੰਡੀਗੜ੍ਹ ਦੇ ਪ੍ਰਧਾਨ ਬਲਕਾਰ ਸਿਧੂ ਤੇ ਜਨਰਲ ਸੱਕਤਰ ਕੰਵਲ ਨੈਣ ਸਿੰਘ ਸੇਖੋਂ ਅਤੇ ਇਪਟਾ ਕਾਰਕੁਨ ਰਾਬਿੰਦਰ ਸਿੰਘ ਰੱਬੀ, ਅਮਨ ਭੋਗਲ, ਦਲਬਾਰ ਸਿੰਘ, ਹਰਜੀਤ ਕੈਂਥ, ਡਾ. ਕੁਲਦੀਪ ਦੀਪ, ਡਾ. ਸੁਰੇਸ਼ ਮਹਿਤਾ, ਗੁਰਵਿੰਦਰ ਸਿੰਘ, ਕਿਰਤੀ ਕਿਰਪਾਲ, ਬਿੱਟੂ ਔਲਖ, ਗੁਰਮੀਤ ਪਾਹੜਾ, ਬਲਬੀਰ ਮੂਦਲ, ਗਮਨੂ ਬਾਂਸਲ, ਡਾ. ਹਰਭਜਨ ਸਿੰਘ, ਨਰਿੰਦਰ ਨੀਨਾ, ਅਸ਼ੋਕ ਪੁਰੀ ਨੇ ਬੀ.ਏ. ਪੰਜਾਬੀ ਲਾਜ਼ਮੀ ਵਿਸ਼ੇ ਨੂੰ ਹਟਾਉਣ ਦੀ ਪੰਜਾਬ ਯੂਨੀਵਰਸਿਟੀ ਦੀ ਤਜਵੀਜ਼ ਪੰਜਾਬੀ ਭਾਸ਼ਾ, ਸਭਿਆਚਾਰ ਤੇ ਵਿਰਸੇ ਦਾ ਘਾਣ ਦੇ ਨਾਲ ਨਾਲ ਗੈਰ ਵਿਗਿਆਨਕ ਅਤੇ ਗੈਰ-ਲੋਕਤੰਤਰਿਕ ਵੀ ਹੈ। ਯੂਨੀਵਰਸਿਟੀ ਨੂੰ ਪੰਜਾਬੀ ਭਾਸ਼ਾ ਵਿਰੋਧੀ ਤਜਵੀਜ਼ ਨੂੰ ਬਿਨਾਂ ਦੇਰ ਕੀਤੇ ਰੱਦ ਕਰਨਾ ਚਾਹੀਦਾ ਹੈ।

## ਭਾਰਤੀ ਜਨਤਾ ਪਾਰਟੀ ਮੰਡਲ ਦੀ ਹੋਈ ਮੀਟਿੰਗ

**ਫਿਲੌਰ (ਨਿਰਮਲ)**- ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਜਲੰਧਰ ਦਿਹਾਤੀ ਦੇ ਮੰਡਲ ਫਿਲੌਰ ਵਿਖੇ ਜ਼ਿਲ੍ਹਾ ਪ੍ਰਧਾਨ ਰਣਜੀਤ ਪਵਾਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਮੰਡਲ ਪ੍ਰਧਾਨ ਵਿਨੋਦ ਰਹੇਜਾ ਦੀ ਪ੍ਰਧਾਨਗੀ ਵਿੱਚ ਇੱਕ ਕਾਰਜਕਾਰਣੀ ਬੈਠਕ ਰੱਖੀ ਗਈ। ਮੀਟਿੰਗ ਦੀ ਸ਼ੁਰੂਆਤ ਭਾਰਤ ਮਾਤਾ ਅਤੇ ਸ਼ਿਆਮਾ ਪ੍ਰਸਾਦ ਮੁਖਰਜੀ ਡਾ.ਦੀਨ ਦਿਆਲ ਉਪਾਧਿਆ ਦੇ ਚਿੱਤਰ ਅੱਗੇ ਜੋਤ ਜਗਾ ਕੇ ਕੀਤੀ। ਮੀਟਿੰਗ ਵਿੱਚ ਕਾਰਜਕਾਰਣੀ ਮੈਂਬਰ ਪੰਜਾਬ ਚੰਦਰ ਸ਼ੇਖਰ ਚੌਹਾਨ ਅਤੇ ਉੱਪ ਪ੍ਰਧਾਨ ਪਰਮਜੀਤ ਮਹਿਮੀ ਵਿਸ਼ੇਸ਼ ਤੌਰ 'ਤੇ ਪਹੁੰਚੇ ਜਿੱਥੇ ਉਹਨਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੇਵਾ ਸੁਸਾਸਨ ਬਾਰੇ ਚਾਨਣਾ ਪਾਇਆ। ਇਸ ਮੌਕੇ ਵਿਨੋਦ ਰਹੇਜਾ ਨੇ ਕਿਹਾ ਕਿ ਪੂਰੇ ਜ਼ਿਲ੍ਹੇ ਵਿੱਚ ਬੈਠਕਾਂ ਹੋ ਰਹੀਆਂ ਹਨ ਉਸ ਹੀ ਲੜੀ ਤਹਿਤ ਇਹ ਬੈਠਕ ਹੋ ਰਹੀ ਹੈ। ਉਹਨਾਂ ਕਿਹਾ ਕਿ ਮੈਂ ਮੰਡਲ ਫਿਲੌਰ ਦੇ ਸਾਰੇ ਵੋਟਰਾਂ ਦਾ ਧੰਨਵਾਦੀ ਹਾਂ ਜਿੰਨਾ ਭਾਜਪਾ ਦੇ ਹੱਕ ਵਿੱਚ ਵੋਟ ਕੀਤੀ। ਇਸ ਮੌਕੇ ਸ਼ਾਮ ਲਾਲ ਸ਼ਰਮਾ, ਗੋਲਡੀ ਨਾਹਰ, ਬਲਵਿੰਦਰ ਲਾਡੀ, ਲਵ ਕੁਮਾਰ, ਅਮਰਜੀਤ ਸਿੰਘ, ਬਾਬਾ੍ਰਮ ਲਾਲ, ਜੋਸ਼ੀ ਫਿਲੌਰ ਅਤੇ ਰੀਨਾ ਟਾਂਗਰੀ ਆਦਿ ਹਾਜਰ ਸਨ।

## ਵਾਰ-ਵਾਰ ਚੱਕਾ ਜਾਮ ਤੋਂ ਉੱਤਰ ਭਾਰਤ ਦੇ ਸੈਲਾਨੀ ਹੋ ਰਹੇ ਪ੍ਰੇਸ਼ਾਨ : ਰਾਣਾ

**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**-ਜਿੱਥੇ ਇੱਕ ਪਾਸੇ ਕੀਰਤਪੁਰ ਮਨਾਲੀ ਹਾਈਵੇਅ ਬਣਨ ਦੇ ਨਾਲ ਹਜ਼ਾਰਾਂ ਸੈਲਾਨੀ ਵੱਡੀ ਰਾਹਤ ਤੇ ਸਮੇਂ ਦੀ ਬੱਚਤ ਕਾਰਨ ਖੁਸ਼ ਨਜ਼ਰ ਆ ਰਹੇ ਹਨ। ਉੱਥੇ ਹੀ ਹਿਮਾਚਲ ਵਿੱਚ ਠੰਡ ਅਤੇ ਸਕੂਨ ਦੀ ਤਲਾਸ਼ ਵਿੱਚ ਪਹੁੰਚ ਰਹੇ ਹਜ਼ਾਰਾਂ ਸੈਲਾਨੀ ਇਨ੍ਹੀਂ ਦਿਨੀਂ ਮਨਾਲੀ ਟੈਕਸੀ ਯੂਨੀਅਨ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਮਨਾਲੀ ਵਿਖੇ ਬਾਰ ਬਾਰ ਲਗਾਏ ਜਾਮ ਕਾਰਨ ਦਿਨ ਭਰ ਖੱਜਲ-ਖੁਆਰ ਹੋ ਰਹੇ ਹਨ। ਪੰਜਾਬ ਮੋਰਚਾ ਦੇ ਕਨਵੀਨਰ ਗੌਰਵ ਰਾਣਾ ਨੇ ਦੱਸਿਆ ਕਿ ਸ਼ੁੱਕਰਵਾਰ ਨੂੰ ਦੁਪਹਿਰ ਸਮੇਂ ਤੋਂ ਲੈ ਕੇ ਦੇਰ ਸ਼ਾਮ ਤੱਕ ਮੁੜ ਮਨਾਲੀ ਦੇ ਟੈਕਸੀ ਚਾਲਕਾਂ ਦੇ ਮਾਲਕਾਂ ਵੱਲੋਂ ਚੱਕਾ ਜਾਮ ਕੀਤਾ ਗਿਆ। ਹਿਮਾਚਲ ਦੇ ਟੈਕਸੀ ਚਾਲਕ ਮੰਗ ਕਰ ਰਹੇ ਹਨ ਕਿ ਰੋਹਤਾਂਗ ਦੱਰੇ 'ਤੇ ਜਾਣ ਦੇ ਲਈ ਉਨ੍ਹਾਂ ਦੀਆਂ ਗੱਡੀਆਂ ਨੂੰ ਨਾਮਾਤਰ ਪਾਸ ਜਾਰੀ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਤੇ ਹਿਮਾਚਲ ਸਰਕਾਰ ਨੂੰ ਤੁਰੰਤ ਦਖ਼ਲ ਦੇ ਕੇ ਸੈਲਾਨੀਆਂ ਦੀ ਹੋ ਰਹੀ ਪ੍ਰੇਸ਼ਾਨੀ ਦਾ ਮੁੱਦਾ ਹੱਲ ਕਰਵਾਉਣਾ ਚਾਹੀਦਾ ਹੈ।

## 'ਕੈਚ ਦ ਰੇਨ' ਮੁਹਿੰਮ ਤਹਿਤ ਕੇਂਦਰੀ ਟੀਮ ਵੱਲੋਂ ਨਡਾਲਾ ਦਾ ਦੌਰਾ

**ਕਪੂਰਥਲਾ ( ਰਾਵਿੰਦਰ ਸਿੰਘ)** ਜਲ ਸ਼ਕਤੀ ਅਭਿਆਨ ਤਹਿਤ ਮੀਂਹ ਦੇ ਪਾਣੀ ਦੀ ਸਾਂਭ-ਸੰਭਾਲ ਵਾਸਤੇ ਕੇਂਦਰੀ ਨੋਡਲ ਅਫਸਰ ਅਸ਼ੋਕ ਕੁਮਾਰ ਦੀ ਅਗਵਾਈ ਵਾਲੀ ਕੇਂਦਰੀ ਟੀਮ ਵਲੋਂ " ਕੈਚ ਦ ਰੇਨ 2023" ਮੁਹਿੰਮ ਤਹਿਤ ਨਡਾਲਾ ਦੇ ਪਿੰਡ ਲਿੱਟਾਂ ਵਿਖੇ ਜਲ ਸਕਤੀ ਮੁਹਿੰਮ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਗਿਆ। ਇਸ ਮੁਹਿੰਮ ਦਾ ਮੁੱਖ ਮੰਤਵ ਮੀਂਹ ਦੇ ਪਾਣੀ ਦੀ ਸੰਭਾਲ ਕਰਨਾ ਹੈ ਤਾਂ ਜੋ ਧਰਤ ਹੇਠਲੇ ਪਾਣੀ ਨੂੰ ਬਚਾਇਆ ਜਾ ਸਕੇ। ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸਨਰ (ਵਿਕਾਸ ) ਪਰਮਜੀਤ ਕੌਰ ਵੀ ਹਾਜਰ ਸਨ। ਅਸ਼ੋਕ ਕੁਮਾਰ ਨੇ ਕਿਹਾ ਕਿ ਜਲ ਸਰੋਤਾਂ ਦੀ ਸੰਭਾਲ ਲਈ ਜਲ ਸਕਤੀ ਅਭਿਆਨ ਲੋਕਾਂ ਨੂੰ ਪ੍ਰੇਰਿਤ ਕਰੇਗਾ। ਉਨ੍ਹਾਂ ਕਿਹਾ ਕਿ ਪਾਣੀ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣਾ ਸਭ ਦੀ ਜ਼ਿੰਮੇਵਾਰੀ ਹੈ ਤਾਂ ਕਿ ਸਾਡੀਆਂ ਅਗਲੀਆਂ ਪੀੜ੍ਹੀਆਂ ਤੱਕ ਵੀ ਪਾਣੀ ਮਿਲਦਾ ਰਹੇ। ਟੀਮ ਵੱਲੋਂ ਮੀਂਹ ਦੇ ਪਾਣੀ ਦੀ ਸੰਭਾਲ ਲਈ ਚੱਲ ਰਹੇ ਪ੍ਰਾਜੈਕਟਾਂ ਦਾ ਫੀਲਡ ਵਿੱਚ ਜਾ ਕੇ ਜਾਇਜ਼ਾ ਵੀ ਲਿਆ ਗਿਆ । ਇਸ ਮੌਕੇ ਪਾਣੀ ਦੀ ਸੰਭਾਲ ਨਾਲ ਜੁੜੇ ਵਿਭਾਗਾਂ ਖੇਤੀਬਾੜੀ, ਜੰਗਲਾਤ, ਸਿੱਖਿਆ, ਵਾਟਰ ਸਪਲਾਈ, ਨਗਰ ਕੌਂਸਲਾਂ, ਬਾਗਬਾਨੀ, ਪੇਂਡੂ ਵਿਕਾਸ ਦੇ ਅਧਿਕਾਰੀ ਹਾਜਰ ਸਨ ।



## ਵਿਧਾਇਕ ਰਾਜਾ ਨੇ ਪਿੰਡ ਅੰਬਾਲਾ ਜੱਟਾਂ ਦੇ ਵਿਕਾਸ ਕਾਰਜਾਂ ਲਈ ਕੀਤਾ ਚੈੱਕ ਭੇਟ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਸੂਬੇ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਪਿੰਡਾਂ ਵਿੱਚ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਪਿੰਡ ਅੰਬਾਲਾ ਜੱਟਾਂ ਦੇ ਵਿਕਾਸ ਕਾਰਜਾਂ ਲਈ ਕਰੀਬ ਪੌਣੇ 3 ਲੱਖ ਰੁਪਏ ਦੇ ਚੈੱਕ ਭੇਂਟ ਕਰਨ ਸਮੇਂ ਕੀਤਾ। ਇਸ ਮੌਕੇ ਉਨ੍ਹਾਂ ਸੰਤ ਬਾਬਾ ਹਰਨਾਮ ਸਿੰਘ ਸਪੋਰਟਸ ਕਲੱਬ ਅੰਬਾਲਾ ਜੱਟਾਂ ਨੂੰ 1.75 ਲੱਖ ਰੁਪਏ ਤੇ ਗ੍ਰਾਮ ਪੰਚਾਇਤ ਨੂੰ 1 ਲੱਖ ਰੁਪਏ ਦਾ ਚੈੱਕ ਪਿੰਡ ਦੇ ਵੱਖ-ਵੱਖ ਵਿਕਾਸ ਕਾਰਜਾਂ ਲਈ ਭੇਟ ਕੀਤਾ। ਇਸ ਮੌਕੇ ਵਿਧਾਇਕ ਰਾਜਾ ਨੇ ਪੰਜਾਬ ਸਰਕਾਰ ਦੀਆਂ ਲੋਕ ਉਸਾਰੂ ਨੀਤੀਆਂ ਤੋਂ ਜਾਣੂ ਕਰਵਾਉਂਦਿਆ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਪੰਜਾਬ ਵਿੱਚ ਸੱਤਾ ਸੰਭਾਲਣ ਉਪਰੰਤ ਵੀ ਪੰਜਾਬ ਦੇ ਵਿਕਾਸ ਵਾਸਤੇ ਬਿਨਾ ਕਿਸੀ ਕਿਸੇ ਦੇਰੀ ਦੇ ਕਾਰਜਾਂ ਦੀ ਅਰੰਭਤਾ ਕਰ ਦਿੱਤੀ ਹੈ ਅਤੇ ਇਨ੍ਹਾਂ ਵਿਕਾਸ ਕਾਰਜਾਂ ਦੀ ਬਦੌਲਤ ਅੱਜ ਪੰਜਾਬ ਦੀ ਨੁਹਾਰ ਬਦਲੀ ਜਾ ਰਹੀ ਹੈ। ਉਹਨਾਂ ਇਸ ਮੌਕੇ ਹੋਰ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਸੂਬਾ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਵਿੱਚ ਤੇਜੀ ਲਿਆਂਦੀ ਜਾਵੇਗੀ ਕਿਉਂਕਿ ਆਮ ਆਦਮੀ ਪਾਰਟੀ ਦਾ ਇਕੋ ਇਕ ਨਿਸ਼ਾਨਾ ਹੈ ਕਿ ਪੰਜਾਬ ਨੂੰ ਹਰ ਪੱਖੋਂ ਵਿਕਾਸਸ਼ੀਲ ਸੂਬਾ ਬਣਾਇਆ ਜਾ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਪ੍ਰਧਾਨ ਕੇਸਵ ਸਿੰਘ ਸੈਣੀ, ਮਨਿੰਦਰਜੀਤ ਸਿੰਘ ਅੰਬਾਲਾ ਜੱਟਾਂ, ਕਲੱਬ ਪ੍ਰਧਾਨ ਸੁਖਪਾਲ ਸਿੰਘ, ਅਮਨਵੀਰ ਸਿੰਘ ,ਅਮਨਦੀਪ ਸਿੰਘ, ਰਾਜ ਸਿੰਘ, ਸੁੱਚਾ ਸਿੰਘ ਰਾਜੀਵ ਕੁਮਾਰ, ਜਸਵੰਤ ਸਿੰਘ ,ਵਰਿੰਦਰ ਸਿੰਘ, ਅਤਵਾਰ ਸਿੰਘ ਪਲਾਹ ਚਕ ਵੀ ਹਾਜਰ ਸਨ।

## ਸਮਾਰਟ ਸਿਟੀ ਪ੍ਰਾਜੈਕਟਾਂ ਨੂੰ ਜੰਗੀ ਪੱਧਰ 'ਤੇ ਪੂਰਾ ਕੀਤਾ ਜਾਵੇ : ਡੀ ਸੀ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)**-ਡਿਪਟੀ ਕਮਿਸ਼ਨਰ ਕਪੂਰਥਲਾ ਕੈਪਟਨ ਕਰਨੈਲ ਸਿੰਘ ਨੇ ਕਿਹਾ ਹੈ ਕਿ ਸਮਾਰਟ ਸਿਟੀ ਪ੍ਰਾਜੈਕਟਾਂ ਤਹਿਤ ਪਵਿੱਤਰ ਸ਼ਹਿਰ ਸੁਲਤਾਨਪੁਰ ਲੋਧੀ ਨੂੰ ਧਾਰਮਿਕ ਸੈਰ ਸਪਾਟੇ ਦੇ ਮੁੱਖ ਕੇਂਦਰ ਵਜੋਂ ਵਿਕਸਿਤ ਕਰਨ ਲਈ ਸਮਾਰਟ ਸਿਟੀ ਤਹਿਤ ਚਲ ਰਹੇ ਵਿਕਾਸ ਕਾਰਜਾਂ ਨੂੰ ਜੰਗੀ ਪੱਧਰ 'ਤੇ ਪੂਰਾ ਕੀਤਾ ਜਾਵੇ। ਉਨ੍ਹਾਂ ਇੱਥੇ ਸਥਾਨਕ ਮਾਰਕੀਟ ਕਮੇਟੀ ਦੇ ਦਫਤਰ ਵਿਖੇ ਸਮਾਰਟ ਸਿਟੀ ਪ੍ਰਾਜੈਕਟ ਅਧੀਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਚੱਲ ਰਹੇ ਵਿਕਾਸ ਕੰਮਾਂ ਦਾ ਜਾਇਜ਼ਾ ਲਿਆ। ਉਨ੍ਹਾਂ ਅਧਿਕਾਰੀਆਂ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਕਿ ਉਹ ਸੁਲਤਾਨਪੁਰ ਲੋਧੀ ਵਿਖੇ ਵਿਕਾਸ ਕੰਮਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਨਿੱਜੀ ਤੌਰ ਤੇ ਨਿਗਰਾਨੀ ਕਰਨ ਅਤੇ ਹਰੇਕ ਪ੍ਰਾਜੈਕਟ ਸਬੰਧੀ ਹਫਤਾਵਾਰੀ ਪ੍ਰਗਤੀ ਰਿਪੋਰਟ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਧਰਤੀ ਨੂੰ ਦੁਨੀਆਂ ਦੇ ਨਕਸ਼ੇ ਤੇ ਉਭਾਰਨਾ ਹੈ,ਜਿਸ ਲਈ ਇਸ ਖੇਤਰ ਦੀਆਂ ਧਾਰਮਿਕ ਸੈਰ ਸਪਾਟੇ ਦੀਆਂ ਅਸੀਮ ਸੰਭਾਵਨਾਵਾਂ ਨੂੰ ਅਮਲੀ ਰੂਪ ਦਿੱਤਾ ਜਾ ਸਕੇ।

ਉਨ੍ਹਾਂ ਸੁਲਤਾਨਪੁਰ ਲੋਧੀ ਨੂੰ 4 ਮਾਰਗੀ ਸੜਕਾਂ ਨਾਲ ਜੋੜੇ ਜਾਣ ਦੇ ਚੱਲ ਰਹੇ ਕੰਮ ਬਾਰੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਕੰਮ ਦੀ ਗੁਣਵੱਤਾ ਵੱਲ ਵਿਸ਼ੇਸ਼ ਧਿਆਨ ਦੇਣ। ਇਸ ਮੌਕੇ ਉਪ ਮੰਡਲ ਮੈਜਿਸਟਰੇਟ ਚੰਦਰਾਜੋਤੀ ਤੇ ਹੋਰ ਅਧਿਕਾਰੀ ਹਾਜ਼ਰ ਸਨ।

## ਬੀ ਡੀ ਪੀ ਓ ਦਫਤਰ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਸਥਾਨਕ ਸ਼ਹਿਰ 'ਚ ਬੀਡੀਪੀਓ ਦਫਤਰ ਵਿਖੇ



ਇਲਾਕੇ ਦੀ ਸੁੱਖ ਸ਼ਾਂਤੀ ਵਾਸਤੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ, ਉੱਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਏ। ਇੰਟਰਨੈਸ਼ਨਲ ਕੀਰਤਨੀ ਜੱਥਾ ਗਿਆਨੀ ਸਤਨਾਮ ਸਿੰਘ ਸੇਵਕ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਕੀਤਾ ਗਿਆ। ਵੱਖ ਵੱਖ ਪਿੰਡਾਂ ਦੇ ਪੰਚਾਂ , ਸਰਪੰਚਾਂ ਅਤੇ ਇਲਾਕੇ ਦੇ ਮੋਹਤਬਰ ਸਖਸ਼ੀਅਤਾਂ ਨੇ ਹਾਜ਼ਰੀ ਭਰੀ। ਇਸ ਮੌਕੇ 'ਤੇ ਬੀਡੀਪੀਓ ਬਲਵਿੰਦਰ ਪਾਲ,ਪੰਚਾਇਤ ਅਫ਼ਸਰ ਦਵਿੰਦਰ ਸਿੰਘ, ਸੁਪਰਡੈਂਟ ਜਸਵਿੰਦਰ ਕੌਰ ਸਮਰਾ, ਸਮੂਹ ਸਟਾਫ, ਆਪ ਆਗੂ ਸ਼ਹਿਰੀ ਪ੍ਰਧਾਨ ਪਰਮਜੀਤ ਚਾਹਲ, ਬਲਾਕ ਪ੍ਰਧਾਨ ਕਰਨੈਲ ਰਾਮ ਬਾਲੂ, ਲਖਵੀਰ ਸਿੰਘ ਉੱਪਲ,ਜਗਦੀਸ਼ ਸ਼ੇਰਪੁਰੀ, ਅਵਤਾਰ ਸਿੰਘ ਸਮਸਾਵਾਦ, ਹਰਚਰਨ ਸਿੰਘ ਚੇਅਰਮੈਨ , ਉਂਕਾਰ ਸਿੰਘ ਫਰਵਾਲਾ, ਅਜੀਤ ਸਿੱਧਮ ਆਦਿ ਹਾਜਰ ਹੋਏ।

## ਖੂਨਦਾਨ ਵਿੱਚ ਨਵੀਆਂ ਪੈੜਾਂ ਪਾ ਰਿਹਾ ਸਿੱਧੂ ਜੋੜਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**—ਜ਼ਿਲ੍ਹੇ ਵਿੱਚ ਖੂਨਦਾਨ ਦੇ ਖੇਤਰ ਵਿੱਚ ਆਪਣੀ ਵੱਖਰੀ ਪਹਿਚਾਨ ਬਣਾ ਚੁੱਕੇ ਪਿੰਡ ਬੁੱਲੋਵਾਲ ਨਿਵਾਸੀ ਸਟਾਰ ਕੱਪਲ ਬਲੱਡ ਡੋਨਰ ਬਹਾਦਰ ਸਿੰਘ ਸਿੱਧੂ ਅਤੇ ਜਤਿੰਦਰ ਕੌਰ ਸਿੱਧੂ ਨੇ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਪਹੁੰਚ ਕੇ 27ਵੀਂ ਵਾਰ ਇਕੱਠਿਆਂ ਖੂਨਦਾਨ ਕਰਕੇ ਇੱਕ ਮਿਸਾਲ ਪੇਸ਼ ਕੀਤੀ। ਇਹ ਜੋੜਾ ਹਰ ਚਾਰ ਮਹੀਨੇ ਬਾਅਦ ਲਗਾਤਾਰ ਖੂਨਦਾਨ ਕਰਦਾ ਹੈ। ਨਿੱਜੀ ਤੌਰ 'ਤੇ ਬਹਾਦਰ ਸਿੰਘ ਸਿੱਧੂ ਨੇ 62ਵੀਂ ਵਾਰ (ਹੁਣ ਤੱਕ ਤਕਰੀਬਨ 23 ਲੀਟਰ) ਅਤੇ ਜਤਿੰਦਰ ਕੌਰ ਸਿੱਧੂ ਨੇ 27ਵੀਂ ਵਾਰ (ਹੁਣ ਤੱਕ ਤਕਰੀਬਨ 10 ਲੀਟਰ) ਖੂਨਦਾਨ ਕੀਤਾ ਹੈ। ਖੂਨਦਾਨ ਅਤੇ ਹੋਰ ਸਮਾਜਿਕ ਗਤੀਵਿਧੀਆਂ ਵਿੱਚ ਸਿੱਧੂ ਜੋੜੇ ਦੇ ਅਹਿਮ ਯੋਗਦਾਨ ਨੂੰ ਧਿਆਨ ਵਿੱਚ ਰੱਖਦੇ ਹੋਏ ਪਿਛਲੇ ਦਿਨੀ ਕੇਂਦਰੀ ਸੰਚਾਰ ਬਿਊਰੋ, ਸੂਚਨਾ ਅਤੇ ਪ੍ਰਸਾਰਣ ਮੰਤਰਾਲਾ, ਭਾਰਤ ਸਰਕਾਰ ਵਲੋਂ ਸਿੱਧੂ ਜੋੜੇ ਨੂੰ "ਹੁਸ਼ਿਆਰਪੁਰ ਦੇ ਆਈਕਨ" ਅਵਾਰਡ ਨਾਲ ਨਵਾਜਿਆ ਗਿਆ ਸੀ। ਬਲੱਡ ਬੈਂਕ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਬਲੱਡ ਟਰਾਂਸਫਿਊਜਨ ਅਫਸਰ ਡਾ: ਗੁਰਿਕਾ ਨੇ ਸਿੱਧੂ ਜੋੜੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਨੌਜਵਾਨ ਵਰਗ ਨੂੰ ਵੀ ਸਿੱਧੂ ਜੋੜੇ ਤੋਂ ਪ੍ਰੇਰਨਾ ਲੈਂਦੇ ਹੋਏ ਸਮਾਜ ਭਲਾਈ ਦੇ ਕਾਰਜਾਂ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਉਪਿੰਦਰ ਸਿੰਘ, ਸੰਦੀਪ ਸਿੰਘ, ਸੁਰਿੰਦਰ ਅਤੇ ਮੈਡਮ ਕਮਲਪ੍ਰੀਤ ਕੌਰ ਵੀ ਹਾਜਰ ਸਨ।

## ਨਗਰ ਨਿਗਮ ਨੇ ਵਰਧਮਾਨ ਫੈਕਟਰੀ ਵਿਖੇ ਆਰ ਆਰ ਆਰ ਸੈਂਟਰ ਖੋਲ੍ਹਿਆ




**ਹੁਸ਼ਿਆਰਪੁਰ, 2 ਜੂਨ: ( ਓ ਪੀ ਰਾਣਾ )**-ਨਗਰ ਨਿਗਮ ਹੁਸ਼ਿਆਰਪੁਰ ਦੀ ਟੀਮ ਵੱਲੋਂ 'ਮੇਰੀ ਲਾਈਫ ਮੇਰਾ ਸਵੱਛ ਸ਼ਹਿਰ' ਮੁਹਿੰਮ ਤਹਿਤ ਸ਼ਹਿਰ ਹੁਸ਼ਿਆਰਪੁਰ ਵਿੱਚ ਵਰਧਮਾਨ ਯਾਰਨਜ਼ ਐਂਡ ਥਰੈੱਡਜ਼ ਫੈਕਟਰੀ, ਫੋਕਲ ਪੁਆਇੰਟ ਵਿਖੇ ਆਰ. ਆਰ. ਆਰ ਸੈਂਟਰ ਖੋਲ੍ਹਿਆ ਗਿਆ। ਇਸ ਸੈਂਟਰ ਵਿੱਚ ਸ਼ਹਿਰ ਵਾਸੀਆਂ ਵੱਲੋ ਕੱਪੜੇ, ਜੁੱਤੇ ਅਤੇ ਹੋਰ ਸਾਮਾਨ ਜਮ੍ਹਾਂ ਕਰਵਾਇਆ ਜਾ ਸਕਦਾ ਹੈ। ਨਗਰ ਨਿਗਮ ਦੇ ਮੇਅਰ ਨੇ ਸੁਰਿੰਦਰ ਕੁਮਾਰ ਨੇ ਦੱਸਿਆ ਗਿਆ ਕਿ ਅਜਿਹੇ ਸੈਂਟਰ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਹਿਰ ਵਿੱਚ ਖੋਲ੍ਹੇ ਜਾਣਗੇ ਤਾਂ ਜੋ ਕਿਸੇ ਲੋੜਵੰਦ ਵਿਅਕਤੀ ਨੂੰ ਇਹ ਵਸਤਾਂ ਦੇ ਕੇ ਸਹੀ ਢੰਗ ਨਾਲ ਪ੍ਰਬੰਧਨ ਅਤੇ ਲੋੜਵੰਦਾਂ ਦੀ ਮਦਦ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਕੋਈ ਵੀ ਜਰੂਰਤਮੰਦ ਵਿਅਕਤੀ ਇਨ੍ਹਾਂ ਸੈਂਟਰਾਂ ਤੋਂ ਉਨ੍ਹਾਂ ਦੇ ਲੋੜ ਦੀ ਵਸਤੂ ਬਿਨਾਂ ਪੈਸਿਆਂ ਤੋਂ ਲਿਜਾ ਸਕਦਾ ਹੈ। ਇਹ ਮੁਹਿੰਮ ਜਰੂਰਤਮੰਦਾਂ ਦੀ ਮਦਦ ਦੇ ਨਾਲ-ਨਾਲ ਲੋਕਾਂ ਵਿੱਚ ਕੁਦਰਤ ਪ੍ਰਤੀ ਜਾਗਰੂਕਤਾ ਦੀ ਭਾਵਨਾ ਪੈਦਾ ਕਰੇਗੀ। ਮੇਅਰ ਸੁਰਿੰਦਰ ਕੁਮਾਰ ਨੇ ਦੱਸਿਆ ਕਿ ਇਨ੍ਹਾਂ ਸੈਂਟਰਾਂ ਵਿਖੇ ਲੋਕ ਵਰਤੋਂ ਕੀਤੀਆਂ ਹੋਈਆਂ ਚੀਜਾਂ ਜਿਵੇਂ ਕਿ ਕੱਪੜੇ, ਜੁੱਤੇ, ਚੱਪਲ, ਬੈਗ, ਖਿਡੌਣੇ, ਕਿਤਾਬਾਂ ਅਤੇ ਹੋਰ ਸਟੇਸ਼ਨਰੀ, ਇਲੈਕਟ੍ਰੋਨਿਕ ਸਾਮਾਨ, ਭਾਂਡੇ, ਕੰਟੇਨਰ ਆਦਿ ਜਮ੍ਹਾਂ ਕਰਵਾ ਸਕਣਗੇ। ਇਨ੍ਹਾਂ ਸੈਂਟਰਾਂ ਵਿੱਚ ਜਮ੍ਹਾਂ ਕੀਤੇ ਹੋਏ ਸਾਮਾਨ ਦਾ ਰਿਕਾਰਡ ਰੱਖਿਆ ਜਾਵੇਗਾ ਅਤੇ ਸਾਮਾਨ ਜਮ੍ਹਾਂ ਕਰਵਾਉਣ ਆਏ ਲੋਕਾਂ ਨੂੰ ਖਾਦ ਦਿੱਤੀ ਜਾਵੇਗੀ।

## ਸੇਂਟ ਸੋਲਜਰ ਨੇ ਸਾਈਕਲੋਥੌਨ ਨਾਲ ਮਨਾਇਆ ਵਿਸ਼ਵ ਸਾਈਕਲ ਦਿਵਸ



**ਜਲੰਧਰ (ਇਕਬਾਲ ਸਿੰਘ ਉੱਭੀ)**-ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਮਾਨ ਨਗਰ ਬ੍ਰਾਂਚ ਵੱਲੋਂ ਸਾਈਕਲ ਚਲਾ ਕੇ ਤੰਦਰੁਸਤ ਰਹਿਣ ਦਾ ਸੰਦੇਸ਼ ਦਿੰਦੇ ਹੋਏ ਸਾਈਕਲੋਥੌਨ ਦਾ ਆਯੋਜਨ ਕਰਕੇ ਵਿਸ਼ਵ ਸਾਈਕਲ ਦਿਵਸ ਮਨਾਇਆ ਗਿਆ। ਜਿਸ ਵਿੱਚ ਪ੍ਰਿੰਸੀਪਲ ਸ੍ਰੀਮਤੀ ਅੰਬਿਕਾ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਵਿਦਿਆਰਥੀਆਂ ਨੇ 'ਹੈਲਥੀ ਅੱਪ', 'ਕਾਰ ਕਿਲ ਬਾਈਕ ਥ੍ਰੀਲ', 'ਤਣਾਅ ਘਟਾਓ, ਸਾਈਕਲਿੰਗ ਲਈ ਜਾਓ,' 'ਸਾਈਕਲ ਤੇ ਸ਼ਰੀਰ ਚਲਦੇ ਹੀ ਚੰਗੇ' ਆਦਿ ਸੰਦੇਸ਼ ਦਿੰਦੇ ਪੋਸਟਰ ਬਣਾ ਕੇ ਸਭ ਨੂੰ ਜਾਗਰੂਕ ਕੀਤਾ। ਵਿਦਿਆਰਥੀਆਂ ਨੇ ਫਿੱਟ ਰਹਿਣ ਦੇ ਲਈ ਸਾਈਕਲ ਦੀ ਮਹੱਤਤਾ ਬਾਰੇ ਦੱਸਿਆ ਅਤੇ ਸਾਈਕਲ ਚਲਾਉਂਦੇ ਸਮੇਂ ਸਿਰ 'ਤੇ ਸੇਫਟੀ ਹੈਲਮੇਟ ਪਾਉਣ ਅਤੇ ਲੋਕਾਂ ਨੂੰ ਚੰਗੀ ਸਿਹਤ ਅਤੇ ਵਾਤਾਵਰਨ ਨੂੰ ਬਚਾਉਣ ਲਈ ਸਾਈਕਲ ਚਲਾਉਣ ਦਾ ਸੁਨੇਹਾ ਦਿੱਤਾ। ਵਿਦਿਆਰਥੀਆਂ ਨੇ ਕਿਹਾ ਕਿ ਸਾਈਕਲ ਨਾਲ ਨਾ ਕੇਵਲ ਅਸੀਂ ਆਪਣੇ ਆਪ ਨੂੰ ਫਿੱਟ ਰੱਖ ਕੇ ਸਕਦੇ ਹਾਂ ਬਲਕਿ ਵਾਤਾਵਰਣ ਅਤੇ ਕੁਦਰਤੀ ਸੋਮਿਆਂ ਜਿਵੇਂ ਪੈਟਰੋਲ, ਡੀਜ਼ਲ ਆਦਿ ਦੀ ਖਪਤ ਘੱਟ ਕਰ ਕੀਤੀ ਜਾ ਸਕਦੀ ਹੈ। ਪ੍ਰਿੰਸੀਪਲ ਸ੍ਰੀਮਤੀ ਅੰਬਿਕਾ ਸ਼ਰਮਾ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਵਿਸ਼ਵ ਸਾਈਕਲ ਦਿਵਸ 3 ਜੂਨ ਨੂੰ ਮਨਾਇਆ ਜਾਂਦਾ ਹੈ ਜਿਸ ਦੀ ਸ਼ੁਰੂਆਤ ਸੰਯੁਕਤ ਰਾਸ਼ਟਰ ਮਹਾਸਭਾ ਵੱਲੋਂ 3 ਜੂਨ 2018 ਨੂੰ ਕੀਤੀ ਗਈ ਸੀ। ਵਾਇਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦੇ ਹੋਏ ਸਾਰਿਆਂ ਨੂੰ ਸਾਈਕਲ ਦੀ ਵਰਤੋਂ ਕਰਨ ਦਾ ਸੰਦੇਸ਼ ਦਿੱਤਾ ਅਤੇ ਕਿਹਾ ਕਿ ਇਸ ਨੂੰ ਚਲਾਉਣ ਦੇ ਬਹੁਤ ਸਾਰੇ ਫਾਇਦੇ ਹਨ, ਜਿਵੇਂ ਕਿ ਸਾਈਕਲਿੰਗ ਭਾਰ ਵਧਣ ਤੋਂ ਰੋਕਦੀ ਹੈ, ਦਿਲ-ਫੇਫੜਿਆਂ ਨੂੰ ਮਜ਼ਬੂਤ ਕਰਦੀ ਹੈ, ਮਾਸਪੇਸ਼ੀਆਂ ਨੂੰ ਮਜ਼ਬੂਤ ਕਰਦੀ ਹੈ ਅਤੇ ਮਾਨਸਿਕ ਤਣਾਅ ਤੋਂ ਵੀ ਰਾਹਤ ਦਿੰਦੀ ਹੈ।

## ਸਰਬ ਨੌਜਵਾਨ ਸਭਾ ਦੇ ਸਵੈ-ਰੁਜ਼ਗਾਰ ਸੈਂਟਰ ਦਾ ਉਦਘਾਟਨ

**ਫਗਵਾੜਾ ( ਡਾ. ਰਮਨ )** ਸਰਬ ਨੌਜਵਾਨ ਸਭਾ (ਰਜਿ:) ਫਗਵਾੜਾ ਵਲੋਂ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਸਥਾਨਕ ਸਕੀਮ ਨੰਬਰ-3, ਹੁਸ਼ਿਆਰਪੁਰ ਰੋਡ ਫਗਵਾੜਾ ਵਿਖੇ ਚਲਾਏ ਜਾ ਰਹੇ ਵੋਕੇਸ਼ਨਲ ਸੈਂਟਰ 'ਚ ਇਕ ਹੋਰ ਵੱਡਾ ਉਪਰਾਲਾ ਕਰਦੇ ਹੋਏ ਐਨ ਮਿਆਜ਼ੋ ਵਰਲਡ ਵਾਈਡ ਦੇ ਸਹਿਯੋਗ ਨਾਲ ਲੜਕੀਆਂ ਨੂੰ ਸਿਲਾਈ ਦੀ ਸਿਖਲਾਈ ਤੋਂ ਬਾਅਦ ਰੁਜਗਾਰ ਦੇਣ ਦੇ ਮਨੋਰਥ ਨਾਲ ਸੈਂਟਰ ਵਿਖੇ ਹੀ ਸਵੈ-ਰੁਜ਼ਗਾਰਤ ਸੈਂਟਰ ਦਾ ਸ਼ੁੱਭ ਆਰੰਭ ਕੀਤਾ ਗਿਆ। ਜਿਸਦਾ ਉਦਘਾਟਨ ਵੀਰਵਾਰ ਨੂੰ ਉੱਘੀ ਸਮਾਜ ਸੇਵਿਕਾ ਸ਼੍ਰੀਮਤੀ ਅਨੀਤਾ ਸੋਮ ਪ੍ਰਕਾਸ਼ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਦਿਆਂ ਕੀਤਾ। ਸਮਾਗਮ ਦੀ ਪ੍ਰਧਾਨਗੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਸ਼ਿਵ ਹਾਂਡਾ ਸੰਯੋਜਕ ਸਮਾਜਿਕ ਸਦਭਾਵਨਾ ਵਿਭਾਗ ਜਲੰਧਰ ਵਲੋਂ ਕੀਤੀ ਗਈ। ਅਨੀਤਾ ਸੋਮ ਪ੍ਰਕਾਸ਼ ਨੇ ਰਿਬਨ ਕੱਟ ਕੇ ਉਦਘਾਟਨ ਦੀ ਰਸਮ ਨਿਭਾਉਣ ਉਪਰੰਤ ਸੰਬੋਧਨ ਕਰਦਿਆਂ ਕਿਹਾ ਕਿ ਅਜੋਕੇ ਯੁੱਗ 'ਚ ਹੱਥੀਂ ਕਿੱਤੇ ਦੀ ਵੱਡੀ ਅਹਿਮੀਅਤ ਹੈ ਅਤੇ ਲੜਕੀਆਂ/ਔਰਤਾਂ ਦਾ ਸਿਖਿਅਤ ਹੋਕੇ ਰੁਜ਼ਗਾਰਤ ਹੋਣਾ ਅਤਿ ਜ਼ਰੂਰੀ ਹੈ। ਉਹਨਾ ਕਿਹਾ ਕਿ ਔਰਤਾਂ ਤਾਂ ਹੀ ਆਪਣੇ ਘਰ ਨੂੰ ਯੋਗ ਢੰਗ ਨਾਲ ਚਲਾ ਸਕਦੀਆਂ ਹਨ ਜੇਕਰ ਉਹ ਵਿੱਤੀ ਤੌਰ 'ਤੇ ਕਮਾਈ ਕਰਨ ਲਈ ਉੱਦਮ ਕਰਨਗੀਆਂ। ਸਭਾ ਵਲੋਂ ਅਨੀਤਾ ਸੋਮ ਪ੍ਰਕਾਸ਼ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਭਾ ਦੇ ਉਪ ਪ੍ਰਧਾਨ ਰਵਿੰਦਰ ਸਿੰਘ ਰਾਏ, ਜਨਰਲ ਸਕੱਤਰ ਡਾ: ਵਿਜੇ ਕੁਮਾਰ, ਮੈਨੇਜਰ ਜਗਜੀਤ ਸੇਠ, ਨਰਿੰਦਰ ਸੈਣੀ, ਡਾ: ਨਰੇਸ਼ ਬਿੱਟੂ, ਭਾਜਪਾ ਆਗੂ ਸਤੀਸ਼ ਬੱਗਾ, ਸਤਪ੍ਰਕਾਸ਼ ਸੱਗੂ, ਰਕੇਸ਼ ਕੋਛੜ, ਸਾਹਿਬਜੀਤ ਸਾਬੀ, ਜਸ਼ਨ ਮਹਿਰਾ, ਮਨਦੀਪ ਬਾਸੀ, ਮਨਜੀਤ, ਆਂਚਲ, ਪ੍ਰਿਆ, ਸੁਮਨ, ਅਮਨਪ੍ਰੀਤ ਆਦਿ ਹਾਜ਼ਰ ਸਨ।

## ਜ਼ਿਲ੍ਹੇ ਦੇ ਆਂਗਣਵਾੜੀ ਕੇਂਦਰਾਂ ਨੂੰ ਹਰ ਸਾਲ 38 ਲੱਖ 52 ਹਜ਼ਾਰ ਦੇ ਡੇਟਾ ਪੈਕੇਜ ਦੀ ਮਿਲੇਗੀ ਸਹੂਲਤ : ਡੀ ਸੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**—

ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਬਾਰੇ ਮੰਤਰੀ ਡਾ. ਬਲਜੀਤ ਕੌਰ ਦੀ ਅਗਵਾਈ ਹੇਠ ਆਂਗਣਵਾੜੀ ਵਰਕਰਾਂ ਦੀ ਲੰਮੇ ਸਮੇਂ ਤੋਂ ਚਲੀ ਆ ਰਹੀ ਮੰਗ ਨੂੰ ਪੂਰਾ ਕਰਦਿਆਂ ਹਰੇਕ ਆਂਗਣਵਾੜੀ ਕੇਂਦਰ ਨੂੰ ਪ੍ਰਤੀ ਸਾਲ 2 ਹਜ਼ਾਰ ਰੁਪਏ ਦੇ ਮੋਬਾਈਲ ਡੇਟਾ ਪੈਕੇਜ ਦੀ ਸਹੂਲਤ ਲਾਗੂ ਕੀਤੀ ਗਈ ਹੈ। ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਕੁੱਲ ਮਨਜ਼ੂਰਸ਼ੁਦਾ ਆਂਗਣਵਾੜੀ ਸੈਂਟਰਾਂ ਦੀ ਗਿਣਤੀ 1926 ਹੈ ਅਤੇ ਹਰੇਕ ਸਾਲ ਪ੍ਰਤੀ ਸੈਂਟਰ 2000 ਰੁਪਏ ਦੇ ਹਿਸਾਬ ਨਾਲ ਇਨ੍ਹਾਂ ਆਂਗਣਵਾੜੀ ਕੇਂਦਰਾਂ ਨੂੰ ਹਰ ਸਾਲ 38,52,000 ਰੁਪਏ ਦਾ ਡੇਟਾ ਪੈਕੇਜ ਦਿੱਤਾ ਜਾਵੇਗਾ। ਇਹ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਪੋਸ਼ਣ ਅਭਿਆਨ ਦੇ ਰਿਕਾਰਡ ਵਾਸਤੇ ਅਤੇ ਇਸ ਅਭਿਆਨ ਦੇ ਜ਼ਮੀਨੀ ਪੱਧਰ 'ਤੇ ਨਿਰੀਖਣ ਲਈ ਪਿਛਲੇ ਸਮੇਂ 'ਪੋਸ਼ਣ ਟਰੈਕਰ' ਮੋਬਾਈਲ ਐਪ ਜਾਰੀ ਕੀਤੀ ਸੀ, ਜਿਸ ਨੂੰ ਚਲਾਉਣ ਵਾਸਤੇ ਆਂਗਣਵਾੜੀ ਵਰਕਰਾਂ ਨੂੰ ਮੋਬਾਈਲ ਡੇਟਾ ਪੈਕੇਜ ਲੋੜੀਂਦਾ ਸੀ ਤਾਂ ਜੋ ਉਨ੍ਹਾਂ ਨੂੰ ਆਪਣੇ ਪੱਲਿਓਂ ਡੇਟਾ ਨਾ ਖ਼ਰਚਣਾ ਪਵੇ। ਇਸ ਵਾਸਤੇ ਪੰਜਾਬ ਸਰਕਾਰ ਵੱਲੋਂ ਹਰੇਕ ਆਂਗਣਵਾੜੀ ਕੇਂਦਰ ਲਈ ਪ੍ਰਤੀ ਸਾਲ 2 ਹਜ਼ਾਰ ਰੁਪਏ ਦੇ ਡੇਟਾ ਪੈਕੇਜ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪੋਸ਼ਣ ਅਭਿਆਨ ਤਹਿਤ ਆਂਗਣਵਾੜੀ ਕੇਂਦਰਾਂ ਰਾਹੀਂ ਬੱਚਿਆਂ ਅਤੇ ਗਰਭਵਤੀ ਔਰਤਾਂ ਨੂੰ ਪੌਸ਼ਟਿਕ ਖੁਰਾਕ ਮੁਹੱਈਆ ਕਰਾਈ ਜਾਂਦੀ ਹੈ ਤਾਂ ਜੋ ਉਹ ਕੁਪੋਸ਼ਣ ਦਾ ਸ਼ਿਕਾਰ ਨਾ ਹੋਣ। ਇਸ ਅਭਿਆਨ ਨੂੰ ਜ਼ਮੀਨੀ ਪੱਧਰ 'ਤੇ ਪਾਰਦਰਸ਼ਤਾ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਕਰਨ ਲਈ ਪੰਜਾਬ ਸਰਕਾਰ ਵੱਲੋਂ ਵੀ ਇਸ ਐਪਲੀਕੇਸ਼ਨ ਦੀ ਵਰਤੋਂ ਨੂੰ ਹੁਲਾਰਾ ਦਿੱਤਾ ਜਾ ਰਿਹਾ ਹੈ, ਤਾਂ ਜੋ ਆਂਗਣਵਾੜੀ ਵਰਕਰ ਅਤੇ ਹੈਲਪਰ ਪੋਸ਼ਣ ਸਬੰਧੀ ਸਾਰਾ ਰਿਕਾਰਡ ਇਸ ਐਪ 'ਤੇ ਅਪਲੋਡ ਕਰ ਸਕਣ ਤੇ ਹੁਣ ਸਮਰਪਿਤ ਡੇਟਾ ਪੈਕੇਜ ਆਂਗਣਵਾੜੀ ਵਰਕਰਾਂ ਨੂੰ ਮਿਲਣ ਨਾਲ ਇਸ ਅਭਿਆਨ ਨੂੰ ਹੋਰ ਬਿਹਤਰ ਤਰੀਕੇ ਨਾਲ ਲਾਗੂ ਕਰਨ ਵਿੱਚ ਮਦਦ ਮਿਲੇਗੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਡੇਟਾ ਪੈਕੇਜ ਦੀ ਵੰਡ ਨੂੰ ਤੁਰੰਤ ਲਾਗੂ ਕੀਤਾ ਜਾਵੇਗਾ, ਜਿਸ ਨਾਲ ਆਂਗਣਵਾੜੀ ਵਰਕਰਾਂ ਨੂੰ ਆਪਣੇ ਸਮਾਰਟ ਫ਼ੋਨ ਰਾਹੀਂ ਪੋਸ਼ਣ ਟਰੈਕਰ ਦੀ ਬਿਹਤਰ ਵਰਤੋਂ ਕਰਨ ਦੇ ਯੋਗ ਬਣਾਇਆ ਜਾਵੇਗਾ। ਇਸ ਤੋਂ ਇਲਾਵਾ ਪੋਸ਼ਣ ਅਭਿਆਨ ਦਿਸ਼ਾ-ਨਿਰਦੇਸ਼ਾਂ ਅਨੁਸਾਰ ਆਂਗਣਵਾੜੀ ਵਰਕਰਾਂ ਅਤੇ ਆਂਗਣਵਾੜੀ ਹੈਲਪਰਾਂ ਦੀ ਪੋਸ਼ਣ ਟਰੈਕਰ ਐਪ 'ਤੇ ਬਿਹਤਰੀਨ ਕਾਰਗੁਜ਼ਾਰੀ ਬਦਲੇ ਕ੍ਰਮਵਾਰ 500 ਰੁਪਏ ਅਤੇ 250 ਰੁਪਏ ਦੀ ਪ੍ਰੋਤਸਾਹਨ ਰਾਸ਼ੀ ਨਾਲ ਉਨ੍ਹਾਂ ਦਾ ਉਤਸ਼ਾਹ ਵਧਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਜਿੱਥੇ ਸੂਬੇ ਦੀਆਂ ਔਰਤਾਂ ਅਤੇ ਬੱਚਿਆਂ ਦੀ ਭਲਾਈ ਯਕੀਨੀ ਬਣਾਉਣ ਲਈ ਵਚਨਬੱਧ ਹੈ, ਉਥੇ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਦੀਆਂ ਮੰਗਾਂ ਤੇ ਮਸਲਿਆਂ ਦਾ ਵੀ ਪੂਰਾ ਖਿਆਲ ਰੱਖ ਰਹੀ ਹੈ।

## ਪਹਿਲਵਾਨ ਲੜਕੀਆਂ ਦੇ ਮਾਮਲੇ ਨੂੰ ਲੈ ਕੇ ਕਿਸਾਨਾਂ ਨੇ ਭਾਜਪਾ ਸਾਂਸਦ ਦਾ ਪੁਤਲਾ ਫੂਕਿਆ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**-ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਨੂਰਪੁਰਬੇਦੀ ਵਿਖੇ ਵੱਖ-ਵੱਖ ਕਿਸਾਨ ਸੰਗਠਨਾਂ ਨੇ ਦਿੱਲੀ ਵਿਖੇ ਅੰਦੋਲਨ ਕਰ ਰਹੀਆਂ ਮਹਿਲਾ ਪਹਿਲਵਾਨਾਂ ਦੇ ਹੱਕ 'ਚ ਉਤਰਦਿਆਂ ਕੇਂਦਰ ਦੀ ਮੋਦੀ ਸਰਕਾਰ ਦੇ ਖਿਲਾਫ ਵਿਸ਼ਾਲ ਧਰਨਾ ਦਿੱਤਾ। ਇਸ ਮੌਕੇ ਭਾਰੀ ਗਿਣਤੀ 'ਚ ਕਿਸਾਨਾਂ ਅਤੇ ਲੋਕਾਂ ਨੇ ਸ਼ਹਿਰ 'ਚ ਵਿਸ਼ਾਲ ਰੋਸ ਮਾਰਚ ਕੱਢਿਆ। ਇਸ ਪ੍ਰਦਰਸ਼ਨ ਦੌਰਾਨ 3 ਕਿਸਾਨ ਸੰਗਠਨਾਂ ਜਮਹੂਰੀ ਕਿਸਾਨ ਸਭਾ ਪੰਜਾਬ, ਕਿਰਤੀ ਕਿਸਾਨ ਮੋਰਚਾ ਰੂਪਨਗਰ ਅਤੇ ਭਾਰਤੀ ਕਿਸਾਨ ਯੂਨੀਅਨ ਦੋਆਬਾ ਤੋਂ ਭਾਰੀ ਸੰਖਿਆ 'ਚ ਕਿਸਾਨਾਂ ਨੇ ਭਾਗ ਲਿਆ। ਇਸ ਮੌਕੇ ਸੰਯੁਕਤ ਕਿਸਾਨ ਮੋਰਚਾ ਦੇ ਜ਼ਿਲ੍ਹਾ ਸੰਯੋਜਕ ਧਰਮਪਾਲ ਸੈਣੀਮਾਜਰਾ ਨੇ ਆਖਿਆ ਕਿ ਕਰੀਬ ਡੇਢ ਮਹੀਨੇ ਤੋਂ ਦੇਸ਼ ਲਈ ਸੋਨ ਮੈਡਲ ਜਿੱਤਣ ਵਾਲੀਆਂ ਖਿਡਾਰਨਾਂ ਜਿਣਸੀ ਸ਼ੋਸ਼ਣ ਦੇ ਖਿਲਾਫ ਇਨਸਾਫ ਹਾਸਿਲ ਕਰਨ ਲਈ ਡਟੀਆਂ ਹੋਈਆਂ ਹਨ। ਮਗਰ ਉਨਾਂ ਦੇ ਕਿਧਰੇ ਵੀ ਸੁਣਵਾਈ ਨਹੀਂ ਹੋ ਰਹੀ ਹੈ। ਜਿਸ ਤੋਂ ਸਾਫ ਜਾਪਦਾ ਹੈ ਕਿ ਕੇਂਦਰ ਦੀ ਮੋਦੀ ਸਰਕਾਰ ਦੀ ਨੀਅਤ 'ਚ ਖੋਟ ਹੈ ਜੋ ਭਾਜਪਾ ਸੰਸਦ ਅਤੇ ਕਥਿਤ ਦੋਸ਼ੀ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸਰਣ ਸਿੰਘ ਨੂੰ ਬਚਾਉਣਾ ਚਾਹੁੰਦੀ ਹੈ। ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾਈ ਆਗੂ ਮੋਹਨ ਸਿੰਘ ਧਮਾਣਾ ਅਤੇ ਜ਼ਿਲ੍ਹਾ ਪ੍ਰਧਾਨ ਮਾ. ਗੁਰਨੈਬ ਸਿੰਘ ਜੇਤੇਵਾਲ ਨੇ ਆਖਿਆ ਕਿ ਪੋਕਸੋ ਐਕਟ 'ਚ ਨਾਮਜ਼ਦ ਹੋਣ ਦੇ ਬਾਵਜੂਦ ਭਾਜਪਾ ਸੰਸਦ ਵਿਰੁੱਧ ਕਿਸੀ ਵੀ ਪ੍ਰਕਾਰ ਦੀ ਕਾਰਵਾਈ ਕਰਨ ਤੋਂ ਮੋਦੀ ਸਰਕਾਰ ਕਤਰਾ ਰਹੀ ਹੈ। ਜਿਸ ਨਾਲ ਦੇਸ਼ ਦਾ ਕਾਨੂੰਨ ਵੀ ਸ਼ਰਮਸ਼ਾਰ ਹੋ ਰਿਹਾ ਹੈ। ਕਿਰਤੀ ਕਿਸਾਨ ਮੋਰਚਾ ਦੇ ਪ੍ਰਧਾਨ ਵੀਰ ਸਿੰਘ ਬੜਵਾ ਅਤੇ ਦਲਜੀਤ ਸਿੰਘ ਬੜਵਾ ਨੇ ਆਖਿਆ ਕਿ ਦੇਸ਼ ਦੇ ਕਾਨੂੰਨ ਨੂੰ ਸਰਵਉੱਚ ਦੱਸਣ ਵਾਲੀ ਭਾਜਪਾ ਆਪਣੇ ਸੰਸਦ ਨੂੰ ਬਚਾਉਣ ਲਈ ਹਰ ਪ੍ਰਕਾਰ ਦਾ ਹਥਕੰਡਾ ਅਪਣਾ ਰਹੀ ਹੈ। ਜਿਸਦਾ ਉਸਨੂੰ 2024 'ਚ ਖਾਮਿਆਜਾ ਭੁਗਤਣਾ ਪਵੇਗਾ। ਭਾਰਤੀ ਕਿਸਾਨ ਯੂਨੀਅਨ ਦੋਆਬਾ ਜਸਵੀਰ ਸਿੰਘ ਅਤੇ ਹਰਨੇਕ ਸਿੰਘ ਨੇ ਆਖਿਆ ਕਿ ਅਗਰ ਪਹਿਲਵਾਨ ਲੜਕੀਆਂ ਨੂੰ ਜਲਦ ਇਨਸਾਫ ਨਾ ਮਿਲਿਆ ਤਾਂ ਦੇਸ਼ ਦੀ ਜਨਤਾ ਭਾਜਪਾ ਨੂੰ ਕਦੇ ਵੀ ਮੁਆਫ ਨਹੀਂ ਕਰੇਗੀ। ਧਰਨੇ ਦੀ ਸਮਾਪਤੀ ਤੋਂ ਬਾਅਦ ਇਕੱਠੇ ਹੋਏ ਪ੍ਰਦਰਨਸ਼ਕਾਰੀਆਂ ਨੇ ਸ਼ਹਿਰ 'ਚ ਰੋਸ ਮਾਰਚ ਕੱਢਿਆ ਅਤੇ ਭਾਰਤੀ ਜਨਤਾ ਪਾਰਟੀ ਮੁਰਦਾਬਾਦ ਦੇ ਜ਼ੋਰਦਾਰ ਨਾਅਰੇ ਲਗਾਏ। ਉਪਰੰਤ ਕਿਸਾਨ ਸੰਗਠਨਾਂ ਨੇ ਨਾਇਬ ਤਹਿਸੀਲਦਾਰ ਦਫ਼ਤਰ ਨੂਰਪੁਰਬੇਦੀ ਦੇ ਅਧਿਕਾਰੀਆਂ ਨੂੰ ਭਾਰਤ ਦੇ ਰਾਸ਼ਟਰਪਤੀ ਦੇ ਨਾਂਅ ਇਕ ਮੰਗ-ਪੱਤਰ ਵੀ ਸੌਂਪਿਆ। ਇਸ ਮੌਕੇ ਸੰਯੁਕਤ ਕਿਸਾਨ ਮੋਰਚਾ ਦੇ ਜ਼ਿਲਾ ਸੰਯੋਜਕ ਧਰਮਪਾਲ ਸੈਣੀ, ਮੋਹਨ ਸਿੰਘ ਧਮਾਣਾ, ਗੁਰਨੈਬ ਸਿੰਘ ਜੇਤੇਵਾਲ, ਵੀਰ ਸਿੰਘ ਬੜਵਾ, ਜਸਵੀਰ ਸ਼ਾਹਪੁਰ, ਹਰਨੇਕ ਰਾਏਪੁਰ, ਦਲਜੀਤ ਸਿੰਘ, ਬਲਵੀਰ ਮੁੰਨੇ, ਰਾਮਪਾਲ, ਯੋਗਰਾਜ ਧਾਦਲੀ, ਮਾ. ਬਲਵੀਰ ਸਿੰਘ, ਅਸ਼ੋਕ ਝਿੰਜੜੀ, ਸੁਰਿੰਦਰ ਰੌਲੀ, ਦਰਸ਼ਨ ਰੌਲੀ, ਸੋਮ ਸਿੰਘ, ਬਖਸ਼ੀਸ਼ ਟਿੱਬਾ ਨੰਗਲ, ਸ਼ਿਵ ਸੈਣੀਮਾਜਰਾ, ਦਵਿੰਦਰ ਸਰਥਲੀ, ਜਸਵੰਤ ਸਿੰਘ, ਧਰਮਿੰਦਰ ਸਿੰਘ, ਜਰਨੈਲ ਕੌਰ ਬੜਵਾ ਤੇ ਕੁਲਦੀਪ ਕੌਰ ਸਹਿਤ ਕਿਸਾਨ ਹਾਜ਼ਰ ਸਨ।

## ਅਨੰਦਪੁਰ ਸਾਹਿਬ ਦੀ ਰੈਲੀ ਲਈ ਜਥਾ ਰਵਾਨਾ




**ਮਾਹਿਲਪੁਰ (ਸਫਰੀ)** ਪੰਜਾਬ ਵਿੱਚ ਜਦੋਂ ਤੋਂ ਭਾਰੀ ਲੋਕ ਫਤਵੇ ਨਾਲ 'ਆਪ' ਸਰਕਾਰ ਕਾਬਜ ਹੋਈ ਹੈ, ਉਦੋਂ ਤੋਂ ਲੈ ਕੇ ਹੁਣ ਤੱਕ ਪੰਜਾਬ ਵਾਸੀਆਂ ਨੂੰ ਸਿਵਾਏ ਲੌਲੀਪਾਪ ਦੇ ਕੁੱਝ ਵੀ ਨਸੀਬ ਨਹੀਂ ਹੋਇਆ। ਸਿੱਖਿਆ ਮੰਤਰੀ ਦੁਆਰਾ ਮਿਡ-ਡੇ-ਮੀਲ ਵਰਕਰਜ ਯੂਨੀਅਨ ਨੂੰ ਮੀਟਿੰਗ ਲਈ ਲਿਖਤੀ ਸਮਾਂ ਦੇ ਕੇ ਬੁਲਾਉਣ ਤੇ ਪੰਜਾਬ-ਯੂਟੀ ਮੁਲਾਜਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਕਨਵੀਨਰ ਸਾਥੀ ਸਤੀਸ਼ ਰਾਣਾ ਅਤੇ ਉਹਨਾਂ ਨਾਲ ਗਏ ਮਿਡ-ਡੇ-ਮੀਲ ਵਰਕਰਾਂ ਦੇ ਵਫਦ ਨੂੰ ਗ੍ਰਿਫਤਾਰ ਕਰਨ ਦੇ ਦਿੱਤੇ ਹੁਕਮ ਨੂੰ, ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਤਾਨਾਸ਼ਾਹੀ ਹੁਕਮ ਮੰਨਦੀ ਹੈ। ਇੱਕ ਪਾਸੇ ਦਿੱਲੀ ਦੀ 'ਆਪ' ਸਰਕਾਰ ਮੋਦੀ ਦੀ ਦਖਲ ਅੰਦਾਜ਼ੀ ਨੂੰ ਤਾਨਾਸ਼ਾਹੀ ਗਰਦਾਨ ਰਹੀ ਹੈ ਅਤੇ ਦੂਜੇ ਪਾਸੇ ਪੰਜਾਬ ਵਿੱਚ ਖੁਦ ਮੋਦੀ ਵਾਲਾ ਕੰਮ ਕਰ ਰਹੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ , ਜਨਰਲ ਸਕੱਤਰ ਮੱਖਣ ਸਿੰਘ ਲੰਗੇਰੀ ਅਤੇ ਪੈਨਸ਼ਨਰ ਆਗੂ ਪ੍ਰਿੰਸੀਪਲ ਪਿਆਰਾ ਸਿੰਘ ਨੇ ਕੀਤਾ । ਪੰਜਾਬ ਸਰਕਾਰ ਦੇ ਇਸ ਹਿਟਲਰ ਰਵੱਈਏ ਦੇ ਵਿਰੋਧ ਵਿੱਚ ਸਿੱਖਿਆ ਮੰਤਰੀ ਦੇ ਹਲਕੇ ਆਨੰਦਪੁਰ ਸਾਹਿਬ ਵਿਖੇ ਹੋ ਰਹੀ ਰੈਲੀ ਵਿੱਚ ਮਾਹਿਲਪੁਰ ਤੋਂ ਅਮਰਜੀਤ ਕੁਮਾਰ, , ਅਮਰਜੀਤ ਸਿੰਘ , ਮਹਿੰਦਰ ਪਾਲ ,ਹਰਮਨੋਜ ਕੁਮਾਰ, ਉਂਕਾਰ ਸਿੰਘ, ਗੁਰਨਾਮ ਚੰਦ, ਜਸਵਿੰਦਰ ਸਿੰਘ, ਸੁਰਜੀਤ ਮਹਿਮੀ , ਬਖਤਾਵਰ ਸਿੰਘ ,ਮਨਜਿੰਦਰ ਸਿੰਘ ਲੱਕੀ, ਬਲਦੇਵ ਸਿੰਘ , ਸ਼ਿੰਦਰ ਪਾਲ ,ਗਿਆਨ ਚੰਦ,ਹਰਭਜਨ ਸਿੰਘ, ਕੁਲਵੰਤ ਸਿੰਘ, ਪ੍ਰਿੰਸੀਪਲ ਰਣਜੀਤ ਸਿੰਘ , ਜੋਗਿੰਦਰ ਸਿੰਘ, ਸੁਰਿੰਦਰ ਸਿੰਘ, ਸਗਲੀ ਰਾਮ, ਬਲਜਿੰਦਰ ਪਾਲ, ਸਤਪਾਲ ਸਿੰਘ, ਅਬਾਦ ਅਲੀ ਸਮੇਤ ਭਾਰੀ ਗਿਣਤੀ ਵਿੱਚ ਮੁਲਾਜਮ ਅਤੇ ਪੈਨਸ਼ਨਰ ਰਵਾਨਾ ਹੋਏ।

# ਮਨਰੇਗਾ ਕਾਮਿਆਂ ਵੱਲੋਂ ਬੀ ਡੀ ਪੀ ਓ ਦਫਤਰ ਵਿਖੇ ਧਰਨਾ



**ਨਾਭਾ, (ਵਰਿੰਦਰ ਵਰਮਾ)**-ਨਾਭਾ ਬੀ ਡੀ ਪੀ ਓ ਦਫਤਰ ਵਿਖੇ ਸੈਂਕੜਿਆਂ ਦੀ ਗਿਣਤੀ ਵਿੱਚ ਮਨਰੇਗਾ ਕਾਮਿਆਂ ਨੇ ਧਰਨਾ ਦੇ ਕੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਤੇ ਕਿਹਾ ਕਿ ਇਸ ਸਰਕਾਰ ਦਾ ਬਦਲਾਅ ਅਫਸਰਸ਼ਾਹੀ ਦੀ ਜੁਆਬਦੇਹੀ ਘਟਾਉਣ ਵਾਲਾ ਸਾਬਿਤ ਹੋ ਰਿਹਾ ਹੈ। ਇਸ ਮੌਕੇ ਸੰਬੋਧਨ ਕਰਦਿਆਂ ਸੂਬਾ ਆਗੂ ਰਾਜ ਕੌਰ ਬੂਹੀ, ਕੁਲਵਿੰਦਰ ਕੌਰ ਰਾਮਗੜ੍ਹ ਰਮਨਜੋਤ ਬਾਬਰਪੁਰ ਨੇ ਕਿਹਾ ਕਿ ਮਜ਼ਦੂਰਾਂ ਨੇ ਸੰਘਰਸ਼ ਰਾਹੀਂ ਜਿੰਨੀ ਕੁ ਕਾਨੂੰਨ ਦੀ ਪਾਲਣਾ ਅਫਸਰਾਂ ਕੋਲੋਂ ਹਾਸਲ ਕਰ ਲਈ ਸੀ, ਇਸ ਸਰਕਾਰ ਵਿੱਚ ਉਹ ਵੀ ਖੁਸ਼ ਰਹੀ ਹੈ। ਨਾਭਾ ਬੀਡੀਪੀਓ ਦਫਤਰ ਵਿਖੇ ਅਰਜ਼ੀ ਦੀ ਰਸੀਦ ਨਾ ਦੇਣਾ, ਨਿਯੁਕਤੀ ਪੱਤਰ ਨਾ ਦੇਣਾ, ਜਾਲ੍ਹੀ ਗ੍ਰਾਮ ਸਭਾ ਇਜਲਾਸ, ਜਾਲ੍ਹੀ ਪ੍ਰੋਜੈਕਟ, ਵਾਰ ਵਾਰ ਪੱਧਰ ਮੜ੍ਹੀਆਂ ਨੂੰ ਹੀ ਪੱਧਰ ਕਰਨ ਦੇ ਪ੍ਰੋਜੈਕਟ ਤਿਆਰ ਕਰਨ ਸਮੇਂ ਕਿਸੇ ਅਫਸਰ ਨੂੰ ਕੋਈ ਜੁਆਬਦੇਹੀ ਦਾ ਡਰ ਨਹੀਂ ਹੈ।

ਇਥੋਂ ਤੱਕ ਕਿ ਜ਼ਿਲ੍ਹਾ ਪ੍ਰਸ਼ਾਸਨ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਹੁੰਦੇ ਕੰਮਾਂ ਦੀਆਂ ਸੈਂਕੜੇ ਸ਼ਿਕਾਇਤਾਂ ਦੇਣ ਦੇ ਬਾਵਜੂਦ ਕਿਸੇ ਮੁਲਾਜ਼ਮ ਨੂੰ ਡਰ ਨਹੀਂ ਹੈ, ਕਿਉਂਕਿ ਕਿਸੇ ਦੀ ਕੋਈ ਜੁਆਬਦੇਹੀ ਹੀ ਨਹੀਂ ਹੈ। ਇਸ ਮੌਕੇ ਹਰਦੀਪ ਕੌਰ ਪਾਲੀਆ, ਸੁਨੀਤਾ ਰਾਣੀ ਕੈਦੂਪੁਰ ਨੇ ਕਿਹਾ ਕਿ ਜਾਲ੍ਹੀ ਪ੍ਰੋਜੈਕਟ ਤਿਆਰ ਕਰਨ ਉਪਰੰਤ ਨਵੇਂ ਨਵੇਂ ਪਟਿਆਲਾ ਵਿਖੇ ਤਾਇਨਾਤ ਹੋਏ ਡੀ ਸੀ ਸਾਕਸੀ ਸਾਹਨੀ ਨੇ ਇੱਕ ਜੀ ਆਰ ਐੱਸ ਨੂੰ ਬਰਖਾਸਤ ਕਰ ਦਿੱਤਾ ਸੀ, ਪਰ ਉਸ ਪਿੱਛੋਂ ਮੁਲਾਜ਼ਮਾਂ ਨੇ ਸਰਕਾਰ ਉੱਪਰ ਅਜਿਹਾ ਦਬਾਅ ਬਣਾਇਆ ਕਿ ਮੁੜ ਕੇ ਡੀ ਸੀ ਦੀ ਤਾਂ ਕਲਮ ਹੀ ਖੋਹ ਲਈ। ਸੂਬਾ ਪ੍ਰਧਾਨ ਰਾਜ ਕੁਮਾਰ ਕਨਸੂਹਾ ਨੇ ਕਿਹਾ ਕਿ ਇਥੇ ਏਡੀਸੀ ਦੇ ਕਿਸੇ ਹੁਕਮ ਦੀ ਪਾਲਣਾ ਨਹੀਂ ਹੁੰਦੀ ਤੇ ਮੁੜ ਕੇ ਹੁਕਮ ਕਰਨ ਪਿਛੋਂ ਜ਼ਿਲ੍ਹਾ ਪ੍ਰਸ਼ਾਸਨ ਵੀ ਡੂੰਘੀ ਨੀਂਦ ਵਿੱਚ ਚਲਾ ਜਾਂਦਾ ਹੈ।

ਇਸ ਮੌਕੇ ਮਜ਼ਦੂਰਾਂ ਨੇ ਇੱਕ ਮੰਗ ਪੱਤਰ ਮੁੱਖ ਮੰਤਰੀ ਨੂੰ ਲਿਖਿਆ, ਜਿਸ ਵਿੱਚ ਉਨ੍ਹਾਂ ਨੇ ਅਫਸਰਾਂ ਤੋਂ ਕਾਨੂੰਨ ਅਨੁਸਾਰ ਕੰਮ ਕਰਾਉਣ ਦੀ ਮੰਗ ਕੀਤੀ। ਨਾਲ ਹੀ ਇੱਕ ਮੰਗ ਪੱਤਰ ਹਲਕਾ ਵਿਧਾਇਕ ਨੂੰ ਵੀ ਭੇਜਿਆ ਗਿਆ, ਜਿਸ ਵਿੱਚ ਮਜ਼ਦੂਰਾਂ ਨੂੰ ਕਾਨੂੰਨ ਲਾਗੂ ਕਰਾਉਣ 'ਚ ਆ ਰਹੀਆਂ ਸਮੱਸਿਆਵਾਂ ਦਾ ਜ਼ਿਕਰ ਕੀਤਾ ਤੇ ਅਪੀਲ ਕੀਤੀ ਕਿ ਉਹ ਇਸ ਸਮੱਸਿਆ ਨੂੰ ਸਮਝ ਕੇ ਸਰਕਾਰ ਕੋਲੋਂ ਇਸ ਦੇ ਢੁੱਕਵੇਂ ਹੱਲ ਦੀ ਮੰਗ ਕਰਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਆਸ਼ਾ ਰਾਣੀ ਪੇਧਨੀ, ਸੁਖਵਿੰਦਰ ਕੌਰ ਤੇ ਆਈ ਡੀ ਦੇ ਆਗੂ ਗੁਰਮੀਤ ਸਿੰਘ ਬੂਹੀ, ਚਮਕੌਰ ਸਿੰਘ ਅਗੇਤੀ, ਲਖਵੀਰ ਲਾਡੀ, ਕਸ਼ਮੀਰਾ ਬੂਹੀ ਆਦਿ ਨੇ ਸ਼ਮੂਲੀਅਤ ਕੀਤੀ।

## ਵਿਸ਼ਵ ਸਾਈਕਲ ਦਿਵਸ 'ਤੇ ਸਿਹਤ ਕਾਮਿਆਂ ਤੇ ਬੀ ਐੱਸ ਐੱਫ ਜਵਾਨਾਂ ਵੱਲੋਂ ਰੈਲੀ

**ਮਮਦੋਟ (ਜਸਬੀਰ ਸਿੰਘ ਕੰਬੋਜ)**-ਅਜੋਕੇ ਦੌਰ ਵਿੱਚ ਗੰਧਲੇ ਹੋਏ ਵਾਤਾਵਰਣ ਕਰਕੇ ਜਿੱਥੇ ਅਨੇਕਾਂ ਬਿਮਾਰੀਆਂ ਪੈਰ ਪਸਾਰ ਰਹੀਆਂ ਹਨ, ਉਥੇ ਭੱਜ ਦੌੜ ਦੀ ਜ਼ਿੰਦਗੀ ਵਿੱਚ ਮਨੁੱਖ ਸਰੀਰਕ ਤੇ ਮਾਨਸਿਕ ਬੀਮਾਰੀਆਂ ਦਾ ਸ਼ਿਕਾਰ ਹੋ ਰਿਹਾ ਹੈ, ਜੋ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ। ਡ. ਰੇਖਾ ਐੱਸ ਐੱਮ ਓ ਮਮਦੋਟ ਦੀ ਅਗਵਾਈ ਹੇਠ ਅੱਜ ਵਿਸ਼ਵ ਸਾਈਕਲ ਦਿਵਸ 'ਤੇ ਕਮਿਊਨਿਟੀ ਹੈਲਥ ਸੈਂਟਰ ਮਮਦੋਟ ਵਿਖੇ ਜਿੱਥੇ ਬੀ ਐੱਸ ਐੱਫ ਜਵਾਨਾਂ ਤੇ ਆਏ ਲੋਕਾਂ ਨੂੰ ਸਿਹਤ ਪ੍ਰਤੀ ਸੁਹਿਰਦ ਹੋਣ ਦਾ ਹੋਕਾ ਦਿੱਤਾ ਗਿਆ, ਉਥੇ ਕਿਸੇ ਵੀ ਹਾਲਤ ਵਿਚ ਤੁਰੰਤ ਸਿਹਤ ਸਹੂਲਤ ਪ੍ਰਾਪਤ ਕਰਨ ਦੀ ਅਪੀਲ ਕੀਤੀ ਤਾਂ ਜੋ ਅਜਾਈ ਜਾਂਦੀਆਂ ਜਾਨਾਂ ਨੂੰ ਬਚਾਉਣ ਦਾ ਹੰਭਲਾ ਮਾਰਿਆ ਜਾ ਸਕੇ। ਇਸ ਮੌਕੇ ਜਵਾਨਾਂ ਤੇ ਸਿਹਤ ਕਾਮਿਆਂ ਵੱਲੋਂ ਸਾਂਝੇ ਤੌਰ 'ਤੇ ਜਾਗਰੂਕਤਾ ਰੈਲੀ ਕੱਢੀ ਗਈ ਤੇ ਲੋਕਾਂ ਨੂੰ ਚੰਗੀ ਸਿਹਤ ਲਈ ਸਰੀਰਕ ਕਸਰਤ ਕਰਨ ਲਈ ਪ੍ਰੇਰਿਤ ਕੀਤਾ ਗਿਆ। ਡਾ: ਅਨੁਪਮ, ਡਾ. ਪ੍ਰੀਤੀ ਗਰਗ, ਡਾ. ਪੱਲਵੀ, ਅੰਕੁਸ਼ ਭੰਡਾਰੀ ਬੀ ਈ ਈ ਵੱਲੋਂ ਸਰੀਰਕ ਤੇ ਮਾਨਸਿਕ ਬੀਮਾਰੀਆਂ ਤੋਂ ਬਚਾਅ ਦੇ ਨੁਕਤੇ ਸਾਂਝੇ ਕੀਤੇ, ਉੱਥੇ ਹੀ ਲੋਕਾਂ ਨੂੰ ਸੂਬਾ ਸਰਕਾਰ ਵੱਲੋਂ ਪਿੰਡਾਂ ਵਿੱਚ ਚੱਲ ਰਹੇ ਆਮ ਆਦਮੀ ਕਲੀਨਿਕ ਵਿੱਚ ਮੁਫਤ ਇਲਾਜ ਦੀ ਦਿੱਤੀ ਜਾ ਰਹੀ ਸਹੂਲਤ ਬਾਰੇ ਦੱਸਿਆ ਗਿਆ। ਇਸ ਮੌਕੇ ਡਾ: ਅਨੁਪਮ, ਡਾ. ਪੱਲਵੀ ਸੁਸ਼ਾਂਤ ਸ਼ਰਮਾ ਮੈਡੀਕਲ ਅਫਸਰ ਬੀ.ਐਸ.ਐਫ. 116 ਬਟਾਲੀਅਨ, ਮਮਦੋਟ ਦੌਰੀ ਫਾਰਮਾਸਿਸਟ ਬੀ.ਐਸ.ਐਫ 116 ਬਟਾਲਾਈਨ, ਅੰਕੁਸ਼ ਭੰਡਾਰੀ ਬੀ ਈ ਈ, ਮੈਡਮ ਸੀਮਾ ਸੀ ਐੱਚ ਓ, ਅਮਰਜੀਤ ਆਸੂ, ਨੰਦ ਲਾਲ ਫਰਮੇਸੀ ਅਫਸਰ, ਮੈਡਮ ਜਗਰੂਪ, ਮੈਡਮ ਰਿੰਪਲ, ਅਮਰਜੀਤ, ਮੰਗਲ, ਮਨਜੀਤ, ਸਮੇਤ ਪੈਰਾ ਮੈਡੀਕਲ ਸਟਾਫ ਮੌਜੂਦ ਸੀ।



# ਮਿੱਡ ਡੇ ਮੀਲ ਕੁੱਕ ਬੀਬੀਆਂ ਵੱਲੋਂ ਵਿੱਤ ਮੰਤਰੀ ਦੇ ਦਫਤਰ ਅੱਗੇ ਧਰਨਾ



**ਦਿੜ੍ਹਬਾ, (ਜਸਵੀਰ ਲਾਡੀ)**-ਇਥੇ ਮਿੱਡ-ਡੇ ਮੀਲ ਤੇ ਸਫਾਈ ਸੇਵਕਾਂ ਵਰਕਰ ਯੂਨੀਅਨ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਬੋਹਾ ਦੀ ਅਗਵਾਈ ਹੇਠ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੀਆਂ ਮਿੱਡ-ਡੇ ਮੀਲ ਕੁੱਕ ਬੀਬੀਆਂ ਵੱਲੋਂ ਵਿੱਤ ਮੰਤਰੀ ਹਰਪਾਲ ਚੀਮਾ ਦੇ ਦਫਤਰ ਅੱਗੇ ਧਰਨਾ ਦਿੱਤਾ ਗਿਆ। ਇਸ ਸਮੇਂ ਵਿੱਤ ਮੰਤਰੀ ਦੇ ਦਫਤਰ ਇੰਚਾਰਜ ਨੇ ਬੀਬੀਆਂ ਦੇ ਇਕੱਠ ਵਿੱਚ ਆ ਕੇ ਮੰਗ ਪੱਤਰ ਪ੍ਰਾਪਤ ਕੀਤਾ ਅਤੇ 4 ਜੂਨ ਨੂੰ ਦਿੜ੍ਹਬਾ ਵਿਖੇ ਵਿੱਤ ਮੰਤਰੀ ਨਾਲ ਮੀਟਿੰਗ ਕਰਾਉਣ ਦਾ ਵਿਸ਼ਵਾਸ ਦਿਵਾਇਆ। ਇਸ ਸਮੇਂ ਯੂਨੀਆਨ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਬੋਹਾ, ਜਸਵਿੰਦਰ ਕੌਰ ਗਾਮੀਵਾਲਾ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ, ਨਿੱਕਾ ਸਿੰਘ ਬਹਾਦਰਪੁਰ, ਰੂਹੀ ਸਿੰਘ ਗੋਬਿੰਦਗੜ੍ਹ ਨੇ ਕਿਹਾ ਕਿ ਅੱਜ ਦੇ ਅੱਤ ਦੀ ਮਹਿੰਗਾਈ ਦੇ ਯੁੱਗ ਵਿੱਚ ਮਿੱਡ-ਡੇ ਮੀਲ ਕੁੱਕ ਬੀਬੀਆਂ ਸਕੂਲਾਂ ਵਿੱਚ ਸੈਂਕੜੇ ਬੱਚਿਆਂ ਦੀ ਰੋਟੀ ਪਕਾਉਣ ਦੀ ਮਿਹਨਤ ਸਿਰਫ 100 ਰੁਪਏ ਰੋਜ਼ਾਨਾ ਦੀ ਦਿਹਾੜੀ 'ਤੇ ਗੁਜ਼ਾਰਾ ਕਰ ਰਹੀਆਂ ਹਨ। ਜਦਕਿ ਦੂਜੇ ਪਾਸੇ ਮੁਲਾਜ਼ਮਾਂ ਤੇ ਅਫਸਰਸ਼ਾਹੀ ਦੀਆਂ ਤਨਖਾਹ 50 ਹਜ਼ਾਰ ਤੋਂ ਲੈ ਕੇ ਲੱਖਾਂ ਰੁਪਏ ਦਿੱਤੀ ਜਾ ਰਹੀ ਹੈ। ਯੂਨੀਆਨ ਆਗੂਆਂ ਨੇ ਦੋਸ਼ ਲਾਇਆ ਕਿ ਮਾਨ ਸਰਕਾਰ ਕੁੱਕ ਬੀਬੀਆਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦੇ ਰਹੀ। ਉਨ੍ਹਾਂ ਕਿਹਾ ਕਿ ਕੁੱਕ ਬੀਬੀਆਂ ਨੂੰ ਰੋਜ਼ਾਨਾ 100 ਰੁਪਏ ਦਿਹਾੜੀ ਤੋਂ ਬਿਨਾਂ ਹੋਰ ਕੋਈ ਵੀ ਸਹੂਲਤ ਨਹੀਂ ਦਿੱਤੀ ਜਾਂਦੀ। ਇਸ ਸਮੇਂ ਯੂਨੀਆਨ ਆਗੂਆਂ ਨੇ ਮੰਗ ਕੀਤੀ ਕਿ ਸੁਪਰੀਮ ਕੋਰਟ ਦੇ 26 ਅਕਤੂਬਰ 2016 ਦੇ ਫੈਸਲੇ ਤਹਿਤ ਸਕੂਲਾਂ ਵਿੱਚ ਕੰਮ ਕਰਦੀਆਂ ਮਿੱਡ-ਡੇ ਮੀਲ ਕੁੱਕ ਬੀਬੀਆਂ ਨੂੰ ਘੱਟੋ ਘੱਟ 18 ਹਜ਼ਾਰ ਮਹੀਨਾ ਤਨਖਾਹ ਦਿੱਤੀ ਜਾਵੇ।

ਮਿੱਡ-ਡੇ ਮੀਲ ਵਰਕਰਾਂ ਨੂੰ ਈ ਐੱਸ ਆਈ ਕਾਰਡ ਬਣਾਏ ਜਾਣ। ਸਾਰੇ ਕੁੱਕ ਬੀਬੀਆਂ ਦੇ ਦੁਰਘਟਨਾ ਤੇ ਸੇਹਤ ਬੀਮਾ ਯੋਜਨਾ ਤਹਿਤ ਕਾਰਡ ਬਣਾਏ ਜਾਣ। ਸਮੇਤ ਹੋਰ ਮੰਗਾਂ ਜਲਦੀ ਲਾਗੂ ਕੀਤੀਆਂ ਜਾਣ।

ਉਨ੍ਹਾਂ ਕਿਹਾ ਕਿ ਜੇਕਰ ਮਾਨ ਸਰਕਾਰ ਨੇ ਮਿੱਡ-ਡੇ ਮੀਲ ਕੁੱਕ ਬੀਬੀਆਂ ਦੀਆਂ ਮੰਗਾਂ ਜਲਦੀ ਲਾਗੂ ਨਾ ਕੀਤੀਆਂ ਤਾਂ ਸਰਕਾਰ ਖਿਲਾਫ ਤਿੱਖਾ ਸੰਘਰਸ਼ ਕੀਤਾ ਜਾਵੇਗਾ।

## ਕਾਤਰਾਂ

### ਮੀਂਹ ਕਾਰਨ ਸੈਂਕੜੇ ਏਕੜ ਨਰਮਾ ਹੋਇਆ ਕਰੰਡ



**ਮਲੋਟ/ਲੰਬੀ, (ਗੁਰਮੀਤ ਸਿੰਘ ਮੱਕੜ)** : ਪਿਛਲੇ ਦਿਨਾਂ ਤੋਂ ਰੁਕ ਰੁਕ ਕੇ ਪੈ ਰਹੇ ਮੀਂਹ ਨੇ ਬੇਸ਼ੱਕ ਗਰਮੀ ਤੋਂ ਰਾਹਤ ਦਿੱਤੀ ਹੈ, ਪ੍ਰੰਤੂ ਇਸ ਨੇ ਕਿਸਾਨਾਂ ਦੀ ਨਰਮੇ ਦੀ ਫ਼ਸਲ ਦਾ ਨੁਕਸਾਨ ਕਰ ਦਿੱਤਾ ਹੈ। ਲੰਬੀ ਹਲਕੇ ਵਿੱਚ ਪੰਦਰਾਂ ਸੌ ਏਕੜ ਤੋਂ ਵੱਧ ਨਰਮਾ ਕਰੰਡ ਹੋ ਚੁੱਕਿਆ ਹੈ। ਨਰਮੇ ਹੇਠ ਰਕਬਾ ਸਰਕਾਰ ਵੱਲੋਂ ਜ਼ੋਰ ਲਗਾਉਣ ਦੇ ਬਾਵਜੂਦ ਇਸ ਸਾਲ ਘੱਟ ਹੀ ਰਿਹਾ। ਅਧਿਕਾਰੀਆਂ ਨੇ ਦੱਸਿਆ ਕਿ ਖੇਤੀਬਾੜੀ ਵਿਭਾਗ ਵੱਲੋਂ ਪਿੰਡਾਂ ਵਿੱਚ ਜਾ ਕੇ ਕੈਂਪ ਵੀ ਲਗਾਏ ਗਏ ਤੇ ਨਰਮੇ ਦੇ ਬੀਜ ਉੱਪਰ ਸਬਸਿਡੀ ਵੀ ਦਿੱਤੀ ਗਈ, ਪ੍ਰੰਤੂ ਫਿਰ ਵੀ ਨਰਮੇ ਹੇਠ ਰਕਬਾ ਇਸ ਵਾਰ ਨਹੀਂ ਵਧ ਸਕਿਆ। ਦੂਜੇ ਪਾਸੇ ਕਿਸਾਨਾਂ ਨੇ ਦੱਸਿਆ ਕਿ ਉਨ੍ਹਾਂ ਨੇ ਮਹਿੰਗੇ ਭਾਅ ਦਾ ਬੀਜ ਦੋ-ਦੋ, ਤਿੰਨ-ਤਿੰਨ ਵਾਰੀ ਬੀਜਿਆ, ਪ੍ਰੰਤੂ ਮੀਂਹ ਨੇ ਉਨ੍ਹਾਂ ਦੀ ਕੋਈ ਪੇਸ਼ ਨਹੀਂ ਜਾਣ ਦਿੱਤੀ, ਜਿਸ ਦੇ ਚੱਲਦਿਆਂ ਮਜਬੂਰ ਹੋ ਕੇ ਹੁਣ ਉਹ ਕਿਸੇ ਹੋਰ ਫਸਲ ਵੱਲ ਮੂੰਹ ਕਰਨਗੇ, ਕਿਉਂਕਿ ਹੁਣ ਨਰਮਾ ਬੀਜਣ ਦਾ ਸਮਾਂ ਨਹੀਂ ਰਿਹਾ।

### ਪ੍ਰਿੰ. ਨਰਿੰਦਰਪਾਲ ਗਿੱਲ ਨੇ ਚਾਰਜ ਸੰਭਾਲਿਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਸਿੱਖਿਆ ਵਿਭਾਗ ਵੱਲੋਂ ਰਾਜ ਪੁਰਸਕਾਰ ਜੇਤੂ ਨਰਿੰਦਰਪਾਲ ਸਿੰਘ ਗਿੱਲ ਨੂੰ ਤਲਵੰਡੀ ਭਾਈ ਦੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦਾ ਪ੍ਰਿੰਸੀਪਲ ਨਿਯੁਕਤ ਕੀਤਾ ਗਿਆ ਹੈ, ਜਿਨ੍ਹਾਂ ਵੱਲੋਂ ਆਪਣਾ ਕਾਰਜਭਾਰ ਸੰਭਾਲ ਲਿਆ ਗਿਆ ਹੈ।ਉਨ੍ਹਾਂ ਦੇ ਅਹੁਦਾ ਸੰਭਾਲਣ ਸਮੇਂ ਸਥਾਨਕ ਪਤਵੰਤਿਆਂ ਤੇ ਸਕੂਲ ਸਟਾਫ਼ ਵੱਲੋਂ ਉਨ੍ਹਾਂ ਦਾ ਫੁੱਲਾਂ ਦੇ ਬੁੱਕੇ ਦੇ ਕੇ ਸਵਾਗਤ ਕੀਤਾ ਗਿਆ।ਇਸ ਮੌਕੇ ਚਮਕੌਰ ਸਿੰਘ ਸਰਾਂ ਡੀਈਓ ਸੈਕੰਡਰੀ ਫ਼ਿਰੋਜ਼ਪੁਰ, ਪ੍ਰਿੰਸੀਪਲ ਰਾਕੇਸ਼ ਸ਼ਰਮਾ ਡੀ ਐੱਸ ਐੱਮ ਫ਼ਿਰੋਜ਼ਪੁਰ, ਡਾ. ਓ ਪੀ ਸੇਠੀ ਚੇਅਰਮੈਨ ਆਮ ਆਦਮੀ ਪਾਰਟੀ ਵਰਕਿੰਗ ਕਮੇਟੀ, ਕੌਂਸਲਰ ਹਰਪ੍ਰੀਤ ਸਿੰਘ ਕਲਸੀ, ਰਾਜਿੰਦਰਪਾਲ ਸਿੰਘ ਛਿੰਦਾ, ਪ੍ਰਿੰਸੀਪਲ ਰਾਜਿੰਦਰ ਅਰੋੜਾ ਬੀ ਐੱਨ ਓ ਘੱਲ ਖੁਰਦ ਆਦਿ ਵੱਲੋਂ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਗਈ।

### ਜ਼ਿਲ੍ਹਾ ਪੱਧਰੀ ਗੱਤਕਾ ਟੂਰਨਾਮੈਂਟ 6 ਤੋਂ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਗੱਤਕਾ ਐਸੋਸੀਏਸ਼ਨ ਪੰਜਾਬ ਨਾਲ ਸਬੰਧਤ ਜ਼ਿਲ੍ਹਾ ਗੱਤਕਾ ਐਸੋਸੀਏਸ਼ਨ ਫਿਰੋਜ਼ਪੁਰ ਦੀ ਟੀਮ ਦੀ ਚੋਣ ਲਈ, ਜ਼ਿਲ੍ਹਾ ਪੱਧਰੀ ਗੱਤਕਾ ਟੂਰਨਾਮੈਂਟ 6 ਜੂਨ ਨੂੰ ਮਾਤਾ ਸਾਹਿਬ ਕੌਰ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਗੁੰਦੜ ਢੰਡੀ ਰੋਡ, ਨੇੜੇ ਰੇਲਵੇ ਕਰੋਸਿੰਗ ਫਾਟਕ, ਗੁਰੂ ਹਰਸਹਾਏ ਵਿਖੇ ਸਵੇਰੇ 9 ਵਜੇ ਕਰਵਾਏ ਜਾਣਗੇ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਗੱਤਕਾ ਐਸੋਸੀਏਸ਼ਨ ਫਿਰੋਜ਼ਪੁਰ ਦੇ ਪ੍ਰਧਾਨ ਸ੍ਰ. ਕਮਲਪਾਲ ਸਿੰਘ ਨੇ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ ਅੰਡਰ 14, ਅੰਡਰ 17, ਅੰਡਰ 19, ਅੰਡਰ 22 ਤੇ ਅੰਡਰ 25 ਦੇ ਮੁੰਡੇ ਤੇ ਕੁੜੀਆਂ ਦੇ ਮੈਚ ਹੋਣਗੇ। ਗੱਤਕਾ ਖਿਡਾਰੀ ਆਪਣੀਆਂ ਸਪੋਰਟਸ ਤੇ ਗੱਤਕਾ ਕਿੱਟ ਨਾਲ ਲੈ ਕੇ ਆਉਣ।

# ਕਸਟੋਡੀਅਨ ਦੀ ਜ਼ਮੀਨ ਦੇ ਮਾਮਲੇ 'ਚ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਧਰਨਾ

## ਪ੍ਰਸ਼ਾਸਨ ਤੇ ਪੰਚਾਇਤ 'ਤੇ ਇਸ ਜ਼ਮੀਨ ਨੂੰ ਖੋਹਣ ਦੀ ਕੋਸ਼ਿਸ਼ ਦੇ ਲਾਏ ਦੋਸ਼



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਸਲੇਮਸ਼ਾਹ ਤੇ ਨਵਾਂ ਸਲੇਮਸ਼ਾਹ ਦੇ ਵਿੱਚ ਕਸਟੋਡੀਅਨ ਦੀ ਜ਼ਮੀਨ 'ਤੇ ਕਾਸ਼ਤ ਕਰਨ ਵਾਲੇ ਪਰਿਵਾਰਾਂ ਤੋਂ ਪ੍ਰਸ਼ਾਸਨ ਵੱਲੋਂ ਲਈ ਗਈ ਜ਼ਮੀਨ ਵਾਪਸ ਕਰਵਾਉਣ ਦੀ ਮੰਗ ਨੂੰ ਲੈ ਕੇ ਧਰਨਾ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਦੌਰਾਨ ਆਗੂਆਂ ਨੇ ਸਿਵਲ ਪ੍ਰਸ਼ਾਸਨ ਤੇ ਪੰਚਾਇਤ 'ਤੇ ਇੱਥੋਂ ਦੇ ਕੁਝ ਕਿਸਾਨਾਂ ਦੀ ਜ਼ਮੀਨ ਜ਼ਬਰਦਸਤੀ ਖੋਹਣ ਦਾ ਦੋਸ਼ ਲਾਇਆ।

ਇਸ ਮੌਕੇ ਕਿਸਾਨ ਦਲੀਪ ਸਿੰਘ, ਅਸ਼ੋਕ ਕੁਮਾਰ ਤੇ ਹੋਰਨਾਂ ਨੇ ਦੱਸਿਆ ਕਿ ਇੱਥੇ ਕਰੀਬ 275 ਏਕੜ ਕਸਟੋਡੀਅਨ ਦੀ ਜ਼ਮੀਨ ਹੈ, ਜੋ ਕਿ ਤਤਕਾਲੀ ਸਰਕਾਰ ਵੱਲੋਂ ਸਾਲ 1954 ਵਿੱਚ ਕਿਸਾਨਾਂ, ਅਨੁਸੂਚਿਤ ਜਾਤੀਆਂ ਤੇ ਹੋਰ ਗਰੀਬ ਪਰਿਵਾਰਾਂ ਨੂੰ ਦਿੱਤੀ ਗਈ ਸੀ, ਜੋ ਕਿ ਰਿਕਾਰਡ 'ਚ ਦਰਜ ਹੈ। ਇਸ ਸਮੇਂ ਇਸ ਜ਼ਮੀਨ ਦੀ ਗਿਰਦਾਵਰੀ ਇੱਥੇ ਖੇਤੀ ਕਰਦੇ ਕਿਸਾਨਾਂ ਦੇ ਨਾਂ 'ਤੇ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਜ਼ਮੀਨ 21-06-58 ਨੂੰ ਜਾਲ੍ਹੀ ਤਬਾਦਲਾ ਨੰਬਰ 247 ਵਜੋਂ ਦਰਜ ਕਰਵਾਈ ਗਈ ਸੀ, ਜਿਸ ਨੂੰ ਰਿਕਾਰਡ 'ਤੇ ਮਨਜ਼ੂਰ ਨਹੀਂ ਕੀਤਾ ਗਿਆ ਹੈ, ਜਿਸ ਬਾਰੇ ਆਰ ਟੀ ਆਈ ਰਾਹੀਂ ਜਾਣਕਾਰੀ ਮੰਗਣ 'ਤੇ ਸਬੰਧਤ ਤਹਿਸੀਲਦਾਰ ਨੇ ਲਿਖਤੀ ਜਵਾਬ ਦਿੱਤਾ ਹੈ ਕਿ ਰਿਕਾਰਡ ਵਿੱਚ ਇਸ ਦੀ ਮਨਜ਼ੂਰੀ ਨਹੀਂ ਹੈ।

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਦੇ ਕੇਸ ਮਾਨਯੋਗ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਚੱਲ ਰਹੇ ਹਨ ਤੇ ਇਸ ਸਮੇਂ ਉਨ੍ਹਾਂ ਕੋਲ ਮਾਨਯੋਗ ਅਦਾਲਤ ਵੱਲੋਂ ਜਾਰੀ ਹੁਕਮਾਂ ਦਾ ਸਟੇਟਸ ਕੋ ਮੌਜੂਦ ਹੈ। ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਨੂੰ ਇਸ ਜ਼ਮੀਨ ਦੀ ਸਰਕਾਰੀ ਬੋਲੀ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਇਹ ਆਰਡਰ ਦਿਖਾਏ, ਪਰ ਉਨ੍ਹਾਂ ਨੂੰ ਇਹ ਕਹਿ ਕੇ ਬੋਲੀ ਕਰਨ ਲਈ ਕਿਹਾ ਗਿਆ ਕਿ ਉਨ੍ਹਾਂ ਕੋਲ ਬੋਲੀ ਕਰਨ ਦਾ ਸਰਕਾਰੀ ਹੁਕਮ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਉਹ ਪਿਛਲੇ 70 ਸਾਲਾਂ ਤੋਂ ਇਸ ਜ਼ਮੀਨ 'ਤੇ ਖੇਤੀ ਕਰ ਰਹੇ ਹਨ। ਉਨ੍ਹਾਂ ਦੇ ਖੇਤਾਂ ਵਿੱਚ ਉਨ੍ਹਾਂ ਦੇ ਨਾਮ ਬਿਜਲੀ ਦੇ ਟਿਊਬਵੈੱਲ ਕੁਨੈਕਸ਼ਨ ਵੀ ਲੱਗੇ ਹੋਏ ਹਨ। ਜਦੋਂ ਉਹ ਇਸ ਸਬੰਧੀ ਬੀਡੀਪੀਓ ਫਾਜ਼ਿਲਕਾ ਤੇ ਵਿਭਾਗ ਦੇ ਸਬੰਧਤ ਉੱਚ ਅਧਿਕਾਰੀਆਂ ਨੂੰ ਅਪੀਲ ਕਰਦੇ ਹਨ ਤਾਂ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਕੀਤੀ ਜਾਂਦੀ। ਉਨ੍ਹਾਂ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਜ਼ਮੀਨ ਉਨ੍ਹਾਂ ਤੋਂ ਨਾ ਖੋਹੀ ਜਾਵੇ ਤੇ ਉਨ੍ਹਾਂ ਨੂੰ ਇਸ ਜ਼ਮੀਨ 'ਤੇ ਉਸੇ ਤਰ੍ਹਾਂ ਵਾਹੀ ਕਰਨ ਦਿੱਤੀ ਜਾਵੇ, ਜਿਸ ਤਰ੍ਹਾਂ ਉਹ ਪਹਿਲਾਂ ਕਰਦੇ ਆ ਰਹੇ ਹਨ। ਇਸ ਮੌਕੇ ਕਿਸਾਨ ਮਜ਼ਦੂਰ ਸੰਘਰਸ ਕਮੇਟੀ ਦੇ ਸੂਬਾਈ ਆਗੂ ਜਗਦੀਸ਼ ਸਿੰਘ ਮਾਨਸਾ ਨੇ ਦੱਸਿਆ ਕਿ ਇੱਥੋਂ ਦੇ ਕੁਝ ਕਿਸਾਨ ਪਿਛਲੇ ਕਈ ਸਾਲਾਂ ਤੋਂ ਕਰੀਬ 70-80 ਏਕੜ ਰਕਬੇ ਵਿੱਚ ਖੇਤੀ ਕਰ ਰਹੇ ਹਨ। ਮੌਜੂਦਾ ਸਮੇਂ ਵਿੱਚ ਸਰਕਾਰ ਤੇ ਪ੍ਰਸ਼ਾਸਨ ਉਨ੍ਹਾਂ ਦੇ ਹੱਕਾਂ 'ਤੇ ਡਾਕਾ ਮਾਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਸ ਨੂੰ ਉਹ ਬਿਲਕੁਲ ਵੀ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਉਹ ਇੱਥੇ ਕਿਸਾਨਾਂ ਦੇ ਨਾਲ ਖੜ੍ਹੇ ਹਨ ਤੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਜਬਰੀ ਹੜੱਪਣ ਦੀ ਕੋਸ਼ਿਸ਼ ਕਰਨ ਵਾਲੇ ਸਰਕਾਰ ਤੇ ਪ੍ਰਸ਼ਾਸਨ ਖਿਲਾਫ ਸੰਘਰਸ਼ ਨੂੰ ਹੋਰ ਤੇਜ਼ ਕਰਨਗੇ।

# ਸੇਵਾਮੁਕਤ ਹੋਣ 'ਤੇ ਮੁਲਾਜ਼ਮ ਆਗੂ ਰਣਜੀਤ ਸਿੰਘ ਰਾਣਵਾਂ ਦਾ ਸਨਮਾਨ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਤੇ ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਦੇ ਸੂਬਾ ਸਕੱਤਰ ਜਨਰਲ ਸਾਥੀ ਰਣਜੀਤ ਸਿੰਘ ਰਾਣਵਾਂ ਖੁਰਾਕ ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਵਿਭਾਗ ਪੰਜਾਬ ਵਿੱਚੋਂ ਅਪਣੀ ਸਰਕਾਰੀ ਡਿਊਟੀ ਤੋਂ ਸੇਵਾਮੁਕਤ ਹੋ ਗਏ ਹਨ, ਸਾਥੀ ਰਾਣਵਾਂ 38 ਸਾਲ ਦੀ ਸ਼ਾਨਦਾਰ ਸੇਵਾ ਕਰਨ ਉਪਰੰਤ ਸੇਵਾ ਮੁਕਤ ਹੋਏ।

ਇਸ ਮੌਕੇ ਜਥੇਬੰਦੀ ਤੇ ਵਿਭਾਗ ਦੇ ਮੁਲਾਜ਼ਮਾਂ/ਅਧਿਕਾਰੀਆਂ ਵੱਲੋਂ ਲੁਧਿਆਣਾ ਰੋਡ 'ਤੇ ਸਥਿਤ ਹੋਟਲ 'ਸਵਾਗਤਮ' ਵਿਖੇ ਸ਼ਾਨਦਾਰ ਪਾਰਟੀ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਪੰਜਾਬ ਏਟਕ ਦੇ ਜਨਰਲ ਸਕੱਤਰ ਕਾਮਰੇਡ ਨਿਰਮਲ ਸਿੰਘ ਧਾਲੀਵਾਲ, ਯੂਨੀਅਨ ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਬਲਜਿੰਦਰ ਸਿੰਘ ਪਟਿਆਲਾ, ਅਵਤਾਰ ਸਿੰਘ ਚੀਮਾਂ, ਫੈਡਰੇਸ਼ਨ ਦੇ ਸੂਬਾ ਸਰਪ੍ਰਸਤ ਚਰਨ ਸਿੰਘ ਸਰਾਭਾ, ਸੀਨੀਅਰ ਮੀਤ ਪ੍ਰਧਾਨ ਗੁਰਮੇਲ ਸਿੰਘ ਮੈਲਡੇ, ਗੁਰਪ੍ਰੀਤ ਸਿੰਘ ਮੰਗਵਾਲ, ਜਸਵਿੰਦਰ ਪਾਲ ਉੱਘੀ, ਅਮਰਜੀਤ ਕੌਰ ਰਣ ਸਿੰਘ ਵਾਲਾ, ਕਾ. ਸੁਖਦੇਵ ਸ਼ਰਮਾ, ਮਨਜੀਤ ਸਿੰਘ ਗਿੱਲ, ਹਰਭਗਵਾਨ ਮੁਕਤਸਰ ਨੇ ਅਪਣੇ ਸੰਬੋਧਨ ਵਿੱਚ ਸਾਥੀ ਰਾਣਵਾਂ ਦੀ ਬੇਦਾਗ ਸਰਕਾਰੀ ਸੇਵਾ ਦੀ ਭਰਪੂਰ ਸ਼ਲਾਘਾ ਕਰਦਿਆਂ ਚੰਗੀ ਸਿਹਤ ਦੀ ਕਾਮਨਾ ਕੀਤੀ। ਇਸ ਮੌਕੇ ਟਹਿਲ ਸਿੰਘ ਸਰਾਭਾ, ਗੁਰਮੀਤ ਸਿੰਘ ਮਿੱਡਾ, ਪ੍ਰਵੀਨ ਕੁਮਾਰ ਲੁਧਿਆਣਾ, ਮਨਜੀਤ ਸਿੰਘ ਬਠਿੰਡਾ, ਸੌਦਾਨ ਸਿੰਘ ਯਾਦਵ, ਰਾਜ ਕੁਮਾਰ ਰੰਗਾ ਮਾਨਸਾ, ਐੱਸ ਸੀ, ਬੀ ਸੀ ਇੰਪਲਾਈਜ਼ ਫੈਡਰੇਸ਼ਨ ਦੇ ਪ੍ਰਧਾਨ ਹਰਵਿੰਦਰ ਸਿੰਘ ਰੌਣੀ, ਜਸਵਿੰਦਰ ਸਿੰਘ, ਜਸਪਾਲ ਸਿੰਘ ਗਡਹੇੜਾ, ਰਮੇਸ਼ ਕੁਮਾਰ, ਖੁਸ਼ੀਆ ਸਿੰਘ ਬਰਨਾਲਾ, ਜੁਗਰਾਜ ਸਿੰਘ ਰਾਮਾਂ, ਇਕਬਾਲ ਸਿੰਘ ਫਰੀਦਕੋਟ, ਮੇਲਾ ਸਿੰਘ ਪੁੰਨਾਂਵਾਲ, ਰਣਜੀਤ ਬਿੰਝੋਕੀ, ਗੁਰਧਿਆਨ ਸਿੰਘ, ਕਾ. ਭਰਪੂਰ ਸਿੰਘ ਬੂਲਾਪੁਰ, ਗੁਰਮੀਤ ਸਿੰਘ ਮਿੱਡਾ, ਬੰਸੀ ਲਾਲ ਪਟਿਆਲਾ, ਕਾ. ਮੁਕੰਦ ਸਿੰਘ ਮੰਨਵੀ, ਜੀਤ ਸਿੰਘ ਬੰਗਾ, ਪਰਮਜੀਤ ਮਲੋਟ, ਰਣਜੀਤ ਭੀਖੀ ਵੀ ਹਾਜ਼ਰ ਸਨ। ਇਸ ਮੌਕੇ ਜਥੇਬੰਦੀ ਵੱਲੋਂ ਸਾਥੀ ਰਾਣਵਾਂ ਨੂੰ 'ਸਨਮਾਨ ਪੱਤਰ' ਦੇ ਕੇ ਸਨਮਾਨਤ ਕੀਤਾ ਗਿਆ, ਜੋ ਮਾਸਟਰ ਕੁਲਵੰਤ ਬੁੱਗਾ ਵੱਲੋਂ ਪੜ੍ਹਿਆ ਗਿਆ। ਪੰਜਾਬ ਭਰ ਵਿੱਚੋਂ ਆਏ ਮੁਲਾਜ਼ਮ ਆਗੂਆਂ/ਰਿਸ਼ਤੇਦਾਰਾਂ ਤੇ ਦੋਸਤਾਂ ਵੱਲੋਂ ਸਾਥੀ ਰਣਜੀਤ ਸਿੰਘ ਰਾਣਵਾਂ ਨੂੰ ਸਨਮਾਨ ਚਿੰਨ੍ਹ, ਗਿਫਟਾਂ ਭੇਟ ਕੀਤੀਆਂ।

ਇਸ ਮੌਕੇ ਸਾਥੀ ਰਾਣਵਾਂ ਦੀ ਧਰਮ ਪਤਨੀ ਬੀਬੀ ਰਣਜੀਤ ਕੌਰ ਨੂੰ ਵੀ ਸਨਮਾਨਤ ਕੀਤਾ ਗਿਆ। ਸਟੇਜ ਸਕੱਤਰ ਦੀ ਜ਼ੁੰਮੇਵਾਰੀ ਸੀਤਾ ਰਾਮ ਸ਼ਰਮਾ ਤੇ ਹੰਸ ਰਾਜ ਦੀਦਾਰਗੜ੍ਹ ਨੇ ਬਾਖੂਬੀ ਨਿਭਾਈ। ਅੰਤ ਵਿੱਚ ਸਾਥੀ ਮੇਲਾ ਸਿੰਘ ਪੁੰਨਾਂਵਾਲ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

## ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਚੇਅਰਮੈਨ ਵੱਲੋਂ ਅਧਿਕਾਰੀਆਂ ਨਾਲ ਮੀਟਿੰਗ

### ਜ਼ਿਲ੍ਹੇ 'ਚ ਚੱਲ ਰਹੇ ਕੰਮਾਂ ਬਾਰੇ ਕੀਤੀ ਵਿਚਾਰ ਚਰਚਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਚੇਅਰਮੈਨ ਡਾ. ਸੰਨੀ ਆਹਲੂਵਾਲੀਆ ਵੱਲੋਂ ਫਿਰੋਜ਼ਪੁਰ ਤੇ ਫਿਰੋਜ਼ਪੁਰ ਜ਼ਿਲ੍ਹੇ ਨਾਲ ਸਬੰਧਤ ਸ਼ਹਿਰਾਂ ਦੇ ਵਾਟਰ ਸਪਲਾਈ ਤੇ ਸੀਵਰੇਜ ਦੀ ਦੇਖਭਾਲ ਸਬੰਧੀ ਵਿਭਾਗ ਦੇ ਵੱਖ ਵੱਖ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ।ਇਸ ਦੌਰਾਨ ਉਨ੍ਹਾਂ ਵਾਟਰ ਸਪਲਾਈ ਤੇ ਸੀਵਰੇਜ ਦੇ ਨਵੇਂ ਐੱਸ ਟੀ ਪੀਜ਼ ਲਈ ਨਵੀਆਂ ਪ੍ਰੋਪੋਜਲਾਂ ਸਬੰਧੀ ਵੀ ਵਿਸਥਾਰਪੂਰਵਕ ਵਿਚਾਰ ਵਿਟਾਂਦਰਾ ਕੀਤਾ।ਮੀਟਿੰਗ ਦੌਰਾਨ ਡਾ. ਸੰਨੀ ਆਹਲੂਵਾਲੀਆ ਵੱਲੋਂ ਫਿਰੋਜ਼ਪੁਰ, ਫਿਰੋਜ਼ਪੁਰ ਕੈਂਟ, ਜ਼ੀਰਾ, ਤਲਵੰਡੀ ਭਾਈ, ਮੱਖੂ, ਮੱਲਾਂਵਾਲਾ, ਮਮਦੋਟ ਤੇ ਮੁੱਦਕੀ ਸ਼ਹਿਰਾਂ ਵਿੱਚ ਹੋ ਚੁੱਕੇ ਤੇ ਬਕਾਇਆ ਰਹਿੰਦੇ ਵਾਟਰ ਸਪਲਾਈ ਅਤੇ ਸੀਵਰੇਜ ਦੇ ਕੰਮਾਂ ਸਮੇਤ ਲੋੜੀਂਦੇ ਐੱਸ ਟੀ ਪੀਜ਼ ਬਣਾਉਣ ਲਈ ਡੀ ਪੀ ਆਰਜ਼ ਸਬੰਧੀ ਵਿਚਾਰ ਚਰਚਾ ਕੀਤੀ ਗਈ।ਉਨ੍ਹਾ ਕਿਹਾ ਕਿ ਵਾਟਰ ਸਪਲਾਈ ਤੇ ਸੀਵਰੇਜ ਦੇ ਕੰਮਾਂ ਨਾਲ ਸਬੰਧਤ ਜੋ ਵੀ ਕੰਮ ਰਹਿੰਦੇ ਹਨ, ਜਲਦੀ ਪੂਰੇ ਕਰਾਏ ਜਾਣ ਤਾਂ ਜੋ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਸਮੱਸਿਆ ਨਾ ਆਵੇ।ਇਸ ਮੌਕੇ ਪੰਜਾਬ ਵ/ਸ ਤੇ ਸੀਵਰੇਜ ਹਲਕਾ ਬਠਿੰਡਾ ਦੇ ਨਿਗਰਾਨ ਇੰਜੀਨੀਅਰ ਸੰਦੀਪ ਸਿੰਘ ਰੋਮਾਣਾ, ਕਾਰਜਕਾਰੀ ਇੰਜੀਨੀਅਰ ਪੰਜਾਬ ਵ/ਸ ਤੇ ਸੀਵਰੇਜ ਮੰਡਲ ਫਿਰੋਜ਼ਪੁਰ ਹਰਸ਼ਰਨਜੀਤ ਸਿੰਘ, ਉੱਪ-ਮੰਡਲ ਇੰਜੀਨੀਅਰ ਪੰਜਾਬ ਵ/ਸ ਤੇ ਸੀਵਰੇਜ ਉੱਪ ਮੰਡਲ ਨੰਬਰ 1 ਫਿਰੋਜ਼ਪੁਰ ਲੱਖਪਤ ਰਾਏ ਸੱਚਦੇਵਾ, ਉੱਪ ਮੰਡਲ ਇੰਜੀਨੀਅਰ ਪੰਜਾਬ ਵ/ਸ ਤੇ ਸੀਵਰੇਜ ਉੱਪ ਮੰਡਲ ਨੰਬਰ 2 ਫਿਰੋਜ਼ਪੁਰ ਗੁਲਸ਼ਨ ਕੁਮਾਰ, ਜੂਨੀਅਰ ਇੰਜੀਨੀਅਰ ਪੰਜਾਬ ਵ/ਸ ਤੇ ਸੀਵਰੇਜ ਉੱਪ ਮੰਡਲ ਨੰਬਰ 2 ਫਿਰੋਜ਼ਪੁਰ ਗੁਰਵਿੰਦਰ ਸਿੰਘ ਹਾਜ਼ਰ ਸਨ।

## ਕਾਂਝਲਾ ਦੇ ਪੀੜਤ ਲੋਕਾਂ ਵੱਲੋਂ ਥਾਣਾ ਠੁੱਲੀਵਾਲ ਮੂਹਰੇ ਰੋਸ ਪ੍ਰਦਰਸ਼ਨ

### ਪਰਵਾਰ ਨੂੰ ਇਨਸਾਫ ਦੇਣ ਦੀ ਕੀਤੀ ਮੰਗ



**ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਿੰਡ ਕਾਂਝਲਾ ਦੇ ਇੱਕ ਵਿਅਕਤੀ ਦੀ ਭੇਦਭਰੀ ਹਾਲਤ 'ਚ ਹੋਈ ਮੌਤ ਦੇ ਮਾਮਲੇ ਨੂੰ ਲੈ ਕੇ ਰੋਹ ਵਿੱਚ ਆਏ ਲੋਕਾਂ ਵੱਲੋਂ ਥਾਣਾ ਠੁੱਲੀਵਾਲ ਮੂਹਰੇ ਰੋਸ ਪ੍ਰਦਰਸ਼ਨ ਕਰਦਿਆਂ ਪੀੜਤ ਪਰਿਵਾਰ ਨੂੰ ਇਨਸਾਫ ਦੇਣ ਦੀ ਮੰਗ ਕੀਤੀ। ਮਿਲੀ ਜਾਣਕਾਰੀ ਅਨੁਸਾਰ ਸੰਦੀਪ ਕੌਰ ਪਤਨੀ ਦਰਬਾਰਾ ਸਿੰਘ ਵਾਸੀ ਕਾਂਝਲਾ ਨੇ ਠੁੱਲੀਵਾਲ ਪੁਲਸ ਨੂੰ ਦਿੱਤੀ ਅਰਜ਼ੀ 'ਚ ਦੱਸਿਆ ਕਿ ਉਸ ਦਾ ਪਤੀ ਦਰਬਾਰਾ ਸਿੰਘ (46) ਪੁੱਤਰ ਜੱਗਾ ਸਿੰਘ ਵਾਸੀ ਕਾਂਝਲਾ, ਜੋ ਕਿ ਪਿੰਡ ਦੇ ਹੀ ਸਮਸ਼ੇਰ ਸਿੰਘ ਨਾਲ ਕੰਮ ਕਰਾਉਂਦਾ ਸੀ, ਲੰਘੀ 26 ਮਈ ਨੂੰ ਉਹ ਮੇਰੇ ਪਤੀ ਦਰਬਾਰਾ ਸਿੰਘ ਨੂੰ, ਅਸੀਂ ਘੁੰਮਣ ਜਾ ਰਹੇ ਹਾਂ, ਕਹਿ ਕੇ ਨਾਲ ਲੈ ਗਿਆ। ਫਿਰ ਦੋ ਦਿਨਾਂ ਬਾਅਦ 28 ਮਈ ਨੂੰ ਸਮਸ਼ੇਰ ਸਿੰਘ ਨੇ ਫੋਨ 'ਤੇ ਸਾਨੂੰ ਦੱਸਿਆ ਕਿ ਦਰਬਾਰਾ ਸਿੰਘ ਦਾ ਪਿੰਡ ਵਜੀਦਕੇ ਨੇੜੇ ਹਾਦਸਾ ਹੋਣ 'ਤੇ ਉਸ ਨੂੰ ਗੰਭੀਰ ਹਾਲਤ 'ਚ ਸਿਵਲ ਹਸਪਤਾਲ ਬਰਨਾਲਾ ਵਿਖੇ ਦਾਖਲ ਕਰਵਾਇਆ ਗਿਆ ਹੈ। ਜਦੋਂ ਅਸੀਂ ਸਿਵਲ ਹਸਪਤਾਲ ਬਰਨਾਲਾ ਵਿਖੇ ਪਤਾ ਕੀਤਾ ਤਾਂ ਉਥੋਂ ਦਰਬਾਰਾ ਸਿੰਘ ਨੂੰ ਫਰੀਦਕੋਟ ਰੈਫਰ ਕਰ ਦਿੱਤਾ, ਜਿੱਥੇ ਬੀਤੀ 31 ਮਈ ਨੂੰ ਉਸ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਅਗਲੇ ਦਿਨ ਸਮਸ਼ੇਰ ਸਿੰਘ ਨੂੰ ਪਿੰਡ ਦੀ ਪੰਚਾਇਤ ਤੇ ਪਤਵੰਤਿਆਂ ਵੱਲੋਂ ਪਿੰਡ ਦੇ ਇਕੱਠ 'ਚ ਵੀ ਬੁਲਾਇਆ, ਜਿੱਥੇ ਉਹ ਦਰਬਾਰਾ ਸਿੰਘ ਦੀ ਮੌਤ ਸਬੰਧੀ ਕੋਈ ਠੋਸ ਜਵਾਬ ਨਹੀਂ ਦੇ ਸਕਿਆ। ਉਨ੍ਹਾਂ ਨੂੰ ਸ਼ੱਕ ਹੈ ਕਿ ਮੇਰੇ ਪਤੀ ਦਰਬਾਰਾ ਸਿੰਘ ਨੂੰ ਸਮਸ਼ੇਰ ਸਿੰਘ ਨੇ ਮਰਵਾ ਦਿੱਤਾ ਹੈ। ਪੀੜਤ ਪਰਿਵਾਰ ਨੇ ਮੰਗ ਕੀਤੀ ਕਿ ਇਸ ਮਾਮਲੇ ਸਬੰਧੀ ਪਰਿਵਾਰ ਨੂੰ ਇਨਸਾਫ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਜਿੰਨਾ ਚਿਰ ਪਰਿਵਾਰ ਨੂੰ ਇਨਸਾਫ ਨਹੀਂ ਮਿਲਦਾ, ਉਹ ਉਨਾ ਚਿਰ ਮ੍ਰਿਤਕ ਦਾ ਸਸਕਾਰ ਨਹੀਂ ਕਰਨਗੇ। ਥਾਣਾ ਠੁੱਲੀਵਾਲ ਦੇ ਮੁੱਖ ਅਫਸਰ ਸੁਖਵਿੰਦਰ ਸਿੰਘ ਨੇ ਕਿਹਾ ਕਿ ਪਰਿਵਾਰ ਵੱਲੋਂ ਅੱਜ ਹੀ ਬਿਆਨ ਦਰਜ ਕਰਵਾਏ ਗਏ ਹਨ। ਪੁਲਸ ਵੱਲੋਂ ਪਰਿਵਾਰ ਦੇ ਬਿਆਨਾਂ ਦੇ ਅਧਾਰ 'ਤੇ ਤਫਤੀਸ਼ ਸ਼ੁਰੂ ਕੀਤੀ ਗਈ ਹੈ। ਪੀੜਤ ਪਰਿਵਾਰ ਨੂੰ ਹਰ ਹਾਲਤ 'ਚ ਇਨਸਾਫ ਦਿੱਤਾ ਜਾਵੇਗਾ।

## ਬਾਬਾ ਫਰੀਦ ਪਬਲਿਕ ਸਕੂਲ ਵਿਖੇ ਅਧਿਆਪਕਾਂ ਦਾ ਸੈਮੀਨਾਰ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਬਾਬਾ ਫਰੀਦ ਪਬਲਿਕ ਸਕੂਲ ਫਰੀਦਕੋਟ ਵਿਖੇ ਇੰਗਲਿਸ਼ ਵਿਸ਼ੇ ਨਾਲ ਸਬੰਧਤ ਅਧਿਆਪਕਾਂ ਲਈ ਇੱਕ ਵਿਸ਼ੇਸ਼ 'ਇੰਗਲਿਸ਼ ਵਰਕਸ਼ਾਪ' ਦਾ ਆਯੋਜਨ ਕੀਤਾ ਗਿਆ। ਪ੍ਰਿੰਸੀਪਲ ਸ੍ਰੀਮਤੀ ਕੁਲਦੀਪ ਕੌਰ ਨੇ ਇਸ ਸੈਮੀਨਾਰ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਕੂਲ ਵੱਲੋਂ ਅਧਿਆਪਕਾਂ ਨੂੰ ਉਨ੍ਹਾਂ ਦੇ ਅਧਿਆਪਨ ਕਿੱਤੇ ਵਿੱਚ ਐੱਨ.ਈ.ਪੀ. ਦੇ ਮੁਤਾਬਿਕ ਪ੍ਰਪੱਕਤਾ ਹਾਸਲ ਕਰਨ ਲਈ ਇਹ ਸੈਮੀਨਾਰ ਕੀਤਾ ਗਿਆ। ਉਨ੍ਹਾ ਕਿਹਾ ਕਿ ਅੱਜਕੱਲ੍ਹ ਵਿਦਿਆਰਥੀ ਦੀ ਸੋਚ ਤੇ ਵਤੀਰਾ ਬਹੁਤ ਬਦਲ ਗਿਆ ਹੈ ਤੇ ਨੈਤਿਕ ਕਦਰਾਂ ਕੀਮਤਾਂ ਵਿੱਚ ਵੀ ਬਹੁਤ ਕਮੀਂ ਆ ਗਈ ਹੈ। ਇਨ੍ਹਾਂ ਕਦਰਾਂ ਕੀਮਤਾਂ ਨੂੰ ਹੀ ਮੁੜ ਸੁਰਜੀਤ ਕਰਨ ਲਈ ਅਧਿਆਪਕਾਂ ਨੂੰ ਇਸ ਤਰ੍ਹਾਂ ਦੇ ਸੈਮੀਨਾਰ ਦੁਆਰਾ ਸਿਖਲਾਈ ਦਿੱਤੀ ਜਾ ਰਹੀ ਹੈ ਤਾਂ ਜੋ ਉਹ ਵਿਦਿਆਰਥੀਆਂ ਅੰਦਰ ਵਿੱਦਿਅਕ ਸੂਝ ਬੂਝ ਦੇ ਨਾਲ ਨਾਲ ਸਮਾਜਿਕ ਕਦਰਾਂ ਕੀਮਤਾਂ ਦੇ ਵੀ ਧਾਰਨੀ ਬਣ ਸਕਣ। ਇਸ ਸੈਮੀਨਾਰ ਵਿੱਚ ਡਾ. ਕੁਲਵੰਤ ਕੌਰ ਰਹਿਲ ਨੇ ਰੀਸੋਰਸ ਪਰਸਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਇਸ ਵਰਕਸ਼ਾਪ ਮੌਕੇ ਅਧਿਆਪਕਾਂ ਨੂੰ ਵੱਖ ਵੱਖ ਨਵੀਆਂ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਅੰਗਰੇਜ਼ੀ ਭਾਸ਼ਾ ਵਿੱਚ ਵਾਰਤਾਲਾਪ ਜਾਂ ਗੱਲਬਾਤ ਕਰਨ ਸਬੰਧੀ ਵੀ ਵੱਧ ਤੋਂ ਵੱਧ ਪ੍ਰੇਰਿਤ ਕਰਨ ਦੀ ਕਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਪ੍ਰਿੰਸੀਪਲ ਕੁਲਦੀਪ ਕੌਰ ਨੇ ਇਸ ਮੌਕੇ ਆਪਣੇ ਸੰਬੋਧਨ ਦੌਰਾਨ ਬੋਲਦਿਆਂ ਕਿਹਾ ਕਿ ਅਜਿਹੇ ਸੈਮੀਨਾਰਾਂ ਦੌਰਾਨ ਵੱਖ-ਵੱਖ ਵਿਸ਼ਿਆਂ ਦੇ ਅਧਿਆਪਕ ਨੂੰ ਬਹੁਤ ਕੁਝ ਨਵਾਂ ਸਿੱਖਣ ਨੂੰ ਮਿਲਦਾ ਹੈ। ਇਸ ਨਾਲ ਅਧਿਆਪਕ ਆਪਣੇ ਵਿਦਿਆਰਥੀਆਂ ਅੰਦਰ ਨਵਾਂ ਜੋਸ਼ ਤੇ ਨਵੀਂ ਊਰਜਾ ਭਰਨ ਦੇ ਹੋਰ ਵਧੇਰੇ ਸਮਰੱਥ ਹੋ ਜਾਂਦੇ ਹਨ।

ਇਸ ਸੈਮੀਨਾਰ ਨੂੰ ਸਫਲ ਬਣਾਉਣ ਲਈ ਮੈਡਮ ਕੁਲਵੰਤ ਕੌਰ ਰਹਿਲ ਤੇ ਅਧਿਆਪਕਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਅਧਿਆਪਕਾਂ ਨਾਲ ਬਹੁਤ ਹੀ ਖੁਸ਼ਨੁਮਾ ਮਾਹੌਲ ਵਿੱਚ ਵਿਚਾਰ-ਚਰਚਾ ਕਰਦਿਆਂ ਬਾਬਾ ਫਰੀਦ ਪਬਲਿਕ ਸਕੂਲ ਦੇ ਅੰਗਰੇਜ਼ੀ ਵਿਸ਼ੇ ਨਾਲ ਸਬੰਧਤ ਅਧਿਆਪਕਾਂ ਦੁਆਰਾ ਅਪਣਾਈਆਂ ਜਾ ਰਹੀਆਂ ਨਵੀਆਂ ਤੇ ਵੱਖਰੀਆਂ ਤਕਨੀਕਾਂ ਤੋਂ ਮੈਡਮ ਕੁਲਵੰਤ ਕੌਰ ਰਹਿਲ ਬਹੁਤ ਪ੍ਰਭਾਵਿਤ ਹੋਏ। ਇਸ ਤੋਂ ਇਲਾਵਾ ਇਸ ਸੈਮੀਨਾਰ ਵਿੱਚ ਕੋਆਰਡੀਨੇਟਰ ਮੈਡਮ ਹਰਸਿਮਰਨ ਕੌਰ ਹਾਜ਼ਰ ਸਨ।

# ਰੇਤ ਦੀਆਂ ਕੀਮਤਾਂ ਅਸਮਾਨ 'ਤੇ, 5.50 ਰੁਪਏ ਵਾਲਾ ਰੇਤਾ ਲੋਕਾਂ ਨੂੰ ਮਿਲ ਰਿਹੈ 40 ਰੁਪਏ ਪ੍ਰਤੀ ਕਿਊਬਿਕ ਫੁੱਟ !

**ਜਲਾਲਾਬਾਦ (ਜੀਤ ਕੁਮਾਰ)**-ਪੰਜਾਬ ਵਿੱਚ ਪਿਛਲੇ ਦਹਾਕਿਆਂ ਤੋਂ ਰੇਤੇ ਨੂੰ ਲੈ ਕੇ ਵੱਡੀ ਪੱਧਰ 'ਤੇ ਸਿਆਸਤ ਹੁੰਦੀ ਰਹੀ ਹੈ ਤੇ ਇਸੇ ਰੇਤੇ ਨੇ ਪਿਛਲੀਆਂ ਸਰਕਾਰਾਂ ਦੇ ਨੱਕ ਵਿੱਚ ਦਮ ਕਰੀ ਰੱਖਿਆ ਹੈ। ਕਦੇ ਇਹੋ ਰੇਤਾ ਰੇਹੜੀਆਂ 'ਤੇ ਰੱਖ ਕੇ ਵਿਅੰਗਮਈ ਅੰਦਾਜ਼ ਵਿੱਚ ਵਿਕਿਆ ਤੇ ਕਦੇ ਸਮੇਂ ਦੀਆਂ ਸਰਕਾਰਾਂ ਦੇ ਪਿੱਟ ਸਿਆਪੇ ਦਾ ਕਾਰਨ ਬਣਦਾ ਰਿਹਾ। ਇਸੇ ਰੇਤੇ ਨੇ ਕਈ ਸਿਆਸਤਦਾਨਾਂ ਦੇ ਘਰਾਂ ਵਿੱਚ ਵੜ ਕੇ ਉਨ੍ਹਾਂ ਦੇ ਮਹਿਲਾਂ ਦੀਆਂ ਵੱਡੀਆਂ ਤਜੌਰੀਆਂ ਭਰੀਆਂ ਤੇ ਕਈ ਆਪੂ ਬਣੇ ਵਿਹਲੜ ਕਿਸਮ ਦੇ ਲੀਡਰਾਂ ਦੀਆਂ ਝੁੱਗੀਆਂ ਨੂੰ ਮਹਿਲਾਂ ਵਿੱਚ ਤਬਦੀਲ ਕਰਨ ਵਿੱਚ ਇਸੇ ਰੇਤੇ ਨੇ ਯੋਗਦਾਨ ਪਾਇਆ। ਪੰਜਾਬ ਦੇ ਵੱਡਮੁੱਲੇ ਖਣਿਜਾਂ ਵਿੱਚੋਂ ਇਸ ਰੇਤੇ ਦੀ ਲੁੱਟ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਅੱਜ ਵੀ ਜਾਰੀ ਹੈ। ਲੋਕਾਂ ਨੂੰ ਸਾਢੇ ਪੰਜ ਰੁਪਏ ਪ੍ਰਤੀ ਫੁੱਟ ਰੇਤਾ ਦੇਣ ਦੇ ਦਮਗਜ਼ੇ ਮਾਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਅਜੇ ਤੱਕ ਰੇਤੇ ਲਈ ਕੋਈ ਖਾਸ ਪਾਲਿਸੀ ਨਹੀਂ ਬਣਾ ਸਕੀ। ਕਦੇ ਰੇਤਾ ਡੰਪ ਕਰਕੇ ਜ਼ਰੂਰਤਮੰਦਾਂ ਦੀ ਸਿੱਧੀ ਪਹੁੰਚ ਵਿੱਚ ਕਰਨ ਦੀਆਂ ਗੱਲਾਂ ਤੇ ਕਦੇ 5.50 ਰੁਪਏ ਪ੍ਰਤੀ ਫੁੱਟ ਲੋਕਾਂ ਦੇ ਘਰਾਂ ਵਿੱਚ ਪਹੁੰਚਾਉਣ ਦੀ ਹਵਾਈ ਬਿਆਨਬਾਜ਼ੀ ਹੁੰਦੀ ਰਹੀ ਹੈ, ਪਰ ਮੌਜੂਦਾ ਸਮੇਂ ਹਕੀਕਤਾਂ ਤੋਂ ਪਤਾ ਚਲਦਾ ਹੈ ਕਿ ਸਰਕਾਰ ਇਸ਼ਤਿਹਾਰਾਂ ਤੇ ਪ੍ਰਾਪੇਗੰਡਾ ਦੇ ਆਸਰੇ ਅਸਮਾਨੀ ਉੱਡ ਰਹੀ ਹੈ।

ਪਿਛਲੀਆਂ ਸਰਕਾਰਾਂ ਦੇ ਸਮੇਂ ਜਿਹੜਾ ਰੇਤਾ 15 ਤੋਂ 20 ਫੁੱਟ ਦੇ ਹਿਸਾਬ ਨਾਲ ਆਮ ਲੋਕਾਂ ਨੂੰ ਮਿਲਦਾ ਰਿਹਾ ਹੈ, ਅੱਜ 40 ਰੁਪਏ ਪ੍ਰਤੀ ਫੁੱਟ ਦੇ ਹਿਸਾਬ ਨਾਲ ਲੋਕਾਂ ਨੂੰ ਮਿਲ ਰਿਹਾ ਹੈ। ਉਸ ਸਮੇਂ ਰੇਤੇ ਦੀ ਟਰਾਲੀ 2500 ਰੁਪਏ ਤੋਂ 3000 ਰੁਪਏ ਦੀ ਜ਼ਰੂਰਤਮੰਦਾਂ ਨੂੰ ਮਿਲ ਜਾਂਦੀ ਸੀ, ਇਸ ਸਮੇਂ 8000 ਰੁਪਏ ਤੱਕ ਦੀ ਮਿਲ ਰਹੀ ਹੈ। ਮੌਜੂਦਾ ਸਰਕਾਰ ਨੇ ਵਾਰ ਵਾਰ ਐਲਾਨ ਕੀਤਾ ਕਿ ਜ਼ਰੂਰਤਮੰਦ ਵਿਅਕਤੀ ਰੇਤ ਦੇ ਖੱਡੇ ਤੋਂ ਸਾਢੇ ਪੰਜ ਰੁਪਏ ਦੇ ਹਿਸਾਬ ਨਾਲ ਆਪਣਾ ਸਾਧਨ ਲਿਜਾ ਕੇ ਰੇਤ ਲਿਆ ਸਕਦਾ ਹੈ, ਪਰ ਖਾਸ ਕਰ ਸ਼ਹਿਰੀ ਤਬਕੇ ਕੋਲ ਆਪਣੇ ਸਾਧਨ ਨਾ ਹੋਣ ਕਰਕੇ ਉਨ੍ਹਾਂ ਨੂੰ ਦੁਕਾਨਦਾਰਾਂ ਤੇ ਰੇਤੇ ਦਾ ਵਪਾਰ ਕਰਨ ਵਾਲੇ ਟਰੈਕਟਰਾਂ ਟਰਾਲੀਆਂ 'ਤੇ ਨਿਰਭਰ ਹੋਣਾ ਪੈਂਦਾ ਹੈ, ਜਿਹੜੇ ਮਨਮਰਜ਼ੀ ਦਾ ਰੇਟ ਲਗਾ ਕੇ ਜ਼ਰੂਰਤਮੰਦਾਂ ਦੀ ਲੁੱਟ ਕਰਦੇ ਹਨ। ਇੱਕ ਰੇਤ ਨਾਲ ਭਰੇ ਟਰਾਲੇ ਦੇ ਡਰਾਈਵਰ ਨਾਲ ਗੱਲਬਾਤ ਕਰਨ 'ਤੇ ਉਸ ਨੇ ਦੱਸਿਆ ਕਿ ਜ਼ੀਰੇ ਤੋਂ ਅੱਗੇ ਚੱਲ ਰਹੇ ਰੇਤ ਦੇ ਖੱਡੇ ਤੋਂ ਪਰਚੀ ਤਾਂ 5.50 ਰੁਪਏ ਪ੍ਰਤੀ ਫੁੱਟ ਲਗਾਈ ਜਾ ਰਹੀ ਹੈ, ਪਰ ਉਪਰ ਪੈਂਦੇ ਖਰਚੇ ਲੇਬਰ 5000 ਰੁਪਏ ਤੋਂ 5500 ਰੁਪਏ ਪ੍ਰਤੀ ਟਰਾਲਾ (ਇੱਕ ਸੌ ਕੁਇੰਟਲ) ਲਗਭਗ 500 ਫੁੱਟ, ਜ਼ਮੀਨ ਦੀ ਮਾਲਕੀ ਤੇ ਜੇ ਬੀ ਸੀ ਅਤੇ ਹੋਰ ਖਰਚੇ ਪਾ ਕੇ ਲਗਪਗ ਦਸ ਹਜ਼ਾਰ ਰੁਪਏ ਦਾ ਟਰਾਲਾ ਨਿਕਲਦਾ ਹੈ, ਜਿਹੜਾ ਅਬੋਹਰ ਤੇ ਆਸ-ਪਾਸ ਦੇ ਖੇਤਰ ਵਿੱਚ ਲਗਭਗ 25000 ਰੁਪਏ ਤੱਕ ਦਾ ਵਿਕ ਜਾਂਦਾ ਹੈ ਤੇ ਅੱਗੇ ਵਪਾਰੀ ਦੁਕਾਨਦਾਰ 40 ਤੋਂ 50 ਰੁਪਏ ਪ੍ਰਤੀ ਫੁੱਟ ਤੱਕ ਵੇਚਦੇ ਹਨ। ਦੂਜੇ ਪਾਸੇ ਰੇਤ ਅਧਾਰਤ ਉਦਯੋਗਿਕ ਇਕਾਈਆਂ ਤੇ ਮਕਾਨ ਉਸਾਰੀ ਦੇ ਕੰਮ-ਕਾਰ ਰੇਤ ਮਹਿੰਗਾ ਤੇ ਅਸਾਨੀ ਨਾਲ ਨਾ ਮਿਲਣ ਕਰਕੇ ਪ੍ਰਭਾਵਿਤ ਹੋ ਰਹੇ ਹਨ ਅਤੇ ਮਜ਼ਦੂਰ ਤੇ ਉਸਾਰੀ ਮਿਸਤਰੀ ਅਤੇ ਆਰ ਸੀ ਸੀ ਫੈਕਟਰੀਆਂ ਵਿੱਚ ਕੰਮ ਕਰਦੇ ਮਜ਼ਦੂਰ ਵਿਹਲੇ ਹੋ ਗਏ ਹਨ। ਜ਼ਮੀਨੀ ਹਕੀਕਤ ਇਹ ਹੈ ਕਿ ਬਾਰਡਰ ਬੈਲਟ ਫਿਰੋਜ਼ਪੁਰ ਤੇ ਫਾਜ਼ਿਲਕਾ ਜ਼ਿਲ੍ਹਿਆਂ ਵਿੱਚ ਰੇਤੇ ਦੇ ਵੱਡੇ ਭੰਡਾਰ ਹੋਣ ਦੇ ਬਾਵਜੂਦ ਇੱਥੇ ਮਨਜ਼ੂਰਸ਼ੁਦਾ ਇੱਕ ਵੀ ਖੱਡ ਸਰਕਾਰ ਚਲਾ ਨਹੀਂ ਸਕੀ, ਜਿਸ ਕਰਕੇ ਇਲਾਕੇ ਵਿੱਚ ਰੇਤਾ ਦੁੱਗਣੇ ਰੇਟਾਂ ਤੋਂ ਵੀ ਵੱਧ ਕੀਮਤਾਂ 'ਤੇ ਵਿਕ ਰਿਹਾ ਹੈ ਤੇ ਨਾਲ ਹੀ ਬਜ਼ਾਰਾਂ ਵਿੱਚ ਸੀਮਿੰਟ, ਬਜਰੀ ਦੀਆਂ ਦੁਕਾਨਾਂ ਤੋਂ ਰੇਤਾ ਗਾਇਬ ਹੋ ਗਿਆ ਹੈ।

# ਇਕ ਸਾਲ ਨਰਕ ਭਰਿਆ ਜੀਵਨ ਬਤੀਤ ਕਰਕੇ ਦੁਬਈ ਤੋਂ ਵਾਪਸ ਪੁੱਜੀ ਲੜਕੀ ਦੀ ਦੁੱਖਾਂ ਭਰੀ ਦਾਸਤਾਨ

**ਕੋਟਕਪੂਰਾ (ਸ਼ਾਮ ਲਾਲ ਚਾਵਲਾ)** : ਭਾਵੇਂ ਟ੍ਰੈਵਲ ਏਜੰਟਾਂ ਵੱਲੋਂ ਦਿਖਾਏ ਸਬਜ਼ਬਾਗ ਜਾਂ ਗੁੰਮਰਾਹ ਕਰਨ ਕਰਕੇ ਪੰਜਾਬ ਦੇ ਅਨੇਕਾਂ ਨੌਜਵਾਨ ਲੜਕੇ-ਲੜਕੀਆਂ ਅਰਬ ਦੇਸ਼ਾਂ ਵਿੱਚ ਨਰਕ ਭਰਿਆ ਜੀਵਨ ਜਿਉਣ ਲਈ ਮਜਬੂਰ ਹਨ ਤੇ ਕੁਝ ਜਾਗਰੂਕ ਸੋਚ ਰੱਖਣ ਵਾਲੇ ਇਨਸਾਨ ਅਜਿਹੇ ਠੱਗ ਏਜੰਟਾਂ ਖਿਲਾਫ ਅਵਾਜ਼ ਵੀ ਸਮੇਂ ਸਮੇਂ ਚੁੱਕਦੇ ਰਹਿੰਦੇ ਹਨ, ਪਰ ਫਿਰ ਵੀ ਟ੍ਰੈਵਲ ਏਜੰਟਾਂ ਦਾ ਚਾਰ ਛਿਲੜਾਂ ਖਾਤਰ ਨੌਜਵਾਨਾਂ ਨੂੰ ਨਰਕ ਵਾਲੇ ਰਸਤੇ ਤੋਰਨ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਅਜਿਹਾ ਹੀ ਇਕ ਮਾਮਲਾ ਕੋਟਕਪੂਰੇ ਦੇ ਮੁਹੱਲਾ ਪ੍ਰੇਮ ਨਗਰ ਦਾ ਸਾਹਮਣੇ ਆਇਆ ਹੈ, ਜਿੱਥੋਂ ਸਮਸ਼ੇਰ ਸਿੰਘ ਤੇ ਪ੍ਰਵੀਨ ਰਾਣੀ ਦੀ ਇਕਲੌਤੀ ਔਲਾਦ ਮਹਿਜ 22 ਸਾਲਾਂ ਦੀ ਬੇਟੀ ਜੋਤੀ ਨੂੰ ਉਨ੍ਹਾਂ ਦੀ ਰਿਸ਼ਤੇਦਾਰ ਔਰਤ ਨੇ ਦੁਬਈ ਵਿਖੇ ਬਿਊਟੀ ਪਾਰਲਰ ਦਾ ਰੁਜ਼ਗਾਰ ਦੇਣ ਦਾ ਝਾਂਸਾ ਦੇ ਕੇ ਪਹੁੰਚਾਇਆ, ਪਰ ਇਕ ਸਾਲ ਨਰਕ ਵਾਲਾ ਜੀਵਨ ਬਤੀਤ ਕਰਨ ਉਪਰੰਤ ਜਦੋਂ ਉਕਤ ਲੜਕੀ ਨੂੰ ਭਵਿੱਖ ਧੁੰਦਲਾ ਜਾਪਿਆ ਤੇ ਉਸ ਨੇ ਆਤਮ ਹੱਤਿਆ ਵਾਲਾ ਰਸਤਾ ਅਖਤਿਆਰ ਕਰਨ ਦਾ ਮਨ ਬਣਾਇਆ ਤਾਂ ਉਸ ਦੇ ਪਿਤਾ ਸ਼ਮਸ਼ੇਰ ਸਿੰਘ ਨੇ ਉੱਘੇ ਸਮਾਜਸੇਵੀ ਡਾ. ਮਨਜੀਤ ਸਿੰਘ ਢਿੱਲੋਂ ਮੈਨੇਜਿੰਗ ਡਾਇਰੈਕਟਰ ਬਾਬਾ ਫਰੀਦ ਕਾਲਜ ਆਫ ਨਰਸਿੰਗ ਕੋਟਕਪੂਰਾ ਨਾਲ ਸੰਪਰਕ ਕੀਤਾ ਤੇ ਡਾ. ਢਿੱਲੋਂ ਨੇ ਆਪਣੇ ਦੋਸਤ ਦੁਬਈ ਵਾਸੀ ਹਰਭਜਨ ਸਿੰਘ ਮਠਾੜੂ ਨਾਲ ਸੰਪਰਕ ਕਰਕੇ ਜੋਤੀ ਨੂੰ ਸੁਰੱਖਿਅਤ ਉਨ੍ਹਾਂ ਦੇ ਮਾਪਿਆਂ ਤੱਕ ਪਹੁੰਚਾਇਆ। ਬਾਬਾ ਫਰੀਦ ਨਰਸਿੰਗ ਕਾਲਜ ਵਿਖੇ ਆਪਣੇ ਮਾਤਾ-ਪਿਤਾ ਨਾਲ ਪੁੱਜੀ ਜੋਤੀ ਨੇ ਟੀ.ਵੀ. ਚੈਨਲਾਂ ਦੇ ਕੈਮਰਿਆਂ ਸਾਹਮਣੇ ਅਹਿਮ ਇੰਕਸ਼ਾਫ ਤੇ ਦਿਲ ਕੰਬਾਊ ਪ੍ਰਗਟਾਵੇ ਕਰਦਿਆਂ ਜਿੱਥੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਜਿਗਰ ਦੇ ਟੋਟਿਆਂ ਨੂੰ ਵਿਦੇਸ਼ ਭੇਜਣ ਤੋਂ ਪਹਿਲਾਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਪੜਤਾਲ ਕਰ ਲੈਣ, ਉੱਥੇ ਉਸ ਨੇ ਰਿਸ਼ਤੇਦਾਰ ਠੱਗ ਔਰਤ ਖਿਲਾਫ ਕਾਰਵਾਈ ਦੀ ਮੰਗ ਕਰਦਿਆਂ ਆਖਿਆ ਕਿ ਜੇਕਰ ਸਰਕਾਰ ਤੇ ਪੁਲਸ ਪ੍ਰਸ਼ਾਸਨ ਨੇ ਅਜਿਹੇ ਠੱਗ ਏਜੰਟਾਂ ਖਿਲਾਫ ਬਣਦੀ ਕਾਰਵਾਈ ਨਾ ਕੀਤੀ ਤਾਂ ਠੱਗ ਏਜੰਟ ਬਹੁਤ ਸਾਰੇ ਹੋਰ ਗਰੀਬੀ ਤੇ ਬੇਰੁਜ਼ਗਾਰੀ ਦੇ ਭੰਨੇ ਨੌਜਵਾਨਾਂ ਨੂੰ ਨਰਕ ਦੇ ਰਸਤੇ ਤੋਰ ਸਕਦੇ ਹਨ।

ਜੋਤੀ ਨੇ ਦੱਸਿਆ ਕਿ 12ਵੀਂ ਜਮਾਤ ਦੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਉਸ ਨੇ ਬਿਊਟੀ ਪਾਰਲਰ ਦਾ ਕੋਰਸ ਕੀਤਾ ਤੇ ਉਸ ਦੀ ਬਰਨਾਲਾ ਸ਼ਹਿਰ ਦੀ ਵਸਨੀਕ ਭੂਆ ਦੀ ਲੜਕੀ ਨੇ ਉਸ ਦੇ ਮਾਪਿਆਂ ਨੂੰ ਆਖਿਆ ਕਿ ਉਹ ਦੁਬਈ ਤੇ ਆਬੂਧਾਬੀ ਵਿਖੇ ਅਨੇਕਾਂ ਬੇਰੁਜ਼ਗਾਰ ਲੜਕੇ-ਲੜਕੀਆਂ ਨੂੰ ਰੁਜ਼ਗਾਰ ਦਿਵਾ ਚੁੱਕੀ ਹੈ ਤੇ ਜੋਤੀ ਨੂੰ ਵੀ ਬਿਊਟੀ ਪਾਰਲਰ ਦਾ ਕੰਮ ਦਿਵਾ ਸਕਦੀ ਹੈ। ਵਿਦੇਸ਼ ਵਿੱਚ ਰੁਜ਼ਗਾਰ ਦਿਵਾਉਣ ਦਾ ਝਾਂਸਾ ਦੇ ਕੇ ਰਿਸ਼ਤੇਦਾਰ ਔਰਤ ਨੇ ਉਸ ਦੇ ਮਾਪਿਆਂ ਤੋਂ ਤਿੰਨ ਲੱਖ ਰੁਪਿਆ ਵਸੂਲਿਆ, ਜੋ ਉਸ ਦੇ ਮਾਪਿਆਂ ਨੇ ਆਪਣਾ ਮਕਾਨ ਗਹਿਣੇ ਧਰ ਕੇ ਦਿੱਤਾ, ਤਿੰਨ ਮਹੀਨਿਆਂ ਦਾ ਵੀਜ਼ਾ ਲੱਗਣ ਤੋਂ ਬਾਅਦ ਉਸ ਦੀ ਰਿਸ਼ਤੇਦਾਰ ਔਰਤ ਜੋਤੀ ਨੂੰ ਦੁਬਈ ਲੈ ਗਈ, ਲਗਾਤਾਰ 3 ਮਹੀਨੇ ਉਸ ਕੋਲੋਂ ਘਰੇਲੂ ਕੰਮ ਕਾਰ ਕਰਵਾਇਆ, ਰੋਜ਼ਾਨਾ ਉਸ ਨੂੰ ਘਰੋਂ ਹੋਰ ਪੈਸੇ ਮੰਗਵਾਉਣ ਲਈ ਮਜਬੂਰ ਕੀਤਾ ਜਾਂਦਾ, ਰੋਜ਼ਾਨਾ ਬਿਊਟੀ ਪਾਰਲਰ ਦਾ ਰੁਜ਼ਗਾਰ ਦਿਵਾਉਣ ਦਾ ਲਾਰਾ ਲਾਇਆ ਜਾਂਦਾ, ਅਕਸਰ ਉਸ ਨੂੰ ਦੇਹ ਵਪਾਰ ਦੇ ਧੰਦੇ ਲਈ ਡਰਾਵਾ ਦਿੱਤਾ ਜਾਂਦਾ ਤੇ ਫਿਰ ਤਿੰਨ ਮਹੀਨੇ ਬਾਅਦ ਉਸ ਨੂੰ ਰੱਬ ਆਸਰੇ ਘਰੋਂ ਕੱਢ ਦਿੱਤਾ ਤੇ ਫਿਰ ਸ਼ੁਰੂ ਹੋਈ ਜੋਤੀ ਦੀ ਦੁੱਖਾਂ ਭਰੀ ਨਰਕ ਵਾਲੀ ਦਾਸਤਾਨ, ਕਿਉਂਕਿ ਜੋਤੀ ਨੂੰ ਰੋਜ਼ਾਨਾ ਦਿਨ ਤੇ ਰਾਤ ਪਾਰਕ ਵਿੱਚ ਖੁੱਲ੍ਹੇ ਅਸਮਾਨ ਹੇਠ ਰਹਿਣਾ ਪੈਂਦਾ, ਉਸ ਕੋਲੋਂ ਜੋ ਖਰਚੇ ਲਈ ਪੈਸੇ ਸਨ, ਉਹ ਵੀ ਰਿਸ਼ਤੇਦਾਰ ਔਰਤ ਨੇ ਲੈ ਲਏ। ਹੁਣ ਬਿਨਾਂ ਪੈਸੇ ਤੋਂ ਜੋਤੀ ਲਈ ਸਮਾਂ ਬਤੀਤ ਕਰਨਾ ਔਖਾ ਹੋ ਗਿਆ, ਗਰਮੀ ਦਾ ਮੌਸਮ ਤੇ ਪੀਣ ਲਈ ਪਾਣੀ ਦਾ ਪ੍ਰਬੰਧ ਵੀ ਨਹੀਂ ਸੀ ਹੋ ਰਿਹਾ, ਪਾਰਕ ਵਿੱਚ ਸੈਰ ਕਰਨ ਲਈ ਆਉਣ ਵਾਲੀਆਂ ਪੰਜਾਬ, ਪਾਕਿਸਤਾਨ ਜਾਂ ਹੋਰ ਦੇਸ਼ਾਂ ਦੀਆਂ ਲੜਕੀਆਂ ਤੇ ਔਰਤਾਂ ਉਸ ਨੂੰ ਕੁਝ ਖਾਣ ਜਾਂ ਪੀਣ ਲਈ ਦੇ ਦਿੰਦੀਆਂ ਤਾਂ ਉਹ ਲੈ ਲੈਂਦੀ, ਨਹੀਂ ਤਾਂ 12-24 ਜਾਂ 36-36 ਘੰਟੇ ਤੱਕ ਵੀ ਉਸ ਨੂੰ ਭੁੱਖੇ ਰਹਿਣ ਲਈ ਮਜਬੂਰ ਹੋਣਾ ਪਿਆ, ਪਾਰਕ ਤੋਂ ਕਈ ਕਿਲੋਮੀਟਰ ਦੂਰ ਗੁਰਦਵਾਰੇ ਦਾ ਪਤਾ ਲੱਗਣ ਦੇ ਬਾਵਜੂਦ ਉਸ ਕੋਲ ਲੋਕਲ ਬੱਸ ਜਾਂ ਆਟੋ ਦਾ ਕਿਰਾਇਆ ਨਾ ਹੋਣ ਕਰਕੇ ਉਹ ਉੱਥੇ ਪੁੱਜਣ ਤੋਂ ਵੀ ਅਸਮਰੱਥ ਰਹੀ, ਕਿਸੇ ਕੋਲੋਂ ਮੋਬਾਇਲ ਫੋਨ ਮੰਗ ਕੇ ਮਾਪਿਆਂ ਨੂੰ ਆਪਣੀ ਸਹੀ ਸਲਾਮਤੀ ਬਾਰੇ ਝੂਠ ਬੋਲ ਕੇ ਢਾਰਸ ਦਿੰਦੀ ਰਹੀ, ਜਦੋਂ ਸਬਰ ਦਾ ਪਿਆਲਾ ਭਰ ਗਿਆ ਤੇ ਆਤਮਹੱਤਿਆ ਕਰਨ ਦੀ ਸੋਚੀ ਤਾਂ ਆਸ ਦੀ ਕਿਰਨ ਦਿਸੀ, ਕਿਉਂਕਿ ਡਾ. ਮਨਜੀਤ ਸਿੰਘ ਢਿੱਲੋਂ ਦੇ ਦੋਸਤ ਹਰਭਜਨ ਸਿੰਘ ਮਠਾੜੂ ਦਾ ਫੋਨ ਆਇਆ ਤੇ ਉਹ ਜੋਤੀ ਨੂੰ ਆਪਣੇ ਘਰ ਲੈ ਗਿਆ।

### ਰਿਸ਼ਤੇਦਾਰ ਔਰਤ ਨੇ ਸਬਜ਼ਬਾਗ ਦਿਖਾ ਕੇ ਮਾਰੀ ਠੱਗੀ



ਜੋਤੀ ਸਮੇਤ ਉਸ ਦੇ ਪਿਤਾ ਸ਼ਮਸ਼ੇਰ ਸਿੰਘ ਤੇ ਮਾਤਾ ਪ੍ਰਵੀਨ ਰਾਣੀ ਨੇ ਹੰਝੂ ਭਰੀਆਂ ਅੱਖਾਂ ਨਾਲ ਰੋ ਰੋ ਕੇ ਜਿੱਥੇ ਡਾ. ਮਨਜੀਤ ਸਿੰਘ ਢਿੱਲੋਂ ਤੇ ਹਰਭਜਨ ਸਿੰਘ ਮਠਾੜੂ ਦਾ ਵਾਰ ਵਾਰ ਧੰਨਵਾਦ ਕੀਤਾ, ਉੱਥੇ ਰਿਸ਼ਤੇਦਾਰ ਔਰਤ ਖਿਲਾਫ ਕਾਰਵਾਈ ਦੀ ਮੰਗ ਕਰਦਿਆਂ ਆਖਿਆ ਕਿ ਤਿੰਨ ਲੱਖ ਰੁਪਿਆ ਪਹਿਲੀ ਵਾਰ ਤੇ ਦੋ ਵਾਰ 40-40 ਹਜ਼ਾਰ ਰੁਪਿਆ ਠੱਗ ਔਰਤ ਨੇ ਉਨ੍ਹਾਂ ਕੋਲੋਂ ਬੇਟੀ ਨੂੰ ਬਿਊਟੀ ਪਾਰਲਰ ਦਾ ਰੁਜ਼ਗਾਰ ਦਿਵਾਉਣ ਦੇ ਨਾਮ 'ਤੇ ਵਸੂਲਿਆ, ਜੋ ਉਨ੍ਹਾਂ ਪਹਿਲਾਂ ਆਪਣਾ ਮਕਾਨ ਗਹਿਣੇ ਕੀਤਾ, ਫਿਰ ਮੋਟਰਸਾਈਕਲ ਵੇਚਿਆ ਤੇ ਫਿਰ ਕਰਜ਼ਾ ਚੁੱਕ ਕੇ ਉਕਤ ਰਕਮ ਰਿਸ਼ਤੇਦਾਰ ਔਰਤ ਨੂੰ ਦਿੱਤੀ। ਉਨ੍ਹਾ ਦੱਸਿਆ ਕਿ ਉਸ ਨੇ ਆਪਣੇ ਦੋਸਤ ਪਲਵਿੰਦਰ ਸ਼ਰਮਾ ਨਾਲ ਸ਼ਹਿਰ ਦੀਆਂ ਹੋਰ ਵੀ ਸਮਾਜਸੇਵੀ ਸੰਸਥਾਵਾਂ ਤੇ ਜਥੇਬੰਦੀਆਂ ਦੇ ਨੁਮਾਇੰਦਿਆਂ ਤੋਂ ਇਲਾਵਾ ਲੀਡਰਾਂ ਤੇ ਅਫਸਰਾਂ ਤੋਂ ਵੀ ਸਹਿਯੋਗ ਮੰਗਿਆ, ਪਰ ਡਾ. ਮਨਜੀਤ ਸਿੰਘ ਢਿੱਲੋਂ ਉਨ੍ਹਾਂ ਲਈ ਮਸੀਹਾ ਬਣ ਕੇ ਆਇਆ, ਜਿਨ੍ਹਾਂ ਦੀ ਮਿਹਨਤ ਸਦਕਾ ਉਨ੍ਹਾ ਦੀ ਬੇਟੀ ਸੁਰੱਖਿਅਤ ਵਾਪਸ ਘਰ ਪਰਤੀ ਹੈ। ਡਾ. ਮਨਜੀਤ ਸਿੰਘ ਢਿੱਲੋਂ ਦੱਸਿਆ ਕਿ ਉਸ ਨੇ ਪਿਛਲੇ ਦਿਨੀਂ ਠੱਗ ਟ੍ਰੈਵਲ ਏਜੰਟਾਂ ਦੇ ਝਾਂਸੇ ਵਿੱਚ ਆ ਕੇ ਮਲੇਸ਼ੀਆ ਵਿਖੇ ਇਸੇ ਤਰ੍ਹਾਂ ਨਰਕ ਦੇ ਰਸਤੇ ਧਕੇਲ ਦਿੱਤੇ ਗਏ ਦੋ ਹੋਰ ਨੌਜਵਾਨਾਂ ਨੂੰ ਵੀ ਲੱਖਾਂ ਰੁਪਿਆ ਆਪਣੀ ਜੇਬ ਵਿੱਚੋਂ ਖਰਚ ਕੇ ਬਚਾਇਆ ਸੀ ਤੇ ਹੁਣ ਉਹ ਜੋਤੀ ਨੂੰ ਆਪਣੇ ਖਰਚੇ 'ਤੇ ਅਰਥਾਤ ਮੁਫਤ ਨਰਸਿੰਗ ਦੀ ਪੜ੍ਹਾਈ ਕਰਵਾ ਕੇ ਵਿਦੇਸ਼ ਦੀ ਧਰਤੀ 'ਤੇ ਕਾਨੂੰਨੀ ਢੰਗ ਨਾਲ ਭੇਜੇਗਾ, ਜਿੱਥੇ ਕਿਸੇ ਪ੍ਰਕਾਰ ਦੀ ਕੋਈ ਮੁਸ਼ਕਲ ਨਾ ਆਵੇ ਤੇ ਜੋਤੀ ਦਾ ਭਵਿੱਖ ਸੁਰੱਖਿਅਤ ਹੋਵੇ। ਇਸ ਮੌਕੇ ਉਨ੍ਹਾਂ ਨਾਲ ਬਾਬਾ ਫਰੀਦ ਨਰਸਿੰਗ ਕਾਲਜ ਦੇ ਡਿਪਟੀ ਡਾਇਰੈਕਟਰ ਡਾ. ਪ੍ਰੀਤਮ ਸਿੰਘ ਛੌਕਰ ਵੀ ਹਾਜ਼ਰ ਸਨ।

# ਡੈਮੋਕ੍ਰੇਟਿਕ ਮਨਰੇਗਾ ਫ਼ਰੰਟ ਦੇ ਬੈਨਰ ਹੇਠ ਭਲਵਾਨ ਮਹਿਲਾਵਾਂ ਦੇ ਜਿਨਸੀ ਸ਼ੋਸ਼ਣ ਖਿਲਾਫ ਪੈਦਲ ਮਾਰਚ

## ਭਲਵਾਨ ਮਹਿਲਾਵਾਂ ਦੇ ਮੁੱਦੇ 'ਤੇ ਸੰਸਦ ਮੈਂਬਰ ਦੀ ਚੁੱਪੀ ਨਾ-ਮਨਜ਼ੂਰ




ਨਾਭਾ, (ਵਰਿੰਦਰ ਵਰਮਾ)-ਇਲਾਕੇ ਦੇ 50 ਪਿੰਡਾਂ ਵਿੱਚੋਂ ਹਜ਼ਾਰ ਦੇ ਕਰੀਬ ਮਹਿਲਾਵਾਂ ਨੇ ਡੈਮੋਕ੍ਰੇਟਿਕ ਮਨਰੇਗਾ ਫ਼ਰੰਟ ਦੇ ਬੈਨਰ ਹੇਠ ਭਲਵਾਨ ਮਹਿਲਾਵਾਂ ਦੇ ਜਿਨਸੀ ਸ਼ੋਸ਼ਣ ਦੇ ਮਾਮਲੇ ਵਿੱਚ ਕੇਂਦਰ ਸਰਕਾਰ ਦੀ ਕਾਰਗੁਜ਼ਾਰੀ ਖਿਲਾਫ ਪੈਦਲ ਮਾਰਚ ਕੀਤਾ। ਇਸ ਮੌਕੇ ਮਹਿਲਾਵਾਂ ਨੇ ਕੇਂਦਰ ਸਰਕਾਰ ਨੂੰ ਮੰਗ ਪੱਤਰ ਭੇਜਣ ਦੀ ਬਜਾਏ ਪਟਿਆਲਾ ਸੰਸਦ ਮੈਂਬਰ ਪਰਨੀਤ ਕੌਰ ਨੂੰ ਮੰਗ ਪੱਤਰ ਭੇਜਿਆ ਤੇ ਮਹਿਲਾਵਾਂ ਨਾਲ ਕਥਿਤ ਲਗਾਤਾਰ ਹੁੰਦੀ ਬੇਇਨਸਾਫ਼ੀ 'ਤੇ ਚੁੱਪੀ ਤੋੜਨ ਦੀ ਅਪੀਲ ਕੀਤੀ। ਉਨ੍ਹਾਂ ਐੱਮ ਪੀ ਨੂੰ ਸਰਕਾਰ ਤੋਂ ਲੋੜੀਂਦੇ ਸਵਾਲ ਕਰਨ ਦੀ ਮੰਗ ਕੀਤੀ ਤੇ ਕਿਹਾ ਕਿ ਉਹ ਕੇਂਦਰ ਸਰਕਾਰ ਤੋਂ ਪੁੱਛ ਕੇ ਦੱਸਣ ਕਿ 'ਬੇਟੀ ਬਚਾਓ ਬੇਟੀ ਪੜ੍ਹਾਓ' ਨਾਅਰਾ ਸੀ ਜਾਂ ਲੋਕਾਂ ਨੂੰ ਚੇਤਾਵਨੀ ਤੇ ਚੁਣੌਤੀ ਦਿੱਤੀ ਗਈ ਸੀ। ਇਸ ਮੌਕੇ ਕੁਲਵਿੰਦਰ ਕੌਰ ਰਾਮਗੜ੍ਹ, ਹਰਦੀਪ ਕੌਰ ਪਾਲੀਆ, ਰਮਨਜੋਤ ਕੌਰ ਬਾਬਰਪੁਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਉਨਾਓ, ਹਾਥਰਸ, ਕਠੂਆ ਦੇ ਕੇਸਾਂ ਵਿੱਚ ਜਿਸ ਤਰ੍ਹਾਂ ਪੀੜਤ ਨੂੰ ਦੋਸ਼ੀ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਤੇ ਇਨਸਾਫ ਲੈਣ ਲਈ ਪੀੜਤ ਨੂੰ ਜਾਨ ਦੀ ਬਾਜ਼ੀ ਤੱਕ ਲਗਾਉਣੀ ਪਈ, ਓਹੀ ਵਤੀਰਾ ਹੁਣ ਭਲਵਾਨ ਮਹਿਲਾਵਾਂ ਨਾਲ ਹੋ ਰਿਹਾ ਹੈ। ਬਿਲਕੀਸ ਬਾਨੋ ਦੇ ਅਪਰਾਧੀਆਂ ਦੀ ਸਜ਼ਾ ਮੁਆਫ ਕਰਕੇ ਉਨ੍ਹਾਂ ਦਾ ਫੁੱਲਾਂ ਨਾਲ ਸਵਾਗਤ ਕਰਨਾ ਰਾਜ ਕਰ ਰਹੀ ਪਾਰਟੀ ਦੀ ਮਾਨਸਿਕਤਾ ਨੂੰ ਜ਼ਾਹਰ ਕਰਦਾ ਹੈ, ਪਰ ਇਸ ਸਭ 'ਤੇ ਸਾਡੇ ਸੰਸਦ ਮੈਂਬਰ ਦੀ ਚੁੱਪੀ ਸਾਨੂੰ ਮਹਿਲਾਵਾਂ ਨੂੰ ਬਿਲਕੁਲ ਨਾ-ਮਨਜ਼ੂਰ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਸੰਗੀਨ ਦੋਸ਼ਾਂ ਦੇ ਬਾਵਜੂਦ ਮੁਲਜ਼ਮ ਨੂੰ ਗ੍ਰਿਫਤਾਰ ਕਰਕੇ ਨਿਰਪੱਖ ਪੜਤਾਲ ਦਾ ਭਰੋਸਾ ਦੇਣ ਵਿੱਚ ਸਰਕਾਰ ਮੁੜ ਅਸਫਲ ਰਹੀ ਹੈ। ਮਹਿਲਾਵਾਂ ਨੇ ਸੰਸਦ ਮੈਂਬਰ ਨੂੰ ਇਸ ਮਾਮਲੇ 'ਤੇ ਸਰਕਾਰ ਤੋਂ ਸਵਾਲ ਕਰਨ ਦੇ ਮੰਗ ਪੱਤਰ 'ਤੇ ਹਸਤਾਖਰ ਕਰਕੇ ਮਾਰਚ ਵਿੱਚ ਹਿੱਸਾ ਲਿਆ। ਜ਼ਿਕਰਯੋਗ ਹੈ ਕਿ ਮਾਰਚ ਨੇ ਰੈਸਟ ਹਾਊਸ ਤੋਂ ਬਾਜ਼ਾਰ ਵਿੱਚ ਦੀ ਹੋ ਕੇ ਐੱਸ ਡੀ ਐੱਮ ਦਫਤਰ ਪਹੁੰਚਣਾ ਸੀ, ਪਰ ਵੱਡੀ ਗਿਣਤੀ ਨੂੰ ਦੇਖਦੇ ਹੋਏ ਪੁਲਸ ਪ੍ਰਸ਼ਾਸਨ ਨੂੰ ਹੱਥਾਂ ਪੈਰਾਂ ਦੀ ਪੈ ਗਈ। ਘੱਲੂਘਾਰਾ ਦਿਵਸ ਦੇ ਚਲਦਿਆਂ ਪੁਲਸ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਮਾਰਚ ਬਾਜ਼ਾਰ ਵਿੱਚੋਂ ਨਾ ਲਿਜਾਣ ਦੀ ਅਪੀਲ ਕੀਤੀ ਤੇ ਲਗਭਗ 300 ਮੀਟਰ ਦੀ ਦੂਰੀ 'ਤੇ ਹੀ ਤਹਿਸੀਲਦਾਰ ਸੁਖਜਿੰਦਰ ਟਿਵਾਣਾ ਨੇ ਆ ਕੇ ਮੰਗ ਪੱਤਰ ਪ੍ਰਾਪਤ ਕੀਤਾ।

# ਸੰਤ ਕਬੀਰ ਕਾਨਵੈਂਟ ਸਕੂਲ 'ਚ ਸਮਰ ਕੈਂਪ ਲਾਇਆ



ਸੰਤ ਕਬੀਰ ਸਕੂਲ ਵਿਖੇ ਲਗਾਏ ਸਮਰ ਕੈਂਪ ਦਾ ਦ੍ਰਿਸ਼।

ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)-ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਨੈਸ਼ਨਲ ਫ਼ਿਟਨੈੱਸ ਦਿਵਸ ਦੇ ਤਹਿਤ ਸਮਰ ਕੈਂਪ ਲਾਇਆ ਗਿਆ। ਕੈਂਪ ਦੌਰਾਨ ਸਕੂਲ ਵਿੱਚ ਫਿਟਨੈੱਸ ਨੂੰ ਕਾਇਮ ਰੱਖਣ ਲਈ ਸਕੂਲ ਦੀ ਮੈਨੇਜਮੈਂਟ ਤੇ ਪ੍ਰਿੰਸੀਪਲ ਦੇ ਦਿਸ਼ਾ ਨਿਰਦੇਸ਼ਾਂ 'ਤੇ ਬੱਚਿਆਂ ਵਿੱਚ ਵੱਖ-ਵੱਖ ਗਤੀਵਿਧੀਆਂ ਯੋਗਾ, ਕਸਰਤ, ਡਾਂਸ ਤੇ ਆਊਟਡੋਰ ਗੇਮਾਂ ਆਦਿ ਕਰਵਾਈਆਂ ਗਈਆਂ। ਫਿਟਨੈੱਸ ਨੂੰ ਵਧਾਉਣ ਲਈ ਕਰਵਾਈਆਂ ਗਤੀਵਿਧੀਆਂ ਵਿੱਚ ਬੱਚਿਆਂ ਨੇ ਉਤਸ਼ਾਹ ਤੇ ਜੋਸ਼ ਨਾਲ ਹਿੱਸਾ ਲਿਆ। ਸਕੂਲ ਦੇ ਐੱਮ. ਡੀ. ਪ੍ਰੋਫੈਸਰ ਐੱਮ. ਐੱਲ. ਅਰੋੜਾ, ਪ੍ਰਿੰਸੀਪਲ ਮੈਡਮ ਕੰਚਨ, ਮੈਡਮ ਸੋਨੀਆ ਧਵਨ ਤੇ ਮੈਡਮ ਰਚਨਾ ਜਿੰਦਲ ਨੇ ਅੱਜ ਦੇ ਮਸ਼ੀਨੀ ਯੁੱਗ ਵਿੱਚ ਫਿਟਨੈੱਸ ਦੀ ਮਹੱਤਤਾ ਬਾਰੇ ਕਿਹਾ ਕਿ ਫਿਟਨੈੱਸ ਦੀ ਬਹੁਤ ਜ਼ਰੂਰਤ ਹੈ ਤੇ ਸੰਸਥਾ ਬੱਚਿਆਂ ਵਿੱਚ ਫਿਟਨੈੱਸ ਕਾਇਮ ਰੱਖਣ ਲਈ ਲਗਾਤਾਰ ਯਤਨਸ਼ੀਲ ਹੈ।

# ਸਕਿਉਰਿਟੀ ਗਾਰਡਾਂ ਨੂੰ ਨੌਕਰੀ ਤੋਂ ਹਟਾਉਣ ਦੇ ਵਿਰੋਧ 'ਚ ਫੂਕਿਆ ਪੁਤਲਾ




ਪਾਤੜਾਂ, (ਨਿਸ਼ਾਨ ਸਿੰਘ ਬਣਵਾਲਾ)-ਪੰਜਾਬ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਵੱਲੋਂ ਖਰੀਦ ਏਜੰਸੀ ਪਨਗ੍ਰੇਨ ਦੇ ਪਾਤੜਾਂ ਤੇ ਘੱਗਾ ਸਥਿਤ ਗੁਦਾਮਾਂ ਦੀ ਰਾਖੀ ਲਈ ਰੱਖੇ ਗਏ ਦਰਜਨ ਦੇ ਕਰੀਬ ਸਕਿਓਰਟੀ ਗਾਰਡਾਂ ਨੂੰ ਨੌਕਰੀ ਤੋਂ ਹਟਾਏ ਜਾਣ ਦੇ ਵਿਰੋਧ 'ਚ ਸੂਬਾਈ ਆਗੂ ਭਰਭੂਰ ਸਿੰਘ ਛਾਜਲੀ ਦੀ ਅਗਵਾਈ 'ਚ ਫੂਡ ਸਪਲਾਈ ਵਿਭਾਗ ਦੇ ਦਫਤਰ ਸਾਹਮਣੇ ਧਰਨਾ ਦੇਣ ਉਪਰੰਤ ਸ਼ਹਿਰ ਵਿੱਚ ਰੋਸ ਮਾਰਚ ਕੀਤਾ ਗਿਆ। ਇਸੇ ਦੌਰਾਨ ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ ਉੱਤੇ ਸ਼ਹਿਰ ਦੇ ਸ਼ਹੀਦ ਭਗਤ ਸਿੰਘ ਚੌਕ ਵਿੱਚ ਪੰਜਾਬ ਸਰਕਾਰ ਦਾ ਪੁਤਲਾ ਫੂਕਦਿਆਂ ਪ੍ਰਦਰਸ਼ਨਕਾਰੀਆਂ ਵੱਲੋਂ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।

ਰੋਸ ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਭਰਭੂਰ ਸਿੰਘ ਛਾਜਲੀ ਨੇ ਕਿਹਾ ਕਿ ਪਾਤੜਾਂ ਵਿਖੇ ਰਕਸਕ ਕੰਪਨੀ ਰਾਹੀਂ ਕੰਮ ਕਰ ਰਹੇ ਸਕਿਓਰਟੀ ਗਾਰਡਾਂ ਨੂੰ ਮਾਰਚ ਮਹੀਨੇ ਵਿੱਚ ਨੌਕਰੀ ਤੋਂ ਇਹ ਕਹਿ ਕੇ ਫਾਰਗ ਕਰ ਦਿੱਤਾ ਕਿ ਅਨਾਜ ਦੇ ਗੋਦਾਮ ਖਾਲੀ ਹੋ ਗਏ ਹਨ ਅਤੇ ਮੁੜ ਗੋਦਾਮਾਂ 'ਚ ਅਨਾਜ ਲੱਗਣ 'ਤੇ ਮੈਨੇਜਮੈਂਟ ਤੇ ਕੰਪਨੀ ਵੱਲੋਂ ਮੁੜ ਨੌਕਰੀ 'ਤੇ ਰੱਖਣ ਦਾ ਵਾਅਦਾ ਕੀਤਾ ਗਿਆ ਸੀ, ਪ੍ਰੰਤੂ ਗੋਦਾਮਾਂ ਵਿੱਚ ਮਾਲ ਲੱਗਣ ਤੋਂ ਬਾਅਦ ਕੰਪਨੀ ਤੇ ਪਨਗ੍ਰੇਨ ਦੇ ਇੰਚਾਰਜ ਵੱਲੋਂ ਹਟਾਏ ਗਏ ਦਰਜਨ ਦੇ ਕਰੀਬ ਸਕਿਓਰਟੀ ਗਾਰਡਾਂ ਨੂੰ ਨੌਕਰੀ 'ਤੇ ਰੱਖਣ ਦੀ ਬਜਾਏ ਆਪਣੇ ਚਹੇਤਿਆਂ ਨੂੰ ਰੱਖ ਲਿਆ ਹੈ, ਜਿਸ ਕਾਰਨ ਪੰਜ-ਛੇ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਕੰਮ ਕਰਦੇ ਆ ਰਹੇ ਸਕਿਓਰਟੀ ਗਾਰਡ ਬੇਰੁਜ਼ਗਾਰ ਹੋ ਗਏ ਹਨ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਚੁੱਲ੍ਹੇ ਠੰਢੇ ਹੋਣ ਕਾਰਨ ਪਰਿਵਾਰਾਂ ਦੀ ਵਿੱਤੀ ਹਾਲਤ ਕਾਫੀ ਖਸਤਾ ਹੋ ਗਈ ਹੈ। ਉਨ੍ਹਾਂ ਕਿਹਾ ਕਿ ਕੁਝ ਸਮਾਂ ਪਹਿਲਾਂ ਪਨਗ੍ਰੇਨ 'ਚ ਹੋਏ ਕਣਕ ਦੇ ਬਹੁ-ਕਰੋੜੀ ਘੁਟਾਲੇ 'ਚ ਪਨਗ੍ਰੇਨ ਦੇ ਕਈ ਅਧਿਕਾਰੀਆਂ 'ਤੇ ਮਾਮਲੇ ਦਰਜ ਹੋਣ ਤੋਂ ਬਾਅਦ ਪਨਗ੍ਰੇਨ ਦੇ ਅਧਿਕਾਰੀਆਂ ਨੂੰ ਸ਼ੱਕ ਹੈ ਕਿ ਇਸ ਘੁਟਾਲੇ ਨੂੰ ਨੰਗਾ ਕਰਨ 'ਚ ਸਕਿਓਰਟੀ ਗਾਰਡਾਂ ਦੀ ਭੂਮਿਕਾ ਹੈ, ਜਿਸ ਦੇ ਚੱਲਦਿਆਂ ਇਨ੍ਹਾਂ ਨੂੰ ਨੌਕਰੀ ਤੋਂ ਫਾਰਗ ਕਰ ਦਿੱਤਾ। ਮੈਨੇਜਿੰਗ ਡਾਇਰੈਕਟਰ ਪਨਗ੍ਰੇਨ ਨੇ ਇੱਕ ਪੱਤਰ ਜਾਰੀ ਕਰਕੇ ਕੰਪਨੀਆਂ ਤੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਤਿੰਨ ਸਾਲ ਜਾਂ ਇਸ ਤੋਂ ਵੱਧ ਸਮਾਂ ਕੰਮ ਕਰਨ ਵਾਲੇ ਸਕਿਓਰਟੀ ਗਾਰਡਾਂ ਨੂੰ ਪਹਿਲ ਦੇ ਅਧਾਰ 'ਤੇ ਰੱਖਿਆ ਜਾਵੇਗਾ, ਜਦੋਂ ਕਿ ਇਨ੍ਹਾਂ ਗੋਦਾਮਾਂ 'ਚ ਨੌਕਰੀ ਕਰਦੇ ਸਕਿਓਰਟੀ ਗਾਰਡਾਂ ਨੂੰ 6 ਸਾਲ ਤੋਂ ਵੀ ਵੱਧ ਦਾ ਸਮਾਂ ਹੋ ਗਿਆ ਹੈ। ਇਸ ਤਰ੍ਹਾਂ ਪਨਗ੍ਰੇਨ ਦੇ ਇੰਚਾਰਜ ਤੇ ਕੰਪਨੀ ਵੱਲੋਂ ਪੱਤਰ ਅਣਗੌਲਿਆ ਕਰਕੇ ਸਕਿਓਰਟੀ ਗਾਰਡਾਂ ਦਾ ਹੱਕ ਮਾਰਿਆ ਜਾ ਰਿਹਾ ਹੈ।

## ਕਾਤਰਾਂ

### ਸਿਹਤ ਵਿਭਾਗ ਵੱਲੋਂ ਡਰਾਈ ਡੇ ਅਧੀਨ ਚੈਕਿੰਗ

ਭੀਖੀ, (ਧਰਮਵੀਰ ਸ਼ਰਮਾ)-ਸਿਹਤ ਵਿਭਾਗ ਵੱਲੋਂ ਐੱਸ ਐੱਮ ਓ ਡਾ. ਹਰਦੀਪ ਸ਼ਰਮਾ ਦੀ ਅਗਵਾਈ ਹੇਠ ਸ਼ੁੱਕਰਵਾਰ ਨੂੰ ਡਰਾਈ ਡੇ ਮਨਾਇਆ ਗਿਆ। ਸਿਹਤ ਇੰਸਪੈਕਟਰ ਗੁਰਦੀਪ ਸਿੰਘ ਰੱਲਾ ਦੀ ਅਗਵਾਈ ਹੇਠ ਟੀਮ ਨੇ ਵੱਖ ਵੱਖ ਘਰਾਂ ਵਿੱਚ ਜਾ ਕੇ ਕੂਲਰਾਂ, ਪਾਣੀ ਦੇ ਚੁਬੱਚੇ ਤੇ ਹੋਰ ਪਾਣੀ ਖੜਨ ਵਾਲੀਆਂ ਥਾਵਾਂ ਦੀ ਚੈਕਿੰਗ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਆਪਣੇ ਪਾਣੀ ਜਮ੍ਹਾਂ ਹੋਣ ਵਾਲੀਆਂ ਥਾਵਾਂ 'ਤੇ ਇੱਕ ਦਿਨ ਜ਼ਰੂਰ ਸਫਾਈ ਕੀਤੀ ਜਾਵੇ ਤੇ ਆਪਣੇ ਆਲੇ ਦੁਆਲੇ ਮੱਛਰ ਨਾ ਪੈਦਾ ਹੋਣ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਅਜਿਹਾ ਨਾ ਹੋਣ ਦੀ ਸੂਰਤ 'ਚ ਡੇਂਗੂ ਦਾ ਲਾਰਵਾ ਫੈਲਦਾ ਹੈ, ਜਿਸ ਦੇ ਕੱਟਣ ਨਾਲ ਡੇਂਗੂ ਦੇ ਫੈਲਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਲਗਾਤਾਰ ਬੁਖਾਰ ਰਹਿਣ ਨਾਲ ਡੇਂਗੂ ਦਾ ਟੈਸਟ ਜ਼ਰੂਰ ਕਰਵਾਇਆ ਜਾਵੇ ਤੇ ਸਿਹਤ ਵਿਭਾਗ ਨਾਲ ਸੰਪਰਕ ਕੀਤਾ ਜਾਵੇ।

### ਡਾ. ਆਨੰਦ ਦੇ ਮਾਰਕਿਟ ਕਮੇਟੀ ਲਹਿਰਾਗਾਗਾ ਦਾ ਚੇਅਰਮੈਨ ਬਣਨ 'ਤੇ ਖੁਸ਼ੀ ਪ੍ਰਗਟ

ਭੀਖੀ, (ਧਰਮਵੀਰ ਸ਼ਰਮਾ)-ਪੰਜਾਬ ਸਰਕਾਰ ਨੇ ਆਮ ਆਦਮੀ ਪਾਰਟੀ ਦੇ ਹਲਕਾ ਲਹਿਰਾਗਾਗਾ ਦੇ ਮਿਹਨਤੀ ਤੇ ਇਮਾਨਦਾਰ ਵਰਕਰ ਡਾ. ਸ਼ੀਸ਼ ਪਾਲ ਆਨੰਦ ਨੂੰ ਮਾਰਕਿਟ ਕਮੇਟੀ ਲਹਿਰਾਗਾਗਾ ਦਾ ਚੇਅਰਮੈਨ ਨਿਯੁਕਤ ਕਰਨ 'ਤੇ ਭੀਖੀ ਵਿੱਚ ਵੀ ਖੁਸ਼ੀ ਦੀ ਲਹਿਰ ਦੌੜ ਗਈ ਹੈ। ਇਸ ਨਿਯੁਕਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਪ੍ਰਵੀਨ ਜੈਨ ਅਮਨੀ, ਸੁਸ਼ੀਲ ਜੈਨ, ਪਿਊਸ਼ ਜੈਨ, ਵਿਨੋਦ ਕੁਮਾਰ ਜੈਨ, ਅਸ਼ੋਕ ਕੁਮਾਰ, ਦਿਨੇਸ਼ ਗੋਇਲ ਤੇ ਰਮਨ ਜੈਨ ਨੇ ਕਿਹਾ ਕਿ ਡਾ. ਆਨੰਦ ਦੀ ਇਸ ਨਿਯੁਕਤੀ ਨਾਲ ਪਾਰਟੀ ਹੋਰ ਮਜ਼ਬੂਤ ਹੋਵੇਗੀ ਤੇ ਹਲਕੇ ਅੰਦਰ ਵਿਕਾਸ ਕੰਮਾਂ ਵਿੱਚ ਤੇਜ਼ੀ ਆਵੇਗੀ। ਇਸ ਮੌਕੇ ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਵਿਧਾਇਕ ਲਹਿਰਾਗਾਗਾ ਐਡਵੋਕੇਟ ਵਰਿੰਦਰ ਗੋਇਲ, ਨਗਰ ਕੌਂਸਲ ਲਹਿਰਾਗਾਗਾ ਦੇ ਪ੍ਰਧਾਨ ਕਾਂਤਾ ਰਾਣੀ ਦਾ ਧੰਨਵਾਦ ਕਰਦਿਆਂ ਡਾ. ਸ਼ੀਸ਼ ਪਾਲ ਆਨੰਦ ਨੂੰ ਮੁਬਾਰਕਬਾਦ ਦਿੱਤੀ ਹੈ।

### ਚਮਕੌਰ ਸਿੰਘ ਦੇ ਮਾਰਕਿਟ ਕਮੇਟੀ ਦਾ ਚੇਅਰਮੈਨ ਬਣਨ 'ਤੇ ਵੰਡੇ ਲੱਡੂ

ਬਰੇਟਾ (ਰੀਤਵਾਲ)-ਪੰਜਾਬ ਸਰਕਾਰ ਨੇ ਆਮ ਆਦਮੀ ਪਾਰਟੀ ਦੇ ਮਿਹਨਤੀ ਤੇ ਇਮਾਨਦਾਰ ਵਰਕਰ ਚਮਕੌਰ ਸਿੰਘ ਖੁਡਾਲ ਨੂੰ ਮਾਰਕਿਟ ਕਮੇਟੀ ਬਰੇਟਾ ਦਾ ਚੇਅਰਮੈਨ ਨਿਯੁਕਤ ਕਰਨ 'ਤੇ ਅਕਬਰਪੁਰ ਖੁਡਾਲ ਦੇ ਲੋਕਾਂ 'ਚ ਵੀ ਖੁਸ਼ੀ ਪਾਈ ਜਾ ਰਹੀ ਹੈ। ਇਸ ਖੁਸ਼ੀ 'ਚ ਉਨ੍ਹਾਂ ਪਿੰਡ 'ਚ ਲੱਡੂ ਵੰਡੇ। ਇਸ ਨਿਯੁਕਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਪਿੰਡ ਵਾਸੀਆਂ ਨੇ ਕਿਹਾ ਕਿ ਚਮਕੌਰ ਸਿੰਘ ਦੀ ਇਸ ਨਿਯੁਕਤੀ ਨਾਲ ਪਾਰਟੀ ਹੋਰ ਮਜ਼ਬੂਤ ਹੋਵੇਗੀ। ਇਸ ਮੌਕੇ ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਵਿਧਾਇਕ ਬੁੱਧ ਰਾਮ ਬੁਢਲਾਡਾ ਦਾ ਧੰਨਵਾਦ ਕਰਦਿਆਂ ਚਮਕੌਰ ਸਿੰਘ ਨੂੰ ਮੁਬਾਰਕਬਾਦ ਦਿੱਤੀ ਹੈ। ਇਸ ਮੌਕੇ ਭੋਲਾ ਸਿੰਘ, ਮਲੂਕਾ ਸਿੰਘ, ਬਾਬੂ ਸਿੰਘ, ਕਸ਼ਮੀਰ ਸਿੰਘ ਤੇ ਹੋਰ ਪਿੰਡ ਵਾਸੀ ਹਾਜ਼ਰ ਸਨ।

### ਭਗਤ ਪੂਰਨ ਸਿੰਘ ਸੰਸਥਾ ਵੱਲੋਂ ਫ੍ਰੀ ਮੈਡੀਕਲ ਕੈਂਪ ਅੱਜ

ਕੋਟ ਈਸੇ ਖਾਂ (ਅਰੋੜਾ)-ਭਗਤ ਪੂਰਨ ਸਿੰਘ ਜੀ ਸੰਸਥਾਪਕ ਅੰਮ੍ਰਿਤਸਰ ਪਿੰਗਲਵਾੜਾ ਦੇ 119ਵੇਂ ਜਨਮ ਦਿਹਾੜੇ ਨੂੰ ਸਮਰਪਤ ਏਥੋਂ ਦੀ ਭਗਤ ਪੂਰਨ ਸਿੰਘ ਵੈੱਲਫੇਅਰ ਸੁਸਾਇਟੀ ਵੱਲੋਂ 6ਵਾਂ ਫ੍ਰੀ ਮੈਡੀਕਲ ਕੈਂਪ 4 ਜੂਨ ਨੂੰ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਮਸੀਤਾਂ ਰੋਡ ਵਿਖੇ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਡਾਕਟਰ ਪ੍ਰਭਜੋਤ ਸਿੰਘ, ਡਾਕਟਰ ਚਾਹਤ ਕੰਬੋਜ, ਡਾਕਟਰ ਗੁਰਸੰਜੀਵ ਗੁਲਾਟੀ, ਡਾਕਟਰ ਹਰਭਜਨ ਸਿੰਘ ਅਰੋੜਾ, ਡਾਕਟਰ ਲਵਪ੍ਰੀਤ ਸਿੰਘ ਤੇ ਡਾਕਟਰ ਜਸਪਾਲ ਸਿੰਘ ਚੈੱਕਅਪ ਕਰਨਗੇ ਤੇ ਮੁਫਤ ਦਵਾਈਆਂ ਦੇਣ ਦੇ ਨਾਲ ਨਾਲ ਗੁਰੂ ਕਾ ਲੰਗਰ ਤੇ ਪੌਦਿਆਂ ਦਾ ਲੰਗਰ ਵੀ ਮੁਹੱਈਆ ਹੋਵੇਗਾ। ਇਸ ਸਮੇਂ ਸ਼ਕੁੰਤਲਾ ਹਸਪਤਾਲ ਵੱਲੋਂ ਸੀਬੀਸੀ ਤੇ ਨੈਸ਼ਨਲ ਲੈਬ: ਵੱਲੋਂ ਸ਼ੂਗਰ ਟੈਸਟ ਫ੍ਰੀ ਕੀਤੇ ਜਾਣਗੇ। ਇਸ ਕੈਂਪ ਦੀ ਰਸਮੀ ਸ਼ੁਰੂਆਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਹੋਵੇਗੀ, ਜਿਸ ਵਿੱਚ ਧਾਰਮਿਕ ਤੇ ਕਈ ਰਾਜਨੀਤਕ ਪਾਰਟੀਆਂ ਦੇ ਆਗੂ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ।

### ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੀ ਮੀਟਿੰਗ

ਜਗਰਾਓਂ (ਅਮਿਤ ਖੰਨਾ)-ਜਗਰਾਉਂ ਦੇ ਗੁਰਦੁਆਰਾ ਵਿਸ਼ਵਕਰਮਾ ਮੰਦਰ ਅੱਡਾ ਰਾਏਕੋਟ ਵਿਖੇ ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਵੱਲੋਂ ਮਹੀਨਾਵਾਰ ਮੀਟਿੰਗ ਕੀਤੀ। ਇਸ ਮੌਕੇ ਸਰਪ੍ਰਸਤ ਠੇਕੇਦਾਰ ਜਗਦੇਵ ਸਿੰਘ ਮਠਾੜੂ ਨੇ ਕਿਹਾ ਕਿ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੀਟਿੰਗ ਵਿੱਚ ਠੇਕੇਦਾਰਾਂ ਨੂੰ ਆ ਰਹੀਆਂ ਸਮੱਸਿਆਵਾਂ ਸੰਬੰਧੀ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਪ੍ਰਧਾਨ ਰਾਜਿੰਦਰ ਸਿੰਘ ਰਿੰਕੂ ਨੇ ਕਿਹਾ ਕਿ ਥਾਪਰ ਕਲੋਨੀ ਸ਼ੇਰਪੁਰਾ ਰੋਡ ਵਿਖੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਹਾਲ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਇਸ ਮੌਕੇ ਸਰਪ੍ਰਸਤ ਠੇਕੇਦਾਰ ਜਗਦੇਵ ਸਿੰਘ ਮਠਾੜੂ, ਗੁਰਸੇਵਕ ਸਿੰਘ ਮੱਲ੍ਹਾ, ਪ੍ਰਧਾਨ ਰਾਜਿੰਦਰ ਸਿੰਘ ਰਿੰਕੂ, ਭਵਨਜੀਤ ਸਿੰਘ ਉੱਭੀ, ਹਾਕਮ ਸਿੰਘ ਸੀਹਰਾ, ਰਾਜਵੰਤ ਸਿੰਘ ਸੱਗੂ, ਗੁਰਚਰਨ ਸਿੰਘ ਘਟੌੜੇ, ਬਲਵਿੰਦਰ ਸਿੰਘ ਪੱਪਾ, ਜਸਵੀਰ ਸਿੰਘ ਧਾਲੀਵਾਲ, ਸੁਖਵਿੰਦਰ ਸਿੰਘ ਸੋਨੀ, ਕੁਲਦੀਪ ਸਿੰਘ ਸੀਹਰਾ, ਸੁਖਦੇਵ ਸਿੰਘ ਸੁਧਾਰੀਆਂ, ਬਸੰਤ ਸਿੰਘ ਬੰਸੀਪੁਰਾ, ਮਨਪ੍ਰੀਤ ਸਿੰਘ ਸੱਗੂ, ਗੁਰਮੇਲ ਸਿੰਘ ਮਠਾੜੂ, ਹਰਜਿੰਦਰ ਸਿੰਘ ਬੋਦਲਵਾਲਾ ਆਦਿ ਹਾਜ਼ਰ ਸਨ।

# ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਨੇ ਸ਼ੁਰੂ ਕਰਵਾਈ ਛਬੀਲ

ਜਗਰਾਓਂ (ਅਮਿਤ ਖੰਨਾ)-ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਨੇ ਨੇੜੇ ਗੁਰਦੁਆਰਾ ਰਾਮਗੜ੍ਹੀਆ ਕਮੇਟੀ ਪਾਰਕ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਤਿੰਨ-ਚਾਰ ਮਹੀਨੇ ਚੱਲਣ ਵਾਲੀ ਠੰਢੇ ਪਾਣੀ ਦੀ ਛਬੀਲ ਸ਼ੁਰੂ ਕਰਵਾਈ। ਛਬੀਲ ਦਾ ਸ਼ੁੱਭ ਆਰੰਭ ਭਾਈ ਜਸਵੰਤ ਸਿੰਘ ਵੱਲੋਂ ਅਰਦਾਸ ਨਾਲ ਕਰਨ ਉਪਰੰਤ ਸੰਗਤਾਂ ਨੂੰ ਜਲ ਛਕਾਇਆ ਗਿਆ। ਇਸ ਮੌਕੇ ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਪ੍ਰਧਾਨ ਜਿੰਦਰਪਾਲ ਧੀਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੰਸਥਾ ਦੇ ਸਰਪ੍ਰਸਤ ਸਵ: ਮਹਿੰਦਰ ਸਿੰਘ ਸੋਈ ਤੇ ਰਤਨ ਸਿੰਘ ਧੰਜਲ ਦੀ ਸੋਚ ਨੂੰ ਸਾਕਾਰ ਕਰਦਿਆਂ ਲੋੜਵੰਦ ਦੀ ਮਦਦ ਲਈ ਇਹ ਛਬੀਲ ਸ਼ੁਰੂ ਹੋਈ ਹੈ। ਇਸ ਮੌਕੇ ਸਰਪ੍ਰਸਤ ਕਸ਼ਮੀਰੀ ਲਾਲ, ਗੁਰਮੇਲ ਸਿੰਘ ਢੁੱਡੀਕੇ, ਪ੍ਰਿਤਪਾਲ ਸਿੰਘ ਮਣਕੂ, ਕਰਮ ਸਿੰਘ ਜਗਦੇ, ਪ੍ਰਧਾਨ ਜਿੰਦਰਪਾਲ ਧੀਮਾਨ, ਸੁਖਪਾਲ ਖਹਿਰਾ, ਹਰਨੇਕ ਸਿੰਘ ਸੋਈ, ਅਮਰਜੀਤ ਸਿੰਘ ਘਟੌੜੇ, ਮੰਗਲ ਸਿੰਘ ਸਿੱਧੂ, ਪ੍ਰੀਤਮ ਸਿੰਘ ਗੈਦੂ, ਜਸਪਾਲ ਸਿੰਘ ਪਾਲੀ, ਜਗਰੂਪ ਸਿੰਘ ਗੈਦੂ, ਹਰਿੰਦਰ ਪਾਲ ਸਿੰਘ ਕਾਲਾ, ਬਹਾਦਰ ਸਿੰਘ ਕਮਾਲਪੁਰਾ ਸਮੇਤ ਸਮੂਹ ਮੈਂਬਰ ਹਾਜ਼ਰ ਸਨ।

# ਝੋਨੇ ਦੀ ਸਿੱਧੀ ਬਿਜਾਈ ਨਾਲ ਦੂਹਰਾ ਫਾਇਦਾ ਹੁੰਦੈ : ਡਾ. ਜਗਪਾਲ ਸਿੰਘ

## ਭੂਮੀ ਸਿਹਤ ਕਾਰਡ ਅਨੁਸਾਰ ਹੀ ਖਾਦਾਂ ਦੀ ਸੁਚੱਜੀ ਵਰਤੋਂ ਕੀਤੀ ਜਾਵੇ

ਬਠਿੰਡਾ, (ਬਖਤੌਰ ਢਿੱਲੋਂ)-ਝੋਨੇ ਦੀ ਸਿੱਧੀ ਬਿਜਾਈ ਕਰਨ ਨਾਲ ਦੂਹਰਾ ਫਾਇਦਾ ਹੁੰਦਾ ਹੈ, ਪਹਿਲਾ ਅਜਿਹਾ ਕਰਨ ਨਾਲ ਦਸ ਤੋਂ ਵੀਹ ਫੀਸਦੀ ਪਾਣੀ ਦੀ ਬੱਚਤ ਹੁੰਦੀ ਹੈ, ਦੂਸਰਾ ਬਿਮਾਰੀਆਂ ਦਾ ਹਮਲਾ ਘੱਟ ਹੁੰਦਾ ਹੈ। ਇਹ ਜਾਣਕਾਰੀ ਡਾ: ਜਗਪਾਲ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ ਬਲਾਕ ਬਠਿੰਡਾ ਨੇ ਕਿਸਾਨਾਂ ਨੂੰ ਦਿੱਤੀ। ਉਹ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਦੀ ਸਲਾਹ 'ਤੇ ਡਾਇਰੈਕਟਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਨਿਰਦੇਸ਼ਾਂ 'ਤੇ ਡਾ: ਦਿਲਬਾਗ ਸਿੰਘ ਹੀਰ ਦੀ ਦੇਖ-ਰੇਖ ਹੇਠ ਪਿੰਡ ਬਹਿਮਣ ਦੀਵਾਨਾ ਵਿਖੇ ਡਾ: ਬਲਜਿੰਦਰ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਲਗਾਏ ਕਿਸਾਨ ਸਿਖਲਾਈ ਕੈਂਪ ਨੂੰ ਸੰਬੋਧਨ ਕਰ ਰਹੇ ਸਨ। ਡਾ: ਜਗਪਾਲ ਸਿੰਘ ਨੇ ਕਿਹਾ ਕਿ ਸਿੱਧੀ ਬਿਜਾਈ ਨਾਲ ਜਿੱਥੇ ਪਾਣੀ ਦੀ ਬੱਚਤ ਹੁੰਦੀ ਹੈ, ਉੱਥੇ ਅਜਿਹਾ ਕਰਨ ਨਾਲ ਧਰਤੀ ਹੇਠਲਾ ਪਾਣੀ ਜ਼ਿਆਦਾ ਰੀਚਾਰਜ ਹੁੰਦਾ ਹੈ, ਜੋ ਪਾਣੀ ਦੇ ਪੱਧਰ ਨੂੰ ਡਿੱਗਣ ਤੋਂ ਰੋਕਣ ਲਈ ਅਹਿਮ ਕਦਮ ਸਿੱਧ ਹੋ ਸਕਦਾ ਹੈ। ਉਨ੍ਹਾ ਸੁਝਾਅ ਦਿੱਤਾ ਕਿ ਝੋਨੇ ਦੀ ਬਿਜਾਈ ਦਰਮਿਆਨੀਆਂ ਤੇ ਭਾਰੀ ਜ਼ਮੀਨਾਂ ਵਿੱਚ ਹੀ ਕੀਤੀ ਜਾਵੇ, ਹਲਕੀਆਂ ਜ਼ਮੀਨਾਂ ਵਿੱਚ ਲੋਹੇ ਤੇ ਜਿੰਕ ਦੀ ਘਾਟ ਜ਼ਿਆਦਾ ਆਉਂਦੀ ਹੈ। ਉਨ੍ਹਾਂ ਕਿਸਾਨਾਂ ਨੂੰ ਰਾਇ ਦਿੱਤੀ ਕਿ ਸਿੱਧੀ ਬਿਜਾਈ ਤੋਂ ਪਹਿਲਾਂ ਬੀਜ ਨੂੰ 12 ਘੰਟਿਆਂ ਲਈ 2 ਫੀਸਦੀ ਪੋਟਾਸ਼ੀਅਮ ਨਾਈਟ੍ਰੇਟ ਦੇ ਘੋਲ ਵਿੱਚ ਭਿਉਂ ਕੇ, ਛਾਵੇਂ ਸੁਕਾ ਕੇ, 3 ਗ੍ਰਾਮ ਪ੍ਰਤੀ ਕਿਲੋ ਸਪਰਿਟ 75 ਡਬਲਿਊ ਐੱਸ ਨਾਲ ਸੋਧ ਲੈਣ, ਤਾਂ ਜੋ ਬੀਜ ਵਾਲੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ। ਉਨ੍ਹਾ ਦੱਸਿਆ ਕਿ ਨਦੀਨ ਪ੍ਰਬੰਧਨ ਦਾ ਸੰਵੇਦਨਸ਼ੀਲ ਸਮਾਂ 20 ਤੋਂ 60 ਦਿਨ ਹੈ, ਇਸ ਸਮੇਂ ਦੌਰਾਨ ਨਦੀਨਾਂ ਦਾ ਖੇਤ ਵਿੱਚ ਰਹਿਣਾ ਨਰਮੇਂ ਦੇ ਵਾਧੇ 'ਤੇ ਮਾੜਾ ਅਸਰ ਪਾਉਂਦਾ ਹੈ। ਕਿਸਾਨ ਖੇਤਾਂ ਦੁਆਲੇ ਉੱਗੇ ਤਾਂਦਲਾ, ਇੱਟਸਿੱਟ, ਕੰਘੀ ਬੂਟੀ, ਪੀਲੀ ਬੂਟੀ, ਪੁੱਠ ਕੰਡਾ ਆਦਿ ਨੂੰ ਨਸ਼ਟ ਕਰ ਦੇਣ।




ਗੁਰਮਿਲਾਪ ਸਿੰਘ ਬਲਾਕ ਟੈਕਨਾਲੋਜੀ ਮੈਨੇਜਰ ਬਲਾਕ ਬਠਿੰਡਾ ਨੇ ਦੱਸਿਆ ਕਿ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਪੰਜਾਬ ਸਰਕਾਰ ਵੱਲੋਂ 15 ਸੌ ਰੁਪਏ ਪ੍ਰਤੀ ਏਕੜ ਮਾਣਭੱਤਾ ਦਿੱਤਾ ਜਾਵੇਗਾ, ਜਿਸ ਦੀ ਆਨਲਾਈਨ ਪੋਰਟਲ 'ਤੇ ਰਜਿਸਟ੍ਰੇਸ਼ਨ ਦੀ ਆਖ਼ਰੀ ਮਿਤੀ 24 ਜੂਨ ਹੈ। ਇਸ ਮੌਕੇ ਮਨੋਜ ਕੁਮਾਰ ਜੂਨੀਅਰ ਟੈਕਨੀਸ਼ੀਅਨ, ਕੁਲਵੰਤ ਸਿੰਘ ਸੁਪਰਵਾਈਜ਼ਰ, ਕਿਸਾਨ ਮਿੱਤਰ ਗੁਰਵਿੰਦਰ ਸਿੰਘ ਤੇ ਗੁਰਜੀਤ ਸਿੰਘ ਸਮੇਤ ਪਤਵੰਤੇ ਸੱਜਣ ਤੇ ਅਗਾਂਹਵਧੂ ਕਿਸਾਨ ਹਾਜ਼ਰ ਸਨ।

# ਹਵਾਲਾਤੀ ਨੂੰ ਚੱਪਲ 'ਚ ਲੁਕਾ ਕੇ ਮੋਬਾਈਲ ਫੋਨ ਦੇਣ ਆਈ ਪਤਨੀ ਕਾਬੂ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) : ਕਤਲ ਦੇ ਦੋਸ਼ ਹੇਠ ਜੇਲ੍ਹ 'ਚ ਬੰਦ ਇੱਕ ਹਵਾਲਾਤੀ ਨੂੰ ਅਦਾਲਤ 'ਚ ਪੇਸ਼ੀ ਦੌਰਾਨ ਚੱਪਲ 'ਚ ਲੁਕਾ ਕੇ ਮੋਬਾਈਲ ਫੋਨ ਦੇਣ ਆਈ ਉਸ ਦੀ ਪਤਨੀ ਨੂੰ ਪੁਲਸ ਵੱਲੋਂ ਕਾਬੂ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਸੂਤਰਾਂ ਤੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਮਿਤੀ 30/8/17 ਨੂੰ ਖਮਾਣੋਂ ਪੁਲਸ ਵੱਲੋਂ ਅ/ਧ 302,34 ਆਈ.ਪੀ.ਸੀ. ਤਹਿਤ ਦਰਜ ਕੀਤੇ ਗਏ ਮੁਕੱਦਮੇ ਦੇ ਸਬੰਧ 'ਚ ਵਰਿੰਦਰ ਸਿੰਘ ਵਾਸੀ ਪਿੰਡ ਬਦੇਸ਼ਾਂ ਖੁਰਦ ਜੇਲ੍ਹ 'ਚ ਬੰਦ ਹੈ, ਜਿਸ ਨੂੰ ਬੀਤੇ ਕੱਲ੍ਹ ਪੁਲਸ ਕਰਮਚਾਰੀ ਜੇਲ੍ਹ ਤੋਂ ਫ਼ਤਹਿਗੜ੍ਹ ਸਾਹਿਬ ਦੀ ਸ਼ੈਸ਼ਨਜ਼ ਅਦਾਲਤ 'ਚ ਪੇਸ਼ੀ ਭੁਗਤਾਉਣ ਲਈ ਲੈ ਕੇ ਆਏ ਸਨ ਤੇ ਜਦੋਂ ਉਸ ਨੂੰ ਅਦਾਲਤ ਕੰਪਲੈਕਸ 'ਚ ਬਣੇ ਬਖਸ਼ੀਖਾਨੇ 'ਚ ਹੋਰ ਹਵਾਲਾਤੀਆਂ ਸਮੇਤ ਬੰਦ ਕੀਤਾ ਹੋਇਆ ਸੀ ਤਾਂ ਉੱਥੇ ਪਹੁੰਚੀ ਵਰਿੰਦਰ ਸਿੰਘ ਦੀ ਪਤਨੀ ਰਸਮੀਨ ਕੌਰ ਨੇ ਬਖਸ਼ੀਖਾਨੇ ਦੇ ਬਾਹਰ ਡਿਊਟੀ 'ਤੇ ਖੜੇ ਪੁਲਸ ਕਰਮਚਾਰੀਆਂ ਨੂੰ ਬੇਨਤੀ ਕੀਤੀ ਕਿ ਉਸ ਦੇ ਪਤੀ ਦੇ ਪੈਰਾਂ ਦੀਆਂ ਚੱਪਲਾਂ ਬਿਲਕੁਲ ਟੁੱਟ ਚੁੱਕੀਆਂ ਹਨ, ਇਸ ਲਈ ਉਸ ਵੱਲੋਂ ਨਾਲ ਲਿਆਂਦੀਆਂ ਗਈਆਂ ਨਵੀਆਂ ਚੱਪਲਾਂ ਉਸ ਦੇ ਪਤੀ ਨੂੰ ਦੇ ਦਿੱਤੀਆਂ ਜਾਣ, ਜਿਸ ਉਪਰੰਤ ਡਿਊਟੀ 'ਤੇ ਤਾਇਨਾਤ ਸਹਾਇਕ ਥਾਣੇਦਾਰ ਦਰਸ਼ਨ ਸਿੰਘ ਨੇ ਰਸਮੀਨ ਕੌਰ ਵੱਲੋਂ ਦਿੱਤੀਆਂ ਗਈਆਂ ਚੱਪਲਾਂ ਚੰਗੀ ਤਰ੍ਹਾਂ ਚੈੱਕ ਕੀਤੀਆਂ ਤਾਂ ਸੱਜੇ ਪੈਰ ਦੀ ਚੱਪਲ ਥੱਲੇ ਸੋਲ ਦੀ ਕਟਿੰਗ ਕਰਕੇ ਉਸ ਵਿੱਚ ਲੁਕਾਇਆ ਹੋਇਆ ਮੋਬਾਈਲ ਫੋਨ ਬਰਾਮਦ ਹੋਇਆ। ਸਹਾਇਕ ਥਾਣੇਦਾਰ ਦਰਸ਼ਨ ਸਿੰਘ ਦੇ ਬਿਆਨਾਂ 'ਤੇ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਨੇ ਹਵਾਲਾਤੀ ਵਰਿੰਦਰ ਸਿੰਘ ਤੇ ਉਸ ਦੀ ਪਤਨੀ ਰਸਮੀਨ ਕੌਰ ਵਿਰੁੱਧ 120-ਬੀ ਆਈ.ਪੀ.ਸੀ. ਤੇ ਪੰਜਾਬ ਪ੍ਰਿਜ਼ਨ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਦੇ ਹੋਏ ਰਸਮੀਨ ਕੌਰ ਨੂੰ ਹਿਰਾਸਤ 'ਚ ਲੈ ਕੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

# ਵਿਸ਼ਵ ਸਾਈਕਲ ਦਿਵਸ ਮੌਕੇ ਰੈਲੀ ਕੱਢੀ




ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਵਿਸ਼ਵ ਸਾਈਕਲ ਦਿਵਸ ਮੌਕੇ ਸਿਵਲ ਸਰਜਨ ਸੰਗਰੂਰ ਡਾ. ਪਰਮਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਤੇ ਸੀਨੀਅਰ ਮੈਡੀਕਲ ਅਫਸਰ ਧੂਰੀ ਦੀ ਅਗਵਾਈ ਹੇਠ ਸਾਈਕਲ ਰੈਲੀ ਕੱਢੀ ਗਈ। ਇਸ ਸਾਈਕਲ ਰੈਲੀ ਵਿੱਚ ਡਾ. ਨਰਾਇਣ ਸਿੰਘ, ਨੀਰਜ ਕੁਮਾਰ ਮਲਟੀਪਰਜ਼ ਹੈਲਥ ਵਰਕਰ, ਦੀ ਐੱਜ ਓਵਰਸੀਜ਼ ਕੰਸਲਟੈਂਟ ਦੇ ਮੈਨੇਜਿੰਗ ਡਾਇਰੈਕਟਰ ਜਗਸੀਰ ਸਿੰਘ ਜੱਗੀ ਢੀਂਡਸਾ, ਸਟੈੱਪ ਆਨ ਸੁਸਾਇਟੀ ਤੇ ਸਾਈਕਲ ਕਲੱਬ ਧੂਰੀ, ਮਾਸਟਰ ਗੁਰਦਰਸ਼ਨ ਸਿੰਘ ਆਦਿ ਨੇ ਭਾਗ ਲਿਆ। ਸਿਵਲ ਹਸਪਤਾਲ ਧੂਰੀ ਤੋਂ ਸ਼ੁਰੂ ਹੋ ਕੇ ਇਹ ਸਾਈਕਲ ਰੈਲੀ ਦਾਣਾ ਮੰਡੀ, ਸਦਰ ਬਜ਼ਾਰ, ਲੋਹਾ ਬਜ਼ਾਰ, ਕੱਕੜਵਾਲ ਪੁਲ, ਸੰਗਰੂਰ ਰੋਡ ਹੁੰਦੀ ਹੋਈ ਵਾਪਸ ਸਿਵਲ ਹਸਪਤਾਲ ਵਿਖੇ ਸਮਾਪਤ ਹੋਈ। ਇਸ ਸਾਈਕਲ ਰੈਲੀ ਦੌਰਾਨ ਚੰਗੀ ਸਿਹਤ ਵੱਲ ਜਾਗਰੂਕ ਵੀ ਕੀਤਾ ਗਿਆ। ਇਸ ਮੌਕੇ ਡਾ. ਹਰਸਿਮਰਨ ਭੱਟੀ, ਡਾ. ਆਂਚਲਾ ਰਾਣੀ, ਡਾ. ਰਚਿਤਾ, ਡਾ. ਸਿਮਰਨ ਪਾਹਵਾ, ਡਾ. ਕੰਵਰਪ੍ਰੀਤ ਕੌਰ ਤੋਂ ਇਲਾਵਾ ਸਿਵਲ ਹਸਪਤਾਲ ਧੂਰੀ ਦੇ ਸਟਾਫ਼ ਮੈਂਬਰ ਵੱਡੀ ਗਿਣਤੀ 'ਚ ਹਾਜ਼ਰ ਸਨ।

# ਪਲੇਠਾ ਗੁਰਮੁਖ ਸਿੰਘ ਸਹਿਗਲ ਨਾਵਲ ਪੁਰਸਕਾਰ ਅਜ਼ੀਜ਼ ਸਰੋਏ ਦੇ ਨਾਵਲ 'ਆਪਣੇ ਲੋਕ' ਨੂੰ

ਭੀਖੀ, (ਧਰਮਵੀਰ ਸ਼ਰਮਾ)-ਪੰਜਾਬੀ ਦੇ ਉੱਘੇ ਤੇ ਵਿਲੱਖਣ ਨਾਵਲਕਾਰ ਗੁਰਮੁੱਖ ਸਿੰਘ ਸਹਿਗਲ ਦੀ ਯਾਦ ਵਿੱਚ ਬਣਾਏ 'ਗੁਰਮੁੱਖ ਸਿੰਘ ਸਹਿਗਲ ਯਾਦਗਾਰੀ ਮੰਚ' ਦੇ ਕਾਰਜਕਰਤਾ ਸਤਪਾਲ ਭੀਖੀ ਤੇ ਜਸਪ੍ਰੀਤ ਸਿੰਘ ਜਗਰਾਓਂ ਨੇ ਦੱਸਿਆ ਕਿ ਮੰਚ ਵੱਲੋਂ ਸਹਿਗਲ ਸਾਹਿਬ ਦੀ ਯਾਦ ਵਿੱਚ ਇਸ ਸਾਲ ਤੋਂ ਸ਼ੁਰੂ ਕੀਤੇ ਗਏ 'ਗੁਰਮੁੱਖ ਸਿੰਘ ਸਹਿਗਲ ਨਾਵਲ ਪੁਰਸਕਾਰ' ਲਈ ਉੱਭਰਦੇ ਨਾਵਲਕਾਰ ਅਜ਼ੀਜ਼ ਸਰੋਏ ਦੇ ਨਾਵਲ 'ਆਪਣੇ ਲੋਕ' ਨੂੰ ਚੁਣਿਆ ਗਿਆ ਹੈ। ਉਨ੍ਹਾ ਦੱਸਿਆ ਕਿ ਪੁਰਸਕਾਰ ਵਿੱਚ ਸਨਮਾਨ ਚਿੰਨ੍ਹ, ਲੋਈ ਤੇ 11 ਹਜ਼ਾਰ ਦੀ ਸਨਮਾਨ ਰਾਸ਼ੀ ਭੇਟ ਕੀਤੀ ਜਾਵੇਗੀ। ਮੰਚ ਆਗੂਆਂ ਨੇ ਦੱਸਿਆ ਕਿ ਇਸ ਪੁਰਸਕਾਰ ਲਈ 'ਮੰਚ' ਨੂੰ ਦਰਜਨ ਦੇ ਕਰੀਬ ਨਾਵਲ ਪ੍ਰਾਪਤ ਹੋਏ ਤੇ ਕੁਝ ਨਾਵਲ 'ਮੰਚ' ਨੇ ਪੰਜਾਬੀ ਦੇ ਵਿਦਵਾਨਾਂ ਤੇ ਪਾਠਕਾਂ ਤੋਂ ਰਾਇ ਲੈ ਕੇ ਖ਼ੁਦ ਮੰਗਵਾ ਕੇ ਪੜ੍ਹੇ। ਇਸ ਤਰ੍ਹਾਂ ਵੀਹ ਕੁ ਨਾਵਲ ਇਕੱਠੇ ਹੋ ਗਏ। ਫਿਰ ਪੰਜਾਬੀ ਦੇ ਵਿਦਵਾਨ ਲੇਖਕਾਂ, ਆਲੋਚਕਾਂ, ਪਾਠਕਾਂ ਤੇ ਪੁਸਤਕ ਵਿਕਰੇਤਾਵਾਂ ਦੀ ਇੱਕ 15 ਮੈਂਬਰੀ ਜਿਊਰੀ ਬਣਾਈ ਗਈ ਤੇ ਉਨ੍ਹਾਂ ਤੋਂ ਅਲੱਗ-ਅਲੱਗ ਰਾਇ ਲਈ ਗਈ, ਜਿਸ ਦੇ ਆਧਾਰ 'ਤੇ ਪਹਿਲਾਂ ਪੰਜ ਤੇ ਫਿਰ ਤਿੰਨ ਨਾਵਲ ਅੰਤਿਮ ਚੋਣ ਲਈ ਚੁਣੇ ਗਏ। ਆਖ਼ਰੀ ਦੌਰ ਵਿੱਚ ਅੰਤਿਮ ਪੰਜ ਮੈਂਬਰੀ ਕਮੇਟੀ ਵੱਲੋਂ 'ਆਪਣੇ ਲੋਕ' ਨੂੰ ਸਰਬਸੰਮਤੀ ਨਾਲ ਚੁਣ ਲਿਆ ਗਿਆ। ਜ਼ਿਕਰਯੋਗ ਹੈ ਕਿ ਇਹ ਨਾਵਲ ਦੇਸ਼ ਵੰਡ ਦੇ ਉਰਾਰ-ਪਾਰ ਫੈਲੇ ਕੈਨਵਸ ਉਤੇ ਨਾ ਕੇਵਲ ਪੀੜ੍ਹੀਆਂ ਲੋਕ ਸਾਂਝਾਂ ਤੇ ਲੋਕ ਸੰਘਰਸ਼ਾਂ ਦੀ ਬਾਤ ਪਾਉਂਦਾ ਹੈ, ਸਗੋਂ ਤੱਤਕਾਲ ਦੀਆਂ ਜਮਾਤੀ ਤੇ ਸੁਧਾਰ ਲਹਿਰਾਂ ਦੇ ਸਰੂਪਾਂ ਤੇ ਪ੍ਰਭਾਵਾਂ ਨੂੰ ਵੀ ਆਪਣੇ ਕਲਾਵੇ ਵਿੱਚ ਲੈਂਦਾ ਹੈ। ਨਾਵਲ ਦੀ ਬੋਲੀ, ਸ਼ੈਲੀ ਮੁਹਾਵਰੇਦਾਰ ਤੇ ਠੇਠ ਪੇਂਡੂ ਰੰਗ ਵਿੱਚ ਰੰਗੀ ਹੋਈ ਹੈ। ਅਸਲ ਵਿੱਚ ਇਹ ਨਾਵਲ ਕੁਝ ਪਾਤਰਾਂ ਦੀ ਨਹੀਂ, ਸਗੋਂ ਦੇਸ਼ ਵੰਡ ਦਾ ਸੰਤਾਪ ਭੋਗਣ ਵਾਲੇ ਕਰੋੜਾਂ ਆਮ ਲੋਕਾਂ ਦੀ ਕਹਾਣੀ ਹੈ। ਇਹੀ ਕਾਰਨ ਹੈ ਕਿ ਇਹ ਨਾਵਲ ਪਾਕਿਸਤਾਨ ਵਿੱਚ ਵੀ ਸ਼ਾਹਮੁਖੀ ਵਿੱਚ ਲਿਪੀਅੰਤਰ ਹੋ ਕੇ ਛਪਿਆ ਤੇ ਮਕਬੂਲ ਹੋਇਆ ਹੈ। ਅਜ਼ੀਜ਼ ਸਰੋਏ 2011 ਤੋਂ ਨਾਵਲਕਾਰੀ ਕਰ ਰਿਹਾ ਹੈ ਤੇ ਇਹ ਉਸ ਦਾ ਤੀਜਾ ਨਾਵਲ ਹੈ। ਉਸ ਦੇ ਪਹਿਲੇ ਦੋ ਨਾਵਲ 'ਹਨੇਰੀ ਰਾਤ ਦੇ ਜੁਗਨੂੰ' ਤੇ 'ਕੇਹੀ ਵਗੇ ਹਵਾ' ਹਨ। ਨਾਵਲ ਦੀਆਂ ਉਪਰੋਕਤ ਖ਼ੂਬੀਆਂ ਤੋਂ ਇਲਾਵਾ ਲੇਖਕ ਦਾ ਲਗਾਤਾਰ ਅਣਗੌਲਿਆ ਰਹਿਣਾ ਵੀ ਇਸ ਚੋਣ ਪਿੱਛੇ ਇੱਕ ਅਹਿਮ ਕਾਰਨ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੁਰਸਕਾਰ ਅਗਲੇ ਦਿਨੀਂ ਪਟਿਆਲਾ ਵਿਖੇ ਇੱਕ ਸਾਦਾ ਸਾਹਿਤਕ ਸਮਾਗਮ ਕਰਕੇ ਅਦਾ ਕੀਤਾ ਜਾਵੇਗਾ।

# ਆਈ ਐੱਸ ਐੱਫ ਕਾਲਜ ਦੇ ਵਿਦਿਆਰਥੀ ਨੌਕਰੀ ਲਈ ਚੁਣੇ



ਮੋਗਾ (ਅਮਰਜੀਤ ਬੱਬਰੀ)-ਸੂਬੇ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਆਈ.ਐੱਸ.ਐੱਫ. ਕਾਲਜ ਆਫ ਫਾਰਮੇਸੀ ਦੇ ਐੱਮ. ਫਾਰਮ ਫਾਈਨਲ ਸਾਲ ਦੇ 6 ਵਿਦਿਆਰਥੀਆਂ ਦੀ ਪਰੈਕਸਲ ਇੰਟਰਨੈਸ਼ਨਲ ਇੰਡੀਆ ਪ੍ਰਾਈਵੇਟ ਲਿਮਿਟਡ ਮੋਹਾਲੀ ਵਿਖੇ ਨੌਕਰੀ ਲਈ ਚੋਣ ਹੋਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਪਲੇਸਮੈਂਟ ਅਧਿਕਾਰੀ ਡਾ. ਅਮਨਦੀਪ ਸਿੰਘ ਨੇ ਦੱਸਿਆ ਕਿ ਪਰੈਕਸਲ ਕੰਪਨੀ ਵਿੱਚ ਵਿਦਿਆਰਥਣ ਮਨੀਸ਼ਾ ਵੋਹਰਾ, ਵਿਦਿਆਰਥੀ ਮੁਹੰਮਦ ਅਮੀਰ, ਪਿਯੂਸ਼ ਆਨੰਦ, ਲਕਸ਼ਮੀ ਕੁਮਾਰੀ, ਮੈਤਰੀ ਘੋਸ਼ ਤੇ ਗੁਰਕਰਨ ਸਿੰਘ ਦੀ ਡਰੱਗ ਸੇਫਟੀ ਐਸੋਸੀਏਟ ਗਰੇਡ-1 ਦੇ ਅਹੁਦੇ ਵਿੱਚ ਰਿਸਰਚ ਦੌਰਾਨ ਨੌਕਰੀ ਲਈ ਚੋਣ ਹੋਈ ਹੈ। ਪਰਕੈਸਲ ਵੱਲੋਂ ਦੋ ਰਾਊਂਟ ਵਿੱਚ ਇੰਟਰਵਿਊ ਲਈ ਗਈ। ਇਥੇ ਦੀ ਪਲੇਸਮੈਂਟ ਟੀਮ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਪਰਸਨੈਲਿਟੀ ਡਿਵਲਪਮੈਂਟ, ਸਕਿਲ ਡਿਵਲਪਮੈਂਟ ਦੇ ਨਾਲ-ਨਾਲ ਮੈਂਟਲ ਹੈਲਥ ਲਈ ਯੋਗਾ ਤੇ ਮੈਡੀਸਨ ਦਾ ਲਗਾਤਾਰ ਅਭਿਆਸ ਕਰਵਾਇਆ ਜਾਂਦਾ ਹੈ। ਸੰਸਥਾ ਦੇ ਚੇਅਰਮੈਨ ਪ੍ਰਵੀਨ ਗਰਗ, ਸੈਕਟਰੀ ਇੰਜੀ. ਜਨੇਸ਼ ਗਰਗ, ਡਾ. ਮੁਸਕਾਨ ਗਰਗ, ਡਾਇਰੈਕਟਰ ਡਾ. ਜੀ. ਡੀ. ਗੁਪਤਾ, ਵਾਈਸ ਪ੍ਰਿੰਸੀਪਲ ਡਾ. ਆਰ. ਕੇ. ਨਾਰੰਗ, ਡਾ. ਬਲਦੇਵ ਸਿੰਘ, ਪਲੇਸਮੈਂਟ ਅਫਸਰ ਡਾ. ਅਮਨਦੀਪ ਸਿੰਘ, ਡਾ. ਐਸਮੀਨ ਤੇ ਫੈਕਿਲਟੀ ਸਟਾਫ ਨੇ ਪਲੇਸਮੈਂਟ ਵਿੱਚ ਨੌਕਰੀ ਲਈ ਚੁਣੇ ਗਏ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਦਾਤੇਵਾਸ ਸਕੂਲ ਦੇ ਚਾਰ ਵਿਦਿਆਰਥੀ ਦਸਵੀਂ ਦੀ ਮੈਰਿਟ ਸੂਚੀ 'ਚ ਸ਼ਾਮਲ

ਬਰੇਟਾ (ਰੀਤਵਾਲ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਦਸਵੀਂ ਜਮਾਤ ਦੇ ਨਤੀਜਿਆਂ ਵਿੱਚੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾਤੇਵਾਸ (ਮਾਨਸਾ) ਦੇ ਚਾਰ ਵਿਦਿਆਰਥੀਆਂ ਨੇ ਮੈਰਿਟ ਹਾਸਲ ਕੀਤੀ ਹੈ। ਸਕੂਲ ਪ੍ਰਿੰਸੀਪਲ ਅਰੁਣ ਕੁਮਾਰ ਗਰਗ ਨੇ ਇਸ ਮੌਕੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਮਲਜੋਤ ਕੌਰ ਸਪੁੱਤਰੀ ਗੁਰਦੀਪ ਸਿੰਘ, ਜਸ਼ਨਪ੍ਰੀਤ ਕੌਰ ਸਪੁੱਤਰੀ ਅੰਗਰੇਜ਼ ਸਿੰਘ, ਪਰਵਿੰਦਰ ਕੌਰ ਸਪੁੱਤਰੀ ਮਹਿੰਦਰ ਸਿੰਘ ਤੇ ਮਨਪ੍ਰੀਤ ਕੌਰ ਸਪੁੱਤਰੀ ਅਮਰੀਕ ਸਿੰਘ ਨੇ ਕ੍ਰਮਵਾਰ 98.15%, 98%, 97.69% ਤੇ 97.23% ਅੰਕ ਪ੍ਰਾਪਤ ਕਰਕੇ ਆਪਣਾ ਨਾਮ ਪੰਜਾਬ ਪੱਧਰੀ ਮੈਰਿਟ ਸੂਚੀ ਵਿੱਚ ਦਰਜ ਕੀਤਾ ਹੈ। ਸਕੂਲ ਸਟਾਫ਼ ਵੱਲੋਂ ਇਸ ਮੌਕੇ ਉਚੇਚੇ ਤੌਰ 'ਤੇ ਇਨ੍ਹਾਂ ਵਿਦਿਆਰਥਣਾਂ ਦੇ ਘਰ ਜਾ ਕੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ, ਸਕੂਲ ਬੈਗ ਤੇ ਨਕਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ। ਜ਼ਿਲ੍ਹਾ ਸਿੱਖਿਆ ਅਫ਼ਸਰ ਹਰਿੰਦਰ ਸਿੰਘ ਭੁੱਲਰ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਵਿਜੇ ਕੁਮਾਰ ਮਿੱਢਾ, ਬੀ.ਐੱਨ.ਓ. ਬਰੇਟਾ ਪ੍ਰਿੰਸੀਪਲ ਗੁਰਮੀਤ ਸਿੰਘ, ਡਾਇਟ ਪ੍ਰਿੰਸੀਪਲ ਬੂਟਾ ਸਿੰਘ ਨੇ ਮੈਰਿਟ ਵਿੱਚ ਆਉਣ ਵਾਲੇ ਬੱਚਿਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਤੇ ਭਵਿੱਖ ਲਈ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਆ। ਮੈਰਿਟ ਵਿੱਚ ਆਈਆਂ ਵਿਦਿਆਰਥਣਾਂ ਨੇ ਇਸ ਮੌਕੇ ਖ਼ੁਸ਼ੀ ਜ਼ਾਹਰ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਆਪਣੇ ਮਾਪਿਆਂ ਵੱਲੋਂ ਬਹੁਤ ਸਹਿਯੋਗ ਮਿਲਿਆ ਤੇ ਸਕੂਲ ਅਧਿਆਪਕਾਂ ਵੱਲੋਂ ਸਖ਼ਤ ਮਿਹਨਤ ਕਰਵਾ ਕੇ ਇਸ ਰਿਜ਼ਲਟ ਵਿੱਚ ਮੈਰਿਟ ਹਾਸਲ ਕਰਨ ਵਿੱਚ ਅਹਿਮ ਯੋਗਦਾਨ ਦਿੱਤਾ ਗਿਆ ਹੈ। ਇਸ ਮੌਕੇ ਸਮੂਹ ਸਟਾਫ ਤੁਲਸੀ ਦਾਸ, ਸਾਹਿਲ ਤਨੇਜਾ, ਰਮਨਦੀਪ ਕੌਰ, ਵਧਾਵਾ ਸਿੰਘ, ਗੁਰਦੀਪ ਸਿੰਘ, ਗੁਰਪ੍ਰੀਤ ਸਿੰਘ, ਮੋਹਿਤ ਗਰਗ, ਸੰਦੀਪ ਕੌਰ, ਰੋਹਿਤ ਕੁਮਾਰ, ਸ਼ਮਿੰਦਰ ਕੌਰ, ਮਨਪ੍ਰੀਤ ਕੌਰ, ਮਮਤਾ ਰਾਣੀ, ਮਨਜੀਤ ਕੌਰ, ਅਵਤਾਰ ਸਿੰਘ, ਗਗਨਦੀਪ ਕੌਰ, ਅਨੰਦ ਪ੍ਰਕਾਸ਼, ਮਲਕੀਤ ਸਿੰਘ, ਸੁਮਨ, ਨੈਨਸੀ ਕੁਮਾਰ, ਅਮਨ ਗਰਗ, ਰਜਿੰਦਰ ਕੁਮਾਰ ਤੇ ਯਾਦਵਿੰਦਰ ਸਿੰਘ ਵੱਲੋਂ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ ਗਈਆਂ।

# ਪਾਵਰਕਾਮ ਸਹਾਇਕ ਲਾਇਨਮੈਨਾਂ ਵੱਲੋਂ ਮੰਗਾਂ ਨਾ ਮੰਨਣ 'ਤੇ 7 ਤੋਂ ਸੰਘਰਸ਼ ਦੀ ਚੇਤਾਵਨੀ

## ਪੇ ਸਕੇਲ ਲਾਗੂ ਕਰਵਾਉਣ ਲਈ ਪੱਕਾ ਮੋਰਚਾ ਲਗਾਉਣਗੇ ਕਾਮੇ

ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਸੀ ਆਰ ਏ 295/19 ਅਧੀਨ ਭਰਤੀ ਹੋਏ ਸਮੂਹ ਸਹਾਇਕ ਲਾਇਨਮੈਨ ਕਰਮਚਾਰੀਆਂ ਦੀ ਦਫਤਰ ਵੰਡ ਮੰਡਲ ਧੂਰੀ ਵਿਖੇ ਮੀਟਿੰਗ ਹੋਈ, ਜਿਸ ਵਿੱਚ ਮਹਿਕਮੇ ਦੀਆਂ ਹਦਾਇਤਾਂ ਅਨੁਸਾਰ ਆਪਣਾ ਤਿੰਨ ਸਾਲ ਦਾ ਪਰਖਕਾਲ ਸਮਾਂ ਫਰਵਰੀ-ਮਾਰਚ ਮਹੀਨੇ ਵਿੱਚ ਪੂਰਾ ਕਰ ਚੁੱਕੇ ਕਰਮਚਾਰੀਆਂ ਨੂੰ ਰੈਗੂਲਰ ਪੇ ਸਕੇਲ ਲਾਗੂ ਕਰਨ ਲਈ ਵਧੀਕ ਨਿਗਰਾਨ ਇੰਜੀਨੀਅਰ ਨੂੰ ਮੰਗ ਪੱਤਰ ਦਿੱਤਾ ਗਿਆ। ਜਾਣਕਾਰੀ ਦਿੰਦਿਆਂ ਰਮਨਜੀਤ ਸਿੰਘ ਲਾਲੀ ਤੇ ਮੇਵਾ ਸਿੰਘ ਮੀਮਸਾ ਨੇ ਦੱਸਿਆ ਕਿ ਘੱਟ ਤਨਖਾਹ ਕਰਕੇ ਕਰਮਚਾਰੀ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦੇ ਹਨ, ਜਿਸ ਕਾਰਨ ਕਈ ਕਰਮਚਾਰੀ ਘਾਤਕ ਤੇ ਗੈਰ-ਘਾਤਕ ਹਾਦਸਿਆਂ ਦਾ ਸ਼ਿਕਾਰ ਵੀ ਹੋਏ ਹਨ। ਕਰਮਚਾਰੀਆਂ ਨੇ ਕਿਹਾ ਕਿ ਜੇਕਰ ਮੈਨੇਜਮੈਂਟ ਵੱਲੋਂ ਸੀ ਆਰ ਏ 295/19 ਵਾਲੇ ਸਾਥੀਆਂ ਦੀ ਰੈਗੂਲਰ ਤਨਖਾਹ ਨਹੀਂ ਜਾਰੀ ਕੀਤੀ ਜਾਂਦੀ ਤਾਂ ਸਮੂਹ ਸਾਥੀ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਗੇ। ਉਨ੍ਹਾ ਕਿਹਾ ਕਿ ਜਥੇਬੰਦੀਆਂ ਵੱਲੋਂ ਪਹਿਲਾਂ ਵੀ ਕਈ ਵਾਰ ਮੈਨੇਜਮੈਂਟ ਨੂੰ ਇਸ ਸਬੰਧੀ ਬਿਨੈ-ਪੱਤਰ ਦਿੱਤਾ ਜਾ ਚੁੱਕਾ ਹੈ, ਪ੍ਰੰਤੂ ਮੈਨੇਜਮੈਂਟ ਵੱਲੋਂ ਕੋਈ ਵੀ ਕਾਰਵਾਈ ਨਾ ਕਰਨ ਕਰਕੇ ਸਾਥੀਆਂ 'ਚ ਕਾਫੀ ਰੋਸ ਹੈ। ਸੋ ਸਮੂਹ ਸਾਥੀਆਂ ਨੇ ਫੈਸਲਾ ਲਿਆ ਹੈ ਕਿ ਅੱਜ ਤੋਂ ਉਹ ਸਿਰਫ ਵਰਕ ਟੂ ਰੂਲ ਹੀ ਆਪਣੀ ਬਣਦੀ ਡਿਊਟੀ ਕਰਨਗੇ ਤੇ ਐੱਚ ਟੀ ਲਾਈਨਾਂ ਉੱਪਰ ਕੰਮ ਨਹੀਂ ਕੀਤਾ ਜਾਵੇਗਾ। ਪੈਡੀ ਸੀਜ਼ਨ ਦੌਰਾਨ ਬਿਜਲੀ ਸਪਲਾਈ ਬਹਾਲ ਕਰਨ 'ਚ ਦੇਰੀ ਜਾਂ ਮਹਿਕਮੇ ਦਾ ਕੋਈ ਵੀ ਨੁਕਸਾਨ ਹੁੰਦਾ ਹੈ ਤਾਂ ਉਸ ਦਾ ਮਹਿਕਮਾ ਖੁਦ ਜ਼ਿੰਮੇਵਾਰ ਹੋਵੇਗਾ। ਇਸ ਤੋਂ ਇਲਾਵਾ ਜੇਕਰ 7 ਜੂਨ ਤੱਕ ਸਾਥੀਆਂ ਦੀਆਂ ਰੈਗੂਲਰ ਤਨਖਾਹਾਂ ਜਾਰੀ ਨਹੀਂ ਕੀਤੀਆਂ ਜਾਂਦੀਆਂ ਤਾਂ ਸਾਥੀ ਇਸ ਤੋਂ ਵੀ ਜ਼ਿਆਦਾ ਤਿੱਖਾ ਸੰਘਰਸ਼ ਕਰਨਗੇ ਤੇ ਵੰਡ ਮੰਡਲ ਦਫਤਰ ਧੂਰੀ ਵਿਖੇ ਪੱਕਾ ਧਰਨਾ ਲਗਾ ਕੇ ਲਗਾਤਾਰ ਭੁੱਖ ਹੜਤਾਲ ਜਾਰੀ ਕੀਤੀ ਜਾਵੇਗੀ। ਮੀਟਿੰਗ ਵਿੱਚ ਹੈਪੀ, ਰਮਨ, ਸੁਖਵਿੰਦਰ ਸਿੰਘ, ਗੁਰਪਿੰਦਰ ਸਿੰਘ, ਰਮਨਜੀਤ, ਮੇਵਾ ਸਿੰਘ, ਮਨਜੀਤ ਲੱਡਾ, ਗੁਰਪ੍ਰੀਤ ਸਿੰਘ, ਹਰਿੰਦਰਜੀਤ ਸਿੰਘ, ਚਰਨਜੀਤ ਸਿੰਘ ਤੇ ਸੰਦੀਪ ਸਿੰਘ ਆਦਿ ਨੇ ਸੰਬੋਧਨ ਕੀਤਾ।



# ਅਮਨਦੀਪ ਯੂਥ ਕਾਂਗਰਸ ਦੇ ਜ਼ਿਲ੍ਹਾ ਵਾਈਸ ਚੇਅਰਮੈਨ ਨਿਯੁਕਤ

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)-ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਵੱਲੋਂ ਯੂਥ ਕਾਂਗਰਸ ਦੇ ਨਵੇਂ ਐਲਾਨੇ ਗਏ ਅਹੁਦੇਦਾਰਾਂ ਵਿੱਚ ਵਿਧਾਨ ਸਭਾ ਹਲਕਾ ਸ਼ੁਤਰਾਣਾ ਨਾਲ ਸੰਬੰਧਤ ਯੂਥ ਕਾਂਗਰਸੀ ਆਗੂ ਅਮਨਦੀਪ ਸਿੰਘ ਨੂੰ ਓਬੀਸੀ ਸੈੱਲ ਪਟਿਆਲਾ ਦਿਹਾਤੀ ਦਾ ਵਾਈਸ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਕੀਤੇ ਗਏ ਇਸ ਐਲਾਨ ਨਾਲ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਯੂਥ ਕਾਂਗਰਸੀ ਵਰਕਰਾਂ ਵਿੱਚ ਖੁਸ਼ੀ ਪਈ ਜਾ ਰਹੀ ਹੈ। ਇਸ ਦੌਰਾਨ ਨਵ-ਨਿਯੁਕਤ ਵਾਈਸ ਚੇਅਰਮੈਨ ਤੇ ਬਲਾਕ ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਅਮਨਦੀਪ ਸਿੰਘ ਨੇ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਓ ਬੀ ਸੀ ਸੈੱਲ ਦੇ ਚੇਅਰਮੈਨ ਰਾਜ ਬਖਸ਼ ਕੰਬੋਜ ਤੇ ਹਲਕਾ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਹਾਈ ਕਮਾਂਡ ਨੇ ਜੋ ਭਰੋਸਾ ਉਨ੍ਹਾਂ ਵਿੱਚ ਪ੍ਰਗਟ ਕੀਤਾ ਹੈ, ਉਹ ਆਪਣੀ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਪਾਰਟੀ ਵੱਲੋਂ ਲਗਾਈ ਗਈ ਡਿਊਟੀ ਨੂੰ ਨਿਭਾਉਣ ਦੇ ਨਾਲ-ਨਾਲ ਵਰਕਰਾਂ ਦੀਆਂ ਸਮੱਸਿਆਵਾਂ ਦੇ ਹੱਲ ਦੀ ਹਰ ਸੰਭਵ ਕੋਸ਼ਿਸ਼ ਕਰਨਗੇ।

# ਬਾਬਾ ਫਲਾਹੀ ਵਿਖੇ ਖੂਨਦਾਨ ਕੈਂਪ ਲਗਾਇਆ

## ਖੂਨ ਦਾਨ ਕਰਨਾ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ : ਬਾਬਾ ਦੀਪਾ

ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਰੋਪੜ ਰੋਡ 'ਤੇ ਸਥਿਤ ਪਿੰਡ ਸ਼ੇਰਪੁਰ ਬੇਟ ਵਿਖੇ ਪੀਰ ਬਾਬਾ ਫਲਾਹੀ ਸ਼ਾਹ ਜੀ ਦੀ ਦਰਗਾਹ 'ਤੇ ਮੁੱਖ ਸੇਵਾਦਾਰ ਬਾਬਾ ਦੀਪਾ ਦੀ ਅਗਵਾਈ ਵਿੱਚ ਸੰਤ ਬਾਬਾ ਸੰਤੋਖ ਸਿੰਘ ਫਲਾਹੀ ਵਾਲਿਆਂ ਦੀ ਯਾਦ ਵਿੱਚ ਵਿਸ਼ਾਲ ਖੂਨਦਾਨ ਕੈਂਪ ਲਾਇਆ ਗਿਆ, ਜਿਸ ਵਿੱਚ ਭਾਰੀ ਗਿਣਤੀ 'ਚ ਲੋਕਾਂ ਨੇ ਪੁੱਜ ਕੇ 54 ਯੂਨਿਟ ਖੂਨ ਦਾਨ ਕੀਤਾ। ਖੂਨਦਾਨੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਮੁੱਖ ਸੇਵਾਦਾਰ ਬਾਬਾ ਦੀਪਾ ਜੀ ਨੇ ਕਿਹਾ ਕਿ ਖੂਨ ਦਾਨ ਕਰਨ ਨਾਲ ਮਨੁੱਖ ਦੀ ਸਭ ਤੋਂ ਵੱਡੀ ਸੇਵਾ ਲੱਗਦੀ ਹੈ, ਜੋ ਕਿ ਭਵਿੱਖ ਵਿੱਚ ਲੋੜਵੰਦ ਲੋਕਾਂ ਦੇ ਕੰਮ ਆਉਂਦਾ ਹੈ। ਇਸ ਲਈ ਲੋਕਾਂ ਨੂੰ ਵੱਧ ਤੋਂ ਵੱਧ ਖੂਨ ਦਾਨ ਕਰਨਾ ਚਾਹੀਦਾ ਹੈ ਤਾਂ ਜੋ ਹਸਪਤਾਲਾਂ ਵਿੱਚ ਖੂਨ ਪੱਖੋਂ ਮਰ ਰਹੀਆਂ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਾਛੀਵਾੜਾ ਸਾਹਿਬ ਸੋਸ਼ਲ ਵੈੱਲਫੇਅਰ ਸੁਸਾਇਟੀ (ਐੱਨ ਜੀ ਓ) ਦੇ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਨੇ ਦੱਸਿਆ ਕਿ ਕੈਂਪ ਦੌਰਾਨ ਸਿਵਲ ਹਸਪਤਾਲ ਲੁਧਿਆਣਾ ਤੋਂ ਡਾ. ਗੁਰਵਿੰਦਰ ਸਿੰਘ ਗਰੇਵਾਲ ਦੀ ਅਗਵਾਈ ਹੇਠ ਆਈ ਟੀਮ ਨੇ 54 ਯੂਨਿਟ ਖੂਨ ਇਕੱਤਰ ਕੀਤਾ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਸੰਸਥਾ ਵੱਲੋਂ ਲਗਾਏ ਜਾਂਦੇ ਖੂਨਦਾਨ ਕੈਂਪਾਂ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਉਣ। ਇਸ ਮੌਕੇ ਨੰਬਰਦਾਰ ਪ੍ਰੇਮ ਸਿੰਘ, ਹਰਜਿੰਦਰ ਸਿੰਘ, ਜਰਨੈਲ ਸਿੰਘ, ਚਰਨਜੀਤ ਸਿੰਘ, ਲਖਵੀਰ ਸਿੰਘ, ਬੂਟਾ ਕੁਮਾਰ, ਸੁਖਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਸਾਂਝ ਕੇਂਦਰ ਖੰਨਾ ਇੰਚਾਰਜ ਸਬ-ਇੰਸਪੈਕਟਰ ਕੁਲਜੀਤ ਸਿੰਘ, ਸਬ-ਇੰਸਪੈਕਟਰ ਵਿਪਨ ਕੁਮਾਰ, ਸਹਾਇਕ ਥਾਣੇਦਾਰ ਜਸਵੰਤ ਸਿੰਘ, ਰਾਜਵੀਰ ਸਿੰਘ, ਜਗਦੀਸ਼ ਚਾਨਣਾ, ਸੀ ਏ ਲਵਰੀਸ਼ ਸ਼ਰਮਾ, ਮਿਕੂ ਹੰਸ, ਪਰਮਦੀਪਪਾਲ ਸਿੰਘ, ਜਗਤਾਰ ਸਿੰਘ ਜੱਸੋਵਾਲ, ਜਸਪ੍ਰੀਤ ਸਿੰਘ ਹੇਡੋਂ ਮੌਜੂਦ ਸਨ।




# ਪੱਤਰਕਾਰ ਸੁਖਜਿੰਦਰ ਕੁਲਾਰਾਂ ਨੂੰ ਜੁੜਵਾਂ ਦੋਹਤਿਆਂ ਦੇ ਜਨਮ ਦਿਨ ਮੌਕੇ ਨਾਮੀ ਸ਼ਖ਼ਸੀਅਤਾਂ ਵੱਲੋਂ ਮੁਬਾਰਕਾਂ



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਸੀਨੀਅਰ ਪੱਤਰਕਾਰ ਤੇ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਬਲਾਕ ਸਮਾਣਾ ਦੇ ਪ੍ਰੈੱਸ ਸਕੱਤਰ ਸੁਖਜਿੰਦਰ ਸਿੰਘ ਕੁਲਾਰਾਂ ਦੇ ਲਾਡਲੇ ਜੁੜਵਾਂ ਦੋਹਤਿਆਂ ਪਰਵਾਨ ਸਿੰਘ ਮਾਹਿਲ ਤੇ ਜਪਤਾਜ ਸਿੰਘ ਮਾਹਿਲ ਦੇ ਜਨਮ ਦਿਨ ਮੌਕੇ ਰੱਖੇ ਪ੍ਰੋਗਰਾਮ ਦੌਰਾਨ ਬੱਚਿਆਂ ਦੇ ਪਿਤਾ ਅਵਤਾਰ ਸਿੰਘ, ਮਾਤਾ ਐਸਮੀਨ ਕੌਰ ਤੇ ਪਰਿਵਾਰ ਨੂੰ ਮੁਬਾਰਕਬਾਦ ਅਤੇ ਬੱਚਿਆਂ ਨੂੰ ਆਸ਼ੀਰਵਾਦ ਦੇਣ ਲਈ ਇਲਾਕੇ ਭਰ ਤੋਂ ਨਾਮੀ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਇਸ ਮੌਕੇ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦੇ ਭਰਾ ਹਰਜਿੰਦਰ ਸਿੰਘ ਮਿੰਟੂ ਜੌੜਾਮਾਜਰਾ, ਥਾਣਾ ਸਦਰ ਮੁਖੀ ਗੁਰਸੇਵਕ ਸਿੰਘ, ਓ ਐੱਸ ਡੀ ਗੁਲਜ਼ਾਰ ਸਿੰਘ ਵਿਰਕ, ਆਪ ਪਾਰਟੀ ਦੇ ਯੂਥ ਪ੍ਰਧਾਨ ਪਾਰਸ ਸ਼ਰਮਾ, ਅਗਰਵਾਲ ਧਰਮਸ਼ਾਲਾ ਦੇ ਸਾਬਕਾ ਪ੍ਰਧਾਨ ਜੀਵਨ ਗਰਗ, ਠੇਕੇਦਾਰ ਪ੍ਰਮੋਦ ਸਿੰਗਲਾ, ਕੰਵਰਦੀਪ ਸਿੰਘ, ਐਂਟੀ ਡਰੱਗ ਐਂਡ ਸੋਸ਼ਲ ਵੈੱਲਫੇਅਰ ਔਰਗਨਾਈਜ਼ੇਸ਼ਨ ਪੰਜਾਬ ਦੇ ਚੇਅਰਮੈਨ ਸੰਜੀਵ ਗਰਗ, ਪੱਤਰਕਾਰ ਗੁਰਦੀਪ ਸ਼ਰਮਾ, ਵਿਜੇ ਵਰਮਾ, ਅਸ਼ਵਨੀ ਗਰਗ, ਇਕਬਾਲ ਸਿੰਘ ਬੱਲ, ਹਰਦਿਆਲ ਸਿੰਘ ਨਾਗੀ, ਹਰਜਿੰਦਰ ਸਿੰਘ ਜਵੰਦਾ, ਰਿਸ਼ਵ ਮਿੱਤਲ, ਮਲਕੀਤ ਸਿੰਘ ਡਕਾਲਾ, ਪ੍ਰਿੰਸ ਬਾਂਸਲ, ਸੰਦੀਪ ਬਾਂਸਲ ਐੱਮ ਐੱਲ ਕਲਾਸਿਕ ਕੋਰਨਰ, ਵਿੱਕੀ ਕੁਮਾਰ, ਸੁਨੀਲ ਚਾਵਲਾ, ਰਜਿੰਦਰ ਫਤਿਹਪੁਰ, ਸਮਾਜ ਸੇਵੀ ਲਖਵਿੰਦਰ ਸਿੰਘ ਜਵੰਦਾ, ਨਿਰਭੈ ਸਿੰਘ ਫਤਿਹਮਾਜਰੀ, ਪਿਆਰਾ ਲਾਲ ਬਾਂਸਲ, ਸਾਬਕਾ ਪ੍ਰਧਾਨ ਦਵਿੰਦਰ ਸਿੰਘ ਢਿੱਲੋਂ, ਜਤਿੰਦਰਪਾਲ ਸਿੰਘ ਪਟਵਾਰੀ, ਤਰੁਣ ਗਰਗ, ਪਰਮਜੀਤ ਭੁੱਲਰ, ਹਰਮਿੰਦਰ ਸਿੰਘ, ਸਤਵਿੰਦਰ ਸਿੰਘ, ਪ੍ਰਿੰਸੀਪਲ ਪ੍ਰਿਤਪਾਲ ਸਿੰਘ ਦੋਦੜਾ, ਮਹੇਸ਼ ਸ਼ੇਰਾ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਅਹੁਦੇਦਾਰਾਂ ਸਮੇਤ ਰਿਸ਼ਤੇਦਾਰਾਂ ਤੇ ਇਲਾਕੇ ਦੇ ਪਤਵੰਤਿਆਂ ਆਦਿ ਨੇ ਪਹੁੰਚ ਕੇ ਬੱਚਿਆਂ ਦੀ ਲੰਮੀ ਉਮਰ ਤੇ ਨਰੋਈ ਸਿਹਤ ਲਈ ਆਸ਼ੀਰਵਾਦ ਦਿੱਤਾ।

# ਨੌਗੱਜੇ ਪੀਰ ਦਾ ਸਾਲਾਨਾ ਮੇਲਾ ਯਾਦਗਾਰੀ ਹੋ ਨਿੱਬੜਿਆ

ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਬਾਬਾ ਬਾਲਕ ਨਾਥ ਮੰਦਰ ਨਜ਼ਦੀਕ ਖੁੱਲਰਾਂ ਦੇ ਮੁਹੱਲੇ 'ਚ ਨੌਗੱਜੇ ਪੀਰ ਦੀ ਦਰਗਾਹ 'ਤੇ ਸਾਲਾਨਾ ਮੇਲਾ ਤੇ ਭੰਡਾਰਾ ਮੁਖ ਪ੍ਰਬੰਧਕ ਮਹਿੰਦਰਪਾਲ ਸਿੰਘ ਸੋਢੀ ਦੀ ਸਰਪ੍ਰਸਤੀ ਹੇਠ ਕਰਵਾਇਆ ਗਿਆ, ਜਿਸ ਵਿੱਚ ਸਵੇਰ ਤੋਂ ਹੀ ਵੱਡੀ ਗਿਣਤੀ 'ਚ ਸ਼ਰਧਾਲੂਆਂ ਨੇ ਨੌਗੱਜੇ ਪੀਰ ਦੀ ਦਰਗਾਹ 'ਤੇ ਸਿਜਦਾ ਕੀਤਾ ਤੇ ਲੰਗਰ ਛਕ ਕੇ ਕੱਵਾਲੀ ਮਹਿਫ਼ਲ ਦਾ ਆਨੰਦ ਮਾਣਿਆ। ਸਵੇਰ ਸਮੇਂ ਪ੍ਰਬੰਧਕ ਕਮੇਟੀ ਵੱਲੋਂ ਮੁਹੱਲਾ ਨਿਵਾਸੀਆਂ ਦੇ ਸਹਿਯੋਗ ਨਾਲ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ ਤੇ ਪੁੱਜੇ ਪੀਰਾਂ, ਫਕੀਰਾਂ ਦੀ ਸੰਗਤ-ਪੰਗਤ ਕਰਨ ਤੋਂ ਬਾਅਦ ਲੰਗਰ ਦੀ ਸ਼ੁਰੂਆਤ ਕਰਵਾਈ।




ਰਾਤ ਸਮੇਂ ਕੱਵਾਲੀਆਂ ਦੀ ਮਹਿਫਲ ਸਜਾਈ ਗਈ, ਜਿਸ ਵਿੱਚ ਦੀਪਕ ਸੰਤ ਰਾਮ ਕੱਵਾਲ ਅੱਪਰੇ ਵਾਲੇ, ਜਨਾਬ ਤਾਇਯਾਬ ਸਾਬਰੀ ਸਹਾਰਨਪੁਰ ਵਾਲੇ, ਬਿੰਦਰ ਕਵਾਲ ਹੰਬੋਵਾਲ ਬੇਟ, ਪ੍ਰੇਮ ਸਾਗਰ, ਪ੍ਰਦੀਪ ਮਾਨ ਨੇ ਸੂਫ਼ੀਆਨਾ ਕਲਾਮ ਪੇਸ਼ ਕਰਕੇ ਲੋਕਾਂ ਤੋਂ ਵਾਹ-ਵਾਹ ਤੇ ਨੋਟ ਖੱਟੇ। ਮੇਲੇ 'ਚ ਲੋਕਾਂ ਨੂੰ ਆਸ਼ੀਰਵਾਦ ਦੇਣ ਲਈ ਪੁੱਜੇ ਦਰਬਾਰ ਬਾਬਾ ਮੌਲੇ ਸ਼ਾਹ ਦੇ ਮੁੱਖ ਸੇਵਾਦਾਰ ਬਾਬਾ ਖੜਕ ਸਿੰਘ ਮਾਂਗਟ, ਮੀਆਂ ਭੂਰੇ ਸ਼ਾਹ ਖਲੀਫ਼ਾ, ਦੀਪਕ ਸ਼ਰਮਾ, ਵਿਵੇਕ ਸ਼ਰਮਾ, ਨਰੇਸ਼ ਕੁਮਾਰ ਸਰੀਨ, ਸੁਰਜੀਤ ਕੁਮਾਰ ਸਰੀਨ, ਯਸ਼ਪਾਲ ਸਰੀਨ, ਹਰਦੀਪ ਸਿੰਘ ਸੋਢੀ, ਰਵੀ ਕੁਮਾਰ, ਸੰਨੀ ਕੁਮਾਰ, ਸੁਨੀਲ ਕੁਮਾਰ, ਅਨਿਲ ਕੁਮਾਰ ਖੁੱਲਰ, ਬੌਬੀ ਖੋਸਲਾ, ਅਮਨ ਬਵੇਜਾ, ਗੋਰਾ ਕੁਮਾਰ, ਪਰਮਜੀਤ ਕੌਰ ਸੋਢੀ, ਰਜਨੀ ਬਾਲਾ, ਜਸਵੰਤ ਕੌਰ, ਰਕਸ਼ਾ ਰਾਣੀ, ਪ੍ਰੀਤੀ ਖੁੱਲਰ ਆਦਿ ਮੌਜੂਦ ਸਨ। ਮੇਲੇ ਦੀ ਅਖੀਰ 'ਚ ਮੁੱਖ ਪ੍ਰਬੰਧਕ ਮਹਿੰਦਰਪਾਲ ਸਿੰਘ ਸੋਢੀ ਨੇ ਸਹਿਯੋਗ ਦੇਣ ਲਈ ਇਲਾਕਾ ਨਿਵਾਸੀਆਂ ਤੇ ਕਲਾਕਾਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਆਈਆਂ ਸੰਗਤਾਂ ਲਈ ਠੰਢੇ ਮਿੱਠੇ ਜਲ ਦੀ ਛਬੀਲ ਤੋਂ ਇਲਾਵਾ ਚਾਹ ਪਕੌੜਿਆਂ ਦਾ ਅਟੁੱਟ ਲੰਗਰ ਵਰਤਾਇਆ ਗਿਆ।

## ਬਰੌਂਡਵੇ ਸਕੂਲ ਦੇ ਹੋਣਹਾਰ ਵਿਦਿਆਰਥੀ ਸਨਮਾਨਤ




ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਬਰੌਂਡਵੇ ਪਬਲਿਕ ਸਕੂਲ ਮਨਾਲ ਦੇ ਚੇਅਰਮੈਨ ਰਣਜੀਤ ਸਿੰਘ ਚੀਮਾ, ਡਾਇਰੈਕਟਰ ਨਵਨੀਤ ਕੌਰ ਚੀਮਾ, ਪ੍ਰਿੰਸੀਪਲ ਮੁਹੰਮਦ ਆਰਿਫ ਸੈਫੀ ਦੀ ਅਗਵਾਈ ਹੇਠ ਸਮੂਹ ਸਟਾਫ ਦੇ ਸਹਿਯੋਗ ਨਾਲ ਇੱਕ ਸਨਮਾਨ ਸਮਾਰੋਹ ਕਰਵਾਇਆ ਗਿਆ, ਜਿਸ 'ਚ ਮੈਰਿਟ ਲਿਸਟ ਤੇ ਸਕੂਲ ਵਿੱਚੋਂ ਅੱਵਲ ਰਹਿਣ ਵਾਲੇ ਵਿਦਿਆਰਥੀਆਂ, ਜਿਨ੍ਹਾਂ 'ਚ 12ਵੀਂ ਵਿੱਚੋਂ ਕੋਮਲਜੀਤ ਕੌਰ, ਦਮਨਪ੍ਰੀਤ ਕੌਰ ਤੇ ਗੁਰਲੀਨ ਕੌਰ ਨੇ ਕ੍ਰਮਵਾਰ ਪਹਿਲਾ, ਦੂਸਰਾ ਤੇ ਤੀਸਰਾ ਸਥਾਨ ਅਤੇ 10ਵੀਂ ਸ਼੍ਰੇਣੀ ਵਿੱਚੋਂ ਵਿਦਿਆਰਥਣਾਂ ਗੁਰਲੀਨ ਕੌਰ, ਅਰਮਾਨਪ੍ਰੀਤ ਕੌਰ ਤੇ ਏਕਮਜੋਤ ਕੌਰ ਨੇ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ, ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਚੇਅਰਮੈਨ ਰਣਜੀਤ ਸਿੰਘ ਚੀਮਾ, ਪ੍ਰਿੰਸੀਪਲ ਮੁਹੰਮਦ ਆਰਿਫ ਸੈਫੀ ਨੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦਿਆਂ ਵਿਦਿਆਰਥੀਆਂ ਨੂੰ ਖੇਡਾਂ, ਪੜ੍ਹਾਈ 'ਚ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ। ਉਨ੍ਹਾ ਕਿਹਾ ਕਿ ਇਹ ਸੰਸਥਾ ਦੇ ਹਰ ਸਾਲ ਬਹੁ-ਗਿਣਤੀ ਵਿਦਿਆਰਥੀ ਮੈਰਿਟ ਲਿਸਟ ਵਿੱਚ ਆਉਂਦੇ ਹਨ, ਇਸ ਸਾਲ ਵੀ 12ਵੀਂ ਵਿੱਚੋਂ 21 ਵਿਦਿਆਰਥੀ ਤੇ 10ਵੀਂ 'ਚੋਂ 17 ਵਿਦਿਆਰਥੀ ਮੈਰਿਟ ਲਿਸਟ ਵਿੱਚ ਆਏ ਹਨ। ਇਸ ਮੌਕੇ ਸੰਸਥਾ ਦੇ ਚੇਅਰਮੈਨ ਰਣਜੀਤ ਸਿੰਘ ਚੀਮਾ ਦੀ ਅਗਵਾਈ ਹੇਠ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

## ਪ੍ਰਾਇਮਰੀ ਸਕੂਲ ਨੂੰ ਐੱਲ ਸੀ ਡੀ ਭੇਟ



ਕੋਟ ਈਸੇ ਖਾਂ (ਅਰੋੜਾ)-ਇੱਥੋਂ ਦੇ ਫਰੈਂਡਸ ਐਜੂਕੇਅਰ ਕਲੱਬ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਕੋਟ ਈਸੇ ਖਾਂ ਨੂੰ ਇੱਕ ਐੱਲ.ਸੀ.ਡੀ. ਭੇਟ ਕੀਤੀ ਗਈ। ਇਸ ਮੌਕੇ ਕਲੱਬ ਮੈਂਬਰਾਂ ਨੇ ਕਿਹਾ ਕਿ ਇਸ ਨਾਲ ਬੱਚਿਆਂ ਨੂੰ ਪੜ੍ਹਾਈ ਕਰਨ ਵਿੱਚ ਕੋਈ ਮੁਸ਼ਕਲ ਨਹੀਂ ਆਵੇਗੀ ਤੇ ਉਹ ਬਿਤਹਰ ਢੰਗ ਨਾਲ ਸਿੱਖਿਆ ਪ੍ਰਾਪਤ ਕਰ ਸਕਣਗੇ। ਇਸ ਮੌਕੇ ਸਕੂਲ ਦੇ ਸੈਂਟਰ ਹੈੱਡ ਟੀਚਰ ਕੁਲਵਿੰਦਰ ਸਿੰਘ ਵੱਲੋਂ ਕਲੱਬ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਮਨਦੀਪ ਮਾਲੜਾ, ਵੀ. ਪੀ. ਸਿੰਘ ਗਿੱਲ, ਰਾਜੀਵ ਕਾਲੜਾ, ਪ੍ਰਿੰਸ ਸ਼ਰਮਾ, ਅਨਿਲ ਮਟਨੇਜਾ, ਜਸਪ੍ਰੀਤ ਸਿੰਘ, ਅਸ਼ੋਕ ਕੁਮਾਰ ਤੋਂ ਇਲਾਵਾ ਮੈਡਮ ਦਰਸ਼ਨਪਾਲ ਕੌਰ, ਰਾਜਿੰਦਰ ਕੌਰ, ਵਿਨੋਦ ਕੁਮਾਰ, ਕਿਸ਼ੂਲਾਲ, ਟੀਨਾ, ਸੋਨੀਆ, ਮੰਜੂ ਬਾਲਾ, ਮਿਨਾਕਸ਼ੀ, ਅਨੀਤਾ, ਸਾਹਿਲ, ਮਨਪ੍ਰੀਤ ਸਿੰਘ, ਮਨਦੀਪ ਸਿੰਘ, ਹਰਜਿੰਦਰ ਕੌਰ ਆਦਿ ਸਕੂਲ ਸਟਾਫ ਹਾਜ਼ਰ ਸੀ।

## ਮੀਰਾ ਕਾਲਜ ਵਿਖੇ ਹੈੱਲਪ ਡੈਸਕ ਸਥਾਪਤ



ਸਰਦੂਲਗੜ੍ਹ (ਅਵਤਾਰ ਜਟਾਣਾ)-ਬੀ. ਐੱਡ. ਸੈਸ਼ਨ 2023-25 ਦੇ ਦਾਖਲੇ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੁਆਰਾ 5 ਜੂਨ 2023 ਤੋਂ ਰਜਿਸਟ੍ਰੇਸ਼ਨ ਲਈ ਪੋਰਟਲ ਓਪਨ ਕੀਤਾ ਜਾ ਰਿਹਾ ਹੈ, ਜਿਸ ਵਿੱਚ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ 9 ਜੂਨ 2023 ਤੋਂ ਆਰੰਭ ਕੀਤੀ ਜਾਏਗੀ। ਇਸ ਨੂੰ ਮਹੱਤਵ ਦਿੰਦੇ ਹੋਏ ਮੀਰਾ ਕਾਲਜ ਆਫ ਐਜੂਕੇਸ਼ਨ ਸਰਦੂਲੇਵਾਲਾ ਵਿਖੇ ਵਿਦਿਆਰਥੀਆਂ ਲਈ ਹੈਲਪ ਡੈਸਕ ਲਗਾਇਆ ਗਿਆ ਹੈ। ਇਸ ਡੈਸਕ ਵਿੱਚ ਬਿਨਾਂ ਕਿਸੇ ਹੋਰ ਖਰਚੇ ਦੇ ਆਨਲਾਈਨ ਰਜਿਸਟ੍ਰੇਸ਼ਨ ਤੇ ਫੀਸ ਭਰਨ ਦੀ ਪ੍ਰਕਿਰਿਆ ਕੀਤੀ ਜਾ ਰਹੀ ਹੈ। ਪ੍ਰਿੰਸੀਪਲ ਡਾ. ਰਾਕੇਸ਼ ਦੂਬੇ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਬੀ. ਐੱਡ. ਦੀ ਸਾਂਝੀ ਦਾਖਲਾ ਪ੍ਰੀਖਿਆ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੂੰ ਜ਼ਿੰਮੇਵਾਰੀ ਸੌਂਪੀ ਹੈ ਤੇ ਬੀ. ਐੱਡ ਕੋਰਸ ਵਿੱਚ ਦਾਖਲੇ ਲਈ ਇਹ ਸਾਂਝੀ ਪ੍ਰੀਖਿਆ ਦੇਣੀ ਲਾਜ਼ਮੀ ਹੈ। ਇਹ ਸਾਂਝੀ ਪ੍ਰੀਖਿਆ ਦੇ ਨੰਬਰਾਂ ਦੀ ਮੈਰਿਟ ਦੇ ਆਧਾਰ 'ਤੇ ਹੀ ਵਿਦਿਆਰਥੀਆਂ ਨੂੰ ਮਨ ਪਸੰਦ ਕਾਲਜ 'ਚ ਦਾਖਲਾ ਮਿਲ ਸਕਦਾ ਹੈ।

## ਦਸਮੇਸ਼ ਪਬਲਿਕ ਸਕੂਲ ਦੀ ਵਿਦਿਆਰਥਣ ਨੇ ਜਿੱਤੇ ਮੈਡਲ

ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਪੰਜਾਬ ਸਰਕਾਰ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ ਕਰਵਾਈਆਂ ਗਈਆਂ। ਇਨ੍ਹਾਂ ਖੇਡਾਂ ਵਿੱਚ ਦਸਮੇਸ਼ ਪਬਲਿਕ ਸਕੂਲ ਫਰੀਦਕੋਟ ਦੀ ਐਸਮੀਨ ਕੌਰ ਜਮਾਤ ਸੱਤਵੀਂ ਦੀ ਵਿਦਿਆਰਥਣ ਨੇ ਜ਼ਿਲ੍ਹਾ ਪੱਧਰ 'ਤੇ ਫਰੀ ਸਟਾਈਲ ਤੈਰਾਕੀ ਮੁਕਾਬਲੇ ਵਿੱਚ ਦੋ ਗੋਲਡ ਮੈਡਲ ਤੇ ਬੈਕ ਸਟਰੋਕ ਵਿੱਚ ਇੱਕ ਸਿਲਵਰ ਮੈਲਡ ਹਾਸਲ ਕਰਕੇ ਆਪਣੇ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ। ਇਸ ਜਿੱਤ 'ਤੇ ਸਕੂਲ ਦੇ ਪ੍ਰਿੰਸੀਪਲ ਅਪੂਰਵ ਦੇਵਗਨ ਨੇ ਬੱਚੇ ਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਦੱਸਿਆ ਕਿ ਇਹ ਲੜਕੀ ਖੇਡਾਂ ਦੇ ਨਾਲ-ਨਾਲ ਪੜ੍ਹਾਈ ਵਿੱਚ ਵੀ ਬਹੁਤ ਹੁਸ਼ਿਆਰ ਹੈ ਤੇ ਇਸ ਨੇ ਸਟੇਟ ਲੈਵਲ 'ਚ ਹੋਏ ਤੈਰਾਕੀ ਮੁਕਾਬਲੇ ਵਿੱਚ ਚੌਥਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਜਸਬੀਰ ਸਿੰਘ ਸੰਧੂ ਨੇ ਬੱਚੇ ਦੀ ਪ੍ਰਸੰਸਾ ਕੀਤੀ ਅਤੇ ਪ੍ਰਿੰਸੀਪਲ, ਕੋਆਰਡੀਨੇਟਰ ਤੇ ਸਪੋਰਟਸ ਅਧਿਆਪਕ ਨੂੰ ਵਧਾਈ ਦਿੱਤੀ।

## ਚੈੱਕ ਬਾਊਂਸ ਮਾਮਲੇ 'ਚੋਂ ਬੱਬੂ ਪ੍ਰਧਾਨ ਬਰੀ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਫ਼ਿਰੋਜ਼ਪੁਰ ਦੀ ਅਦਾਲਤ ਵਿੱਚ ਮਾਰਕੀਟ ਕਮੇਟੀ ਵੱਲੋਂ ਲਗਾਏ ਗਏ ਚੈੱਕ ਬਾਊਂਸ ਮਾਮਲੇ 'ਚ ਬੱਬੂ ਪ੍ਰਧਾਨ ਬਰੀ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਮਾਰਕੀਟ ਕਮੇਟੀ ਵੱਲੋਂ ਅਦਾਲਤ 'ਚ ਦਾਇਰ ਮਾਮਲੇ ਅੰਦਰ ਦੱਸਿਆ ਗਿਆ ਕਿ ਮਾਰਕੀਟ ਕਮੇਟੀ ਨੇ ਭਾਰ ਤੋਲਣ ਵਾਲੇ ਸਰਕਾਰੀ ਕੰਢੇ ਦੀ ਬੋਲੀ 29 ਮਾਰਚ 2017 ਨੂੰ ਇਕ ਸਾਲ ਦੀ ਮਿਆਦ ਲਈ 1 ਅਪ੍ਰੈਲ 2017 ਤੋਂ 31 ਮਾਰਚ 2018 ਵਾਸਤੇ ਕਰਵਾਈ ਸੀ। ਇਹ ਬੋਲੀ ਬੱਬੂ ਪ੍ਰਧਾਨ ਪੁੱਤਰ ਕਾਲਾ ਵਾਸੀ ਬਸਤੀ ਸ਼ੇਖ਼ਾ ਵਾਲੀ ਫ਼ਿਰੋਜ਼ਪੁਰ ਸ਼ਹਿਰ ਦੇ ਹੱਕ ਵਿੱਚ 3 ਲੱਖ 43 ਹਜ਼ਾਰ ਰੁਪਏ 'ਚ ਹੋਈ ਸੀ, ਜਿਸ ਦਾ ਅੱਧ 1 ਲੱਖ 71 ਹਜ਼ਾਰ 500 ਰੁਪਏ ਬੱਬੂ ਪ੍ਰਧਾਨ ਵੱਲੋਂ ਅਦਾ ਕਰ ਦਿੱਤਾ। ਮਾਰਕੀਟ ਕਮੇਟੀ ਵੱਲੋਂ ਦਾਇਰ ਮਾਮਲੇ 'ਚ ਦੱਸਿਆ ਕਿ ਬੱਬੂ ਪ੍ਰਧਾਨ ਨੇ ਬਕਾਇਆ 1 ਲੱਖ 71 ਹਜ਼ਾਰ 500 ਦੀ ਰਕਮ ਅਦਾ ਕਰਨ ਵਾਸਤੇ 27 ਫਰਵਰੀ 2018 ਨੂੰ ਆਪਣੇ ਖਾਤੇ ਵਾਲਾ ਡੀ.ਸੀ.ਬੀ. ਬੈਂਕ ਦਾ ਚੈੱਕ ਜਾਰੀ ਕਰ ਦਿੱਤਾ, ਜੋ ਕਿ ਖਾਤੇ ਵਿੱਚ ਪੈਸੇ ਘੱਟ ਹੋਣ ਕਰਕੇ ਬਾਊਂਸ ਹੋ ਗਿਆ। ਇਸ ਉਪਰੰਤ ਮਾਰਕੀਟ ਕਮੇਟੀ ਵੱਲੋਂ ਦਾਇਰ ਮਾਮਲੇ 'ਚ ਬਚਾਅ ਧਿਰ ਦੇ ਵਕੀਲ ਗੌਰਵ ਨੰਦਰਾਯੋਗ ਵੱਲੋਂ ਬੱਬੂ ਪ੍ਰਧਾਨ ਦੀ ਪੈਰਵਾਈ ਕੀਤੀ ਗਈ। ਮਾਮਲੇ ਦੀ ਸੁਣਵਾਈ ਕਰਦੇ ਹੋਏ ਜੁਡੀਸ਼ੀਅਲ ਮੈਜਿਸਟ੍ਰੇਟ ਫ਼ਸਟ ਕਲਾਸ ਫ਼ਿਰੋਜ਼ਪੁਰ ਮੈਡਮ ਨਵਜੀਤਪਾਲ ਕੌਰ ਦੀ ਅਦਾਲਤ ਨੇ ਬੱਬੂ ਪ੍ਰਧਾਨ ਨੂੰ ਬਰੀ ਕਰ ਦਿੱਤਾ।

## ਨੈਸ਼ਨਲ ਐੱਸ ਸੀ ਕਮਿਸ਼ਨ ਦੀ ਟੀਮ ਕਾਨਿਆਂਵਾਲੀ ਪਹੁੰਚੀ

ਸ੍ਰੀ ਮੁਕਤਸਰ ਸਾਹਿਬ (ਪੂਜਾ/ਸ਼ਮਿੰਦਰ)-ਬੀਤੇ ਦਿਨੀਂ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਕਾਨਿਆਂਵਾਲੀ ਵਿਖੇ ਪੁਲਸ ਨਾਲ ਮਾਰਕੁੱਟ ਦੀ ਘਟਨਾ ਦੇ ਮਾਮਲੇ ਵਿੱਚ ਪਿੰਡ ਵਾਸੀਆਂ ਵੱਲੋਂ ਕਿਸਾਨ ਮਜ਼ਦੂਰ ਜਥੇਬੰਦੀਆਂ ਦੇ ਸਹਿਯੋਗ ਨਾਲ ਸੰਘਰਸ਼ ਕੀਤਾ ਜਾ ਰਿਹਾ ਹੈ। ਪਿੰਡ ਦੇ ਦਲਿਤ ਭਾਈਚਾਰੇ ਦੇ ਲੋਕਾਂ ਦਾ ਕਥਿਤ ਦੋਸ਼ ਹੈ ਕਿ ਇਸ ਮਾਮਲੇ ਦੀ ਅਸਲੀਅਤ ਕੁਝ ਹੋਰ ਹੈ। ਪੁਲਸ ਦਲਿਤ ਲੋਕਾਂ ਨੂੰ ਮਾਮਲਾ ਦਰਜ ਕਰ ਪ੍ਰੇਸ਼ਾਨ ਕਰ ਰਹੀ ਹੈ। ਇਸ ਮਾਮਲੇ 'ਚ ਅੱਜ ਨੈਸ਼ਨਲ ਐੱਸ ਸੀ ਕਮਿਸ਼ਨ ਵਿਜੇ ਸਾਂਪਲਾ ਵੱਲੋਂ ਇੱਕ ਟੀਮ ਪਿੰਡ ਕਾਨਿਆਂਵਾਲੀ ਵਿਖੇ ਪਹੁੰਚੀ। ਇਸ ਟੀਮ 'ਚ ਡੀ ਆਈ ਜੀ ਅਵਨੀਤ ਕੌਰ, ਕੁਲਦੀਪ ਸਿੰਘ ਭੰਗੇਵਾਲਾ ਨਿੱਜੀ ਸਹਾਇਕ ਸ਼ਾਮਲ ਸਨ। ਪਿੰਡ ਵਾਸੀਆਂ ਨਾਲ ਮੀਟਿੰਗ ਉਪਰੰਤ ਉਨ੍ਹਾਂ ਕਿਹਾ ਕਿ ਮੌਕੇ ਦਾ ਜਾਇਜ਼ਾ ਲਿਆ ਗਿਆ ਹੈ ਤੇ ਇਸ ਸੰਬੰਧੀ ਅਧਿਕਾਰੀਆਂ ਨਾਲ ਮੀਟਿੰਗ ਉਪਰੰਤ ਰਿਪੋਰਟ ਕਮਿਸ਼ਨ ਨੂੰ ਸੌਂਪੀ ਜਾਵੇਗੀ।

## ਵਿਦਿਆਰਥੀਆਂ ਨੂੰ ਵੱਖ-ਵੱਖ ਗਤੀਵਿਧੀਆਂ ਰਾਹੀਂ ਵਾਤਾਵਰਣ ਸੰਬੰਧੀ ਕੀਤਾ ਜਾਗਰੂਕ

ਧੂਰੀ (ਸੁਖਦੇਵ ਧੂਰੀ)-ਪੰਜਾਬ ਸਰਕਾਰ ਦੇ ਹੁਕਮ ਅਨੁਸਾਰ ਈਕੋ ਕਲੱਬ ਇੰਚਾਰਜ ਦੀਪਕ ਕੁਮਾਰ ਸਾਇੰਸ ਮਾਸਟਰ ਨੇ ਸਰਕਾਰੀ ਮਿਡਲ ਸਕੂਲ ਧਾਂਦਰਾ 'ਚ ਵਿਦਿਆਰਥੀਆਂ ਨੂੰ ਵਾਤਾਵਰਣ ਬਚਾਉਣ ਪ੍ਰਤੀ ਜਾਗਰੂਕ ਕਰਨ ਲਈ 15 ਮਈ 2023 ਤੋਂ ਕ੍ਰਮਵਾਰ ਵਾਤਾਵਰਣ ਸਬੰਧੀ ਕੁਇਜ਼, ਪੇਂਟਿੰਗ ਮੁਕਾਬਲੇ, ਪੌਦੇ ਲਗਾਉਣ ਲਈ ਭਾਈਚਾਰਕ ਸ਼ਮੂਲੀਅਤ, ਨਾਟਕ, ਪਲਾਸਟਿਕ ਦੀ ਵਰਤੋਂ ਘਟਾਉਣ ਲਈ ਸਾਈਕਲ ਰੈਲੀ, ਸਫਾਈ ਮੁਹਿੰਮ, ਊਰਜਾ ਸੁਰੱਖਿਅਣ ਸਬੰਧੀ ਭਾਸ਼ਣ ਮੁਕਾਬਲੇ ਤੇ ਵਾਤਾਵਰਨ ਨੂੰ ਬਚਾਉਣ ਲਈ ਪਲੈਂਜ/ਵਚਨ ਲੈਣਾ ਆਦਿ ਦੀਆਂ ਕ੍ਰਮਵਾਰ ਕਿਰਿਆਵਾਂ ਕਰਵਾਈਆ। ਇਸ ਮੌਕੇ ਦੀਪਕ ਕੁਮਾਰ (ਸਾਇੰਸ ਮਾਸਟਰ) ਨੇ ਦੱਸਿਆ ਕਿ ਕੁਦਰਤੀ ਵਾਤਾਵਰਣ ਨੂੰ ਬਚਾਉਣ ਲਈ ਕਰਵਾਈਆਂ ਗਤੀਵਿਧੀਆਂ ਦਾ ਸਾਰੇ ਵਿਦਿਆਰਥੀਆਂ ਦੇ ਨਾਲ-ਨਾਲ ਮਾਪਿਆਂ ਨੇ ਵੀ ਸਕੂਲ ਦੁਆਰਾ ਕੀਤੀ ਇਸ ਪਹਿਲ ਦਾ ਪੂਰਨ ਸਮਰਥਨ ਕੀਤਾ। ਸਕੂਲ ਇੰਚਾਰਜ ਸਰਬਜੀਤ ਕੌਰ ਤੇ ਸਮੂਹ ਅਧਿਆਪਕਾਂ, ਐੱਸ. ਐੱਮ. ਸੀ. ਮੈਂਬਰਾਂ, ਗ੍ਰਾਮ ਪੰਚਾਇਤ ਧਾਂਦਰਾ ਤੇ ਜੰਗਲਾਤ ਵਿਭਾਗ ਸੰਗਰੂਰ ਨੇ ਇਨ੍ਹਾਂ ਗਤੀਵਿਧੀਆਂ ਦੀ ਖੂਬ ਸਰਾਹਨਾ ਕੀਤੀ ਅਤੇ ਬੱਚਿਆਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ।

## ਈ ਟੀ ਟੀ ਅਧਿਆਪਕ ਯੂਨੀਅਨ ਨੇ ਬੀ ਪੀ ਈ ਓ ਨੂੰ ਦਿੱਤਾ ਮੈਮੋਰੰਡਮ

ਧੂਰੀ (ਸੁਖਦੇਵ ਧੂਰੀ)-ਈ ਟੀ ਟੀ ਅਧਿਆਪਕ ਯੂਨੀਅਨ ਨੇ ਬੀ ਪੀ ਈ ਓ ਧੂਰੀ ਨੂੰ ਆਪਣੀਆਂ ਮੰਗਾਂ ਦੇ ਸਬੰਧ ਵਿੱਚ ਮਿਲਣ ਦਾ ਸਮਾਂ ਲਿਆ ਸੀ, ਪਰ ਬੀ ਪੀ ਈ ਓ ਧੂਰੀ ਦਫਤਰ ਹਾਜ਼ਰ ਨਾ ਹੋਣ ਕਾਰਨ ਜਥੇਬੰਦੀ ਨੇ ਆਪਣੀ ਜੂਨੀਅਰ-ਸੀਨੀਅਰ ਅਨਾਮਲੀ, ਬਕਾਇਆ ਨਾ ਪਾਉਣ ਤੇ ਫੈਮਿਲੀ ਪੈਨਸ਼ਨ ਦੇ ਨੋਟੀਫਿਕੇਸ਼ਨ ਦੀ ਐਂਟਰੀ ਨਾ ਕਰਨ ਦੇ ਮੁੱਦੇ 'ਤੇ ਹੈੱਡ ਕਲਰਕ ਨੂੰ ਮੰਗ-ਪੱਤਰ ਦਿੱਤਾ। ਜ਼ਿਲ੍ਹਾ ਪ੍ਰਧਾਨ ਗੁਰਜੀਤ ਸਿੰਘ ਘਨੌਰ ਤੇ ਸੂਬਾ ਖਜ਼ਾਨਚੀ ਕੁਲਵਿੰਦਰ ਸਿੰਘ ਜਹਾਂਗੀਰ ਵੱਲੋਂ ਬੀ ਪੀ ਈ ਓ ਧੂਰੀ ਨੂੰ ਅਲਟੀਮੇਟਮ ਦਿੱਤਾ ਗਿਆ ਕਿ ਜੇਕਰ ਸਾਡੇ ਮਸਲੇ 7 ਜੂਨ ਤੱਕ ਹੱਲ ਨਾ ਕੀਤੇ ਤਾਂ 8 ਜੂਨ 2023 ਨੂੰ ਦੋਵੇਂ ਬਲਾਕਾਂ ਦੇ ਅਧਿਆਪਕ ਧਰਨੇ 'ਤੇ ਬੈਠਣਗੇ। ਇਸ ਦੀ ਪੂਰੀ ਜ਼ੁੰਮੇਵਾਰੀ ਬੀ ਪੀ ਈ ਓ ਦਫਤਰ ਦੀ ਹੋਵੇਗੀ। ਇਸ ਵਿੱਚ ਦੋਵੇਂ ਬਲਾਕਾਂ ਦੇ ਪ੍ਰਧਾਨ ਜਸਵਿੰਦਰ ਸਿੰਘ ਤੇ ਕੇਵਲ ਸਿੰਘ ਅਲਾਲ, ਮੇਜਰ ਸਿੰਘ, ਅਮਰਜੀਤ ਸਿੰਘ, ਸੁਖਵਿੰਦਰ ਸਿੰਘ, ਅਤੁਲ ਗੁਪਤਾ, ਕਮਲਪਤੀ, ਭਿੰਦਰ ਸਿੰਘ, ਨੰਦ ਕਿਸ਼ੋਰ, ਬਲਜੀਤ ਸਿੰਘ, ਮੈਡਮ ਹਰਪ੍ਰੀਤ ਕੌਰ, ਨਰਿੰਦਰ ਕੌਰ ਤੇ ਸਮੂਹ ਅਧਿਆਪਕ ਸ਼ਾਮਲ ਸਨ।

# ਮੁੱਖ ਮੰਤਰੀ ਗੀਤੀ ਮਾਨ ਨੂੰ ਅਸ਼ੀਰਵਾਦ ਦੇਣ ਪਹੁੰਚੇ



ਚੀਮਾ ਮੰਡੀ, (ਰਵਿੰਦਰ ਚੀਮਾ) -ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਸਬਾ ਵਿਖੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਪ ਸਰਕਾਰ ਦਾ ਮੰਤਵ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣਾ ਹੈ, ਜਿਸ ਤਹਿਤ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਦਿੱਤੇ ਜਾਣਗੇ, ਵਪਾਰੀ ਅਤੇ ਦੁਕਾਨਦਾਰਾਂ ਦੇ ਕਾਰੋਬਾਰ ਵਿੱਚ ਵਾਧਾ ਕਰਨ, ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨਾ ਤੇ ਮਜ਼ਦੂਰਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦਿੱਤੇ ਜਾਣਗੇ ਤੇ ਪੰਜਾਬ ਦੀ ਧਰਤੀ 'ਤੇ ਕਿਸੇ ਦਾ ਵੀ ਹੱਕ ਨਹੀਂ ਮਾਰਿਆ ਜਾਵੇਗਾ ਅਤੇ ਗਰੀਬ ਨੂੰ ਭੁੱਖਾ ਨਹੀਂ ਪੈਣ ਦਿੱਤਾ ਜਾਵੇਗਾ। ਇਥੇ ਉਹ ਮਾਰਕੀਟ ਕਮੇਟੀ ਦੇ ਨਵੇਂ ਬਣੇ ਚੇਅਰਮੈਨ ਦਰਸ਼ਨ ਸਿੰਘ ਉਰਫ਼ ਗੀਤੀ ਮਾਨ ਨੂੰ ਅਸ਼ੀਰਵਾਦ ਦੇਣ ਲਈ ਪਹੁੰਚੇ ਸਨ। ਉਹਨਾ ਕਿਹਾ ਕਿ ਸੰਤ ਅਤਰ ਸਿੰਘ ਜੀ ਦੇ ਵਿੱਦਿਆ ਦੇ ਉਦੇਸ਼ ਨੂੰ ਮੁੱਖ ਰੱਖਦਿਆਂ ਕਸਬੇ ਵਿਖੇ ਹਾਇਰ ਐਜੂਕੇਸ਼ਨ ਦੇ ਅਦਾਰੇ ਖੋਲ੍ਹੇ ਜਾਣਗੇ। ਇੱਥੋਂ ਦੇ ਸਰਕਾਰੀ ਹਸਪਤਾਲ ਦਾ ਬਹੁਤ ਬੁਰਾ ਹਾਲ ਹੈ ਤੇ ਇਸ ਹਸਪਤਾਲ ਨੂੰ ਅੱਪਗਰੇਡ ਕਰਕੇ ਆਧੁਨਿਕ ਬਣਾਇਆ ਜਾਵੇਗਾ, ਤਾਂ ਕਿ ਮਰੀਜ਼ਾਂ ਨੂੰ ਕੋਈ ਸਮੱਸਿਆ ਨਾ ਆਵੇ ਤੇ ਇਸ ਇਲਾਕੇ ਦੇ ਡੇਢ ਦਰਜਨ ਪਿੰਡਾਂ ਨੂੰ ਇਸ ਦਾ ਫਾਇਦਾ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਇਲਾਕੇ ਦੇ ਲੋਕਾਂ ਲਈ ਮੇਰੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਰਹਿਣਗੇ। ਉਨ੍ਹਾਂ ਕਿਹਾ ਕਿ ਬੰਦੇ ਨੂੰ ਆਪਣੀਆਂ ਜੜ੍ਹਾਂ ਨੂੰ ਭੁੱਲਣਾ ਨਹੀਂ ਚਾਹੀਦਾ ਤੇ ਬੰਦਾ ਬੇਸ਼ੱਕ ਅਹੁਦੇ ਪੱਖੋਂ ਕਿੰਨਾ ਵੀ ਵੱਡਾ ਹੋਵੇ, ਪਰ ਉਹ ਆਪਣੇ ਯਾਰਾਂ-ਦੋਸਤਾਂ ਤੋਂ ਵੱਡਾ ਨਹੀਂ ਹੋ ਸਕਦਾ। ਉਨ੍ਹਾ ਕਿਹਾ ਕਿ ਇਸ ਤੋਂ ਪਹਿਲਾਂ ਸਰਕਾਰਾਂ ਚਲਾਉਣ ਵਾਲੇ ਲੀਡਰ ਸਕੇ-ਸਬੰਧੀਆਂ ਨੂੰ ਹੀ ਪਾਲਦੇ ਰਹੇ ਹਨ। ਵਿਰੋਧੀ ਪਾਰਟੀਆਂ ਦੀ ਆਪਸੀ ਸਾਂਝ ਜੱਗ-ਜ਼ਾਹਰ ਹੋ ਚੁੱਕੀ ਹੈ ਤੇ ਲੋਕ ਜੱਫੀਆਂ ਪੈਂਦੀਆਂ ਵੇਖ ਹੀ ਚੁੱਕੇ ਹਨ ਅਤੇ ਲੋਕ ਹੁਣ ਜਾਗਰੂਕ ਹੋ ਚੁੱਕੇ ਹਨ। ਇਸ ਮੌਕੇ ਕੁਲਦੀਪ ਸਿੰਘ, ਬਹਾਦਰ ਸਿੰਘ, ਹਰਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਡਾ. ਰਵਿੰਦਰ ਬਾਂਸਲ ਚੇਅਰਮੈਨ ਮਾਡਰਨ ਕਾਲਜ ਬੀਰ ਕਲਾਂ, ਡਾਕਟਰ ਸੁਰਜੀਤ ਸਿੰਘ, ਲਖਵਿੰਦਰ ਲੱਖੀ, ਬਲਬੀਰ ਸਿੰਘ ਵਿਸਕੀ, ਬਹਾਦਰ ਸਿੰਘ ਐੱਮ ਸੀ ਤੇ ਦੀਪਾ ਸਿੰਘ ਤੋਲਾਵਾਲ ਹਾਜ਼ਰ ਸਨ।

## ਭਾਰਤ ਵਿਕਾਸ ਪ੍ਰੀਸ਼ਦ ਦੇ ਕੰਮ ਪ੍ਰਸੰਸਾਯੋਗ : ਨਰੇਸ਼ ਵੈਦ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਭਾਰਤ ਵਿਕਾਸ ਪ੍ਰੀਸ਼ਦ ਸਰਹਿੰਦ ਵੱਲੋਂ ਲਗਾਏ ਗਏ ਤਿੰਨ ਦਿਨਾਂ ਸਮਰ ਕੈਂਪ ਦੀ ਸਮਾਪਤੀ ਹੋਈ। ਇਸ ਮੌਕੇ ਮੁੱਖ ਮਹਿਮਾਨ ਆਲ ਇੰਡੀਆ ਬੈਂਕ ਇੰਪਲਾਈ ਐਸੋਸੀਏਸ਼ਨ ਦੇ ਜਨਰਲ ਕੌਂਸਲ ਮੈਂਬਰ ਤੇ ਪ੍ਰਸਿੱਧ ਸਮਾਜ ਸੇਵੀ ਨਰੇਸ਼ ਵੈਦ ਨੇ ਸਮਰ ਕੈਂਪ 'ਚ ਹਾਜ਼ਰ ਵਿਦਿਆਰਥੀਆਂ ਨੂੰ ਇਨਾਮ ਵੰਡੇ ਤੇ ਉਨ੍ਹਾਂ ਨੂੰ ਦੇਸ਼ ਸੇਵਾ ਲਈ ਪ੍ਰੇਰਿਆ। ਉਨ੍ਹਾਂ ਭਾਰਤ ਵਿਕਾਸ ਪ੍ਰੀਸ਼ਦ ਦੇ ਸੇਵਾ ਤੇ ਸੰਸਕਾਰ ਪ੍ਰੋਜੈਕਟਾਂ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਪ੍ਰੀਸ਼ਦ ਸਮਾਜ ਤੇ ਦੇਸ਼ ਸੇਵਾ ਲਈ ਜਿਹੜੇ ਕੰਮ ਕਰ ਰਹੀ ਹੈ, ਸਾਡੇ ਸਾਰਿਆਂ ਲਈ ਪ੍ਰੇਰਨਾ ਸਰੋਤ ਹਨ। ਪ੍ਰੀਸ਼ਦ ਵੱਲੋਂ ਇਹ ਤਿੰਨ ਦਿਨਾਂ ਸਮਰ ਕੈਂਪ ਬਿਲਕੁਲ ਮੁਫ਼ਤ ਲਗਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਦੀ ਸ਼ਖ਼ਸੀਅਤ ਨੂੰ ਨਿਖਾਰਨ ਲਈ ਕਿਰਿਆਵਾਂ ਕਰਵਾਈਆਂ ਗਈਆਂ। ਹਰ ਰੋਜ਼ ਰਿਫਰੈਸ਼ਮੈਂਟ ਵੀ ਦਿੱਤੀ ਗਈ।

ਇਸ ਮੌਕੇ ਰੋਹਿਤ ਸ਼ਰਮਾ, ਮਨੀਸ਼ ਵਰਮਾ, ਰਾਜੇਸ਼ ਪ੍ਰਿੰਸ, ਸੁਮੰਤ ਗੁਪਤਾ, ਹਰਸ਼ ਗੁਪਤਾ, ਹਰੀਸ਼ ਜੈਨ, ਦਿਨੇਸ਼ ਕੁਮਾਰ, ਰਾਜੇਸ਼ ਧੀਮਾਨ, ਅਮਿਤ ਚੋਪੜਾ, ਨਿਤਿਨ ਸੂਦ, ਯੋਗੇਸ਼ ਬਿੰਬਰਾ, ਅਰਵਿੰਦ, ਸਤੀਸ਼, ਪਵਨ ਕਾਲੜਾ, ਰਾਜੀਵ, ਅਸ਼ੋਕ ਬੱਤਰਾ, ਸੰਜੀਵ ਸੈਣੀ, ਕਰਨੈਲ ਸਿੰਘ, ਅਸ਼ਵਨੀ, ਸੰਜੇ ਤੇ ਪੂਰਨ ਸਹਿਗਲ ਹਾਜ਼ਰ ਸਨ।

# ਪਿੰਡਾਂ ਨੂੰ ਸ਼ਹਿਰਾਂ ਬਰਾਬਰ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ : ਬੁੱਧ ਰਾਮ

### ਵਿਧਾਇਕ ਵੱਲੋਂ ਜੀਤਗੜ੍ਹ 'ਚ 15 ਲੱਖ ਦੀ ਲਾਗਤ ਨਾਲ ਸੀਵਰੇਜ ਲਾਈਨ ਪਾਉਣ ਦੇ ਕੰਮ ਦੀ ਸ਼ੁਰੂਆਤ



ਬਰੇਟਾ/ਬੁਢਲਾਡਾ (ਗੋਬਿੰਦ ਸ਼ਰਮਾ/ਅਸ਼ੋਕ ਲਾਕੜਾ)-ਹਲਕਾ ਬੁਢਲਾਡਾ ਦੇ ਪਿੰਡਾਂ ਨੂੰ ਸ਼ਹਿਰਾਂ ਦੀ ਤਰਜ਼ ਦੇ ਹਰੇਕ ਲੋੜੀਂਦੀ ਸੁਵਿਧਾ ਮੁਹੱਈਆ ਕਰਵਾਉਣ ਲਈ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ, ਤਾਂ ਜੋ ਪਿੰਡਾਂ ਤੇ ਸ਼ਹਿਰਾਂ ਦੇ ਪਾੜੇ ਨੂੰ ਖਤਮ ਕੀਤਾ ਜਾ ਸਕੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਬੁਢਲਾਡਾ ਪ੍ਰਿੰਸੀਪਲ ਬੁੱਧ ਰਾਮ ਨੇ ਪਿੰਡ ਜੀਤਗੜ੍ਹ (ਬੱਛੋਆਣਾ) 'ਚ ਸੀਵਰੇਜ ਪਾਈਪ ਲਾਈਨ ਪਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਉਣ ਮੌਕੇ ਕੀਤਾ। ਵਿਧਾਇਕ ਬੁੱਧ ਰਾਮ ਨੇ ਦੱਸਿਆ ਕਿ ਪਿੰਡ ਅੰਦਰ ਪੈਣ ਵਾਲੀ ਸੀਵਰੇਜ ਪਾਈਪ ਲਾਈਨ ਕਰੀਬ ਇਕ ਕਿਲੋਮੀਟਰ ਲੰਮੀ ਹੈ, ਜਿਸ 'ਤੇ 15 ਲੱਖ ਰੁਪਏ ਖਰਚ ਕੀਤਾ ਜਾਵੇਗਾ। ਉਨ੍ਹਾ ਦੱਸਿਆ ਕਿ ਪਾਈਪ ਲਾਈਨ ਦਾ ਕੰਮ ਮੁਕੰਮਲ ਹੋਣ ਨਾਲ ਜੀਤਗੜ੍ਹ (ਬੱਛੋਆਣਾ) ਦੇ ਵਸਨੀਕਾਂ ਨੂੰ ਜਿੱਥੇ ਵੱਡਾ ਲਾਭ ਹੋਵੇਗਾ, ਉਥੇ ਸਕੂਲ ਦੇ ਸੀਵਰੇਜ ਸਿਸਟਮ ਦਾ ਪੱਕੇ ਤੌਰ 'ਤੇ ਹੱਲ ਹੋ ਜਾਵੇਗਾ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਪੇਂਡੂ ਤੇ ਸ਼ਹਿਰੀ ਖੇਤਰ ਦੇ ਲੋਕਾਂ ਨੂੰ ਲੋੜੀਂਦੀਆਂ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

ਇਸ ਮੌਕੇ ਪਿੰਡ ਬੱਛੋਆਣਾ ਦੇ ਆਮ ਆਦਮੀ ਪਾਰਟੀ ਦੇ ਇਕਾਈ ਪ੍ਰਧਾਨ ਮੇਜਰ ਸਿੰਘ, ਹਰਵਿੰਦਰ ਸਿੰਘ ਸੇਖੋਂ, ਬਲਵਿੰਦਰ ਸਿੰਘ ਰਿੰਕੂ, ਬਲਦੀਪ ਸਿੰਘ, ਅਜੈਬ ਸਿੰਘ, ਮੱਖਣ ਸਿੰਘ, ਅਮਨ ਸਿੰਘ, ਬੱਗਾ ਸਿੰਘ, ਨੰਬਰਦਾਰ ਪੱਪੂ ਸਿੰਘ, ਸ਼ੀਰਾ ਸਿੰਘ, ਦਰਸ਼ਨ ਸਿੰਘ, ਗੁਲਾਬ ਸਿੰਘ, ਮਿੱਠੂ ਸਿੰਘ ਤੋਂ ਇਲਾਵਾ ਚਰਨਜੀਤ ਕੌਰ ਸਰਪੰਚ ਦੇ ਪਤੀ ਨਾਜ਼ਮ ਸਿੰਘ, ਆਮ ਆਦਮੀ ਪਾਰਟੀ ਦੇ ਯੂਥ ਵਿੰਗ ਦੇ ਮੀਤ ਪ੍ਰਧਾਨ ਰਮਨ ਸਿੰਘ ਗੁੜੱਦੀ, ਪੰਚਾਇਤ ਵਿਭਾਗ ਦੇ ਅਧਿਕਾਰੀ ਤੇ ਪਿੰਡ ਵਾਸੀ ਹਾਜ਼ਰ ਰਹੇ।

# ਸਫ਼ਾਈ ਸੇਵਕਾ ਅਨੂ ਬਾਲਾ ਵਧੀਆ ਸੇਵਾਵਾਂ ਬਦਲੇ ਸਨਮਾਨਤ



ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਨਗਰ ਕੌਂਸਲ ਵਿਚ ਲਗਾਤਾਰ 20 ਸਾਲ ਸਫ਼ਾਈ ਸੇਵਕ ਵਜੋਂ ਸੇਵਾਵਾਂ ਦੇਣ ਲਈ ਬੀਬੀ ਅਨੂ ਬਾਲਾ ਨੂੰ ਵਧੀਆ ਸੇਵਾਵਾਂ ਬਦਲੇ ਸਨਮਾਨਤ ਕੀਤਾ ਗਿਆ। ਨਗਰ ਕੌਂਸਲ ਦਫ਼ਤਰ ਵਿਖੇ ਕਰਵਾਏ ਗਏ ਸਮਾਰੋਹ ਦੌਰਾਨ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਸਨਮਾਨਤ ਕਰਦਿਆਂ ਕਿਹਾ ਕਿ ਸਾਬਕਾ ਕੌਂਸਲਰ ਮੰਗਤ ਰਾਏ ਦੀ ਪਤਨੀ ਬੀਬੀ ਅਨੂ ਬਾਲਾ ਨੇ ਆਪਣੀ ਡਿਊਟੀ ਹਮੇਸ਼ਾ ਈਮਾਨਦਾਰੀ ਤੇ ਤਨਦੇਹੀ ਨਾਲ ਨਿਭਾਈ। ਇਸ ਮੌਕੇ ਸਾਬਕਾ ਪ੍ਰਧਾਨ ਉਜਾਗਰ ਸਿੰਘ ਬੈਨੀਪਾਲ, ਸ਼ੈਲਰ ਐਸੋ. ਦੇ ਪ੍ਰਧਾਨ ਰੁਪਿੰਦਰ ਸਿੰਘ ਬੈਨੀਪਾਲ, ਸੁਖਵਿੰਦਰ ਸਿੰਘ ਗਿੱਲ ਪੀ ਏ, ਜਗਮੀਤ ਸਿੰਘ ਮੱਕੜ, ਅਕਾਊਂਟੈਂਟ ਸੰਜੀਵ ਕੁਮਾਰ, ਮੇਜਰ ਸਿੰਘ, ਸੁਖਵਿੰਦਰ ਸਿੰਘ, ਸੁਖਦੇਵ ਸਿੰਘ ਬਿੱਟੂ, ਰੋਹਿਤ ਜੈਨ, ਰਾਜ ਕੁਮਾਰ, ਜਗਵੀਰ ਸਿੰਘ, ਦੀਪਕ ਸ਼ਰਮਾ, ਭੁਪਿੰਦਰ ਸਿੰਘ, ਧਰਮਵੀਰ, ਪਵਨ ਕੁਮਾਰ ਬਾਲੀ, ਰਵੀ ਕੁਮਾਰ ਬਾਲੀ, ਸਤਪਾਲ ਪਾਮੇ, ਸੰਜੀਵ ਬੱਗਣ, ਜਤਿੰਦਰ ਬਾਲੀ, ਮੰਗਤ ਰਾਏ ਪਾਮੇ, ਸ਼ਿਵ ਕੁਮਾਰ ਬਾਲੀ, ਸੁਰਿੰਦਰ ਬਾਲੀ, ਇੰਸਪੈਕਟਰ ਰਮੇਸ਼ ਕੰਡਾਰਾ, ਰਵਿੰਦਰ ਕੁਮਾਰ, ਸੁਖਦਰਸ਼ਨ ਲਾਲ, ਸੰਜੀਵ ਕੁਮਾਰ ਪਾਮੇ, ਪਾਰਸ ਬਾਲੀ, ਸਰਬਜੀਤ ਸਿੰਘ, ਟੋਨੀ ਪਾਮੇ, ਅਸ਼ੋਕ ਬੱਗਣ, ਰਮਨਦੀਪ ਬਾਲੀ, ਸਰਾਜ ਕੁਮਾਰ, ਰਾਕੇਸ਼ ਵੈਦ, ਭੂਸ਼ਣ ਲਾਲ ਬਾਲੀ, ਰਾਕੇਸ਼ ਪਾਮੇ, ਦੇਵਕੀ ਨੰਦਨ, ਲਾਲੀ ਵੈਦ, ਗੌਰਵ ਬਾਲੀ, ਅਜੈ ਕੁਮਾਰ, ਗਗਨਦੀਪ ਸਿੰਘ, ਕ੍ਰਿਸ਼ਨ ਕੁਮਾਰ ਘੋਲਾ, ਗੀਤਾ ਰਾਣੀ, ਅਨੀਤਾ ਮੱਟੂ, ਸੀਮਾ ਰਾਣੀ, ਸ਼ਾਲੂ ਰਾਣੀ, ਮਮਤਾ ਪਾਮੇ, ਪਰਮਜੀਤ ਕੌਰ, ਮਨਜੀਤ ਕੌਰ, ਕਵਿਤਾ ਰਾਣੀ, ਰਾਖੀ ਸਹੋਤਾ ਆਦਿ ਮੌਜੂਦ ਸਨ।

## ਦਲਬੀਰ ਕੁਮਾਰ ਨੇ ਡਿਪਟੀ ਡਾਇਰੈਕਟਰ ਡੇਅਰੀ ਦਾ ਵਾਧੂ ਚਾਰਜ ਸੰਭਾਲਿਆ

ਫ਼ਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)-ਡੇਅਰੀ ਵਿਕਾਸ ਅਫਸਰ ਬੀਜਾ ਤੇ ਡਿਪਟੀ ਡਾਇਰੈਕਟਰ ਡੇਅਰੀ ਲੁਧਿਆਣਾ ਸ੍ਰੀ ਦਲਬੀਰ ਕੁਮਾਰ ਨੇ ਡਿਪਟੀ ਡਾਇਰੈਕਟਰ ਡੇਅਰੀ ਫ਼ਤਹਿਗੜ੍ਹ ਸਾਹਿਬ ਦਾ ਵਾਧੂ ਚਾਰਜ ਸੰਭਾਲ ਲਿਆ ਹੈ। ਇਸ ਮੌਕੇ ਉਨ੍ਹਾ ਦੁੱਧ ਉਤਪਾਦਕਾਂ ਨੂੰ ਅਪੀਲ ਕੀਤੀ ਕਿ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਵੱਧ ਤੋਂ ਵੱਧ ਲਾਹਾ ਲੈਣ। ਉਨ੍ਹਾ ਕਿਹਾ ਕਿ ਦੁੱਧ ਉਤਪਾਦਕ ਕਿਸੇ ਵੀ ਕੰਮ ਲਈ ਬਿਨਾਂ ਕਿਸੇ ਹਿਚਕਚਾਹਟ ਤੋਂ ਉਨ੍ਹਾ ਨਾਲ ਸੰਪਰਕ ਕਰ ਸਕਦੇ ਹਨ ਤੇ ਆਪਣਾ ਡੇਅਰੀ ਯੂਨਿਟ ਬਣਾ ਸਕਦੇ ਹਨ। ਉਨ੍ਹਾ ਦੱਸਿਆ ਕਿ ਵਿਭਾਗ ਵੱਲੋਂ ਪਸ਼ੂਆਂ ਦੇ ਯੂਨਿਟ ਬਣਾਏ ਜਾ ਰਹੇ ਹਨ ਤੇ ਉਨ੍ਹਾਂ ਉੱਪਰ ਸਬਸਿਡੀ ਦਿੱਤੀ ਜਾ ਰਹੀ ਹੈ, ਜਿਸ ਵਿੱਚ ਜਨਰਲ ਜਾਤੀ ਨੂੰ 25 ਪ੍ਰਤੀਸ਼ਤ ਤੇ ਅਨੁ. ਜਾਤੀ ਦੇ ਲਾਭਪਾਤਰੀਆਂ ਨੂੰ 33 ਪ੍ਰਤੀਸ਼ਤ ਸਬਸਿਡੀ ਦਿੱਤੀ ਜਾਂਦੀ ਹੈ। ਉਨ੍ਹਾ ਦੱਸਿਆ ਕਿ ਦੁੱਧ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਸ਼ਹਿਰਾਂ 'ਚ ਦੁੱਧ ਖਪਤਕਾਰ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਇਸ ਮੌਕੇ ਸੋਹਣ ਸਿੰਘ ਕਲਰਕ, ਹਰਿੰਦਰ ਸਿੰਘ ਸਟੈਨੋ, ਹਰਵਿੰਦਰ ਸਿੰਘ ਕਲਰਕ ਲੁਧਿਆਣਾ, ਜਗਮਨ ਸਿੰਘ ਲੈਬ ਇੰਨਚਾਰਜ, ਜਗਦੀਪ ਸਿੰਘ ਡਰਾਈਵਰ ਹਾਜ਼ਰ ਸਨ।

## ਵਿਸ਼ਵ ਸਾਈਕਲ ਦਿਵਸ ਮੌਕੇ ਸਿਹਤ ਸੰਸਥਾਵਾਂ 'ਚ ਮੁਲਾਜ਼ਮ ਸਾਈਕਲਾਂ 'ਤੇ ਆਏ




ਸੰਗਰੂਰ, (ਪ੍ਰਵੀਨ ਸਿੰਘ)-ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ 'ਵਿਸ਼ਵ ਸਾਇਕਲ ਦਿਵਸ' ਮੌਕੇ ਜ਼ਿਲ੍ਹੇ ਅਧੀਨ ਵੱਖ ਵੱਖ ਸਿਹਤ ਸੰਸਥਾਵਾਂ ਵਿਖੇ ਮੁਲਾਜ਼ਮ ਸਾਈਕਲ ਚਲਾ ਕੇ ਆਪਣੀ ਡਿਊਟੀ 'ਤੇ ਆਏ ਤੇ ਸਾਈਕਲ ਰੈਲੀਆਂ ਕੱਢੀਆਂ ਗਈਆਂ। ਇਸ ਮੌਕੇ ਸਿਵਲ ਸਰਜਨ ਡਾ. ਪਰਮਿੰਦਰ ਕੌਰ ਨੇ ਕਿਹਾ ਕਿ 'ਸਿਹਤ ਲਈ ਸਾਈਕਲ' ਥੀਮ ਅਧੀਨ ਜ਼ਿਲ੍ਹੇ ਦੇ ਸਿਹਤ ਤੇ ਤੰਦਰੁਸਤੀ ਕੇਂਦਰਾਂ ਵਿਖੇ ਸਾਈਕਲਿੰਗ ਦੀ ਮਹੱਤਤਾ ਸਬੰਧੀ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਸਾਈਕਲ ਰੈਲੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਗੈਰ-ਸੰਚਾਰੀ ਬਿਮਾਰੀਆਂ ਜਿਵੇਂ ਸ਼ੂਗਰ, ਹਾਇਪਰਟੈਂਸ਼ਨ, ਦਿਲ ਦੀਆਂ ਬਿਮਾਰੀਆਂ ਦੇ ਮਰੀਜ਼ਾਂ ਦੀ ਗਿਣਤੀ ਕਾਫੀ ਵਧ ਚੁੱਕੀ ਹੈ, ਜਿਸ ਦਾ ਮੁੱਖ ਕਾਰਨ ਸਰੀਰਕ ਕਸਰਤ ਦੀ ਘਾਟ ਹੈ। ਉਨ੍ਹਾਂ ਕਿਹਾ ਕਿ ਜੇ ਇਨਸਾਨ ਰੋਜ਼ਾਨਾ ਕਸਰਤ ਕਰੇ ਤਾਂ ਗੈਰ ਸੰਚਾਰੀ ਬਿਮਾਰੀਆਂ ਦਾ ਖਤਰਾ ਨਾ ਸਿਰਫ ਘਟ ਜਾਂਦਾ ਹੈ, ਸਗੋਂ ਕਸਰਤ ਨਾਲ ਇਨ੍ਹਾਂ ਬਿਮਾਰੀਆਂ ਦੇ ਮਰੀਜ਼ ਤੰਦਰੁਸਤ ਤੇ ਸਿਹਤਮੰਦ ਜੀਵਨ ਜਿਉਂਦੇ ਹਨ। ਉਨ੍ਹਾਂ ਕਿਹਾ ਕਿ ਇਸ ਲਈ ਜ਼ਰੂਰੀ ਹੈ ਕਿ ਸਾਈਕਲ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਂਦਿਆਂ ਹੋਰ ਵਾਹਨਾਂ ਦੀ ਥਾਂ ਵੱਧ ਤੋਂ ਵੱਧ ਸਾਈਕਲ ਦੀ ਵਰਤੋਂ ਕੀਤੀ ਜਾਵੇ। ਇਸ ਮੌਕੇ ਜ਼ਿਲ੍ਹਾ ਸਿਹਤ ਅਫਸਰ ਡਾ. ਬਲਜੀਤ ਸਿੰਘ, ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਅੰਜੂ ਸਿਗਲਾ ਸਮੇਤ ਹੋਰ ਅਧਿਕਾਰੀ ਤੇ ਮੁਲਾਜ਼ਮ ਹਾਜ਼ਰ ਸਨ।

## ਮੈਰਿਜ ਪੈਲੇਸਾਂ 'ਚ ਅਸਲਾ ਲਿਜਾਣ 'ਤੇ ਪਾਬੰਦੀ

ਬਰੇਟਾ, (ਗੋਬਿੰਦ ਸ਼ਰਮਾ)-ਜ਼ਿਲ੍ਹਾ ਮੈਜਿਸਟਰੇਟ ਸ੍ਰੀ ਟੀ. ਬੈਨਿਥ ਨੇ ਫੌਜ਼ਦਾਰੀ ਜ਼ਾਬਤਾ ਸੰਘਤਾ 1973 ਦੀ ਧਾਰਾ 144 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਦੇ ਮੈਰਿਜ ਪੈਲੇਸਾਂ 'ਚ ਲਾਇਸੰਸੀ ਅਸਲਾ ਲੈ ਕੇ ਆਉਣ 'ਤੇ ਮੁਕੰਮਲ ਪਾਬੰਦੀ ਲਗਾਈ ਹੈ। ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਵਿਆਹ ਸ਼ਾਦੀਆਂ ਸਮੇਂ ਮੈਰਿਜ ਪੈਲੇਸਾਂ ਵਿੱਚ ਕੁਝ ਲੋਕ ਆਪਣਾ ਲਾਇਸੰਸੀ ਅਸਲਾ ਨਾਲ ਲੈ ਕੇ ਜਾਂਦੇ ਹਨ ਤੇ ਸਮਾਗਮਾਂ ਵਿੱਚ ਸ਼ਰਾਬ ਆਦਿ ਪੀ ਕੇ ਇੱਕ ਦੂਜੇ ਵਿਅਕਤੀ ਤੋਂ ਹਥਿਆਰ ਖੋਹ ਕੇ ਸਟੇਜ 'ਤੇ ਭੰਗੜਾ ਪਾਉਂਦੇ ਸਮੇਂ ਫਾਇਰ ਕਰਦੇ ਹਨ, ਜੋ ਪੈਲੇਸ ਵਿੱਚ ਮੌਜੂਦ ਲੋਕਾਂ ਦੀ ਜਾਨ ਦਾ ਖਤਰਾ ਬਣ ਜਾਂਦੇ ਹਨ, ਅਜਿਹੀਆਂ ਘਟਨਾਵਾਂ ਵਿੱਚ ਕਈ ਲੋਕ ਆਪਣੀ ਜਾਨ ਗੁਆ ਚੁੱਕੇ ਹਨ। ਇਹ ਹੁਕਮ 31 ਜੁਲਾਈ 2023 ਤੱਕ ਲਾਗੂ ਰਹੇਗਾ।

## ਮਹਾਰਾਜਾ ਰਣਜੀਤ ਸਿੰਘ ਕਾਲਜ 'ਚ ਵੱਖ-ਵੱਖ ਗਤੀਵਿਧੀਆਂ




ਮਲੋਟ, (ਗੁਰਮੀਤ ਸਿੰਘ ਮੱਕੜ) : ਸਥਾਨਕ ਮਹਾਰਾਜਾ ਰਣਜੀਤ ਸਿੰਘ ਕਾਲਜ ਦੇ ਐੱਨ.ਸੀ.ਸੀ. ਕੈਡਿਟ ਵੱਲੋਂ 6 ਪੰਜਾਬ ਗਰਲਜ਼ ਬਟਾਲੀਅਨ ਮਲੋਟ ਦੇ ਕਮਾਂਡਿੰਗ ਅਫ਼ਸਰ ਕਰਨਲ ਰਣਬੀਰ ਸਿੰਘ ਤੇ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਸਿੰਘ ਸੇਖੋਂ ਦੀ ਅਗਵਾਈ ਹੇਠ ਵਿਸ਼ਵ ਵਾਤਾਵਰਣ ਦਿਵਸ ਮਨਾਉਂਦੇ ਹੋਏ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਇਹ ਗਤੀਵਿਧੀਆਂ ਪੁਨੀਤ ਸਾਗਰ ਤਹਿਤ ਸਮਾਪਤ ਹੋਈਆਂ। ਸੀ.ਟੀ.ਓ. ਸ਼ਰਨਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਐੱਨ.ਸੀ.ਸੀ. ਕੈਡਿਟਾਂ ਨੇ ਪਾਣੀ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਸੁਨੇਹਾ ਦਿੰਦਿਆਂ ਦਾਨੇਵਾਲਾ ਪਿੰਡ ਦੇ ਛੱਪੜ ਦੀ ਸਫਾਈ ਵੀ ਕੀਤੀ ਤੇ ਨਾਲ ਹੀ ਦੂਸ਼ਿਤ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਤੋਂ ਜਾਗਰੂਕ ਕੀਤਾ। ਇਸ ਕਾਰਜ ਵਿੱਚ ਕਾਲਜ ਕੈਡਿਟਾਂ ਨੇ ਹਿੱਸਾ ਲਿਆ। ਇਸ ਮੌਕੇ ਸੂਬੇਦਾਰ ਮੇਜਰ ਰਮੇਸ਼ ਚੰਦਰ, ਸੂਬੇਦਾਰ ਏ. ਕੇ. ਸਿੰਘ, ਸੂਬੇਦਾਰ ਸ਼ਬੀਰ ਅਹਿਮਦ, ਬੀ. ਐੱਚ. ਮਨਜੀਤ ਸਿੰਘ, ਹੌਲਦਾਰ ਮੁਹੰਮਦ ਯੂਨਿਸ, ਨਾਇਕ ਨਵੀਨ ਸਿੰਘ, ਹੌਲਦਾਰ ਅਜੈ ਤੇ ਸਮੂਹ ਪੀ.ਆਈ ਸਟਾਫ਼ ਸ਼ਾਮਲ ਸੀ। ਕਾਲਜ ਮੈਨੇਜਮੈਂਟ ਦੇ ਚੇਅਰਮੈਨ ਮਨਦੀਪ ਸਿੰਘ ਬਰਾੜ, ਜਰਨਲ ਸਕੱਤਰ ਲਖਵਿੰਦਰ ਸਿੰਘ ਰੋਹੀਵਾਲਾ, ਸਕੱਤਰ ਪਿਰਤਪਾਲ ਸਿੰਘ ਗਿੱਲ, ਖ਼ਜ਼ਾਨਚੀ ਦਲਜਿੰਦਰ ਸਿੰਘ ਸੰਧੂ ਨੇ ਇਸ ਸਮਾਜਿਕ ਸੁਨੇਹੇ ਲਈ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਅਗਾਊਂ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਕਾਰਜਸ਼ੀਲ ਰਹਿਣ ਲਈ ਪ੍ਰੇਰਿਆ।

# ਮਹਾਂ ਸੰਪਰਕ ਅਭਿਆਨ 30 ਤੱਕ : ਰਾਕੇਸ਼ ਜੈਨ



ਬਰੇਟਾ (ਗੋਬਿੰਦ ਸ਼ਰਮਾ)-ਭਾਰਤੀ ਜਨਤਾ ਪਾਰਟੀ ਮੰਡਲ ਬਰੇਟਾ ਦੀ ਕਾਰਜਕਰਨੀ ਦੀ ਮੀਟਿੰਗ ਸਥਾਨਕ ਬਾਬਾ ਸੁਭਨਾ ਵਾਲੇ ਭਵਨ ਵਿੱਚ ਹੋਈ, ਜਿਸ ਦੀ ਪ੍ਰਧਾਨਗੀ ਮੰਡਲ ਪ੍ਰਧਾਨ ਗਗਨਦੀਪ ਸ਼ਰਮਾ ਨੇ ਕੀਤੀ। ਇਸ ਮੀਟਿੰਗ 'ਚ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਪ੍ਰਧਾਨ ਰਾਕੇਸ਼ ਜੈਨ ਪੁੱਜੇ। ਇਸ ਮੌਕੇ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਰਾਕੇਸ਼ ਜੈਨ ਨੇ ਕਿਹਾ ਕਿ ਕੇਂਦਰ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇ 9 ਸਾਲ ਪੂਰੇ ਹੋਣ 'ਤੇ ਪਾਰਟੀ ਵੱਲੋਂ ਮਹਾਂ ਸੰਪਰਕ ਅਭਿਆਨ ਚਲਾਇਆ ਜਾ ਰਿਹਾ ਹੈ, ਜਿਸ ਵਿੱਚ 1 ਜੂਨ ਤੋਂ 30 ਜੂਨ ਤੱਕ ਵੱਖ ਵੱਖ ਪ੍ਰੋਗਰਾਮ ਉਲੀਕੇ ਗਏ ਹਨ। ਉਨ੍ਹਾ ਕਿਹਾ ਕਿ ਇਸ ਅਭਿਆਨ ਦੌਰਾਨ ਲੋਕਾਂ ਨੂੰ ਕੇਂਦਰ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਕੀਮਾਂ ਤੋਂ ਜਾਣੂ ਕਰਵਾਇਆ ਜਾਵੇਗਾ ਤੇ ਇਸ ਅਭਿਆਨ ਨੂੰ ਬੂਥ ਪੱਧਰ ਤੱਕ ਲਜਾਇਆ ਜਾਵੇਗਾ। ਇਸ ਮੌਕੇ ਮੰਡਲ ਪ੍ਰਧਾਨ ਗਗਨਦੀਪ ਸ਼ਰਮਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਵਿਸ਼ਵਾਸ ਦਿਵਾਇਆ ਕਿ ਉਹ ਇਸ ਅਭਿਆਨ ਨੂੰ ਪਿੰਡਾਂ ਤੱਕ ਲੈ ਕੇ ਜਾਣਗੇ।

ਇਸ ਮੌਕੇ ਸੀਨੀਅਰ ਭਾਜਪਾ ਆਗੂ ਸੂਰਜ ਪ੍ਰਕਾਸ਼, ਦਲਜੀਤ ਦਰਸ਼ੀ, ਬਲਾਕ ਸੰਮਤੀ ਦੇ ਸਾਬਕਾ ਉੱਪ-ਚੇਅਰਮੈਨ ਪ੍ਰੇਮ ਕੁਮਾਰ ਬਖਸ਼ੀਵਾਲਾ, ਅਸ਼ੋਕ ਕੁਮਾਰ ਗੋਰਾ, ਸਾਗਰ ਸਿੰਘ, ਰਿਸ਼ੂ ਜਿੰਦਲ, ਨਰਿੰਦਰ ਕੁਮਾਰ, ਸੁਭਾਸ਼ ਕੁਮਾਰ, ਤਰਸੇਮ ਚੰਦ ਟੋਨੀ, ਕਾਲਾ ਰਾਮ, ਡਿੰਪਲ ਸ਼ਰਮਾ, ਅਸ਼ੋਕ ਕੁਮਾਰ ਕਾਲੀ, ਭੁਪਿੰਦਰ ਸ਼ਰਮਾ, ਗਰੀਬ ਸਿੰਘ ਜੁਗਲਾਣ ਹਾਜ਼ਰ ਸਨ।

...ਸਫ਼ਾ 5 ਦੇ ਬਾਕੀ

### ਮਰਨ ਵਾਲਿਆਂ ਦੀ...

ਆਰ ਐੱਫ ਦੀਆਂ 9 ਟੀਮਾਂ 'ਚ ਕਰੀਬ 300 ਤੋਂ ਜ਼ਿਆਦਾ ਜਵਾਨਾਂ ਨੇ ਹੋਰ ਏਜੰਸੀਆਂ ਨਾਲ ਮਿਲ ਕੇ ਰੈਸਕਿਊ ਅਪਰੇਸ਼ਨ ਨੂੰ ਪੂਰਾ ਕੀਤਾ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਹਾਦਸੇ 'ਚ ਜਾਨ ਗਵਾਉਣ ਵਾਲੇ ਲੋਕਾਂ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਡੀਸ਼ਾ ਦੇ ਬਾਲਾਸੋਰ 'ਚ ਹੋਏ ਰੇਲ ਹਾਦਸੇ ਦੀ ਮੰਦਭਾਗੀ ਖਬਰ ਸੁਣ ਕੇ ਬਹੁਤ ਦੁੱਖ ਹੋਇਆ। ਹਾਦਸੇ 'ਚ ਸੈਂਕੜੇ ਲੋਕਾਂ ਦੀ ਜਾਨ ਚਲੀ ਗਈ। ਦੁਖੀ ਪਰਵਾਰਾਂ ਪ੍ਰਤੀ ਮੇਰੀ ਡੂੰਘੀ ਸੰਵੇਦਨਾ ਹੈ। ਮੈਂ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਹਾਦਸੇ 'ਚ ਜ਼ਖ਼ਮੀ ਹੋਏ ਲੋਕ ਜਲਦੀ ਠੀਕ ਹੋ ਜਾਣ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸ਼ਨੀਵਾਰ ਨੂੰ ਰਾਹਤ ਅਤੇ ਬਹਾਲੀ ਦੇ ਕੰਮਾਂ ਦਾ ਜਾਇਜ਼ਾ ਲਿਆ। ਉਨ੍ਹਾ ਮੌਕੇ ਤੋਂ ਹੀ ਹੈੱਲਥ ਸੈਕਟਰੀ ਨੂੰ ਫੋਨ ਮਿਲਾ ਕੇ ਦਿਸ਼ਾ-ਨਿਰਦੇਸ਼ ਦਿੱਤੇ। ਘਟਨਾ ਸਥਾਨ ਦਾ ਜਾਇਜ਼ਾ ਲੈਣ ਤੋਂ ਬਾਅਦ ਪ੍ਰਧਾਨ ਮੰਤਰੀ ਜ਼ਖ਼ਮੀਆਂ ਨੂੰ ਮਿਲਣ ਲਈ ਬਾਲਾਸੋਰ ਜ਼ਿਲ੍ਹਾ ਹਸਪਤਾਲ 'ਚ ਗਏ। ਜ਼ਖ਼ਮੀਆਂ ਤੋਂ ਮਿਲਣ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਕਿਹਾ, 'ਇਹ ਦਰਦਨਾਕ ਘਟਨਾ ਹੈ। ਸਰਕਾਰ ਜ਼ਖ਼ਮੀਆਂ ਦੇ ਇਲਾਜ ਲਈ ਕੋਈ ਕਸਰ ਨਹੀਂ ਛੱਡੇਗੀ। ਇਹ ਗੰਭੀਰ ਘਟਨਾ ਹੈ, ਹਰ ਐਂਗਲ ਤੋਂ ਜਾਂਚ ਦੇ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ। ਦੋਸ਼ੀ ਪਾਏ ਜਾਣ ਵਾਲਿਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ।' ਸ਼ੁਰੂਆਤੀ ਰਿਪੋਰਟ ਮੁਤਾਬਕ ਬਹਾਨਗਾ ਬਾਜ਼ਾਰ ਸਟੇਸ਼ਨ 'ਤੇ ਸਿਗਨਲ ਨੂੰ ਲੈ ਕੇ ਮਨੁੱਖੀ ਗਲਤੀ ਨੂੰ ਇਸ ਹਾਦਸੇ ਦਾ ਕਾਰਨ ਦੱਸਿਆ ਜਾ ਰਿਹਾ ਹੈ। ਘਟਨਾ ਸਥਾਨ ਦੀ ਜਾਂਚ ਕਰਨ ਤੋਂ ਬਾਅਦ ਚਾਰ ਸੀਨੀਅਰ ਅਧਿਕਾਰੀਆਂ ਨੇ ਹਾਦਸੇ ਨੂੰ ਲੈ ਕੇ ਰਿਪੋਰਟ ਤਿਆਰ ਕੀਤੀ ਹੈ। ਇਸ ਰਿਪੋਰਟ 'ਚ ਕਿਹਾ ਗਿਆ ਕਿ ਗੌਰ ਨਾਲ ਜਾਂਚ ਕਰਨ ਤੋਂ ਬਾਅਦ ਅਸੀਂ ਨਤੀਜੇ 'ਤੇ ਪਹੁੰਚੇ ਹਾਂ ਕਿ 12841 ਕੋਰੋਮੰਡਲ ਐੱਕਸਪ੍ਰੈੱਸ ਨੂੰ ਮੇਨ ਲਾਈਨ ਲਈ ਸਿਗਨਲ ਦਿੱਤਾ ਗਿਆ। ਹਾਲਾਂਕਿ ਤੁਰੰਤ ਬਾਅਦ ਹੀ ਸਿਗਨਲ ਵਾਪਸ ਲੈ ਲਿਆ ਗਿਆ। ਕੋਰੋਮੰਡਲ ਐੱਕਸਪ੍ਰੈੱਸ ਨੂੰ ਮੇਨ ਲਾਈਨ 'ਤੇ ਜਾਣ ਦਾ ਸਿੰਗਨਲ ਸੀ, ਪਰ ਉਹ ਮੇਨ ਲਾਈਨ 'ਤੇ ਜਾਣ ਦੀ ਬਜਾਏ ਲੂਪ ਲਾਈਨ 'ਤੇ ਚਲੀ ਗਈ। ਲੂਪ ਲਾਈਨ 'ਤੇ ਪਹਿਲਾਂ ਹੀ ਮਾਲ ਗੱਡੀ ਖੜ੍ਹੀ ਹੋਣ ਕਾਰਨ ਹਾਦਸਾ ਹੋ ਗਿਆ। ਰੇਲ ਗੱਡੀ ਪਲਟ ਗਈ ਤੇ ਦੂਜੀ ਲਾਈਨ 'ਤੇ ਡੱਬੇ ਡਿੱਗ ਗਏ। ਬਾਅਦ 'ਚ ਇਸੇ ਲਾਈਨ 'ਤੇ ਯਸ਼ਵੰਤਪੁਰ ਐੱਕਸਪ੍ਰੈੱਸ ਆ ਕੇ ਟਕਰਾ ਗਈ। ਦੋ ਸਫਿਆਂ ਦੀ ਹੱਥ ਨਾਲ ਲਿਖੀ ਇਹ ਰਿਪੋਰਟ ਸੀਨੀਅਰ ਰੇਲ ਅਧਿਕਾਰੀਆਂ ਜੇ ਐੱਨ ਸੁਬੁਧੀ, ਆਰ ਕੇ ਬੈਨਰਜੀ, ਆਰ ਕੇ ਪੰਜੀਰਾ ਅਤੇ ਏ ਕੇ ਮੋਹੰਤੂ ਨੇ ਤਿਆਰ ਕੀਤੀ ਹੈ। ਇਹ ਰਿਪੋਰਟ ਸ਼ਨੀਵਾਰ ਹੀ ਜਮ੍ਹਾਂ ਕਰਵਾ ਦਿੱਤੀ ਗਈ। ਰੇਲਵੇ ਸਟੇਸ਼ਨਾਂ 'ਤੇ ਰੇਲ ਗੱਡੀਆਂ ਨੂੰ ਪਾਸ ਕਰਾਉਣ ਲਈ ਲੂਪ ਲਾਈਨਾਂ ਹੁੰਦੀਆਂ ਹਨ। ਬਹਾਨਗਾ ਸਟੇਸ਼ਨ 'ਤੇ ਚਾਰ ਟ੍ਰੈਕ ਹਨ। ਇੱਕ ਲੂਪ ਟ੍ਰੈਕ 'ਤੇ ਮਾਲ ਗੱਡੀ ਖੜ੍ਹੀ ਸੀ। ਦੋ ਮੁੱਖ ਲਾਈਨਾਂ 'ਤੇ ਆਹਮੋ-ਸਾਹਮਣੇ ਤੋਂ ਦੋ ਰੇਲ ਗੱਡੀਆਂ ਨੂੰ ਪਾਸ ਕਰਨਾ ਸੀ। ਮੇਨ ਲਾਈਨ ਅੱਪ ਤੋਂ ਕੋਰੋਮੰਡਲ ਐੱਕਸਪ੍ਰੈੱਸ ਲੰਘ ਰਹੀ ਸੀ। ਦੂਜੇ ਪਾਸੇ ਡਾਊਨ ਲਾਈਨ ਤੋਂ ਯਸ਼ਵੰਤਪੁਰ-ਹਾਵੜਾ ਐੱਕਸਪ੍ਰੈੱਸ ਜਾ ਰਹੀ ਸੀ, ਕਿਉਂਕਿ ਦੋਵੇਂ ਹੀ ਗੱਡੀਆਂ ਨੇ ਇਸ ਸਟੇਸਨ 'ਤੇ ਰੁਕਣਾ ਨਹੀਂ ਸੀ, ਇਸ ਲਈ ਦੋਵੇਂ ਪੂਰੀ ਰਫ਼ਤਾਰ ਨਾਲ ਲੰਘ ਰਹੀਆਂ ਸਨ।

### 'ਕਵਚ' ਵੀ ਹੋਇਆ...

ਟੱਕਰ ਸੁਰੱਖਿਆ ਪ੍ਰਣਾਲੀ ਕਵਚ 'ਤੇ ਓਡੀਸ਼ਾ ਰੇਲ ਹਾਦਸੇ ਤੋਂ ਬਾਅਦ ਸਵਾਲ ਉਠਣ ਲੱਗ ਪਏ ਹਨ। ਰੇਲਵੇ ਅਤੇ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਸਵਾਲਾਂ ਦੇ ਘੇਰੇ 'ਚ ਆ ਗਏ ਹਨ। ਤ੍ਰਿਣਮੂਲ ਕਾਂਗਰਸ ਦੇ ਨੇਤਾ ਅਭਿਸ਼ੇਕ ਬੈਨਰਜੀ ਅਤੇ ਐੱਨ ਸੀ ਪੀ ਨੇਤਾ ਅਜੀਤ ਪਵਾਰ ਨੇ ਅਸ਼ਵਨੀ ਵੈਸ਼ਨਵ ਦੇ ਅਸਤੀਫ਼ੇ ਦੀ ਮੰਗ ਕੀਤੀ ਹੈ।

ਇੱਕ ਵਿਅਕਤੀ ਨੇ ਟਵੀਟ ਕਰਕੇ ਲਿਖਿਆ—ਜਦ ਇੰਜਣ 'ਚ ਰੇਲ ਮੰਤਰੀ ਸਵਾਰ ਰਹਿੰਦਾ ਹੈ ਤਾਂ ਦੋ ਰੇਲ ਗੱਡੀਆਂ ਇੱਕ-ਦੂਜੇ ਤੋਂ 380 ਮੀਟਰ ਦੂਰ ਹੀ ਰੁਕ ਜਾਂਦੀਆਂ ਹਨ। ਵੀਡੀਓ ਬਣਾ ਕੇ ਵਾਹ-ਵਾਹ ਲੁੱਟਣਾ ਤਾਂ ਠੀਕ ਹੈ, ਪਰ ਘਟਨਾ ਕੀ ਜਵਾਬਦੇਹੀ ਲੈਣ ਸਮੇਂ ਕਿਸ ਨੂੰ ਬਲੀ ਦਾ ਬੱਕਰਾ ਬਣਾਇਆ ਜਾਵੇਗਾ। ਇੱਕ ਯੂਜ਼ਰ ਨੇ ਲਿਖਿਆ ਕਿ ਰੇਲ ਮੰਤਰੀ ਅਸ਼ਵਨੀ ਦਾ 'ਕਵਚ' ਸਿਸਟਮ ਵੀ ਜੁਮਲਾ ਨਿਕਲੀਆ।

### ਮਾਨ ਸਰਕਾਰ ਵੱਲੋਂ...

ਸ਼ਬਦਾਂ ਨੂੰ ਖੋਜਣ ਦੀ ਜਗਿਆਸਾ ਅਤੇ ਉਹਨਾਂ ਬਾਰੇ ਸਮਝ ਵਿਕਸਤ ਹੋਣ ਨਾਲ ਨਵੀਂ ਪੀੜ੍ਹੀ ਪੁਰਾਣੇ ਸੱਭਿਆਚਾਰ ਨਾਲ ਜੁੜੇਗੀ। ਸਰਕਾਰੀ ਸਕੂਲਾਂ ਦੇ ਪਹਿਲੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਵਾਸਤੇ ਹਫਤਾਵਾਰੀ ਹੋਮਵਰਕ ਭੇਜਿਆ ਜਾ ਰਿਹਾ ਹੈ। ਵਿਦਿਆਰਥੀਆਂ ਦੇ ਮਨੋਵਿਗਿਆਨ ਅਨੁਸਾਰ ਤਿਆਰ ਕਰਵਾਏ ਹੋਮਵਰਕ ਦੌਰਾਨ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਹੈ ਕਿ ਇਸ ਦਾ ਮਾਪਿਆਂ 'ਤੇ ਕੋਈ ਵੀ ਆਰਥਕ ਬੋਝ ਨਾ ਪਵੇ।

### ਹਰਿਮੰਦਰ ਸਾਹਿਬ ਨੇੜੇ ...

ਦਿੱਤੀ ਗਈ। ਇਸ ਤੋਂ ਬਾਅਦ ਪੁਲਸ ਵੱਲੋਂ ਇਸ ਇਲਾਕੇ ਦੀ ਘੇਰਾਬੰਦੀ ਕਰਕੇ ਜਾਂਚ ਕੀਤੀ ਗਈ। ਬੰਬ ਨਕਾਰਾ ਕਰਨ ਵਾਲੇ ਦਸਤੇ ਨੂੰ ਵੀ ਸੱਦਿਆ ਗਿਆ, ਪਰ ਪੁਲਸ ਨੂੰ ਕੋਈ ਸ਼ੱਕੀ ਵਸਤੂ ਨਹੀਂ ਮਿਲੀ। ਇਸ ਤੋਂ ਬਾਅਦ ਪੁਲਸ ਨੇ ਫੋਨ ਕਰਨ ਵਾਲੇ ਦੀ ਪੈੜ ਨੱਪੀ ਤਾਂ ਉਸ ਨੂੰ ਹਿਰਾਸਤ 'ਚ ਲੈ ਲਿਆ। ਅਜਿਹੀ ਗਲਤ ਸੂਚਨਾ ਦੇਣ ਵਾਲੇ ਚਾਰ ਵਿਅਕਤੀ ਹਨ, ਜਿਨ੍ਹਾਂ 'ਚ ਤਿੰਨ ਬੱਚੇ ਹਨ। ਫਿਲਹਾਲ ਪੁਲਸ ਇਸ ਬਾਰੇ ਕੁਝ ਵੀ ਨਹੀਂ ਦੱਸ ਰਹੀ।

### ਮਮਤਾ ਨੇ ਰੇਲਵੇ ...

ਆਮ ਕਰਨਾ ਹੈ। ਉਨ੍ਹਾ ਕਿਹਾ ਕਿ ਬੰਗਾਲ ਸਰਕਾਰ ਨੇ ਜ਼ਖ਼ਮੀਆਂ ਦੀ ਮਦਦ ਲਈ 40 ਐਂਬੂਲੈਂਸ ਭੇਜ ਦਿੱਤੀਆਂ ਸਨ, ਸ਼ਨੀਵਾਰ ਫਿਰ 70 ਐਂਬੂਲੈਂਸ ਭੇਜੀਆਂ ਗਈਆਂ, 40 ਡਾਕਟਰਾਂ ਦੀ ਟੀਮ ਜ਼ਖ਼ਮੀਆਂ ਦੇ ਇਲਾਜ 'ਚ ਮਦਦ ਕਰ ਰਹੀ ਹੈ। ਮਮਤਾ ਨੇ ਆਪਣੇ ਸੂਬੇ ਦੇ ਮ੍ਰਿਤਕਾਂ ਦੇ ਪਰਵਾਰਕ ਮੈਂਬਰਾਂ ਨੂੰ 5-5 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ।

### ਮੇਰੀ ਪਹਿਲੀ ਤਰਜੀਹ...

ਦਾਅਵਾ ਤਾਂ ਨਹੀਂ ਕਰ ਸਕਦੇ, ਪਰ ਉਹਨਾ ਦੀ ਪਹਿਲੀ ਤਰਜੀਹ ਛੋਟੀ ਕਿਸਾਨੀ ਨੂੰ ਸੰਕਟ 'ਚੋਂ ਕੱਢਣਾ ਹੋਵੇਗਾ। ਉਹਨਾ ਕਿਹਾ ਕਿ ਵੈਸੇ ਤਾਂ ਪੰਜਾਬ ਦਾ ਸਮੁੱਚਾ ਖੇਤੀ ਸੈਕਟਰ ਹੀ ਗੰਭੀਰ ਆਰਥਕ ਸੰਕਟ ਦਾ ਸ਼ਿਕਾਰ ਹੈ, ਪਰ ਛੋਟੀ ਕਿਸਾਨੀ ਦੀ ਸਥਿਤੀ ਇਸ ਕਦਰ ਖ਼ਰਾਬ ਹੋ ਚੁੱਕੀ ਹੈ ਕਿ ਉਸ ਲਈ ਸਾਹ ਤੱਕ ਲੈਣਾ ਵੀ ਔਖਾ ਹੋਇਆ ਪਿਆ ਹੈ।

ਪੇਂਡੂ ਪਿਛੋਕੜ ਨਾਲ ਸੰਬੰਧਤ ਹੋਣ ਦਾ ਹਵਾਲਾ ਦਿੰਦਿਆਂ ਖੁੱਡੀਆਂ ਨੇ ਕਿਹਾ ਕਿ ਉਹ ਟੈਲੀਫੋਨ ਹੈੱਲਪ ਲਾਈਨ ਜਾਂ ਹੋਰ ਕਿਸੇ ਕਿਸਮ ਦੀ ਕਾਗਜ਼ੀ ਕਾਰਵਾਈ ਦੇ ਉਲਟ ਪ੍ਰੈਕਟੀਕਲ ਕੰਮ ਨੂੰ ਪਰਮ ਅਗੇਤ ਦੇਣਗੇ। ਕਿਸਾਨੀ ਲਈ ਸਰਕਾਰੀ ਸਕੀਮਾਂ ਦੀ ਅਨਾਊਂਸਮੈਂਟ ਪਿੰਡਾਂ ਦੇ ਗੁਰਦੁਆਰਿਆਂ 'ਚੋਂ ਕਰਵਾਉਣ ਦੇ ਨਾਲ-ਨਾਲ ਅਜਿਹੀਆਂ ਸਹੂਲਤਾਂ ਲੈਣ ਲਈ ਤੌਰ-ਤਰੀਕਿਆਂ ਦੀ ਵੀ ਮੁਨਾਦੀ ਕਰਵਾਈ ਜਾਵੇਗੀ, ਇਸ ਮਕਸਦ ਲਈ ਪਿੰਡਾਂ ਦੀਆਂ ਪੰਚਾਇਤਾਂ, ਕਿਸਾਨ ਕਾਰਕੁਨਾਂ ਅਤੇ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਦੀ ਮਦਦ ਵੀ ਲਈ ਜਾਵੇਗੀ।

ਹਰ ਸਮੱਸਿਆ ਦਾ ਹੱਲ ਗੱਲਬਾਤ ਨਾਲ ਕਰਨ ਦਾ ਵਾਅਦਾ ਕਰਦਿਆਂ ਖੇਤੀ ਮੰਤਰੀ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ, ਖੇਤੀ ਵਿਗਿਆਨੀਆਂ, ਬੁੱਧੀਜੀਵੀਆਂ, ਇੱਥੋਂ ਤੱਕ ਕਿ ਆਮ ਵਾਹੀਵਾਨਾਂ ਨਾਲ ਵਿਚਾਰ-ਵਟਾਂਦਰਾ ਕਰਕੇ ਖੇਤੀ ਸੈਕਟਰ ਨੂੰ ਸੰਕਟ 'ਚੋਂ ਕੱਢਣ ਦਾ ਹੀਲਾ ਕੀਤਾ ਜਾਵੇਗਾ। ਫੂਡ ਪ੍ਰੋਸੈਸਿੰਗ ਸੈਕਟਰ ਨੂੰ ਵੀ ਅਜਿਹੇ ਹੀ ਇੱਕ ਸਾਧਨ ਵਜੋਂ ਇਸਤੇਮਾਲ ਕੀਤਾ ਜਾਵੇਗਾ, ਤਾਂ ਕਿ ਕਿਸਾਨਾਂ ਤੇ ਖਪਤਕਾਰਾਂ ਨੂੰ ਵਿਚੋਲਿਆਂ ਦੀ ਲੁੱਟ ਤੋਂ ਬਚਾਇਆ ਜਾ ਸਕੇ। ਉਹਨਾ ਦੇ ਮਰਹੂਮ ਪਿਤਾ ਜਗਦੇਵ ਸਿੰਘ ਖੁੱਡੀਆਂ, ਜੋ 1989 ਵਿੱਚ ਫਰੀਦਕੋਟ ਲੋਕ ਸਭਾ ਹਲਕੇ ਤੋਂ ਚੁਣੇ ਗਏ ਸਨ, ਅੱਸੀਵਿਆਂ ਦੇ ਦੌਰ ਵਿੱਚ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹੋਣ ਦਾ ਹਵਾਲਾ ਦੇ ਕੇ ਜਦ ਇਹ ਪੁੱਛਿਆ ਕਿ ਉਹ ਆਪਣੇ ਬਾਪ ਵਾਲੇ ਮਹਿਕਮੇ ਦੇ ਵਜ਼ੀਰ ਬਣਨ ਉਪਰੰਤ ਕਿਵੇਂ ਮਹਿਸੂਸ ਕਰਦੇ ਹਨ? ਤਾਂ ਖੇਤੀ ਮੰਤਰੀ ਨੇ ਦੱਸਿਆ ਕਿ ਉਹਨਾ ਆਪਣੇ ਪਰਵਾਰ ਨੂੰ ਇਹ ਸੰਸਕਾਰ ਦਿੱਤੇ ਸਨ ਕਿ ਖ਼ੁਦ ਭਾਵੇਂ ਭੁੱਖੇ ਰਹਿ ਰਹੋ, ਪਰ ਕਿਸੇ ਹੋਰ ਦਾ ਹੱਕ ਨਾ ਮਾਰਿਆ ਜਾਵੇ। ਆਪਣੇ ਬਾਪ ਦੀ ਇਸ ਸਿੱਖਿਆ ਨੂੰ ਉਹ ਉਹਨਾ ਦਾ ਇੱਕ ਪਹਿਰਾ ਸਮਝ ਕੇ ਕੰਮ ਕਰਦੇ ਹਨ, ਇਹੀ ਕਾਰਨ ਹੈ ਕਿ ਉਹਨਾ ਦੇ ਨਕਸ਼ੇ ਕਦਮ 'ਤੇ ਚੱਲਣ ਕਾਰਨ ਲੰਬੀ ਹਲਕੇ ਦੇ ਲੋਕਾਂ ਨੇ ਉਹਨਾ ਨੂੰ ਏਨਾ ਵੱਡਾ ਮਾਣ ਬਖਸ਼ਿਆ ਹੈ।

ਇਸ ਮੌਕੇ ਬਠਿੰਡਾ ਸ਼ਹਿਰੀ ਤੋਂ ਵਿਧਾਇਕ ਜਗਰੂਪ ਸਿੰਘ ਗਿੱਲ, ਇੰਪਰੂਵਮੈਂਟ ਟਰੱਸਟ ਬਠਿੰਡਾ ਦੇ ਚੇਅਰਮੈਨ ਜਤਿੰਦਰ ਭੱਲਾ, ਆਪ ਦੇ ਬੁਲਾਰੇ ਨੀਲ ਗਰਗ, ਅੰਮ੍ਰਿਤਪਾਲ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ, ਅਨਿਲ ਠਾਕੁਰ, ਸ਼ੂਗਰਫੈੱਡ ਦੇ ਚੇਅਰਮੈਨ ਨਵਦੀਪ ਜੀਦਾ ਵੀ ਮੌਜੂਦ ਸਨ।

### ਦੇਸ਼ ਭਗਤ ਯਾਦਗਾਰ...

ਲੋਕਾਂ ਦੇ ਜਾਨ ਹੂਲਵੇਂ ਸੰਘਰਸ਼ ਨਾਲ ਸਿਰਜੇ ਮਹਾਨ, ਸਾਂਝੇ ਇਤਿਹਾਸ ਅਤੇ ਵਿਰਾਸਤ ਦੀ ਪਹਿਰੇਦਾਰੀ ਕਰਦਿਆਂ ਇਸ ਵਿੱਚ ਖੋਟ ਰਲਾਉਣ ਅਤੇ ਮੂਲੋਂ ਬਦਲਣ ਦੇ ਕੇਂਦਰੀ ਹਕੂਮਤ ਦੇ ਮਨਸ਼ਿਆਂ ਪ੍ਰਤੀ ਜਾਗਰੂਕ ਅਤੇ ਚੇਤਨ ਕਰਨ ਲਈ ਦੇਸ਼ ਭਗਤ ਯਾਦਗਾਰ ਕਮੇਟੀ ਨੇ ਇਸ ਵਿਸ਼ੇ ਉਪਰ ਸੈਮੀਨਾਰ ਕਰਨ ਦਾ ਕਾਰਜ ਹੱਥ ਲਿਆ ਹੈ। ਉਹਨਾਂ ਕਿਹਾ ਕਿ ਇਸ ਸੈਮੀਨਾਰ 'ਚ ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ ਤੋਂ ਪ੍ਰੋ. ਕੁਲਦੀਪ ਪੁਰੀ ਵਕਤਾ ਹੋਣਗੇ। ਇਸ ਸੈਮੀਨਾਰ ਲਈ ਉਚੇਚੇ ਤੌਰ 'ਤੇ ਉੱਘੇ ਸਿੱਖਿਆ ਸ਼ਾਸਤਰੀ ਅਨਿਲ ਸਦ ਗੋਪਾਲ (ਭੂਪਾਲ) ਨੂੰ ਵੀ ਬੁਲਾਵਾ ਭੇਜਿਆ ਗਿਆ ਹੈ। ਮੀਟਿੰਗ 'ਚ ਇਹ ਫੈਸਲਾ ਵੀ ਕੀਤਾ ਗਿਆ ਕਿ ਝੋਨੇ ਦੀ ਲੁਆਈ 'ਚ ਕੰਮਕਾਰ ਅਤੇ ਕਾਲਜਾਂ ਵਿੱਚ ਚੱਲ ਰਹੀਆਂ ਪ੍ਰੀਖਿਆਵਾਂ ਦੇ ਮੱਦੇਨਜ਼ਰ ਸਿਖਿਆਰਥੀ ਚੇਤਨਾ ਕੈਂਪ ਸਤੰਬਰ ਮਹੀਨੇ ਦੇ ਢੁਕਵੇਂ ਦਿਨਾਂ 'ਚ ਲਾਇਆ ਜਾਏਗਾ। ਮੀਟਿੰਗ 'ਚ ਮਤੇ ਪਾਸ ਕਰਕੇ ਮੰਗ ਕੀਤੀ ਗਈ ਕਿ ਕੌਮਾਂਤਰੀ ਪੱਧਰ ਦੀਆਂ ਜੇਤੂ ਪਹਿਲਵਾਨ ਖਿਡਾਰਨਾਂ ਦੇ ਸਵੈਮਾਣ, ਆਬਰੂ ਨਾਲ ਖੇਡਣ ਅਤੇ ਮਾਨਸਕ ਤੌਰ 'ਤੇ ਪੀੜਤ ਕਰਨ ਵਾਲੇ ਭਾਜਪਾ ਸਾਂਸਦ ਬ੍ਰਿਜ ਭੂਸ਼ਣ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਏ। ਉਸ ਦੀ ਸਾਰੇ ਅਹੁਦਿਆਂ ਤੋਂ ਤੁਰੰਤ ਮੁਕੰਮਲ ਛੁੱਟੀ ਕੀਤੀ ਜਾਵੇ। ਪਹਿਲਵਾਨ ਖਿਡਾਰੀਆਂ 'ਤੇ ਮੜ੍ਹੇ ਝੂਠੇ ਕੇਸ ਵਾਪਸ ਲਏ ਜਾਣ। ਜੰਤਰ-ਮੰਤਰ 'ਤੇ ਪੁਰਅਮਨ ਧਰਨਾ ਲਗਾ ਕੇ ਆਪਣੀ ਹੱਕੀ ਆਵਾਜ਼ ਬੁਲੰਦ ਕਰਨ ਦਾ ਹੱਕ ਬਹਾਲ ਕੀਤਾ ਜਾਏ। ਸੰਯੁਕਤ ਕਿਸਾਨ ਮੋਰਚੇ ਵੱਲੋਂ 5 ਜੂਨ ਨੂੰ ਖਿਡਾਰੀਆਂ ਦੇ ਹੱਕ 'ਚ ਆਵਾਜ਼ ਬੁਲੰਦ ਕਰਦਿਆਂ ਬ੍ਰਿਜ ਭੂਸ਼ਣ ਦੀਆਂ ਅਰਥੀਆਂ ਸਾੜਨ ਦੇ ਫੈਸਲੇ ਦਾ ਵੀ ਸਮਰਥਨ ਕੀਤਾ ਗਿਆ। ਉੱਘੀ ਜਮਹੂਰੀ ਕਾਰਕੁਨ, ਵਿਦਵਾਨ, ਲੇਖਕ ਅਤੇ ਰੰਗਕਰਮੀ ਡਾ. ਨਵਸ਼ਰਨ ਨੂੰ ਭਾਜਪਾ ਹਕੂਮਤ ਦੇ ਇਸ਼ਾਰਿਆਂ 'ਤੇ ਈ ਡੀ ਵੱਲੋਂ ਪ੍ਰੇਸ਼ਾਨ ਕਰਨ ਅਤੇ ਕੇਸ ਮੜ੍ਹਨ ਲਈ ਰੱਸੇ-ਪੈੜੇ ਵੱਟਣ ਦੇ ਕੋਝੇ ਯਤਨ ਫੌਰੀ ਬੰਦ ਕੀਤੇ ਜਾਣ ਦੀ ਜ਼ੋਰਦਾਰ ਮੰਗੀ ਕੀਤੀ ਗਈ। ਇਹ ਮਤਾ ਵੀ ਪਾਸ ਕੀਤਾ ਕਿ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਦਰੜਨ, ਮਸਲਣ ਲਈ ਮੜ੍ਹੀ ਧਾਰਾ 295-ਏ (ਦੇਸ਼ ਧ੍ਰੋਹ), 124-ਏ, ਯੂ ਏ ਪੀ ਏ ਮੂਲੋਂ ਰੱਦ ਕੀਤੀ ਜਾਏ। ਭਾਸ਼ਾ ਵਿਗਿਆਨੀ ਅਤੇ ਲੋਕ ਧਾਰਾ ਦੇ ਖੋਜੀ ਲੇਖਕ ਡਾ. ਸੁਰਜੀਤ ਲ਼ੀ, ਲੇਖਕ ਕੇਹਰ ਸਰੀਫ਼ (ਜਰਮਨ), ਸਾਹਿਤਕ ਸੰਸਥਾਵਾਂ ਨਾਲ ਜੁੜੇ ਮਨਪ੍ਰੀਤ ਢਪਾਲੀ, ਤਨਵੀਰ ਬੁਖ਼ਾਰੀ, ਪ੍ਰੋ. ਵਰਿੰਦਰ ਮਹਿੰਦੀਰੱਤਾ, ਪ੍ਰੋ. ਪਿਆਰਾ ਸਿੰਘ ਭੋਗਲ ਦੇ ਵਿਛੋੜੇ ਅਤੇ ਓੜੀਸ਼ਾ ਵਿਖੇ ਵਾਪਰੇ ਰੇਲ ਹਾਦਸੇ 'ਚ ਮਾਰੇ ਗਏ ਲੋਕਾਂ ਦੇ ਪਰਵਾਰਾਂ, ਸਾਕ-ਸੰਬੰਧੀਆਂ ਅਤੇ ਸੰਗੀ-ਸਾਥੀਆਂ ਨਾਲ ਗਹਿਰੇ ਦੁੱਖ 'ਚ ਸ਼ਰੀਕ ਹੋਣ ਦਾ ਖੜ੍ਹੇ ਹੋ ਕੇ ਇਜ਼ਹਾਰ ਕੀਤਾ ਗਿਆ। ਮੀਟਿੰਗ 'ਚ ਗ਼ਦਰੀ ਬਾਬਾ ਜਵਾਲਾ ਸਿੰਘ ਆਡੀਟੋਰੀਅਮ ਦੀ ਛੱਤ ਦੀ ਮੁਰੰਮਤ ਲਈ ਫੰਡ ਸੰਬੰਧੀ ਕੀਤੀ ਅਪੀਲ ਨੂੰ ਮਿਲੇ ਹੁੰਗਾਰੇ 'ਤੇ ਤਸੱਲੀ ਪ੍ਰਗਟ ਕਰਦਿਆਂ ਇਹ ਯਤਨ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ। ਪਿਛਲੇ ਮਹੀਨਿਆਂ 'ਚ ਹੋਏ ਕੰਮਾਂ ਅਤੇ ਸਰਗਰਮੀਆਂ ਦੀ ਉਤਸ਼ਾਹਜਨਕ ਰਿਪੋਰਟ ਨੂੰ ਪਾਸ ਕਰਦਿਆਂ ਕਮੇਟੀ ਨੇ ਇਹ ਉੱਦਮ ਹੋਰ ਵੀ ਪ੍ਰਭਾਵਸ਼ਾਲੀ ਅੰਦਾਜ਼ 'ਚ ਭਵਿੱਖ 'ਚ ਜਾਰੀ ਰੱਖਣ ਦਾ ਵਿਚਾਰ ਬਣਾਇਆ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134
Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਪੰਜਾਬ ਖੇਤ ਮਜ਼ਦੂਰ ਸਭਾ ਦੀ ਗਿਆਰਾਂ ਮੈਂਬਰੀ ਕਮੇਟੀ ਗਠਿਤ

## 7 ਦੇ ਧਰਨੇ 'ਚ ਮਜ਼ਦੂਰ ਪਰਿਵਾਰਾਂ ਸਮੇਤ ਕਰਨਗੇ ਸ਼ਮੂਲੀਅਤ: ਦੇਵੀ ਕੁਮਾਰੀ, ਸੁਖਦੇਵ ਸਿੰਘ



ਨੌਸ਼ਹਿਰਾ ਢਾਲਾ (ਨਜ਼ਸ)-ਪੰਜਾਬ ਦੀ ਆਪ ਸਰਕਾਰ ਵੱਲੋਂ ਖੇਤ ਮਜ਼ਦੂਰਾਂ ਦੀਆਂ ਅਹਿਮ ਤੇ ਹੱਕੀ ਮੰਗਾਂ ਦੀ ਲਗਾਤਾਰ ਅਣਦੇਖੀ ਕਰਨ ਵਿਰੁੱਧ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਸੱਤ ਜੂਨ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਕੋਠੀ ਅੱਗੇ ਦਿੱਤੇ ਜਾ ਰਹੇ ਧਰਨੇ ਵਿੱਚ ਮਜ਼ਦੂਰ ਪਰਿਵਾਰਾਂ ਸਮੇਤ ਸ਼ਮੂਲੀਅਤ ਕਰਨਗੇ। ਇਸ ਦੀਆਂ ਤਿਆਰੀਆਂ ਸਬੰਧੀ ਪਿੰਡ ਨੌਸ਼ਹਿਰਾ ਢਾਲਾ ਵਿਖੇ ਮੀਟਿੰਗ ਕੀਤੀ ਗਈ ਜਿਸ ਦੀ ਪ੍ਰਧਾਨਗੀ ਕਾਮਰੇਡ ਬਲਦੇਵ ਸਿੰਘ ਨੌਸ਼ਹਿਰਾ ਢਾਲਾ ਨੇ ਕੀਤੀ। ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ, ਜ਼ਿਲਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ, ਬਲਾਕ ਪ੍ਰਧਾਨ ਕਾਮਰੇਡ ਸੁਲੱਖਣ ਸਿੰਘ ਗੰਡੀਵਿੰਡ ਨੇ ਆਪਣੇ ਸਾਂਝੇ ਬਿਆਨ ਵਿੱਚ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਮਨਰੇਗਾ ਵਰਕਰਾਂ ਨੂੰ ਪੂਰਾ ਸਾਲ ਕੰਮ ਅਤੇ ਕੰਮ ਦਿਹਾੜੀ ਸੱਤ ਸੌ ਰੁਪਏ ਕਰਨ, ਰੋਜ਼ਗਾਰ ਗਾਰੰਟੀ, ਕਰਜ਼ਾ ਮੁਆਫ਼ੀ, ਬੇਘਰੇ ਤੇ ਲੋੜਵੰਦਾਂ ਨੂੰ ਪਲਾਟ ਦੇਣ, ਪੰਚਾਇਤੀ ਜ਼ਮੀਨ ਦਾ ਤੀਜਾ ਹਿੱਸਾ ਜ਼ਮੀਨ ਮਜ਼ਦੂਰਾਂ ਨੂੰ ਸਸਤੇ ਭਾਅ ਠੇਕੇ 'ਤੇ ਦੇਣ ਦੀ ਗਰੰਟੀ ਕਰਨ, ਵਿਧਵਾ, ਬੁਢਾਪਾ ਤੇ ਅੰਗਹੀਣ ਪੈਨਸ਼ਨ ਪੰਜ ਹਜ਼ਾਰ ਕਰਨ ਅਤੇ ਔਰਤਾਂ ਦੇ ਖਾਤਿਆਂ ਵਿੱਚ ਇੱਕ ਇੱਕ ਹਜ਼ਾਰ ਰੁਪਏ ਪਾਉਣ ਅਤੇ ਦਲਿਤਾਂ ਤੇ ਜਬਰ ਬੰਦ ਕਰਨ ਵਰਗੇ ਮਸਲਿਆਂ ਨੂੰ ਹੱਲ ਕਰਨ ਤੋਂ ਕੰਨੀ ਕਤਰਾ ਰਹੀ ਹੈ।

ਆਗੂਆਂ ਨੇ ਕਿਹਾ ਕਿ ਪੰਜ ਅਪ੍ਰੈਲ ਨੂੰ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ, ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਤੇ ਅਧਾਰਿਤ ਕੈਬਨਿਟ ਕਮੇਟੀ ਵੱਲੋਂ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਨਾਲ ਮੀਟਿੰਗ ਦੌਰਾਨ ਪ੍ਰਵਾਨ ਕੀਤੀਆਂ ਮੰਗਾ ਉੱਪਰ ਵੀ ਅਮਲ ਨਹੀਂ ਕੀਤਾ ਗਿਆ ਅਤੇ ਨਾ ਹੀ ਮੀਟਿੰਗ ਦੀ ਲਿਖਤੀ ਕਾਰਵਾਈ ਦੀ ਕਾਪੀ ਸਾਂਝੇ ਮੋਰਚੇ ਨੂੰ ਮੁਹੱਈਆ ਕਰਵਾਈ ਗਈ। ਉਨ੍ਹਾਂ ਪਿੰਡਾਂ ਦੇ ਖੇਤ ਮਜ਼ਦੂਰਾਂ ਨੂੰ ਸੱਦਾ ਦਿੱਤਾ ਕਿ ਸੱਤ ਜੂਨ ਨੂੰ ਆਪ ਸਰਕਾਰ ਦੀ ਵਾਅਦਾ ਖਿਲਾਫੀ ਵਿਰੁੱਧ ਸੰਗਰੂਰ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਲੱਗ ਰਹੇ ਧਰਨੇ ਵਿੱਚ ਪਰਿਵਾਰਾਂ ਸਮੇਤ ਪਹੁੰਚਣ ਦੀ ਅਪੀਲ ਕੀਤੀ।

ਇਸ ਮੌਕੇ ਪੰਜਾਬ ਖੇਤ ਮਜ਼ਦੂਰ ਸਭਾ ਦੀ ਗਿਆਰਾਂ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਦੇ ਪ੍ਰਧਾਨ ਬਲਦੇਵ ਸਿੰਘ, ਜਨਰਲ ਸਕੱਤਰ ਰਜਵੰਤ ਸਿੰਘ, ਮੀਤ ਪ੍ਰਧਾਨ ਰੇਸ਼ਮ ਸਿੰਘ, ਰਿੰਕੂ, ਦਵਿੰਦਰ ਕੌਰ, ਜਤਿੰਦਰ ਸਿੰਘ, ਮੀਤ ਸਕੱਤਰ ਗੁਰਬਿੰਦਰ ਸਿੰਘ, ਬਲਜਿੰਦਰ ਸਿੰਘ, ਸੋਨੀਆ, ਬਿੰਦਰ ਕੌਰ, ਕੈਸ਼ੀਅਰ ਅਗਰੇਜ ਸਿੰਘ ਆਦਿ ਚੁਣੇ ਗਏ। ਇਸ ਮੌਕੇ ਬੂਟਾ ਸਿੰਘ, ਜਗਤਾਰ ਸਿੰਘ, ਗੁਰਲਾਲ ਸਿੰਘ, ਅਰਸ਼ ਅਤੇ ਜੱਗਾ ਸਿੰਘ ਆਦਿ ਹਾਜ਼ਰ ਸਨ।

# ਸੜਕ ਹਾਦਸੇ 'ਚ ਨਵਾਂ ਸ਼ਾਲਾ ਦੇ ਗ੍ਰੰਥੀ ਦੀ ਮੌਤ



ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ ਮੁਕੇਰੀਆਂ ਮੁੱਖ ਮਾਰਗ 'ਤੇ ਪੈਂਦੇ ਪਿੰਡ ਭੁੱਲੇਚਕ ਕਾਲੋਨੀ ਨੇੜੇ ਇਕ ਗ੍ਰੰਥੀ ਦੀ ਅਣਪਛਾਤੇ ਵਹੀਕਲ ਵਲੋਂ ਟੱਕਰ ਮਾਰਨ ਨਾਲ ਮੌਤ ਹੋਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਗਿਆਨੀ ਪਰਮਜੀਤ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਨਾਗ ਵਾਲਾ ਮੰਦਿਰ ਘਰਾਲਾ ਜੋ ਪਿਛਲੇ ਇਕ ਸਾਲ ਤੋਂ ਸਿੰਘ ਸਭਾ ਗੁਰਦੁਆਰਾ ਨਵਾਂ ਸ਼ਾਲਾ ਵਿਚ ਬਤੌਰ ਹੈੱਡ ਗ੍ਰੰਥੀ ਵਜੋਂ ਕੰਮ ਕਰ ਰਿਹਾ ਸੀ, ਜਦ ਸਵੇਰੇ ਆ ਰਿਹਾ ਸੀ ਤਾਂ ਉਸ ਦੇ ਮੋਟਰਸਾਈਕਲ ਨੂੰ ਭੁੱਲੇਚੱਕ ਕਾਲੋਨੀ ਨੇੜੇ ਕਿਸੇ ਅਣਪਛਾਤੇ ਵਾਹਨ ਨੇ ਟੱਕਰ ਮਾਰ ਦਿੱਤੀ ਜਿਸ ਕਾਰਨ ਨੌਜਵਾਨ ਗ੍ਰੰਥੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ 35 ਵਰ੍ਹਿਆ ਦਾ ਸੀ ਅਤੇ ਉਹ ਆਪਣੇ ਪਿਛੇ ਇਕ ਬੇਟਾ, ਇਕ ਬੇਟੀ ਅਤੇ ਵਿਧਵਾ ਪਤਨੀ ਛੱਡ ਗਿਆ ਹੈ। ਪੁਲਸ ਨੇ ਮ੍ਰਿਤਕ ਦਾ ਸਰਕਾਰੀ ਹਸਪਤਾਲ ਗੁਰਦਾਸਪੁਰ ਵਿਖੇ ਪੋਸਟਮਾਰਟਮ ਕਰਵਾ ਕੇ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਹੈ। ਗ੍ਰੰਥੀ ਦੀ ਹੋਈ ਅਚਾਨਕ ਮੌਤ 'ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੀਆਂ ਸਮਾਜ ਸੇਵੀ ਜਥੇਬੰਦੀਆਂ ਤੋਂ ਇਲਾਵਾ ਪੰਚਾਂ, ਸਰਪੰਚਾਂ ਨੇ ਮ੍ਰਿਤਕ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਸ਼ੁਕਰਾਨੇ ਵਜੋਂ ਲਾਲਜੀਤ ਸਿੰਘ ਭੁੱਲਰ ਨੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਿਆ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਆਮ ਆਦਮੀ ਪਾਰਟੀ ਨੇ ਪੰਚਾਇਤੀ ਵਿਭਾਗ ਦੀ ਇਕ ਹੋਰ ਜ਼ਿੰਮੇਵਾਰੀ ਦੇ ਕੇ ਮੰਤਰੀ ਲਾਲਜੀਤ ਸਿੰਘ ਭੁੱਲਰ ਦਾ ਕੱਦ ਹੋਰ ਵੱਡਾ ਕੀਤਾ ਹੈ। ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਵੱਲੋਂ ਲਾਲਜੀਤ ਸਿੰਘ ਭੁੱਲਰ ਤੇ ਵਿਸ਼ਵਾਸ ਦਵਾਉਂਦੇ ਹੋਏ ਉਨਾਂ ਨੂੰ ਪੰਚਾਇਤ। ਭੁੱਲਰ ਨੇ ਸ਼ੁਕਰਾਨੇ ਵਜੋਂ ਤਰਨਤਾਰਨ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਿਆ। ਉਨਾਂ ਨਾਲ ਜ਼ਿਲ੍ਹਾ ਤਰਨਤਾਰਨ ਦੇ ਚੇਅਰਮੈਨ ਗੁਰਦੇਵ ਸਿੰਘ ਲਾਖਣਾ, ਚੇਅਰਮੈਨ ਗੁਰਵਿੰਦਰ ਸਿੰਘ ਬਹਿੜਵਾਲ, ਚੇਅਰਮੈਨ ਰਾਜਿੰਦਰ ਸਿੰਘ ਉਸਮਾ, ਚੇਅਰਮੈਨ ਦਿਲਬਾਗ ਸਿੰਘ, ਪ੍ਰੈਸ ਸਕੱਤਰ ਹਰਪ੍ਰੀਤ ਸਿੰਘ ਧੁੰਨਾ ਅਤੇ ਦਰਜਾ-ਬ-ਦਰਜਾ ਅਹੁਦੇਦਾਰਾਂ ਅਤੇ ਵਲੰਟੀਅਰ ਸਾਥੀਆ ਨੇ ਅਕਾਲ ਪੁਰਖ ਦੇ ਨਾਲ-ਨਾਲ ਆਮ ਆਦਮੀ ਪਾਰਟੀ ਦੀ ਸੀਨੀਅਰ ਲੀਡਰਸ਼ਿ ਦਾ ਵੀ ਕੋਟਨ ਕੋਟ ਧੰਨਵਾਦ ਕੀਤਾ।

ਇਸ ਮੌਕੇ ਲਖਵਿੰਦਰ ਸਿੰਘ ਫੌਜੀ, ਵਰਿੰਦਰ ਸਿੰਘ ਧਾਮੀ, ਸੋਨੀ ਬਾਬਾ, ਚਰਨਜੀਤ, ਡਾ. ਕੁਲਦੀਪ ਸਿੰਘ, ਹਰਜੀਤ ਸਿੰਘ ਸੰਧੂ ਪੀਏ ਲਾਲਪੁਰਾ, ਗੁਰਸ਼ਰਨ ਸਿੰਘ ਪੀਏ ਸੋਹਲ, ਕੋਮਲਪ੍ਰੀਤ ਸਿੰਘ ਪੀਏ ਧੁੰਨ, ਹਰਜਿੰਦਰ ਸਿੰਘ, ਯਾਦਵਿੰਦਰ ਸਿੰਘ, ਗੁਰਪਿੰਦਰ ਸਿੰਘ, ਤਜਿੰਦਰ ਸਿੰਘ ਫੌਜੀ, ਮੈਡਮ ਅੰਜੂ ਵਰਮਾ, ਰੁਪਿੰਦਰ ਕੌਰ, ਨੀਲਮ ਸ਼ਰਮਾ, ਰੰਜੂ ਚੌਧਰੀ, ਕੁਲਵਿੰਦਰ ਕੌਰ, ਕੁਲਜੀਤ ਕੌਰ, ਰਣਜੀਤ ਕੁਮਾਰ, ਲਖਵਿੰਦਰ ਸਿੰਘ, ਤਰਸੇਮ ਸੋਹਲ, ਕੇਵਲ ਕ੍ਰਿਸ਼ਨ, ਸਵਿੰਦਰ ਸਿੰਘ ਚੱਬਾ, ਕਾਰਜ ਰੰਧਾਵਾ, ਰੂਪ ਸੰਧੂ, ਕਰਤਾਰ ਮੱਲੀ, ਗੁਰਭੇਜ ਸਿੰਘ, ਬਲਾਕ ਪ੍ਰਧਾਨ ਗੁਰਜੀਤ ਸਿੰਘ ਝਾਮਕਾ, ਕਰਮੀਰ ਸਿੰਘ ਕਸੇਲ, ਸੰਦੀਪ ਸਿੰਘ, ਦਵਿੰਦਰ ਸਿੰਘ ਗੋਰਖਾ, ਸ਼ਮਸ਼ੇਰ ਸਿੰਘ ਕੰਗ, ਅੰਗਰੇਜ਼ ਸਿੰਘ ਢੋਲਣ ਆਦਿ ਹੋਰ ਵੀ ਪਤਵੰਤੇ ਸੱਜਣ ਹਾਜ਼ਰ ਸਨ।

# ਕਾਰ ਸਵਾਰਾਂ ਤੋਂ 5 ਗਰਾਮ ਹੈਰੋਇਨ ਬਰਾਮਦ

ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਤਿੱਬੜ ਪੁਲਸ ਦੇ ਏਐਸਆਈ ਗੁਰਨਾਮ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਦੇ ਸਬੰਧ ਵਿੱਚ ਪੁਲ ਸੂਆ ਭੂੰਬਲੀ ਵਿਖੇ ਨਾਕਾਬੰਦੀ ਕਰਕੇ ਵਹੀਕਲਾਂ ਦੀ ਚੈਕਿੰਗ ਕਰ ਰਹੇ ਸੀ ਕਿ ਧਾਰੀਵਾਲ ਸਾਈਡ ਤੋਂ ਇੱਕ ਵਰਨਾ ਕਾਰ ਨੰਬਰ ਪੀਬੀ..65.ਪੀ.0400 ਆਉਂਦੀ ਦਿਖਾਈ ਦਿੱਤੀ। ਇਸੇ ਦੌਰਾਨ ਗੱਡੀ ਵਿਚ ਡਰਾਈਵਰ ਦੇ ਨਾਲ ਵਾਲੀ ਸੀਟ 'ਤੇ ਬੈਠੇ ਵਿਅਕਤੀ ਨੇ ਪੁਲਸ ਨਾਕਾ ਵੇਖ ਕੇ ਮੋਮੀ ਲਿਫਾਫੇ ਵਿੱਚ ਲਪੇਟੀ ਕੋਈ ਵਸਤੂ ਹੇਠਾਂ ਸੁੱਟੀ ਜਿਨਾਂ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਤਲਾਸ਼ੀ ਲਈ ਤਾਂ 5 ਗ੍ਰਾਮ ਹੈਰੋਇਨ ਬਰਾਮਦ ਹੋਈ।

ਪੁਲਸ ਵਲੋਂ ਸਖਤੀ ਨਾਲ ਪੁੱਛਗਿਛ ਕਰਨ 'ਤੇ ਗੱਡੀ ਚਲਾਉਣ ਵਾਲੇ ਵਿਅਕਤੀ ਨੇ ਆਪਣਾ ਨਾਮ ਦਿਲਬਾਗ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਭੁੱਲੇਚੱਕ ਅਤੇ ਨਾਲ ਦੀ ਸੀਟ 'ਤੇ ਬੈਠੇ ਵਿਅਕਤੀ ਨੇ ਆਪਣਾ ਨਾਮ ਰੋਮੀ ਪੁੱਤਰ ਮੱਗਾ ਮਸੀਹ ਵਾਸੀ ਬੱਬੇਹਾਲੀ ਦੱਸਿਆ। ਪੁਲਸ ਨੇ ਇਨ੍ਹਾਂ ਦੋਵਾਂ ਕਥਿਤ ਦੋਸ਼ੀਆਂ ਖ਼ਿਲਾਫ਼ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਹੈ।

# ਨਸ਼ੇ ਦੇ ਕਾਰੋਬਾਰ ਨੂੰ ਨੱਥ ਪਾਉਣ ਲਈ ਥਾਣਾ ਮੁਖੀ ਨੂੰ ਦਿੱਤਾ ਮੰਗ ਪੱਤਰ



ਤਰਸਿਕਾ (ਤਰਸੇਮ ਸਿੰਘ ਸਾਧਪੁਰ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਅਤੇ ਤਰਸਿੱਕਾ ਵਾਸੀਆਂ ਨਸ਼ੇ ਵਿਰੁੱਧ ਲਾਮਬੰਦ ਹੁੰਦੇ ਹੋਏ ਸੰਘਰਸ਼ ਸ਼ੁਰੂ ਕਰ ਦਿੱਤਾ ਹੈ। ਇਸ ਬਾਬਤ ਅੱਜ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਅਤੇ ਪਿੰਡ ਤਰਸਿੱਕਾ ਵਾਸੀਆਂ ਦਾ ਇਕ ਵਫਦ ਇਕਾਈ ਪ੍ਰਧਾਨ ਬਲਜੀਤ ਸਿੰਘ ਲਾਲੀ ਦੀ ਅਗਵਾਈ ਵਿੱਚ ਤਰਸਿੱਕਾ ਥਾਣਾ ਮੁਖੀ ਅਵਤਾਰ ਸਿੰਘ ਨੂੰ ਮਿਲਿਆ ਅਤੇ ਮੰਗ ਪੱਤਰ ਸੌਂਪਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਪ੍ਰਧਾਨ ਬਲਜੀਤ ਲਾਲੀ ਨੇ ਦੱਸਿਆ ਕਿ ਇਸ ਮੰਗ ਪੱਤਰ ਰਾਹੀਂ ਥਾਣਾ ਮੁਖੀ ਨੂੰ ਤਰਸਿੱਕੇ ਦੇ ਸਾਰੇ ਹਾਲਾਤ ਤੋਂ ਜਾਣੂ ਕਰਵਾਇਆ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਨਸ਼ੇ ਦੇ ਸੌਦਾਗਰ ਪਿੰਡਾਂ ਵਿੱਚ ਪੂਰੀ ਤਰ੍ਹਾਂ ਨਾਲ ਸਰਗਰਮ ਹਨ। ਪਿੰਡ ਤਰਸਿੱਕਾ ਦੇ ਵਾਸੀਆਂ ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪਿੰਡ ਤਰਸਿੱਕਾ ਦੇ ਸਮੂਹ ਮੈਂਬਰ ਸਹਿਬਾਨ ਵੱਲੋਂ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਗਈ ਹੈ ਕਿ ਪਿੰਡ ਤਰਸਿੱਕਾ ਵਿੱਚ ਧੜੱਲੇ ਨਾਲ ਵਿਕ ਰਿਹਾ ਚਿੱਟਾ ਸਖਤੀ ਨਾਲ ਬੰਦ ਕਰਵਾਇਆ ਜਾਵੇ। ਇਸ ਮੌਕੇ ਪ੍ਰੈੱਸ ਸਕੱਤਰ ਸਿਮਰਨਜੀਤ ਸਿੰਘ ਮਾਂਗਟ ਨੇ ਦੱਸਿਆ ਕਿ ਥਾਣਾ ਮੁੱਖੀ ਅਵਤਾਰ ਸਿੰਘ ਹੋਰਾਂ ਵੱਲੋਂ ਪੂਰਾ ਭਰੋਸਾ ਦਿਵਾਇਆ ਗਿਆ ਹੈ ਕਿ ਉਹ ਨਸ਼ੇ ਦੇ ਮੁੱਦੇ 'ਤੇ ਗੰਭੀਰਤਾ ਅਤੇ ਸੰਜੀਦਗੀ ਨਾਲ ਕੰਮ ਕਰ ਰਹੇ ਹਨ ਅਤੇ ਬਹੁਤ ਜਲਦ ਗਲਤ ਅਨਸਰਾਂ ਖਿਲਾਫ ਕਾਰਵਾਈ ਕਰਕੇ ਨਸ਼ੇ ਨੂੰ ਠੱਲ੍ਹ ਪਾਈ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦਿਲਬਾਗ ਸਿੰਘ ਦੋਧੀ, ਸੁਖਜੀਤ ਸਿੰਘ, ਅਜਮੇਰ ਸਿੰਘ ਨੰਬਰਦਾਰ, ਇੰਜੀਨੀਅਰ ਬਲਰਾਜ ਸਿੰਘ, ਬਾਬਾ ਬਲਵੰਤ ਸਿੰਘ, ਬਲਜੀਤ ਸਿੰਘ ਨੰਬਰਦਾਰ, ਸਵਿੰਦਰ ਸਿੰਘ, ਗੁਰਬਿੰਦਰ ਸਿੰਘ, ਆਜ਼ਾਦ ਬਿੰਦਰ ਸਿੰਘ ਸੋਭਾ, ਸੁਰਜੀਤ ਸਿੰਘ ਸੇਠ, ਜਗਦੀਪ ਸਿੰਘ, ਸਰਬਜੀਤ ਸਿੰਘ ਕਾਲਾ, ਹਰਜੀਤ ਸਿੰਘ ਗੋਲੂ ਆਦਿ ਹਾਜ਼ਰ ਸਨ।

# ਚੋਰ 70 ਤੋਲੇ ਸੋਨਾ, ਡਾਲਰ ਤੇ ਸਾਢੇ ਤਿੰਨ ਲੱਖ ਰੁਪਏ ਲੈ ਕੇ ਫਰਾਰ



ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਤਿੱਬੜ ਅਧੀਨ ਪੈਂਦੇ ਪਿੰਡ ਭੁੱਲੇਚੱਕ ਦੀ ਧੀ ਨਵਨੀਤ ਕੌਰ ਨੇ ਦੱਸਿਆ ਕਿ ਉਹ ਅਮਰੀਕਾ ਵਿੱਚ ਰਹਿੰਦੀ ਹੈ ਅਤੇ ਇਥੇ ਆਪਣੇ ਪੇਕੇ ਘਰ ਵਿੱਚ ਕੁਝ ਦਿਨਾਂ ਤੋਂ ਰਹਿ ਰਹੀ ਹੈ। ਉਸ ਨੇ ਦੱਸਿਆ ਕਿ ਬੀਤੇ ਦਿਨ ਅਸੀਂ ਸਾਰਾ ਪਰਿਵਾਰ ਜਲੰਧਰ ਦਵਾਈ ਲੈਣ ਲਈ ਗਏ ਹੋਏ ਸੀ ਤੇ ਸ਼ਾਮ ਕਰੀਬ 6 ਵਜੇ ਘਰ ਪਹੁੰਚੇ ਤਾਂ ਦੇਖਿਆ ਕਿ ਘਰ ਦਾ ਪਿਛਲਾ ਦਰਵਾਜ਼ਾ ਟੁੱਟਿਆ ਹੋਇਆ ਸੀ ਜਿਸ ਤੋਂ ਬਾਅਦ ਅੰਦਰ ਜਾ ਕੇ ਦੇਖਿਆ ਤਾਂ ਅਲਮਾਰੀ ਦੇ ਤਾਲੇ ਟੁੱਟੇ ਪਏ ਸਨ ਜਿਸ ਵਿੱਚੋਂ 70 ਤੋਲੇ ਸੋਨਾ, ਅਮਰੀਕਨ ਡਾਲਰ ਸਮੇਤ ਸਾਢੇ ਤਿੰਨ ਲੱਖ ਰੁਪਏ ਚੋਰੀ ਹੋ ਚੁੱਕੇ ਸੀ। ਉਨ੍ਹਾਂ ਦੱਸਿਆ ਕਿ ਅਸੀਂ ਥਾਣਾ ਤਿੱਬੜ ਦੀ ਪੁਲਸ ਨੂੰ ਰਿਪੋਰਟ ਦਰਜ ਕਰਵਾ ਦਿੱਤੀ ਹੈ ਤੇ ਪੁਲਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਤਿੱਬੜ ਦੀ ਐਸਐਚਓ ਅਮਨਦੀਪ ਕੌਰ ਨੇ ਦੱਸਿਆ ਕਿ ਪਰਿਵਾਰ ਦੇ ਬਿਆਨ ਦਰਜ ਕੀਤੇ ਗਏ ਹਨ ਤੇ ਸੀਸੀਟੀਵੀ ਖੰਗਾਲੇ ਜਾ ਰਹੇ ਹਨ, ਜਲਦ ਤੋਂ ਜਲਦ ਚੋਰਾਂ ਨੂੰ ਫੜ ਕੇ ਸਲਾਖਾਂ ਦੇ ਪਿੱਛੇ ਸੁੱਟਿਆ ਜਾਵੇਗਾ।

# ਸ਼੍ਰੋਮਣੀ ਕਮੇਟੀ ਧਾਰੀਵਾਲ ਹਲਕੇ ਦੇ ਪਿੰਡਾਂ 'ਚ ਬੱਚਿਆਂ ਦੇ ਲਾਏਗੀ ਗੁਰਮਤਿ ਕੈਂਪ: ਬੀਬੀ ਜੱਫਰਵਾਲ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਵਿਖੇ ਹਲਕਾ ਐਸਜੀਪੀਸੀ ਮੈਂਬਰ ਬੀਬੀ ਜਸਬੀਰ ਕੌਰ ਜਫਰਵਾਲ ਅਤੇ ਮੈਨੇਜਰ ਰਣਜੀਤ ਸਿੰਘ ਕਲਿਆਣਪੁਰ ਵੱਲੋਂ ਹਲਕੇ ਦੇ ਸਮੂਹ ਪ੍ਰਚਾਰਕਾਂ, ਢਾਡੀ, ਕਵੀਸ਼ਰਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ।

ਇਸ ਮੌਕੇ ਐਸਜੀਪੀਸੀ ਮੈਂਬਰ ਬੀਬੀ ਜਸਬੀਰ ਕੌਰ ਜਫਰਵਾਲ ਅਤੇ ਮੈਨੇਜਰ ਰਣਜੀਤ ਸਿੰਘ ਕਲਿਆਣਪੁਰ ਨੇ ਦੱਸਿਆ ਕਿ ਸਕੂਲਾਂ ਵਿੱਚ ਛੁੱਟੀ ਹੋਣ ਕਾਰਨ ਸ਼੍ਰੋਮਣੀ ਕਮੇਟੀ ਹਲਕਾ ਧਾਰੀਵਾਲ ਦੇ ਪਿੰਡਾਂ ਵਿੱਚ ਬੱਚਿਆਂ ਦੇ ਗੁਰਮਤਿ ਕੈਂਪ 5 ਜੂਨ ਲਾਏ ਜਾ ਰਹੇ ਹਨ। ਇਨ੍ਹਾਂ ਕੈਂਪਾਂ ਦਾ ਮੁੱਖ ਸਮਾਗਮ 30 ਜੂਨ ਨੂੰ ਗੁਰਦੁਆਰਾ ਬੁਰਜ ਸਾਹਿਬ ਧਾਰੀਵਾਲ ਵਿਖੇ ਕਰਵਾਇਆ ਜਾਵੇਗਾ ਜਿਸ ਵਿੱਚ ਬੱਚਿਆਂ ਦੇ ਕੁਇਜ਼ ਅਤੇ ਦਸਤਾਰ ਮੁਕਾਬਲੇ ਕਰਵਾਏ ਜਾਣਗੇ। ਜੇਤੂ ਬੱਚਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਇਸ ਮੀਟਿੰਗ ਵਿੱਚ ਬੀਬੀ ਜਸਬੀਰ ਕੌਰ ਜਫਰਵਾਲ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਈ ਰਣਜੀਤ ਸਿੰਘ ਕਲਿਆਣਪੁਰ ਮੈਨੇਜਰ ਗੁਰਦੁਆਰਾ ਬੁਰਜ ਸਾਹਿਬ, ਰਣਜੋਧ ਸਿੰਘ ਜਫਰਵਾਲ, ਸੰਦੀਪ ਸਿੰਘ ਜਫਰਵਾਲ, ਕਥਾਵਾਚਕ ਭਾਈ ਜਗਰੂਪ ਸਿੰਘ ਕਲਿਆਣਪੁਰ, ਪ੍ਰਚਾਰਕ ਭਾਈ ਗੁਰਵਿੰਦਰ ਸਿੰਘ ਵੜੈਚ, ਭਾਈ ਪੰਥਜੀਤ ਸਿੰਘ ਵੜੈਚ, ਭਾਈ ਕੁਲਦੀਪ ਸਿੰਘ ਫੌਜੀ, ਕਵੀਸ਼ਰ ਭਾਈ ਲੱਖਾ ਸਿੰਘ ਮਾਨੇਪੁਰ, ਸਵਰਨਜੀਤ ਸਿੰਘ, ਪਰਮਜੀਤ ਸਿੰਘ ਆਦਿ ਤੋਂ ਇਲਾਵਾ ਵੀ ਪ੍ਰਚਾਰਕ, ਢਾਡੀ ਅਤੇ ਕਵੀਸ਼ਰ ਸ਼ਾਮਲ ਸਨ।

## *ਸਰਕਾਰੀ ਸਕੂਲ ਮੈਹਨੀਆਂ ਕੋਹਾਰਾਂ 'ਚ ਕਾਪੀਆਂ ਤੇ ਸਟੇਸ਼ਨਰੀ ਵੰਡੀ*



ਅੰਮ੍ਰਿਤਸਰ (ਅਰੋੜਾ): ਰੋਟਰੀ ਕਲੱਬ ਆਸਕਾ ਵੱਲੋਂ ਕਲੱਬ ਦੇ ਪ੍ਰਧਾਨ ਅਸ਼ਵਨੀ ਅਵਸਥੀ ਸਕੱਤਰ ਅਮਨ ਸ਼ਰਮਾ ਦੀ ਪ੍ਰਧਾਨਗੀ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਮੈਹਨੀਆਂ ਕੋਹਾਰਾਂ ਦੇ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਰੋਟੇਰੀਅਨ ਪ੍ਰਦੀਪ ਸ਼ਰਮਾ ਨੇ 350 ਕਾਪੀਆਂ ਅਤੇ ਸਟੇਸ਼ਨਰੀ ਵੰਡੀ। ਕਲੱਬ ਦੇ ਪ੍ਰਧਾਨ ਨੇ ਦੱਸਿਆ ਕਿ ਰੋਟਰੀ ਆਸਥਾ ਵੱਲੋਂ ਸਰਕਾਰੀ ਸਕੂਲਾਂ ਦੇ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਮੁਹਿੰਮ ਦੇ ਚਲਦੇ ਅੱਜ ਮੈਹਨੀਆਂ ਕੋਹਾਰਾਂ ਦੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਅਤੇ ਕਾਪੀਆਂ ਵੰਡੀਆਂ ਗਈਆਂ। ਸਕੂਲ ਦੀ ਮੁੱਖ ਅਧਿਆਪਿਕਾ ਰਾਜਵਿੰਦਰ ਕੌਰ ਅਤੇ ਸਟਾਫ ਨੇ ਰੋਟਰੀ ਮੈਂਬਰਾਂ ਦਾ ਸਵਾਗਤ ਕਰਕੇ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੁਖਵਿੰਦਰਪਾਲ, ਪ੍ਰਮੋਦ ਕਪੂਰ, ਮੋਹਨਜੀਤ ਸਿੰਘ, ਜਗਰੂਪ ਕੌਰ , ਸਕੂਲ ਦਾ ਸਮੂਹ ਸਟਾਫ ਅਤੇ ਰੋਟਰੀ ਮੈਂਬਰ ਮੌਜੂਦ ਸਨ।

## *ਅੱਡਾ ਝਬਾਲ ਵਿਖੇ ਲੋਕਾਂ ਨੂੰ ਮਲੇਰੀਏ ਤੋਂ ਬਚਾਅ ਬਾਬਤ ਕੀਤਾ ਜਾਗਰੂਕ*



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਸਿਵਲ ਸਰਜਨ ਤਰਨ ਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਮਨਦੀਪ ਸਿੰਘ, ਡਾ. ਸਿਮਰਤ ਕੌਰ ਤਰਨਤਾਰ, ਡਾ. ਸੂਰਜਪਾਲ ਸਿੰਘ ਸੀਨੀਅਰ ਮੈਡੀਕਲ ਅਫਸਰ ਸੀਐਚਸੀ ਝਬਾਲ ਅਤੇ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ ਰਾਮ ਰਛਪਾਲ ਦੀ ਰਹਿਨੁਮਾਈ ਹੇਠ ਤੇ ਸਹਾਇਕ ਮਲੇਰੀਆ ਅਫਸਰ ਵੱਲੋਂ ਦੱਸੇ ਅਨੁਸਾਰ ਮਲੇਰੀਆ ਨੂੰ ਮੁੱਖ ਰੱਖਦੇ ਹੋਏ ਅੱਡਾ ਝਬਾਲ ਵਿਖੇ ਮਲੇਰੀਆ ਬੁਖਾਰ ਤੋਂ ਬਚਾਓ ਸਬੰਧੀ ਲੋਕਾ ਨੂੰ ਜਾਗਰੂਕ ਕੀਤਾ ਗਿਆ। ਸਿਹਤ ਵਿਭਾਗ ਦੀ ਟੀਮ ਨੇ ਲੋਕਾਂ ਨੂੰ ਸਮਝਾਇਆ ਕਿ ਘਰਾਂ ਦੇ ਨਜ਼ਦੀਕ, ਗਮਲਿਆਂ, ਟੁੱਟੇ ਭੱਜੇ ਸਾਮਾਨ ਵਿੱਚ ਪਾਣੀ ਜਮ੍ਹਾ ਨਾ ਹੋਣ ਦਿੱਤਾ ਜਾਵੇ, ਪੂਰੇ ਸਰੀਰ ਨੂੰ ਢੱਕ ਕੇ ਰੱਖਣ ਵਾਲੇ ਕੱਪੜੇ, ਮੱਛਰ ਭਜਾਉਣ ਵਾਲੇ ਤੇਲ ਅਤੇ ਕਰੀਮ, ਮੱਛਰਦਾਨੀ ਆਦਿ ਦਾ ਇਸਤੇਮਾਲ ਕਰਨ ਬਾਰੇ ਜਾਣਕਾਰੀ ਦਿੱਤੀ ਤਾਂ ਜੋ ਬਰਸਾਤ ਦੇ ਮੌਸਮ ਵਿੱਚ ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ 'ਤੇ ਕਾਬੂ ਪਾਇਆ ਜਾ ਸਕੇ। ਕੋਈ ਮਲੇਰੀਆ ਦੇ ਲੱਛਣ ਲੱਗਦੇ ਹੋਣ ਤਾਂ ਨਜ਼ਦੀਕੀ ਸਰਕਾਰੀ ਹਸਪਤਾਲ ਜਾਣ ਬਾਰੇ ਵੀ ਤਾਕੀਦ ਕੀਤੀ। ਇਸ ਮੌਕੇ ਹੈਲਥ ਵਰਕਰ ਵਿਕਰਮ ਸਿੰਘ ਖੈਰਦੀ ਤੇ ਇਲਾਕੇ ਦੇ ਪਤਵੰਤੇ ਸੱਜਣ ਹਾਜ਼ਰ ਸਨ।

# ਐੱਸ ਡੀ ਐੱਮ ਦਫਤਰ ਅਜਨਾਲਾ ਦੇ ਨੇੜੇ ਹੀ ਬਣਾਇਆ ਜਾਵੇਗਾ ਪਟਵਾਰਖਾਨਾ: ਧਾਲੀਵਾਲ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅਜਨਾਲਾ ਤਹਿਸੀਲ ਅਤੇ ਐਸਡੀਐਮ ਦਫਤਰ ਦੀ ਨਵੀਂ ਬਣੀ ਇਮਾਰਤ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਭੋਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਕਿਹਾ ਕਿ ਅਜਨਾਲਾ ਵਾਸੀਆਂ ਨੂੰ ਸਾਰੀਆਂ ਸੇਵਾਵਾਂ ਇਕ ਹੀ ਛੱਤ ਹੇਠ ਦੇਣ ਲਈ ਇਸੇ ਇਮਾਰਤ ਦੇ ਉਪਰ ਪਟਵਾਰਖਾਨਾ ਬਣਾਇਆ ਜਾਵੇਗਾ ਅਤੇ ਲੋਕਾਂ ਦੀ ਸਹੂਲਤ ਲਈ ਟਾਈਪ ਰਾਈਟਰ, ਅਸ਼ਟਾਮਫਰੋਸ਼ ਆਦਿ ਲਈ ਕੈਬਿਨ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਦਾ ਮੁੱਖ ਮੰਤਵ ਲੋਕਾਂ ਦੀ ਜ਼ਿੰਦਗੀ ਆਸਾਨ ਕਰਨ ਦਾ ਹੈ ਅਤੇ ਇਹ ਤਾਂ ਹੀ ਸੰਭਵ ਹੈ ਜੇਕਰ ਭ੍ਰਿਸ਼ਟਾਚਾਰ ਮੁਕਤ ਸੇਵਾਵਾਂ ਬਿਨਾਂ ਕਿਸੇ ਦੇਰੀ ਦੇ ਮਿਲਣ।

ਇਸ ਮੌਕੇ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੇ ਸਰਕਾਰੀ ਵਿਭਾਗਾਂ ਵਿਖੇ ਸੇਵਾਵਾਂ ਹਾਸਲ ਕਰਨ ਲਈ ਪਹੁੰਚਣ ਵਾਲੇ ਨਾਗਰਿਕਾਂ ਨੂੰ ਬਣਦਾ ਮਾਣ-ਸਤਿਕਾਰ ਦੇਣ ਦੀ ਹਦਾਇਤ ਕੀਤੀ। ਉਨ੍ਹਾਂ ਨੇ ਕਿਹਾ ਕਿ ਆਪਣੀਆਂ ਸ਼ਿਕਾਇਤਾਂ ਜਾਂ ਸਮੱਸਿਆਵਾਂ ਦੇ ਹੱਲ ਲਈ ਸਰਕਾਰੀ ਵਿਭਾਗਾਂ ਵਿੱਚ ਪਹੁੰਚ ਕਰਨ ਵਾਲੇ ਬਿਨੈਕਾਰਾਂ ਦੀਆਂ ਸਮੱਸਿਆਵਾਂ ਨੂੰ ਹਮਦਰਦੀ ਪੂਰਵਕ ਵਿਚਾਰਦੇ ਹੋਏ ਸਮੇਂ ਸਿਰ ਢੁੱਕਵੇਂ ਹੱਲ ਕਰਨ ਨੂੰ ਤਰਜੀਹ ਦਿੱਤੀ ਜਾਵੇ ਤਾਂ ਜੋ ਨਾਗਰਿਕਾਂ ਦਾ ਕੀਮਤੀ ਸਮਾਂ ਅਜਾਈਂ ਨਾ ਜਾਵੇ। ਉਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਯੋਜਨਾਵਾਂ ਦਾ ਲਾਭ ਵੀ ਲੋੜਵੰਦਾਂ ਤੱਕ ਪ੍ਰਮੁੱਖਤਾ ਦੇ ਆਧਾਰ 'ਤੇ ਪਹੁੰਚਾਉਣ ਲਈ ਦਿਸ਼ਾ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਸਰਕਾਰੀ ਵਿਭਾਗਾਂ ਵਿਖੇ ਆਉਣ ਵਾਲੇ ਲੋਕਾਂ ਦੇ ਬੈਠਣ ਲਈ ਢੁੱਕਵੇਂ ਪ੍ਰਬੰਧ ਅਤੇ ਪੀਣ ਲਈ ਸਾਫ਼ ਪਾਣੀ ਦੀ ਵਿਵਸਥਾ ਕਰਨ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਜਿਹੜੇ ਵਿਭਾਗ ਸਿੱਧੇ ਤੌਰ 'ਤੇ ਪਬਲਿਕ ਡੀਲਿੰਗ ਨਾਲ ਸਬੰਧਤ ਹਨ, ਉਥੇ ਵਧੇਰੇ ਭੀੜ ਨੂੰ ਸੁਚਾਰੂ ਢੰਗ ਨਾਲ ਨਿਯੰਤ੍ਰਿਤ ਕਰਨ ਲਈ ਯੋਗ ਪ੍ਰਣਾਲੀ ਨੂੰ ਅਮਲ ਵਿੱਚ ਲਿਆਂਦਾ ਜਾਵੇ ਤਾਂ ਜੋ ਸੇਵਾਵਾਂ ਪ੍ਰਦਾਨ ਕਰਨ ਵਾਲੇ ਕਰਮਚਾਰੀਆਂ ਅਤੇ ਸੇਵਾਵਾਂ ਹਾਸਲ ਕਰਨ ਵਾਲੇ ਬਿਨੈਕਾਰਾਂ ਨੂੰ ਸੁਖਾਵਾਂ ਮਾਹੌਲ ਮੁਹੱਈਆ ਕਰਵਾਇਆ ਜਾ ਸਕੇ। ਇਸ ਮੌਕੇ ਮਾਣਯੋਗ ਜੱਜ ਮਨਪ੍ਰੀਤ ਕੌਰ, ਚੇਅਰਮੈਨ ਬਲਦੇਵ ਸਿੰਘ ਮਿਆਦੀਆਂ, ਐਸਡੀਐਮ ਅਰਵਿੰਦਰਪਾਲ ਸਿੰਘ, ਤਹਿਸੀਲਦਾਰ ਰੋਬਿਨਜੀਤ ਕੌਰ, ਡਾ. ਜਤਿੰਦਰ ਸਿੰਘ ਗਿੱਲ, ਐਡਵੋਕੇਟ ਹਰਪਾਲ ਸਿੰਘ ਨਿੱਜਰ, ਸਤਿੰਦਰ ਸਿੰਘ ਮਾਖੋਵਾਲ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਫਲਿਪਕਾਰਟ ਵੱਲੋਂ ਬਿੱਗ ਐਂਡ ਆਫ ਸੀਜ਼ਨ ਸੇਲ ਸ਼ੁਰੂ ਕਰਨ ਦਾ ਐਲਾਨ

ਅੰਮ੍ਰਿਤਸਰ : ਫਲਿੱਪਕਾਰਟ ਨੇ ਆਪਣੀ ਬਹੁਤ ਉਡੀਕੀ ਜਾਣ ਵਾਲੀ ਬਿੱਗ 'ਐਂਡ ਆਫ ਸੀਜ਼ਨ' ਸ਼ੁਰੂ ਕਰਨ ਦਾ ਐਲਾਨ ਕੀਤਾ ਹੈ, ਜਿਸ ਨਾਲ ਤਕਰੀਬਨ 2,00,000 ਵਿਕਰੇਤਾਵਾਂ ਅਤੇ 10,000 ਤੋਂ ਵੱਧ ਬ੍ਰਾਂਡ ਇਕੱਠੇ ਆਉਣਗੇ ਤਾਂ ਕਿ ਦੇਸ਼ ਭਰ ਦੇ ਲੱਖਾਂ ਗਾਹਕਾਂ ਨੂੰ ਫੈਸ਼ਨ, ਸੁੰਦਰਤਾ ਅਤੇ ਲਾਈਫ਼ ਸਟਾਈਲ਼ ਨਾਲ ਜੁੜੇ ਉਤਪਾਦਾਂ ਦੀ ਵਿਆਪਕ ਰੇਂਜ ਮੁਹੱਈਆ ਕਰਵਾਈ ਜਾ ਸਕੇ। 1 ਜੂਨ ਤੋਂ ਸ਼ੁਰੂ ਹੋ ਕੇ ਅਤੇ ਇੱਕ ਹਫ਼ਤੇ ਤੱਕ ਚੱਲਣ ਵਾਲੀ ਇਸ 'ਬਿੱਗ ਐਂਡ ਆਫ ਸੀਜ਼ਨ' ਦੌਰਾਨ ਗਾਹਕਾਂ ਨੂੰ ਇੱਕ ਵੱਖਰੀ ਕਿਸਮ ਦਾ ਖ਼ਰੀਦਦਾਰੀ ਅਨੁਭਵ ਮਿਲੇਗਾ। ਇਸ ਲਈ, ਇਮੇਜ ਸਰਚ, ਵੀਡੀਓ ਕੈਟਾਲਾਗ, ਵਰਚੁਅਲ ਟ੍ਰਾਈ-ਆਨ, ਵੀਡੀਓ ਕਾਮਰਸ ਅਤੇ ਟਾਪ ਫਿਲਟਰਾਂ ਵਰਗੀਆਂ ਤਕਨਾਲੋਜੀ ਆਧਾਰਿਤ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਇਸ ਆਯੋਜਨ ਦੇ ਬਾਰੇ ਵਿੱਚ ਬੋਲਦਿਆਂ ਹੋਇਆਂ, ਅਭਿਸ਼ੇਕ ਮਾਲੂ, ਸੀਨੀਅਰ ਡਾਇਰੈਕਟਰ, ਫਲਿੱਪਕਾਰਟ ਫੈਸ਼ਨ ਨੇ ਕਿਹਾ ਕਿ ਫਲਿੱਪਕਾਰਟ ਵਿੱਚ 'ਐਂਡ ਆਫ ਸੀਜ਼ਨ' ਸਾਡੇ ਲਈ ਸਹੀ ਮਾਅਨਿਆਂ ਵਿੱਚ ਇੱਕ ਤਿਉਹਾਰ ਵਾਂਗ ਹੈ ਅਤੇ ਇਹ ਮੌਕਾ ਸਾਡੇ ਈਕੋ ਸਿਸਟਮ ਦੇ ਸਾਰੇ ਪੱਖਾਂ ਲਈ ਖੁਸ਼ੀ ਦਾ ਪਲ ਹੁੰਦਾ ਹੈ।

# ਸਕੂਲ ਆਫ ਐਮੀਨੈਂਸ ਦਾਖਲਾ ਪ੍ਰੀਖਿਆ 'ਚੋਂ ਹਰਮਨਪ੍ਰੀਤ ਕੌਰ 13 ਜ਼ਿਲ੍ਹਿਆਂ 'ਚੋਂ ਅੱਵਲ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ 'ਸਕੂਲ ਆਫ ਐਮੀਨੈਂਸ' ਦਾਖਲਾ ਪ੍ਰੀਖਿਆ ਦੇ ਐਲਾਨੇ ਗਏ ਨਤੀਜੇ ਵਿੱਚੋਂ ਜ਼ਿਲ੍ਹਾ ਗੁਰਦਾਸਪੁਰ ਦੇ ਸਰਕਾਰੀ ਹਾਈ ਸਕੂਲ ਲੱਖਣ ਕਲਾਂ ਦੀ ਵਿਦਿਆਰਥਣ ਹਰਮਨਪ੍ਰੀਤ ਕੌਰ ਪੁੱਤਰੀ ਹਰਦੇਵ ਸਿੰਘ/ਬਲਜੀਤ ਕੌਰ ਵਾਸੀ ਨੜਾਂਵਾਲੀ ਨੇ ਕੁੱਲ 150 ਅੰਕਾਂ ਵਿੱਚੋਂ 118 ਅੰਕ ਹਾਸਲ ਕਰਕੇ ਆਪਣੇ ਜ਼ਿਲ੍ਹੇ ਸਮੇਤ 13 ਜ਼ਿਲ੍ਹਿਆਂ ਵਿੱਚੋਂ ਪਹਿਲਾ ਸਥਾਨ ਅਤੇ ਪੰਜਾਬ ਵਿੱਚੋਂ 20ਵਾਂ ਸਥਾਨ ਪ੍ਰਾਪਤ ਕਰਕੇ ਆਪਣੇ ਮਾਤਾ ਪਿਤਾ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਸਕੂਲ ਮੁੱਖ ਅਧਿਆਪਕਾ ਨਿਰਮਲਾ ਦੇਵੀ ਨੇ ਦੱਸਿਆ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਪੰਜਾਬ ਸਰਕਾਰ ਵਲੋਂ ਸਿੱਖਿਆ ਵਿਭਾਗ ਅੰਦਰ 'ਸਕੂਲ ਆਫ ਐਮੀਨੈਂਸ' ਸਕੂਲ ਸ਼ੁਰੂ ਕੀਤੇ ਗਏ ਹਨ।

ਸਿੱਖਿਆ ਵਿਭਾਗ ਵਲੋਂ 10+1 ਜਮਾਤ ਵਾਸਤੇ ਲਈ ਗਈ 'ਸਕੂਲ ਆਫ ਐਮੀਨੈਂਸ' ਦਾਖਲਾ ਪ੍ਰੀਖਿਆ ਵਿੱਚ ਸਰਕਾਰੀ ਹਾਈ ਸਕੂਲ ਲੱਖਣ ਕਲਾਂ ਦੀਆਂ ਚਾਰ ਵਿਦਿਆਰਥਣਾਂ ਨੇ ਪ੍ਰੀਖਿਆ ਦਿੱਤੀ ਸੀ। ਇਸ ਪ੍ਰੀਖਿਆਂ ਵਿੱਚੋਂ ਸਕੂਲ ਦੀ ਵਿਦਿਆਰਥਣ ਹਰਮਨਪ੍ਰੀਤ ਕੌਰ ਨੜਾਂਵਾਲੀ ਕੁੱਲ 150 ਅੰਕਾਂ ਵਿੱਚੋਂ 118 ਅੰਕ ਹਾਸਲ ਕਰਕੇ 13 ਜ਼ਿਲ੍ਹਿਆਂ ਵਿੱਚੋਂ ਪਹਿਲਾ ਸਥਾਨ ਅਤੇ ਪੰਜਾਬ ਵਿੱਚੋਂ 20ਵਾਂ ਸਥਾਨ ਪ੍ਰਾਪਤ ਕੀਤਾ ਹੈ ਜਦਕਿ ਬਾਕੀ ਤਿੰਨ ਵਿਦਿਆਰਥਣਾਂ ਜਸਮੀਤ ਕੌਰ, ਤਮੰਨਾ ਅਤੇ ਮਹਿਮਾ ਨੇ ਵੀ ਚੰਗੇ ਅੰਕਾਂ ਨਾਲ 'ਸਕੂਲ ਆਫ ਐਮੀਨੈਂਸ' ਪ੍ਰੀਖਿਆ ਪਾਸ ਕੀਤੀ ਹੈ। ਪ੍ਰਿੰਸੀਪਲ ਅਧਿਆਪਕਾ ਨੇ ਦੱਸਿਆ ਵਿਦਿਆਰਥਣ ਹਰਮਨਪ੍ਰੀਤ ਕੌਰ ਨੇ ਦਸਵੀਂ ਜਮਾਤ ਵਿੱਚੋਂ ਵੀ 94% ਅੰਕ ਪ੍ਰਾਪਤ ਹਨ।

ਸਕੂਲ ਦੇ ਮੁੱਖ ਅਧਿਆਪਕਾ ਨਿਰਮਲਾ ਦੇਵੀ, ਪਲਵਿੰਦਰ ਸਿੰਘ, ਸੁਭਾਸ਼ ਚੰਦਰ, ਕਿਰਨਦੀਪ ਕੌਰ, ਦਿਲਦਾਰ ਭੰਡਾਲ, ਮਨਿੰਦਰਜੀਤ ਸਿੰਘ, ਸਲਵਿੰਦਰ ਕੁਮਾਰ, ਮੈਡਮ ਨੀਨਾ ਸ਼ਰਮਾ, ਕ੍ਰਿਸ਼ਨ ਕੁਮਾਰ, ਕਵਲਜੀਤ ਸਿੰਘ, ਮੈਡਮ ਮੀਨਾ ਸ਼ਰਮਾ ਆਦਿ ਸਟਾਫ ਮੈਂਬਰਾਂ ਨੇ 'ਸਕੂਲ ਆਫ ਐਮੀਨੈਂਸ' ਪ੍ਰੀਖਿਆ ਪਾਸ ਵਿਦਿਆਰਥਣਾਂ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਅਤੇ ਵਿਦਿਆਰਥਣਾਂ ਨੂੰ ਭਵਿੱਖ ਵਿੱਚ ਵੀ ਹੋਰ ਸਖਤ ਮਿਹਨਤ ਕਰਦੇ ਰਹਿਣ ਲਈ ਪ੍ਰੇਰਿਆ।

## *ਸਰਜਾ ਵਾਸੀਆਂ ਦੀਆਂ ਸਭ ਮੰਗਾਂ ਹੱਲ ਕਰਵਾਵਾਂਗੇ : ਸੁਹਿੰਦਰ ਕੌਰ*



ਟਾਂਗਰਾ (ਲਾਡੀ ਮੱਲ੍ਹੀ)-ਪਿੰਡ ਸਰਜਾ ਵਾਸੀਆਂ ਦੀਆਂ ਮੰਗਾਂ ਸਬੰਧੀ ਮੰਤਰੀ ਸਾਬ ਨੂੰ ਜਾਣੂੰ ਕਰਵਾ ਕੇ ਹੱਲ ਕੀਤਾ ਜਾਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਜੰਡਿਆਲਾ ਗੁਰੂ ਦੇ ਵਿਧਾਇਕ ਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੂੰ ਮਿਲਣ ਪਹੁੰਚੇ ਆਪ ਵਲੰਟੀਅਰਾਂ ਨੂੰ ਉਨ੍ਹਾਂ ਦੀ ਪਤਨੀ ਸੁਹਿੰਦਰ ਕੌਰ ਨੇ ਮਿਲਣ ਮੌਕੇ ਕਹੇ। ਮੰਗਾਂ ਸਬੰਧੀ ਆਪ ਆਗੂ ਗੁਰਮੁਖ ਸਿੰਘ ਸਰਜਾ ਨੇ ਪਿੰਡ ਸਰਜਾ ਤੋਂ ਜੋਧਾ ਨਗਰੀ ਨੂੰ ਜਾਂਦੀ ਕੱਚੀ ਸੜਕ ਨੂੰ ਪੱਕਿਆਂ ਕਰਨ ਤੇ ਬਿਜਲੀ ਸਬੰਧੀ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਕਰਾਉਣ ਲਈ ਕਿਹਾ ਜਿਸ ਨੂੰ ਮੈਡਮ ਸੁਹਿੰਦਰ ਕੌਰ ਨੇ ਬੜੇ ਧਿਆਨ ਨਾਲ ਵਿਚਾਰਿਆ ਅਤੇ ਉਨ੍ਹਾਂ ਕਿਹਾ ਕਿ ਪਿੰਡ ਸਰਜਾ ਦੇ ਵਿਕਾਸ ਕੰਮ ਜੋ ਮੇਰੇ ਧਿਆਨ ਵਿੱਚ ਲਿਆਂਦੇ ਗਏ ਹਨ ਉਹ ਸਾਰੇ ਦੇ ਸਾਰੇ ਮੰਤਰੀ ਸਾਬ ਦੇ ਧਿਆਨ 'ਚ ਲਿਆ ਕੇ ਹੱਲ ਕਰਵਾਏ ਜਾਣਗੇ। ਇਸ ਮੌਕੇ ਆਪ ਆਗੂਆਂ ਵਿੱਚ ਗੁਰਮੁਖ ਸਿੰਘ ਸਰਜਾ, ਅਨੰਦ ਸਿੰਘ, ਬਲਵਿੰਦਰ ਸਿੰਘ, ਹਰਜਿੰਦਰ ਸਿੰਘ, ਸੁਖਚੈਨ ਸਿੰਘ, ਹਰਪਾਲ ਸਿੰਘ, ਸਿੰਘ, ਗਿੰਦਰ ਸਿੰਘ, ਅੰਗਰੇਜ਼ ਸਿੰਘ, ਪ੍ਰਗਟ ਸਿੰਘ, ਸੁਖਵਿੰਦਰ ਸਿੰਘ, ਜਸਮੇਲ ਸਿੰਘ ਅਤੇ ਬਾਊ ਸਿੰਘ ਆਦਿ ਹਾਜ਼ਰ ਸਨ।

# ਮਾਤਾ ਗੁਜਰੀ ਸਕੂਲ ਬਲਵੰਡਾ ਦੇ ਬੱਚਿਆਂ ਵੱਲੋਂ ਥਾਣਾ ਭੈਣੀ ਮੀਆਂ ਖਾਂ ਦਾ ਦੌਰਾ



ਗੁਰਦਾਸਪੁਰ (ਜਨਕ ਮਹਾਜਨ)-ਮਾਤਾ ਗੁਜਰੀ ਸਕੂਲ ਬਲਵੰਡਾ ਦੇ ਵਿਦਿਆਰਥੀਆਂ ਨੇ ਸਕੂਲ ਵਿਚ ਸਮਰ ਕੈਂਪ ਦੌਰਾਨ ਪੁਲਸ ਥਾਣਾ ਭੈਣੀ ਮੀਆਂ ਖਾਂ ਦਾ ਦੌਰਾ ਕੀਤਾ। ਇਸ ਦੌਰੇ ਦਾ ਮੁੱਖ ਮਕਸਦ ਵਿਦਿਆਰਥੀਆਂ ਵਿਚ ਕਮਿਊਨਿਟੀ ਹੈਲਪਰਜ਼ ਦਾ ਸੁਸਾਇਟੀ ਵਿਚ ਮਹੱਤਵ ਦੱਸਣਾ ਸੀ ਕਿ ਕਿਵੇਂ ਕਮਿਊਨਿਟੀ ਹੈਲਪਰਜ਼ ਸਮਾਜ ਵਿਚ ਸਾਡੀ ਸੁਰੱਖਿਆ ਕਰਦੇ ਹਨ। ਇਸ ਮੌਕੇ ਐਸਐਚਓ ਸਰਬਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਪੁਲਸ ਸਟੇਸ਼ਨ ਦੀ ਸੈਰ ਕਰਵਾਈ ਅਤੇ ਬੱਚਿਆਂ ਨੂੰ ਪੁਲਸ ਵਲੋਂ ਨਿਭਾਈ ਜਾਂਦੀ ਡਿਊਟੀ ਬਾਰੇ ਜਾਣਕਾਰੀ ਦਿੱਤੀ।

ਉਨ੍ਹਾਂ ਕਿਹਾ ਕਿ ਪੁਲਸ ਦਾ ਕੰਮ ਹਮੇਸ਼ਾ ਸਾਨੂੰ ਬੁਰਾਈਆਂ ਤੋਂ ਬਚਾਉਣ ਅਤੇ ਗਲਤ ਲੋਕਾਂ ਨੂੰ ਕਾਨੂੰਨ ਅਨੁਸਾਰ ਸਜ਼ਾ ਦਿਵਾ ਕੇ ਸਾਡੀ ਰੱਖਿਆ ਕਰਨਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਸਮਾਜ ਵਿਚ ਇਕ ਚੰਗੇ ਨਾਗਰਿਕ ਵਜੋਂ ਵਿਚਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰਸੀਪਲ ਮਨਿੰਦਰਪਾਲ ਕੌਰ, ਪੁਲਸ ਸਟੇਸ਼ਨ ਦਾ ਸਾਰਾ ਸਟਾਫ਼ ਤੇ ਹੋਰ ਹਾਜ਼ਰ ਸਨ।

# ਡਾਟਾ ਮਿਸਮੈਚ ਹੋਣ ਕਾਰਨ ਕਈ ਅਧਿਆਪਕ ਬਦਲੀਆਂ ਤੋਂ ਰਹੇ ਵਾਂਝੇ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਭਾਵੇਂ ਕਿ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਇਸ ਗੱਲ ਦਾ ਦਾਅਵਾ ਕਰਦੇ ਨਹੀਂ ਥੱਕਦੇ ਕਿ ਉਨ੍ਹਾਂ ਨੇ ਪੰਜਾਬ ਦੇ ਅਧਿਆਪਕਾਂ ਦੀਆਂ ਆਨਲਾਈਨ ਬਦਲੀਆਂ ਪੱਖਪਾਤ ਤੋਂ ਕੀਤੀਆਂ ਹਨ, ਪਰ ਫਿਰ ਵੀ ਸਿੱਖਿਆ ਵਿਭਾਗ ਦੇ ਬਹੁਤ ਸਾਰੇ ਅਧਿਆਪਕ ਇਨ੍ਹਾਂ ਬਦਲੀਆਂ ਦਾ ਲਾਭ ਲੈਣ ਤੋਂ ਵਾਂਝੇ ਰਹਿ ਗਏ ਹਨ। ਦਰਅਸਲ ਆਨਲਾਈਨ ਬਦਲੀਆਂ ਅਪਲਾਈ ਕਰਨ ਦੌਰਾਨ ਪੇਸ਼ ਆਉਂਦੀਆਂ ਮੁਸ਼ਕਲਾਂ ਵਾਸਤੇ ਮਹਿਕਮੇ ਕੋਲ ਕੋਈ ਠੋਸ ਹੱਲ ਨਹੀਂ ਹੈ। ਅਧਿਆਪਕ ਜਦੋਂ ਆਪਣੀ ਆਨਲਾਈਨ ਬਦਲੀ ਅਪਲਾਈ ਕਰਦੇ ਹਨ ਤਾਂ ਉਨ੍ਹਾਂ ਕੋਲੋਂ ਕੋਈ ਨਾ ਕੋਈ ਟੈਕਨੀਕਲ ਗਲਤੀ ਹੋ ਜਾਂਦੀ ਹੈ। ਇਸ ਗਲਤੀ ਦੇ ਸੁਧਾਰ ਲਈ ਡੀਈਓ ਜਾਂ ਡੀਪੀਆਈ ਦਫਤਰ ਮੋਹਾਲੀ ਚੰਡੀਗੜ੍ਹ ਜਾਣਾ ਪੈਂਦਾ ਹੈ, ਜਿਸ ਦਾ ਖਮਿਆਜ਼ਾ ਅਧਿਆਪਕਾਂ ਨੂੰ ਡੀਪੀਆਈ ਚੰਡੀਗੜ੍ਹ ਦੇ ਦਫਤਰਾਂ ਵਿੱਚ ਖੱਜਲ-ਖੁਆਰ ਹੋ ਕੇ ਭੁਗਤਣਾ ਪੈਂਦਾ ਹੈ। ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਵੱਲੋਂ ਨਰਿੰਦਰ ਨੂਰ, ਧਰਮਿੰਦਰ ਛੀਨਾ ਅਤੇ ਗੁਰਵੇਲ ਠੱਠਾ ਨੇ ਸਿੱਖਿਆ ਮੰਤਰੀ ਤੋਂ ਮੰਗ ਕੀਤੀ ਕਿ ਡਾਟਾ ਮਿਸਮੈਚ ਸਬੰਧੀ ਕੋਈ ਊਣਤਾਈ ਰਹਿ ਜਾਂਦੀ ਹੈ ਤਾਂ ਉਸ ਦਾ ਹੱਲ ਸਬੰਧਤ ਡੀਈਓ ਪੱਧਰ 'ਤੇ ਕੀਤਾ ਜਾਵੇ ਅਤੇ ਅਧਿਆਪਕਾਂ ਨੂੰ ਇੱਕ ਮੌਕਾ ਦਿੱਤਾ ਜਾਵੇ ਤਾਂ ਕਿ ਉਹ ਆਨਲਾਈਨ ਬਦਲੀਆਂ ਕਰਾਉਣ ਲਈ ਸਟੇਸ਼ਨ ਦੀ ਚੁਆਇਸ ਕਰ ਸਕਨ।

# ਸ੍ਰੀ ਹੇਮਕੁੰਟ ਸਾਹਿਬ ਪੈਦਲ ਯਾਤਰਾ ਦਾ ਪਿੰਡ ਚਾਕਾਂਵਾਲੀ 'ਚ ਭਰਵਾਂ ਸਵਾਗਤ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸ੍ਰੀ ਹੇਮਕੁੰਟ ਸਾਹਿਬ ਪੈਦਲ ਯਾਤਰਾ ਸੁਸਾਇਟੀ ਬਟਾਲਾ ਦੇ ਮੁੱਖ ਸੇਵਾਦਾਰ ਡਾ: ਗੁਰਦੇਵ ਸਿੰਘ ਧਾਰੋਵਾਲੀ ਦੀ ਅਗਵਾਈ ਵਿੱਚ 2 ਜੂਨ ਨੂੰ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਤੋਂ ਅਰਦਾਸ ਕਰਨ ਉਪਰੰਤ ਰਵਾਨਾ ਹੋਈ 29ਵੀਂ ਪੈਦਲ ਯਾਤਰਾ ਦਾ ਵੱਖ-ਵੱਖ ਪਿੰਡਾਂ ਦੀਆਂ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਯਾਤਰੀਆਂ ਲਈ ਵੱਖ-ਵੱਖ ਪਿੰਡਾਂ ਦੀਆ ਸੰਗਤਾਂ ਵੱਲੋਂ ਸੜਕ ਉੱਪਰ ਪਹੁੰਚ ਕੇ ਮਿੱਠੇ ਠੰਡੇ ਜਲ ਦੀਆਂ ਛਬੀਲਾਂ ਅਤੇ ਗੁਰੂ ਕੇ ਲੰਗਰ ਲਗਾਏ ਗਏ। ਪਿੰਡ ਚਾਕਾਂਵਾਲੀ ਦੇ ਸੁਖਮਨੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਅਤੇ ਸਟਾਫ ਵੱਲੋਂ ਮਿਲ ਕੇ ਯਾਤਰਾ ਕਰ ਰਹੇ ਸੇਵਾਦਾਰਾਂ ਅਤੇ ਸੰਗਤਾਂ ਦੀ ਨਰਵਿਘਨ ਯਾਤਰਾ ਲਈ ਸਕੂਲ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ। ਸਕੂਲ ਮੈਨੇਜਮੈਂਟ ਅਤੇ ਅਧਿਆਪਕਾਂ ਵੱਲੋਂ ਯਾਤਰਾ ਦੇ ਮੁੱਖ ਸੇਵਾਦਾਰ ਡਾ: ਗੁਰਦੇਵ ਸਿੰਘ ਧਾਰੋਵਾਲੀ ਅਤੇ ਸਾਥੀਆਂ ਦਾ ਹਾਰ ਪਾ ਕੇ ਸਵਾਗਤ ਕੀਤਾ ਤੇ ਸੰਗਤ ਨਾਲ ਮਿਲ ਕੇ ਆਪਣੀਆਂ ਸ਼ੁਭਕਾਮਨਾਵਾਂ ਭੇਟ ਕੀਤੀਆਂ ਅਤੇ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕਿ ਵਾਹਿਗੁਰੂ ਪ੍ਰਬੰਧਕਾਂ ਵੱਲੋਂ ਕੀਤੀ ਜਾ ਰਹੀ ਸਾਲਾਨਾ ਯਾਤਰਾ ਸਫਲਤਾਪੂਰਵਕ ਸੰਪੂਰਨ ਹੋਵੇ। ਇਸ ਮੌਕੇ ਯਾਤਰਾ ਦੇ ਮੁੱਖ ਸੇਵਾਦਾਰ ਡਾ; ਗੁਰਦੇਵ ਸਿੰਘ ਧਾਰੋਵਾਲੀ ਵੱਲੋਂ ਵੀ ਮਾਸਟਰ ਸਵਿੰਦਰ ਸਿੰਘ ਅਤੇ ਮੈਡਮ ਸੁਰਿੰਦਰ ਕੌਰ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰਪਾਉ ਸਾਹਿਬ ਤੇ ਸਨਮਾਨ ਚਿੰਨ੍ਹ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਡਾਇਰੈਕਟਰ ਮਾਸਟਰ ਸਵਿੰਦਰ ਸਿੰਘ ਸਟੇਟ ਐਵਾਰਡੀ, ਮੈਡਮ ਸੁਰਿੰਦਰ ਕੌਰ, ਮਾਸਟਰ ਨਵਦੀਪ ਸਿੰਘ ਸੂਰੀ, ਸਮੇਤ ਸਕੂਲ ਦੇ ਸਮੁੱਚੇ ਸਟਾਫ ਮੈਂਬਰ ਹਾਜ਼ਰ ਸਨ।

## *ਸਿਵਲ ਸਰਜਨ ਡਾ: ਸੁਮੀਤ ਸਿੰਘ ਦਾ ਮਾਣ-ਸਨਮਾਨ*



ਮਾਨਾਂਵਾਲਾ (ਮਨਦੀਪ ਸਿੰਘ ਜੰਮੂ)-ਐੱਸਐੱਮਓ ਡਾਕਟਰ ਸੁਮੀਤ ਸਿੰਘ ਮਾਨਾ ਵਾਲਾ ਨੂੰ ਜ਼ਿਲਾ ਸਿਵਲ ਸਰਜਨ ਨਿਯੁਕਤ ਕੀਤੇ ਜਾਣ 'ਤੇ ਸੀਨੀਅਰ ਮਲੇਰੀਆ ਅਫਸਰ ਸੀਐੱਚਸੀ ਮਾਨਾਂਵਾਲਾ ਪ੍ਰਿਤਪਾਲ ਸਿੰਘ ਐੱਸਐੱਮਆਈ ਦੀ ਅਗਵਾਈ ਹੇਠ ਸਨਮਾਨਿਤ ਕੀਤਾ ਗਿਆ। ਸਿਵਲ ਸਰਜਨ ਡਾਕਟਰ ਚਰਨਜੀਤ ਸਿੰਘ ਜੋ ਕਿ ਬੀਤੇ ਦਿਨੀਂ ਰਿਟਾਇਰ ਹੋਏ ਸਨ, ਦੀ ਜਗ੍ਹਾ 'ਤੇ ਡਾ. ਸੁਮੀਤ ਸਿੰਘ ਨੇ ਆਪਣਾ ਅਹੁਦਾ ਸੰਭਾਲਿਆ ਹੈ। ਇਸ ਮੌਕੇ ਸੀਐੱਚਸੀ ਮਾਨਾਂਵਾਲਾ ਤੋਂ ਸੀਨੀਅਰ ਮਲੇਰੀਆ ਅਫਸਰਾਂ ਨੇ ਸਿਵਲ ਸਰਜਨ ਡਾ. ਸੁਮੀਤ ਸਿੰਘ ਨੂੰ ਸਨਮਾਨਿਤ ਕੀਤਾ ਜਿਨ੍ਹਾਂ ਵਿੱਚ ਸੌਰਵ ਸ਼ਰਮਾ, ਬਲਜੀਤ ਸਿੰਘ, ਬਲਵਿੰਦਰ ਕੁਮਾਰ, ਕਸ਼ਮੀਰ ਸਿੰਘ ਕੰਗ, ਹਰਜਿੰਦਰਪਾਲ ਸਿੰਘ, ਅਜਮੇਰ ਸਿੰਘ, ਹਰਜਿੰਦਰ ਸਿੰਘ ਅਤੇ ਪ੍ਰਿੰਸ ਆਦਿ ਹਾਜ਼ਰ ਸਨ।

## *ਰੰਧਾਵਾ ਨੇ ਕਲਾਨੌਰ 'ਚ ਕਾਂਗਰਸੀ ਵਰਕਰਾਂ ਨਾਲ ਕੀਤੀਆਂ ਵਿਸ਼ੇਸ਼ ਮੀਟਿੰਗਾਂ*



ਕਲਾਨੌਰ (ਮਨਦੀਪ ਕੁਮਾਰ)-ਹਲਕਾ ਡੇਰਾ ਬਾਬਾ ਨਾਨਕ ਦੇ ਮੌਜੂਦਾ ਵਿਧਾਇਕ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਨੇ ਕਲਾਨੌਰ ਪਹੁੰਚ ਕੇ ਕਾਂਗਰਸੀ ਵਰਕਰਾਂ ਨਾਲ ਵਿਸ਼ੇਸ਼ ਮੀਟਿੰਗਾਂ ਕੀਤੀਆਂ। ਇਸ ਮੌਕੇ ਰੰਧਾਵਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਆਮ ਆਦਮੀ ਪਾਰਟੀ ਵੱਲੋਂ ਲੋਕਾਂ ਨਾਲ ਕੀਤੇ ਜਾ ਰਹੇ ਝੂਠੇ ਵਾਅਦਿਆਂ ਤੋਂ ਲੋਕ ਪਰੇਸ਼ਾਨ ਹਨ।

ਉਨ੍ਹਾਂ ਨੇ ਦੱਸਿਆ ਕਿ ਆਉਂਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਹਲਕਾ ਡੇਰਾ ਬਾਬਾ ਨਾਨਕ ਤੋਂ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰੇਗੀ। ਇਸ ਮੌਕੇ ਬਲਾਕ ਪ੍ਰਧਾਨ ਸਵਿੰਦਰ ਸਿੰਘ ਗੱਗੋਵਾਲੀ, ਰਾਕੇਸ਼ ਭਾਰਦਵਾਜ, ਰੋਹਿਤ ਭਾਰਦਵਾਜ, ਤਰਸੇਮ ਪਾਲ ਮਹਾਜਨ, ਵਰਿੰਦਰ ਸ਼ਰਮਾ, ਰਜਨੀਸ਼ ਸ਼ਰਮਾ, ਗੌਰਵ ਸਲਹੋਤਰਾ, ਸਰਬਜੀਤ ਮੱਲ੍ਹੀ, ਸੁੱਖਾ ਮੱਲ੍ਹੀ, ਸਤਨਾਮ ਸਿੰਘ, ਰਣਜੋਧ ਸਿੰਘ, ਕਾਲਾ ਪੱਡਾ, ਸੁਰਿੰਦਰ ਸੱਚਰ, ਕਮਲ ਟੇਲਰ, ਬਲਦੇਵ ਸਿੰਘ, ਸੋਨੂੰ ਸੋਈ, ਗਗਨਦੀਪ ਭਲਾ, ਕਾਲਾ ਬਡਿਆਲ, ਸੁਖਜਿੰਦਰ ਸਿੰਘ ਸੂਬਾ, ਜਗਦੀਸ਼ ਸਿੰਘ ਦਿਓਲ, ਸਿਮਰਜੀਤ, ਸੈਰੀ ਸਿੰਘ, ਗੋਪੀ ਬਲਹੋਤਰਾ, ਧਰਮ ਪਾਲ, ਰਮੇਸ਼ ਕੁਮਾਰ, ਸੁਨੀਲ ਸਰੀਨ ਆਦਿ ਸਾਰੇ ਹੀ ਕਾਂਗਰਸੀ ਆਗੂ ਹਾਜ਼ਰ ਸਨ।

# ਦਿਵਿਆਂਗ ਬੱਚਿਆਂ ਨੂੰ ਪਹਿਲੀ ਤੋਂ 12ਵੀਂ ਜਮਾਤ ਤੱਕ 2500-3000 ਰੁਪਏ ਦਿੱਤਾ ਜਾਂਦੈ ਵਜ਼ੀਫਾ : ਡੀ ਸੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਦਿਵਿਆਂਗਜਨ ਵਰਗ ਸਮਾਜ ਦਾ ਇਕ ਅਨਿੱਖੜਵਾਂ ਅੰਗ ਹੈ, ਰਾਜ ਸਰਕਾਰ ਇਨ੍ਹਾਂ ਦੀ ਭਲਾਈ ਲਈ ਵਿਸ਼ੇਸ਼ ਉਪਰਾਲੇ ਕਰਨ ਲਈ ਵਚਨਬੱਧ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਅਧੀਨ ਦਿਵਿਆਂਗਜਨਾਂ ਦੀ ਸਹਾਇਤਾ ਲਈ ਅਲੱਗ-ਅਲੱਗ ਸਕੀਮਾਂ ਤਹਿਤ ਲਾਭ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਹਿਲੀ ਜਮਾਤ ਤੋਂ 12ਵੀ ਜਮਾਤ ਤੱਕ ਦੇ ਦਿਵਿਆਂਗ ਵਿਦਿਆਰਥੀਆਂ ਨੂੰ ਸਿੱਖਿਆ ਵਿਭਾਗ ਦੇ ਸਹਿਯੋਗ ਨਾਲ 2500-3000 ਰੁਪਏ ਸਾਲਾਨਾ ਵਜ਼ੀਫਾ ਦਿੱਤਾ ਜਾ ਰਿਹਾ ਹੈ ਅਤੇ ਨੈਸ਼ਨਲ ਟਰਸਟ ਐਕਟ ਸਕੀਮ ਅਧੀਨ ਲੋਕਲ ਲੈਵਲ ਕਮੇਟੀ ਵੱਲੋਂ ਵੱਖ-ਵੱਖ ਸ਼੍ਰੇਣੀ ਦੇ ਦਿਵਿਆਂਗਜਨਾਂ ਦੀ ਗਾਰਡੀਅਨਸ਼ਿਪ ਇਨਾਂ ਦੇ ਮਾਤਾ-ਪਿਤਾ ਦੇ ਪਰਿਵਾਰਕ ਮੈਂਬਰਾਂ ਨੂੰ ਦਿੱਤੀ ਜਾਂਦੀ ਹੈ। ਇਸ ਸਕੀਮ ਅਧੀਨ ਐਨਜੀਓ ਦੇ ਸਹਿਯੋਗ ਨਾਲ ਨਿਰਮਿਆ ਹੈਲਥ ਇੰਸ਼ੋਰੈਂਸ ਸਕੀਮ ਤਹਿਤ ਬੀਮਾ ਕੀਤਾ ਜਾਂਦਾ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਪੋਰਟਲ 'ਤੇ ਜ਼ਰੂਰੀ ਜਾਣਕਾਰੀ ਭਰਦੇ ਹੋਏ ਸਿਹਤ ਵਿਭਾਗ ਦੇ ਸਹਿਯੋਗ ਨਾਲ ਯੂ.ਡੀ:ਆਈ ਕਾਰਡ ਬਣਾਇਆ ਜਾਂਦਾ ਹੈ ਅਤੇ ਇਸ ਕਾਰਡ ਦੀ ਮਦਦ ਨਾਲ ਦਿਵਿਆਂਗਜਨਾਂ ਦੇ ਹਿੱਤਾਂ ਵਾਸਤੇ ਜੁੜੀਆਂ ਵੱਖ-ਵੱਖ ਸਕੀਮਾਂ ਦੇ ਲਾਭ ਦਿੱਤੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅੱਖਾਂ ਦੀ ਰੌਸ਼ਨੀ ਗਵਾ ਚੁੱਕੇ ਦਿਵਿਆਂਗਜਨਾਂ ਨੂੰ ਬੱਸ ਦਾ ਕਿਰਾਇਆ ਮਾਫ ਕੀਤਾ ਗਿਆ ਹੈ ਜਦਕਿ ਦੂਸਰੇ ਦਿਵਿਆਂਗਜਨਾਂ ਨੂੰ ਅੱਧਾ ਕਿਰਾਇਆ ਮਾਫ ਕੀਤਾ ਗਿਆ ਹੈ ਅਤੇ ਵੱਖ-ਵੱਖ ਸਕੀਮਾਂ ਤਹਿਤ ਜ਼ਿਲ੍ਹੇ ਦੀਆਂ ਰਜਿਸਟਰਡ ਗੈਰ-ਸਰਕਾਰੀ ਸੰਸਥਾਵਾਂ ਵੱਲੋਂ ਦਿਵਿਆਂਗਜਨਾਂ ਨੂੰ ਜਿਵੇਂ ਕਿ ਬਲਾਈਂਡ, ਮੈਂਟਲੀ ਰਿਟਾਰਡਡ, ਸੁਣਨ ਅਤੇ ਬੋਲਣ ਦੀ ਕਮਜ਼ੋਰੀ ਵਾਲੇ ਦਿਵਿਆਂਗ ਬੱਚਿਆਂ ਦੇ ਸਕੂਲ ਚਲਾਉਣ ਲਈ ਗ੍ਰਾਂਟ ਵੀ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਪੈਨਸ਼ਨ ਸਕੀਮ ਅਧੀਨ 50% ਤੋਂ ਜ਼ਿਆਦਾ ਸਰੀਰਕ ਪੱਖੋਂ ਦਿਵਿਆਂਗ ਵਿਅਕਤੀਆਂ ਨੂੰ 1500 ਰੁਪਏ ਮਹੀਨਾ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

ਡਿਪਟੀ ਕਮਿਸ਼ਸਨਰ ਨੇ ਦੱਸਿਆ ਕਿ ਸਹਾਇਕ ਉਪਕਰਨ ਖਰੀਦਣ ਸਕੀਮ ਤਹਿਤ ਦਿਵਿਆਂਗ ਵਿਅਕਤੀਆਂ ਨੂੰ ਵਧੀਆ ਕਵਾਲਿਟੀ ਦੇ ਨਕਲੀ ਅੰਗ ਅਤੇ ਸਹਾਇਕ ਉਪਕਰਨ ਸਵੈ-ਇੱਛਕ ਸੰਸਥਾਵਾਂ ਦੇ ਜ਼ਰੀਏ ਉਪਲਬੱਧ ਕਰਵਾਏ ਜਾਂਦੇ ਹਨ ਅਤੇ ਦਿਮਾਗੀ ਤੌਰ 'ਤੇ ਪੀੜਿਤ ਰੋਗੀਆਂ ਲਈ ਜਿਲ੍ਹੇ ਵਿੱਚ ਸਹਿਯੋਗ (ਹਾਫ-ਵੇ-ਹੋਮ) ਹੋਮ ਵੀ ਚਲਾਇਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਤੇਜ਼ਾਬੀ ਹਮਲੇ ਤੋਂ ਪੀੜਤ ਸਕੀਮ ਤਹਿਤ ਏਸਿਡ ਵਿਕਟਿਮ ਮਹਿਲਾਵਾਂ ਨੂੰ ਮਹੀਨਾਵਾਰ 8000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ ਅਤੇ ਉਕਤ ਸਕੀਮਾਂ ਸਬੰਧੀ ਕੋਈ ਜਾਣਕਾਰੀ ਲੈਣ ਲਈ ਕਿਸੀ ਵੀ ਕੰਮ ਵਾਲੇ ਦਿਨ ਦਫਤਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ, ਅੰਮ੍ਰਿਤਸਰ ਵਿਖੇ ਸੰਪਰਕ ਕੀਤਾ ਜਾ ਸਕਦਾ।

# ਡਿਪਟੀ ਚੀਫ ਇੰਜੀਨੀਅਰ ਗੁਰਸ਼ਰਨ ਸਿੰਘ ਖਹਿਰਾ ਦੇ ਤਬਾਦਲੇ ਵਿਰੁੱਧ ਰੋਸ ਪ੍ਰਦਰਸ਼ਨ



**ਖਡੂਰ ਸਾਹਿਬ (ਨਜ਼ਸ)**-ਪਾਵਰਕਾਮ ਵਿਭਾਗ ਤਰਨ ਤਾਰਨ ਹਲਕੇ ਦੇ ਡਿਪਟੀ ਚੀਫ ਇੰਜੀਨੀਅਰ ਗੁਰਸ਼ਰਨ ਸਿੰਘ ਖਹਿਰਾ ਨੂੰ 6 ਅਪਰੈਲ ਨੂੰ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਆਪਣੇ ਘਰ ਸੱਦ ਕੇ ਦੁਰਵਿਹਾਰ ਕਰਨ ਉਪਰੰਤ 9 ਅਪਰੈਲ ਨੂੰ ਰੰਜਿਸ਼ ਤਹਿਤ ਕੀਤੀ ਬਦਲੀ ਰੱਦ ਕਰਨ ਸਬੰਧੀ 17 ਅਪਰੈਲ ਨੂੰ ਤਰਨ ਤਾਰਨ ਜ਼ਿਲੇ ਨਾਲ ਸਬੰਧਤ ਵੱਖ-ਵੱਖ ਜਥੇਬੰਦੀਆਂ ਦੇ ਹਜ਼ਾਰਾਂ ਦੀ ਗਿਣਤੀ ਵਿੱਚ ਕਾਰਕੁੰਨਾਂ ਨੇ ਤਰਨ ਤਾਰਨ ਬਿਜਲੀ ਦਫਤਰ ਦੇ ਸਾਹਮਣੇ ਇਕੱਠ ਕਰਕੇ ਇਮਾਨਦਾਰ ਅਧਿਕਾਰੀ ਦੀ ਬਦਲੀ ਖਿਲਾਫ ਆਪਣੇ ਗੁੱਸੇ ਦਾ ਪ੍ਰਗਟਾਵਾ ਕਰਦੇ ਹੋਏ 2 ਮਈ ਨੂੰ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਪੱਟੀ ਰਿਹਾਇਸ਼ ਵੱਲ ਰੋਸ ਮਾਰਚ ਕਰਨ ਦੇ ਦਿੱਤੇ ਸੱਦੇ ਦੇ ਮੱਦੇਨਜ਼ਰ 1 ਮਈ ਨੂੰ ਹਰੀਕੇ ਪੱਤਣ ਵਿਖੇ ਜਥੇਬੰਦੀਆਂ ਅਤੇ ਮਾਣਯੋਗ ਮੰਤਰੀ ਵਿਚਾਲੇ ਹੋਈ ਬੈਠਕ ਵਿੱਚ ਮਾਣਯੋਗ ਮੰਤਰੀ ਵੱਲੋਂ ਗਿਲੇ ਸ਼ਿਕਵੇ ਦੂਰ ਕਰਨ ਉਪਰੰਤ ਹਫਤੇ ਵਿੱਚ ਬਦਲੀ ਰੱਦ ਕਰਨ ਦੇ ਕੀਤੇ ਵਾਅਦੇ ਮੁਤਾਬਿਕ ਜਥੇਬੰਦੀਆ ਨੇ 2 ਮਈ ਦਾ ਰੋਸ ਮਾਰਚ ਮੁਲਤਵੀ ਕਰ ਦਿੱਤਾ ਸੀ ਪਰ ਮਾਣਯੋਗ ਮੰਤਰੀ ਵੱਲੋਂ ਜਥੇਬੰਦੀਆਂ ਨਾਲ ਵਿਸ਼ਵਾਸਘਾਤ ਕਰਕੇ ਕੀਤੀ ਵਾਅਦਾਖਿਲਾਫੀ ਦੇ ਵਿਰੁੱਧ ਅੱਜ ਮੁਲਾਜ਼ਮ/ਕਿਸਾਨ/ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਸੱਦੇ 'ਤੇ ਸੈਂਕੜੇ ਲੋਕਾਂ ਨੇ ਗੁਰਦੁਆਰਾ ਮੱਲ ਅਖਾੜਾ ਦੇ ਸਾਹਮਣੇ ਇਕੱਤਰ ਹੋ ਕੇ ਰੋਸ ਧਰਨਾ ਲਗਾਉਣ ਉਪਰੰਤ ਬਾਜ਼ਾਰ ਵਿੱਚ ਰੋਸ ਮਾਰਚ ਕਰਕੇ ਨਾਅਰੇਬਾਜ਼ੀ ਕਰਦੇ ਹੋਏ ਮੰਤਰੀ ਦੀ ਅਰਥੀ ਫੂਕ ਕੇ ਜ਼ੋਰਦਾਰ ਨਾਅਰੇਬਾਜ਼ੀ ਕਰਦੇ ਹੋਏ ਕੜਕਦੀ ਧੁੱਪ ਵਿੱਚ ਆਪਣੇ ਰੋਹ ਦਾ ਪ੍ਰਗਟਾਵਾ ਕਰਦਿਆਂ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਇਕੱਤਰ ਹੋਏ ਸੰਘਰਸ਼ਸ਼ੀਲ ਲੋਕਾਂ ਨੂੰ ਸਬੋਧਨ ਕਰਦੇ ਹੋਏ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਦੇ ਸੂਬਾ ਪ੍ਰਧਾਨ ਹਰਜਿੰਦਰ ਸਿੰਘ ਟਾਂਡਾ, ਸੁਖਦੇਵ ਸਿੰਘ ਤੁੜ, ਜਮਹੂਰੀ ਕਿਸਾਨ ਸਭਾ ਦੇ ਮੁਖਤਾਰ ਸਿੰਘ ਮੱਲਾ, ਮਨਜੀਤ ਸਿੰਘ ਬੱਗੂ, ਨਰੇਗਾ ਮਜ਼ਦੂਰ ਯੂਨੀਅਨ ਦੇ ਕਾਮਰੇਡ ਗੁਰਦਿਆਲ ਸਿੰਘ, ਬਿਜਲੀ ਕਾਮਿਆਂ ਦੀ ਏਟਕ ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਆਦਿ ਨੇ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਮਸਲੇ ਦਾ ਹੱਲ ਨਾ ਕੀਤਾ ਗਿਆ ਤਾਂ 8 ਜੂਨ ਤੱਕ ਜ਼ਿਲੇ ਦੇ ਸਾਰੇ ਬਲਾਕਾਂ ਵਿੱਚ ਅਰਥੀ ਫੂਕ ਪ੍ਰਦਰਸ਼ਨ ਕਰਨ ਉਪਰੰਤ 11 ਜੂਨ ਨੂੰ ਪੱਟੀ ਸ਼ਹਿਰ ਵਿੱਚ ਮੰਤਰੀ ਦੀ ਕੋਠੀ ਸਾਹਮਣੇ ਲਾਮਿਸਾਲ ਇਕੱਠ ਕਰਕੇ ਰੋਸ ਧਰਨਾ ਦਿੱਤਾ ਜਾਵੇਗਾ। ਅੱਜ ਦੇ ਰੋਸ ਪ੍ਰਦਰਸ਼ਨ ਵਿੱਚ ਹਰਦੀਪ ਸਿੰਘ ਲੱਡੂ, ਸਾਬਕਾ ਸਰਪੰਚ ਪ੍ਰਿਤਪਾਲ ਸਿੰਘ, ਭਾਗ ਸਿੰਘ, ਮਾਸਟਰ ਮਨਜੀਤ ਸਿੰਘ, ਸੁਖਜਿੰਦਰ ਸਿੰਘ ਲਾਡੀ, ਬਲਵਿੰਦਰ ਸਿੰਘ ਭਰੋਵਾਲ, ਬਾਬਾ ਜਸਵਿੰਦਰ ਸਿੰਘ, ਰੇਸ਼ਮ ਸਿੰਘ ਫੈਲੋਕੇ, ਘੁੱਕ ਸਿੰਘ ਵੇਈਂਪੂਈਂ, ਨਛੱਤਰ ਸਿੰਘ ਆਦਿ ਨੇ ਵੀ ਹਿੱਸਾ ਲਿਆ।

## *ਬਾਲਗਾਂ ਦੇ ਟੀਕਾਕਰਨ ਨੂੰ ਉਤਸ਼ਾਹਿਤ ਕਰਨਾ ਹੋਵੇਗਾ : ਡਾ. ਰਾਕੇਸ਼ ਭਾਰਤੀ*

ਅੰਮ੍ਰਿਤਸਰ : ਭਾਰਤੀ ਆਬਾਦੀ ਦੀ ਉਮਰ ਤੇਜ਼ੀ ਨਾਲ ਵੱਧ ਰਹੀ ਹੈ। 2020 ਵਿੱਚ 50 ਸਾਲ ਤੋਂ ਵੱਧ ਉਮਰ ਦੇ ਲੋਕਾਂ ਦੀ ਸੰਖਿਆ 26 ਕਰੋੜ ਸੀ, ਜੋ ਕਿ 2036 ਤੱਕ 40.4 ਕਰੋੜ ਤੱਕ ਪਹੁੰਚਣ ਦਾ ਅੰਦਾਜ਼ਾ ਹੈ, ਜੋ ਉਸ ਸਮੇਂ ਦੀ ਕੁੱਲ ਅਨੁਮਾਨਿਤ ਜਨਸੰਖਿਆ ਦੇ 27 ਪ੍ਰਤੀਸ਼ਤ ਦੇ ਬਰਾਬਰ ਹੋਵੇਗੀ। ਸ਼ਿੰਗਲਜ਼ ਇੱਕ ਵਾਇਰਲ ਬਿਮਾਰੀ ਹੈ ਜੋ ਬਜ਼ੁਰਗ ਲੋਕਾਂ ਦੇ ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਸਕਦੀ ਹੈ। ਇਸ ਬਿਮਾਰੀ ਕਾਰਨ ਬਹੁਤ ਦਰਦਨਾਕ ਰੈਸ਼ਿਜ਼ ਹੋ ਜਾਂਦੇ ਹਨ।

ਸ਼ਿੰਗਲਜ਼ ਕਾਰਨ ਹੋਣ ਵਾਲੇ ਦਰਦ ਦੀ ਤੁਲਨਾ ਜਣੇਪੇ ਵਿੱਚ ਹੋਣ ਵਾਲੇ ਦਰਦ ਨਾਲ ਕੀਤੀ ਗਈ ਹੈ। ਇਸ ਦਾ ਅਹਿਸਾਸ ਕਿਸੇ ਹੋਰ ਗੰਭੀਰ ਦਰਦ ਦੀ ਤਰ੍ਹਾਂ ਹੁੰਦਾ ਹੈ। ਅੰਮ੍ਰਿਤਸਰ ਦੇ ਭਾਰਤੀ ਡਰਮਾ ਕੇਅਰ ਐਂਡ ਰਿਸਰਚ ਸੈਂਟਰ ਦੇ ਚਮੜੀ ਰੋਗਾਂ ਦੇ ਮਾਹਰ ਡਾ. ਰਾਕੇਸ਼ ਭਾਰਤੀ ਨੇ ਕਿਹਾ ਕਿ ਬਜ਼ੁਰਗਾਂ ਵਿੱਚ ਛੂਤ ਦੀਆਂ ਬਿਮਾਰੀਆਂ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ। ਸ਼ਿੰਗਲਜ਼ ਕਾਰਨ ਹੋਣ ਵਾਲਾ ਦਰਦ ਕਾਫ਼ੀ ਦਰਦਨਾਕ ਹੋ ਸਕਦਾ ਹੈ ਅਤੇ ਕਿਸੇ ਵਿਅਕਤੀ ਦੀ ਜ਼ਿੰਦਗੀ ਨੂੰ ਤਰਸਯੋਗ ਬਣਾ ਸਕਦਾ ਹੈ।

# ਸੰਘਰਸ਼ ਕਮੇਟੀ ਨੇ ਦਹੀਰਪੁਰ ਵਿਖੇ ਆਬਾਦਕਾਰਾਂ ਨੂੰ 9 ਦੇ ਧਰਨੇ ਲਈ ਕੀਤਾ ਲਾਮਬੱਧ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**- ਪੰਜਾਬ ਸਰਕਾਰ ਵੱਲੋਂ ਪੰਚਾਇਤੀ ਅਤੇ ਸਰਕਾਰੀ ਜ਼ਮੀਨਾਂ ਤੋਂ ਕਬਜ਼ਾ ਛੱਡਣ ਦੇ ਜਾਰੀ ਕੀਤੇ ਗਏ ਆਦੇਸ਼ ਤੋਂ ਬਾਅਦ ਉਕਤ ਫੈਸਲੇ ਦੇ ਖਿਲਾਫ ਡਟੇ ਆਬਾਦਕਾਰਾਂ ਨੇ ਆਪਣਾ ਸੰਘਰਸ਼ ਤੇਜ਼ ਕਰ ਦਿੱਤਾ ਹੈ। ਇਸ ਸਬੰਧ 'ਚ ਇਲਾਕਾ ਆਬਾਦਕਾਰ ਸੰਘਰਸ਼ ਕਮੇਟੀ ਵੱਲੋਂ 9 ਜੂਨ ਨੂੰ ਰੂਪਨਗਰ ਵਿਖੇ ਦਿੱਤੇ ਜਾ ਰਹੇ ਜ਼ਿਲਾ ਪੱਧਰੀ ਧਰਨੇ ਲਈ ਕਿਸਾਨਾਂ ਨੇ ਕਮਰ ਕੱਸਦਿਆਂ ਪਿੰਡਾਂ 'ਚ ਬੈਠਕਾਂ ਦਾ ਦੌਰਾ ਆਰੰਭ ਦਿੱਤਾ ਹੈ। ਜਿਸ ਤਹਿਤ ਅੱਜ ਸੰਘਰਸ਼ ਕਮੇਟੀ ਦੇ ਮੈਂਬਰਾਂ ਨੇ ਪ੍ਰਧਾਨ ਦਲਜੀਤ ਸਿੰਘ ਰਾਏਪੁਰ ਦੀ ਅਗਵਾਈ ਹੇਠ ਨਜ਼ਦੀਕੀ ਪਿੰਡ ਦਹੀਰਪੁਰ ਵਿਖੇ ਆਬਾਦਕਾਰ ਕਿਸਾਨਾਂ ਅਤੇ ਲੋਕਾਂ ਨਾਲ ਬੈਠਕ ਕੀਤੀ। ਇਸ ਦੌਰਾਨ ਸੰਘਰਸ਼ ਕਮੇਟੀ ਦੇ ਆਗੂਆਂ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਦਹਾਕਿਆਂ ਤੋਂ ਕਾਬਜ਼ ਕਿਸਾਨਾਂ ਤੋਂ ਜ਼ਮੀਨਾਂ ਦੇ ਹੱਕ ਖੋਹਣੇ ਤੁਗਲਕੀ ਫੈਸਲਾ ਹੈ। ਜਿਸ ਨਾਲ ਹਜ਼ਾਰਾਂ ਆਬਾਦਕਾਰਾਂ ਦਾ ਰੋਜ਼ੀ-ਰੋਟੀ ਦਾ ਸਾਧਨ ਖੁੱਸ ਜਾਵੇਗਾ। ਉਨਾਂ ਦੇ ਬਜ਼ੁਰਗਾਂ ਨੇ ਸਖਤ ਮਿਹਨਤ ਕਰਕੇ ਬੰਜਰ ਜ਼ਮੀਨਾਂ ਨੂੰ ਆਬਾਦ ਕੀਤਾ ਹੈ। ਜਿਸ ਕਰਕੇ ਉਹ ਇਕ ਮਰਲਾ ਵੀ ਜ਼ਮੀਨ ਨਹੀਂ ਛੱਡਣਗੇ। ਉਨਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਦੀ ਆਵਾਜ਼ ਸੁਣੇ ਅਤੇ ਕਬਜ਼ੇ ਵਾਲੀਆਂ ਜ਼ਮੀਨਾਂ ਨੂੰ ਆਬਾਦਕਾਰਾਂ ਦੇ ਨਾਂਅ ਰਜਿਸਟਰੀ ਕਰੇ।

ਇਸ ਮੌਕੇ ਇਲਾਕਾ ਆਬਾਦਕਾਰ ਸੰਘਰਸ਼ ਕਮੇਟੀ ਦੇ ਪ੍ਰਧਾਨ ਦਲਜੀਤ ਸਿੰਘ ਰਾਏਪੁਰ, ਅਵਤਾਰ ਚੌਧਰੀ, ਨਿਰਮਲ ਸਿੰਘ ਰਾਏਪੁਰ, ਮਾ. ਮਹਿੰਦਰ ਸਿੰਘ, ਰਣਜੀਤ ਸਿੰਘ ਰਾਜੂ, ਪ੍ਰੀਤਮ ਸਿੰਘ ਨੰਬਰਦਾਰ, ਸੁਰਿੰਦਰ ਸਿੰਘ, ਬਾਬਾ ਜਰਨੈਲ ਸਿੰਘ, ਕਰਮ ਚੰਦ, ਬਖਸ਼ੀਸ਼, ਹਰਮੇਸ਼ ਫੌਜੀ ਅਤੇ ਦਰਸ਼ਨ ਲਾਲ ਸਹਿਤ ਭਾਰੀ ਸੰਖਿਆ 'ਚ ਕਿਸਾਨ ਅਤੇ ਆਬਾਦਕਾਰ ਹਾਜ਼ਰ ਸਨ।

## ਨਸ਼ੇ ਦੀ ਓਵਰਡੋਜ਼ ਕਾਰਨ ਨੌਜਵਾਨ ਦੀ ਮੌਤ

**ਫਿਲੌਰ (ਨਿਰਮਲ)**- ਵਾਰਡ ਨੰਬਰ 14 ਮਹੱਲਾ ਸੰਤੋਖਪੁਰਾ ਫਿਲੌਰ ਵਿਖੇ ਇਕ 30-35 ਸਾਲ ਨੌਜਵਾਨ ਦੀ ਨਸ਼ੇ ਦੇ ਓਵਰਡੋਜ ਨਾਲ ਮੌਤ ਹੋ ਗਈ। ਮ੍ਰਿਤਕ ਦੀ ਪਹਿਚਾਣ ਸਤਨਾਮ ਉਰਫ ਭਿੰਡੀ ਪੁੱਤਰ ਅਮਰ ਵਾਸੀ ਸੰਤੋਖਪੁਰਾ ਫਿਲੌਰ ਵਜੋਂ ਹੋਈ। ਮ੍ਰਿਤਕ ਤਿੰਨ ਬੱਚਿਆਂ ਦਾ ਬਾਪ ਹੈ। ਮੁਹੱਲਾ ਵਾਸੀ ਹੰਸ ਰਾਜ ਨੇ ਦੱਸਿਆ ਕਿ ਮ੍ਰਿਤਕ ਸਤਨਾਮ ਦੇ ਵੱਡੇ ਭਰਾ ਦੀ ਪਹਿਲਾਂ ਹੀ ਨਸ਼ੇ ਦੀ ਓਵਰਡੋਜ ਕਾਰਨ ਮੌਤ ਹੋ ਗਈ ਹੈ। ਮ੍ਰਿਤਕ ਦੀ ਮਾਂ ਅਤੇ ਮੁਹੱਲਾ ਨਿਵਾਸੀਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਨਸ਼ੇ ਦੇ ਤਸਕਰਾਂ ਨੂੰ ਕਾਬੂ ਕੀਤਾ ਜਾਵੇ।

# ਨੇਵਲ ਯੂਨਿਟ ਨਵਾਂ ਨੰਗਲ ਦਾ ਸਾਲਾਨਾ ਟ੍ਰੇਨਿੰਗ ਕੈਂਪ ਸ਼ੁਰੂ



**ਭਲਾਣ (ਹਰਭਜਨ ਢਿੱਲੋਂ)**-ਭਾਰਤ ਸਰਕਾਰ ਦੇ ਰੱਖਿਆ ਮੰਤਰਾਲੇ ਅਧੀਨ ਚਲ ਰਹੇ ਐਨ ਸੀ ਸੀ ਸੰਗਠਨ ਦੀ ਫਸਟ ਪੰਜਾਬ ਨੇਵਲ ਯੂਨਿਟ ਐਨ ਸੀ ਸੀ ਨਵਾਂ ਨੰਗਲ ਵੱਲੋਂ 10 ਰੋਜ਼ਾ ਐਨ ਸੀ ਸੀ ਜੂਨੀਅਰ ਵਿੰਗ ਲਈ ਸਾਲਾਨਾ ਟਰੇਨਿੰਗ ਕੈਂਪ ਕੈਂਪ ਕਮਾਂਡੈਂਟ ਕੈਪਟਨ(ਇੰਡੀਅਨ ਨੇਵੀ) ਅਨਿਲ ਕੁਮਾਰ ਮਹਿਤਾ ਦੀ ਅਗਵਾਈ ਹੇਠ ਸੇਂਟ ਸੋਲਜਰ ਡੀਵਾਇਨ ਪਬਲਿਕ ਸਕੂਲ ਨਵਾਂ ਨੰਗਲ ਵਿਖੇ ਸ਼ੁਰੂ ਕੀਤਾ ਗਿਆ। ਕੈਂਪ ਦੇ ਮੀਡੀਆ ਪ੍ਰਭਾਰੀ ਐਨਸੀਸੀ ਅਫਸਰ ਸੋਹਨ ਸਿੰਘ ਚਾਹਲ ਨੇ ਦੱਸਿਆ ਕਿ ਕੈਂਪ ਵਿੱਚ ਪੰਜਾਬ ਦੇ 17 ਸਕੂਲਾਂ ਤੋਂ ਆਏ 375 ਕੈਡਿਟ ਭਾਗ ਲਿਆ ਜਾ ਰਿਹਾ ਹੈ ਜਿਸ ਵਿਚ 140 ਲੜਕੀ ਕੈਡਿਟ ਅਤੇ 235 ਲੜਕੇ ਕੈਡਿਟ ਹਨ। ਇਨ੍ਹਾਂ ਨੂੰ ਜਲ ਸੈਨਾ ਨਾਲ ਸੰਬੰਧਿਤ ਵਿਸ਼ਿਆਂ ਦੀ ਸਿਖਲਾਈ ਦਿੱਤੀ ਜਾਵੇਗੀ ਜਿਸ ਵਿਚ ਹਥਿਆਰ ਚਲਾਉਣਾ, ਲਾਈਵ ਫਾਇਰਿੰਗ, ਤੈਰਾਕੀ, ਪਰੇਡ ਦੀ ਸਿਖਲਾਈ, ਸ਼ਿਪ ਮਾਡਲਿੰਗ, ਸਮੁੰਦਰੀ ਜਹਾਜ ਬਾਰੇ ਜਾਣਕਾਰੀ, ਨੇਵੀਗੇਸ਼ਨ ਅਤੇ ਯੋਗਾ ਆਦਿ ਦੀ ਸਿਖਲਾਈ ਸ਼ਾਮਿਲ ਹੈ। ਇਸ ਮੌਕੇ 'ਤੇ ਚੀਫ ਇਂਸਟ੍ਰਕਟਰ ਗੁਰਦੇਵ ਸਿੰਘ,ਪੇਟੀ ਅਫਸਰ ਰਮਨ ਚੌਧਰੀ, ਪੇਟੀ ਅਫਸਰ ਮਨਦੀਪ ਸਿੰਘ, ਪੇਟੀ ਅਫਸਰ ਸੁਮਿਤ, ਪੇਟੀ ਅਫਸਰ ਨਸੀਬ, ਪੇਟੀ ਅਫਸਰ ਲੋਕੇਂਦਰਾ, ਐਨਸੀਸੀ ਅਫਸਰ ਮਹਿੰਦਰ ਸਿੰਘ, ਸ਼ੁਗਲ ਪਾਲ ਸ਼ਰਮਾ, ਪ੍ਰੀਤਮ ਦਾਸ, ਰਾਕੇਸ਼ ਕੁਮਾਰ,ਮਨਦੀਪ ਸਿੰਘ ਅਤੇ ਕੇਅਰ ਟੇਕਰ ਵਿਕਰਮਜੀਤ ਸਿੰਘ, ਅਮਰਜੀਤ ਸਿੰਘ, ਲਾਲ ਸਿੰਘ, ਜਸਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਸਿਮਰਨ ਸਿੰਘ, ਅਮਰਿੰਦਰ ਸਿੰਘ, ਦਵਿੰਦਰ ਦੱਤ, ਗੁਰਦੀਪ ਸਿੰਘ, ਰਮਨ ਪ੍ਰੀਤ ਕੌਰ ਅਤੇ ਸੀਨੀਅਰ ਸਹਾਇਕ ਬਲਬੀਰ ਸਿੰਘ, ਗੁਰਦਿਆਲ ਸਿੰਘ ਅਤੇ ਹੋਰ ਅਧਿਕਾਰੀ ਮੌਜੂਦ ਸਨ।

# ਧਾਲੀਵਾਲ ਪਰਵਾਰ ਸਮੇਤ ਗੁਰੂ ਨਾਨਕ ਮਿਸ਼ਨ ਢਾਹਾਂ ਕਲੇਰਾਂ ਪੁੱਜੇ



**ਬਹਿਰਾਮ (ਅਵਤਾਰ ਕਲੇਰ)** ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਆਪਣੇ ਪਰਵਾਰ ਨਾਲ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਵਿਖੇ ਵਿਸ਼ੇਸ਼ ਤੌਰ 'ਤੇ ਪੁੱਜੇ। ਉਨ੍ਹਾਂ ਨੇ ਟਰੱਸਟ ਦੇ ਪ੍ਰਬੰਧਕਾਂ ਨਾਲ ਗੱਲਬਾਤ ਕਰਦੇ ਹੋਏ ਸਵ: ਬਾਬਾ ਬੁੱਧ ਸਿੰਘ ਢਾਹਾਂ ਬਾਨੀ ਪ੍ਰਧਾਨ ਨੂੰ ਯਾਦ ਕੀਤਾ ਅਤੇ ਟਰੱਸਟ ਦੇ ਮੌਜੂਦਾ ਮੁੱਖ ਪ੍ਰਬੰਧਕ ਹਰਦੇਵ ਸਿੰਘ ਕਾਹਮਾ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਅਤੇ ਉਹਨਾਂ ਦੇ ਸਾਥੀਆਂ ਵੱਲੋਂ ਸਿਹਤ ਸੇਵਾਵਾਂ ਅਤੇ ਵਿਦਿਅਕ ਸੇਵਾਵਾਂ ਦੇ ਖੇਤਰ ਵਿਚ ਲੋਕ ਸੇਵਾ ਹਿੱਤ ਕੀਤੇ ਜਾ ਰਹੇ ਨਿਸ਼ਕਾਮ ਸੇਵੀ ਕਾਰਜ਼ਾਂ ਦੀ ਭਰਪੂਰ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਟਰਸੱਟ ਵੱਲੋ ਪੰਜਾਬ ਦੇ ਪੇਂਡੂ ਅਤੇ ਪੱਛੜੇ ਇਲਾਕਿਆਂ ਵਿਚ ਗੁਰੂ ਨਾਨਕ ਦੇਵ ਜੀ ਨਾਮ 'ਤੇ ਹਸਪਤਾਲ, ਨਰਸਿੰਗ ਕਾਲਜ, ਪੈਰਾ ਮੈਡੀਕਲ ਕਾਲਜ ਅਤੇ ਸੀਨੀਅਰ ਸੈਕੰਡਰੀ ਸਕੂਲ ਦੀ ਸਥਾਪਨਾ ਕਰਕੇ ਇਲਾਕੇ ਲਈ ਲੋਕ ਭਲਾਈ ਦਾ ਵੱਡਾ ਕੰਮ ਕੀਤਾ ਹੈ। ਇਸ ਤੋਂ ਪਹਿਲਾਂ ਟਰੱਸਟ ਦੇ ਜਨਰਲ ਸਕੱਤਰ ਕੁਲਵਿੰਦਰ ਸਿੰਘ ਢਾਹਾਂ ਅਤੇ ਡਾਇਰੈਕਟਰ ਸਿੱਖਿਆ ਪ੍ਰੋ: ਹਰਬੰਸ ਸਿੰਘ ਬੋਲੀਨਾ ਨੇ ਪੰਜਾਬ ਦੇ ਐੱਨ.ਆਰ.ਆਈ. ਅਤੇ ਪ੍ਰਬੰਧਕੀ ਸੁਧਾਰ ਵਿਭਾਗ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦਾ ਢਾਹਾਂ ਕਲੇਰਾਂ ਪੁੱਜਣ 'ਤੇ ਨਿੱਘਾ ਸਵਾਗਤ ਕੀਤਾ। ਢਾਹਾਂ ਨੇ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਵਿਚ ਹਰ ਮਹੀਨੇ ਲੋੜਵੰਦ ਮਰੀਜ਼ਾਂ ਨੂੰ 2 ਲੱਖ ਰੁਪਏ ਤੋਂ ਵੱਧ ਦੀ ਰਿਆਇਤ ਦਿੱਤੀ ਜਾ ਰਹੀ ਹੈ। ਹਸਪਤਾਲ ਵੱਲੋਂ ਚਿੱਟਾ ਮੋਤੀਆਂ ਮੁਕਤ ਲਹਿਰ ਅਧੀਨ 1500 ਤੋਂ ਵੱਧ ਅੱਖਾਂ ਦੇ ਫਰੀ ਅਪਰੇਸ਼ਨ ਕੀਤੇ ਜਾ ਚੁੱਕੇ ਹਨ ਅਤੇ ਲੋੜਵੰਦ ਲੋਕਾਂ ਨੂੰ ਮੁਫ਼ਤ ਮੈਡੀਕਲ ਸਹਾਇਤਾ ਦੇਣ ਲਈ ਹਰ ਸਾਲ ਮੁਫ਼ਤ ਅੱਖਾਂ ਦੀਆਂ ਬਿਮਾਰੀਆਂ ਅਤੇ ਮੈਡੀਕਲ ਚੈੱਕਅੱਪ ਕੈਂਪ ਲਗਾਏ ਜਾਂਦੇ ਹਨ। ਇਸ ਤੋਂ ਇਲਾਵਾ ਟਰੱਸਟ ਦੇ ਵਿਦਿਅਕ ਅਦਾਰਿਆਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਲੱਖਾਂ ਰੁਪਏ ਦੀ ਮੱਦਦ ਅਤੇ ਸਕਾਲਰਸ਼ਿੱਪਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

## ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਵਿਖੇ ਲਗਾਇਆ 406ਵਾਂ ਦੰਦਾਂ ਤੇ ਜਬਾੜਿਆਂ ਦਾ ਕੈਂਪ



**ਫਗਵਾੜਾ (ਡਾ. ਰਮਨ)** ਉਦਯੋਗਪਤੀ ਕੇ.ਕੇ. ਸਰਦਾਨਾ ਦੀ ਸਰਪ੍ਰਸਤੀ ਹੇਠ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਚਲਾਏ ਜਾ ਰਹੇ ਬਲੱਡ ਬੈਂਕ 'ਚ ਮਾਤਾ ਠਾਕੁਰ ਦੇਵੀ ਅਤੇ ਨਾਨਕ ਚੰਦ ਸੇਠੀ ਦੀ ਯਾਦ ਵਿਚ 406ਵਾਂ ਦੰਦਾਂ ਦੀਆਂ ਬਿਮਾਰੀਆਂ ਅਤੇ ਜਬਾੜਿਆਂ ਦਾ ਫਰੀ ਕੈਂਪ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਦੇਖਰੇਖ ਹੇਠ ਲਗਾਇਆ ਗਿਆ। ਕੈਂਪ ਦਾ ਉਦਘਾਟਨ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ ਰੋਟਰੀ ਕਲੱਬ ਇੰਟਰਨੈਸ਼ਨਲ ਦੇ ਸਾਬਕਾ ਗਵਰਨਰ ਸਤਪਾਲ ਨੇ ਸ਼ਮਾ ਰੌਸ਼ਨ ਕਰਕੇ ਕੀਤਾ। ਉਹਨਾਂ 15 ਨਵੇਂ ਤਿਆਰ ਕੀਤੇ ਜਬਾੜੇ ਵੀ ਲੋੜਵੰਦਾਂ ਨੂੰ ਤਕਸੀਮ ਕੀਤੇ। ਕੈਂਪ ਦੌਰਾਨ ਸੀ.ਐਮ.ਸੀ. ਲੁਧਿਆਣਾ ਦੀ 25 ਮੈਂਬਰੀ ਮੋਬਾਇਲ ਟੀਮ ਨੇ ਡਾ. ਸਮੀਕਸ਼ਾ ਦੀ ਅਗਵਾਈ ਹੇਠ 166 ਲੋੜਵੰਦ ਮਰੀਜਾਂ ਦੇ ਦੰਦਾਂ ਅਤੇ ਜਬਾੜਿਆਂ ਦਾ ਮੁਆਇਨਾ ਕੀਤਾ। ਡਾਕਟਰਾਂ ਵਲੋਂ ਲੋੜਵੰਦਾਂ ਦੇ ਦੰਦਾਂ ਦੀ ਸਫਾਈ ਤੇ ਭਰਾਈ ਤੋਂ ਇਲਾਵਾ ਮਰੀਜਾਂ ਦੇ ਖਰਾਬ ਦੰਦਾਂ ਨੂੰ ਬਾਹਰ ਕੱਢਿਆ ਗਿਆ ਅਤੇ ਲੋੜਵੰਦਾਂ ਨੂੰ ਫਰੀ ਦਵਾਈਆਂ ਦਿੱਤੀਆਂ ਗਈਆਂ। 25 ਨਵੇਂ ਜਬਾੜੇ ਲਗਾਉਣ ਲਈ ਨਾਪ ਲਏ ਗਏ। ਇਸ ਦੌਰਾਨ ਡਾ. ਰੀਚਰਡ ਗਿਲ ਨੇ ਹਾਜਰੀਨ ਨੂੰ ਦੰਦਾਂ ਦੀ ਸੰਭਾਲ ਬਾਰੇ ਜਾਣਕਾਰੀ ਦਿੱਤੀ। ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਅਗਲਾ ਕੈਂਪ 15 ਜੂਨ ਨੂੰ ਲਗਾਇਆ ਜਾਵੇਗਾ। ਇਸ ਮੌਕੇ ਗੁਲਾਬ ਸਿੰਘ ਠਾਕੁਰ, ਕੁਲਦੀਪ ਦੁੱਗਲ, ਗੁਲਸ਼ਨ ਕਪੂਰ ਤੋਂ ਇਲਾਵਾ ਮੋਹਨ ਲਾਲ ਤਨੇਜਾ, ਕ੍ਰਿਸ਼ਨ ਕੁਮਾਰ, ਅਮਰਜੀਤ ਰਾਮ, ਸੁਧਾ ਬੇਦੀ, ਅਮਰਜੀਤ ਡਾਂਗ, ਵਿਸ਼ਵਾਮਿੱਤਰ ਸ਼ਰਮਾ, ਆਰ.ਪੀ. ਨਹਿਰਾ, ਰਮਨ ਨਹਿਰਾ ਆਦਿ ਹਾਜਰ ਸਨ।

## ਪ ਸ ਸ ਫ ਵੱਲੋਂ ਔਰਤ ਪਹਿਲਵਾਨਾਂ ਦੇ ਹੱਕ 'ਚ ਪ੍ਰਦਰਸ਼ਨ



**ਗੁਰਾਇਆ ( ਨਵਾਂ ਜ਼ਮਾਨਾ ਸਰਵਿਸ )** ਯੌਨ ਸ਼ੋਸ਼ਣ ਦੇ ਦੋਸ਼ੀ ਭਾਜਪਾ ਸਾਂਸਦ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀ ਗ੍ਰਿਫਤਾਰੀ ਅਤੇ ਔਰਤ ਪਹਿਲਵਾਨਾਂ 'ਤੇ ਦਿੱਲੀ ਪੁਲਸ ਵਲੋਂ ਕੀਤੇ ਘੋਰ ਤਸ਼ੱਦਦ ਦੇ ਵਿਰੁੱਧ ਬਲਾਕ ਰੁੜਕਾ ਕਲਾਂ ਦੇ ਪ੍ਰਧਾਨ ਕੁਲਵੰਤ ਰਾਮ ਰੁੜਕਾ ਦੀ ਅਗਵਾਈ ਵਿੱਚ ਗੁਰਾਇਆ ਵਿਖੇ ਜੋਰਦਾਰ ਪ੍ਰਦਰਸਨ ਕੀਤਾ ਗਿਆ। ਪ.ਸ.ਸ.ਫ.ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ, ਜ਼ਿਲ੍ਹਾ ਜਨਰਲ ਸਕੱਤਰ ਨਿਰਮੋਲਕ ਸਿੰਘ ਹੀਰਾ ਨੇ ਕਿਹਾ ਕਿ ਸੋਨੇ ਦੇ ਤਗਮੇ ਜਿੱਤ ਕੇ ਦੇਸ਼ ਦਾ ਨਾਂਅ ਦੁਨੀਆਂ ਭਰ ਵਿੱਚ ਚਮਕਾਉਣ ਵਾਲੀਆਂ ਔਰਤ ਪਹਿਲਵਾਨਾਂ ਪਿਛਲੇ 35 ਦਿਨਾਂ ਤੋਂ ਇਨਸਾਫ ਦੀ ਮੰਗ ਕਰ ਰਹੀਆਂ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਬ੍ਰਿਜ ਭੂਸ਼ਨ ਨੂੰ ਬਚਾਉਣ ਦਾ ਪੂਰਾ ਪੂਰਾ ਜੋਰ ਲਗਾ ਰਹੇ ਹਨ। ਪ੍ਰਦਰਸਨ ਕਰਦੇ ਹੋਏ ਮੰਗ ਕੀਤੀ ਗਈ ਕਿ ਯੌਨ ਸ਼ੋਸ਼ਣ ਦੀਆਂ ਸ਼ਿਕਾਰ ਔਰਤ ਪਹਿਲਵਾਨਾਂ ਨੂੰ ਤੁਰੰਤ ਇਨਸਾਫ ਦਿੱਤਾ ਜਾਵੇ ਅਤੇ ਉਹਨਾਂ 'ਤੇ ਦਰਜ ਕੀਤੇ ਝੂਠੇ ਕੇਸ ਬਿਨਾਂ ਸ਼ਰਤ ਰੱਦ ਕੀਤੇ ਜਾਣ ਅਤੇ ਭਾਜਪਾ ਸਾਂਸਦ ਅਤੇ ਕੁਸ਼ਤੀ ਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਣ ਨੂੰ ਤੁਰੰਤ ਅਹੁਦੇ ਤੋਂ ਹਟਾ ਕੇ ਗ੍ਰਿਫਤਾਰ ਕਰਕੇ ਕੇਸ ਚਲਾਇਆ ਜਾਵੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸਤਵਿੰਦਰ ਸਿੰਘ, ਅੰਗਰੇਜ ਸਿੰਘ, ਬਲਵੀਰ ਸਿੰਘ, ਗੁਰਚਰਨ ਸਿੰਘ,ਰਤਨ ਸਿੰਘ,ਹਰੀ ਰਾਮ,ਸੀਤਲ ਰਾਮ ਬੰਗਾ ਆਦਿ ਸਾਥੀ ਹਾਜਰ ਹੋਏ।

## ਕੈਨੇਡਾ ਪੜ੍ਹਨ ਗਈ ਲੜਕੀ ਦੀ ਨਿਆਗਰਾ ਫਾਲ 'ਚ ਡਿੱਗਣ ਕਾਰਨ ਮੌਤ



**ਜਲੰਧਰ/ਲੋਹੀਆਂ ਖਾਸ (ਸੁਰਿੰਦਰ ਕੁਮਾਰ, ਯੋਗੇਸ਼ਵਰ, ਰੀਨਾ ਸ਼ਰਮਾ)**- ਕਸਬਾ ਲੋਹੀਆਂ ਦੀ ਰਹਿਣ ਵਾਲੀ ਕੈਨੇਡਾ ਪੜ੍ਹਾਈ ਲਈ ਗਈ ਪੂਨਮਦੀਪ ਕੌਰ ਉਥੇ ਇੱਕ ਨਿਆਗਰਾ ਫਾਲਸ ਵਿੱਚ ਡਿਗ ਪਈ ਜਿਸ ਕਰਕੇ ਉਸ ਦੀ ਮੌਤ ਹੋ ਗਈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਹ ਲੜਕੀ ਕੈਨੇਡਾ ਵਿੱਚ ਉਥੇ ਆਪਣੇ ਦੋਸਤਾਂ ਨਾਲ ਨਿਆਗਾਰਾ ਝਰਨਾ ਦੇਖਣ ਲਈ ਗਈ ਸੀ, ਜਿੱਥੇ ਉਸ ਦਾ ਪੈਰ ਫਿਸਲ ਗਿਆ ਤੇ ਉਹ ਉਸ ਨਿਆਗਰਾ ਫਾਲਸ ਵਿੱਚ ਡਿਗ ਪਈ ਤੇ ਇਸੇ ਕਰਕੇ ਉਸ ਦੀ ਮੌਤ ਹੋ ਗਈ। ਇਹ ਲੜਕੀ ਇੱਕ ਸਾਲ ਪਹਿਲਾਂ ਹੀ ਲੋਹੀਆਂ ਤੋਂ ਸਟੱਡੀ 'ਤੇ ਕੈਨੇਡਾ ਵਿੱਚ ਪੜ੍ਹਾਈ ਵਾਸਤੇ ਗਈ ਸੀ। ਲੜਕੀ ਪੁਨਮਦੀਪ ਕੌਰ ਦੀ ਮੌਤ ਦੀ ਖਬਰ ਸੁਣ ਕੇ ਕਸਬੇ 'ਚ ਸੋਗ ਦੀ ਲਹਿਰ ਛਾ ਗਈ।

## ਸਾਂਝਾ ਅਧਿਆਪਕ ਮੋਰਚਾ ਪੰਜਾਬ ਦਾ ਵਫਦ ਸਿੱਖਿਆ ਮੰਤਰੀ ਦੇ ਓ ਐੱਸ ਡੀ ਨੂੰ ਮਿਲਿਆ



**ਮੋਹਾਲੀ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਸਾਂਝਾ ਅਧਿਆਪਕ ਮੋਰਚਾ ਪੰਜਾਬ ਦਾ ਵੱਡਾ ਵਫਦ ਪਹਿਲਾਂ ਉਲੀਕੇ ਪ੍ਰੋਗਰਾਮ ਅਨੁਸਾਰ ਵਿੱਦਿਆ ਭਵਨ ਮੋਹਾਲੀ ਵਿਖੇ ਗੁਰਜੰਟ ਸਿੰਘ ਵਾਲੀਆ, ਸੁਰਿੰਦਰ ਕੰਬੋਜ, ਜਸਵਿੰਦਰ ਸਿੰਘ ਔਲਖ, ਸੁਰਿੰਦਰ ਕੁਮਾਰ ਪੁਆਰੀ, ਬਾਜ ਸਿੰਘ ਖਹਿਰਾ, ਸੁਖਵਿੰਦਰ ਸਿੰਘ ਚਾਹਲ, ਸੁਖਰਾਜ ਸਿੰਘ ਕਾਹਲੋਂ, ਸੁਖਜਿੰਦਰ ਸਿੰਘ ਹਰੀਕਾ, ਨਰੰਜਣਜੋਤ ਚਾਂਦਪੁਰੀ ਅਤੇ ਕੁਲਦੀਪ ਸਿੰਘ ਦੌੜਕਾ ਦੀ ਅਗਵਾਈ ਵਿੱਚ ਸਿੱਖਿਆ ਮੰਤਰੀ ਦੇ ਓ ਐਸ ਡੀ ਨੂੰ ਮਿਲਿਆ ਤੇ ਮੰਗ-ਪੱਤਰ ਵਿੱਚ ਦਰਜ ਸਮੁੱਚੀਆਂ ਮੰਗਾਂ 'ਤੇ ਵਿਭਾਗ ਵੱਲੋਂ ਕੀ ਕਾਰਵਾਈ ਕੀਤੀ ਗਈ ਹੈ, ਇਸ ਸੰਬੰਧੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ। ਇਨ੍ਹਾਂ ਮੰਗਾਂ 'ਤੇ ਪਹਿਲੀਆਂ ਮੀਟਿੰਗਾਂ ਵਿੱਚ ਬਣੀਆਂ ਸਹਿਮਤੀਆਂ ਨੂੰ ਲਾਗੂ ਕਰਨ ਦਾ ਭਰੋਸਾ ਦਿੱਤਾ ਗਿਆ। ਬਦਲੀਆਂ ਲਈ ਇੱਕ ਮੌਕਾ ਹੋਰ ਦੇਣ ਅਤੇ ਕੱਚੇ ਅਧਿਆਪਕਾਂ ਦਾ ਮਸਲਾ 15 ਜੂਨ ਤੱਕ ਹੱਲ ਕਰਨ ਦਾ ਵਾਅਦਾ ਕੀਤਾ ਗਿਆ। ਡੀ ਐਸ ਈ ਸੈਕੰਡਰੀ ਅਤੇ ਪ੍ਰਾਇਮਰੀ ਨਾਲ ਸੰਬੰਧਤ ਮਸਲਿਆਂ ਸੰਬੰਧੀ ਜਲਦ ਮੀਟਿੰਗਾਂ ਕੀਤੀਆਂ ਜਾਣਗੀਆਂ। ਇਸ ਤੋਂ ਬਾਅਦ ਸਿੱਖਿਆ ਮੰਤਰੀ ਨਾਲ ਸੰਬੰਧਤ ਮਸਲਿਆਂ ਸੰਬੰਧੀ ਮੀਟਿੰਗ ਕੀਤੀ ਜਾਵੇਗੀ।

## ਪੰਡਿਤ ਜੈ ਕਿਸ਼ਨ ਇੱਛਾ ਅਨੁਸਾਰ ਹੋਏ ਸੇਵਾ ਮੁਕਤ



**ਕਰਤਾਰਪੁਰ (ਹਰਮੇਸ਼ ਦੱਤ)** ਪਿੰਡ ਮੁਰਾਰ ਸਥਿਤ ਮਾਤਾ ਚਿੰਤਪੁਰਨੀ ਮੰਦਿਰ ਵਿੱਚ 47 ਸਾਲਾਂ ਤੋਂ ਮੰਦਰ ਵਿੱਚ ਪੁਜਾਰੀ ਦੇ ਰੂਪ ਵਿੱਚ ਸੇਵਾ ਕਰ ਰਹੇ ਪੰਡਿਤ ਜੈ ਕਿਸ਼ਨ ਨੂੰ ਇੱਛਾ ਅਨੁਸਾਰ ਸੇਵਾ ਮੁਕਤ ਹੋਣ 'ਤੇ ਪਿੰਡ ਵਾਸੀਆਂ ਵੱਲੋਂ ਸਨਮਾਨਤ ਕਰਕੇ ਵਿਦਾਇਗੀ ਦਿੱਤੀ ਗਈ। 47 ਸਾਲ ਦੇ ਸੇਵਾ ਕਾਲ ਵਿੱਚ ਉਨ੍ਹਾਂ ਪੂਰੀ ਇਮਾਨਦਾਰੀ ਅਤੇ ਬੇਦਾਗ ਜੀਵਨ ਵਿਚ ਪ੍ਰਭੂ-ਚਰਨਾਂ ਵਿਚ ਸੇਵਾ ਕੀਤੀ। ਪੰਡਤ ਜੀ ਦੁਆਰਾ ਕੀਤੇ ਗਏ ਕੰਮਾਂ ਦੀ ਸਰਾਹਨਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਧਰਮ ਅਤੇ ਮੰਦਿਰ ਲਈ ਆਪਣਾ ਪਿਆਰ ਬਣਾਉਣਾ ਚਾਹੀਦਾ ਹੈ। ਪੰਡਿਤ ਜੈ ਕਿਸ਼ਨ ਨੇ ਲੰਬੇ ਸਮੇਂ ਤੱਕ ਮਿਲੇ ਪਿਆਰ ਅਤੇ ਸਨਮਾਨ ਲਈ ਧੰਨਵਾਦ ਕੀਤਾ। ਇਸ ਮੌਕੇ 'ਤੇ ਸੁਭਾਸ਼ ਚੰਦਰ, ਪਰਮਜੀਤ ਕਾਲੀਆ, ਸ਼ਿਵ ਕਮਾਰ ਕਾਲੀਆ, ਮੋਹਨ ਲਾਲ, ਭੂਸ਼ਨ ਕਾਲੀਆ, ਰਾਜ ਕੁਮਾਰ, ਅਸ਼ੋਕ ਕਮਾਰ, ਮਲਿਕ ਰਾਮ, ਸ਼ਿਵਦੀਸ ਕਾਲੀਆ, ਅੰਕਿਤ ਸ਼ੇਰੀ, ਆਸ਼ਕ, ਸਲੀਪ, ਲਵ, ਮਨਦੀਪ, ਦਕਸ਼, ਤੋਸ਼ਾਰ, ਪਿੰਕੂ, ਰੋਹਿਤ, ਕਰਨ, ਜੀਵਨ, ਪੁਨੀਤ, ਰਾਹੁਲ, ਵਰੁਣ, ਦੀਪੂ ,ਰੋਸ਼ਨ ਲਾਲ, ਦੀਪਾ, ਵਿਪਨ, ਪੀਟੂ, ਬਲਵੀਰ ਸਿੰਘ, ਉਮ ਦੱਤ, ਕਪਿਲ ਦੇਵ, ਰਵੀ ਕਮਾਰ, ਕਾਕੂ, ਅਜੈ, ਨਵਦੀਪ, ਤਰਸੇਮ, ਵਿਜੇ ਅਤੇ ਪਿੰਡ ਵਾਸੀ ਹਾਜਰ ਸਨ ।

## ਐੱਮ ਐੱਸ ਕੇ ਡੇ ਬੋਰਡਿੰਗ ਸਕੂਲ ਵਿਖੇ ਸਮਰ ਕੈਂਪ ਦਾ ਆਰੰਭ



**ਟਾਂਡਾ ਉੜਮੁੜ (ਉਂਕਾਰ ਸਿੰਘ, ਜਸਵਿੰਦਰ ਸੰਧੂ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਐੱਮ ਐਸ ਕੇ ਡੇ ਬੋਰਡਿੰਗ ਸੀ ਬੀ ਐਸ ਈ ਸਕੈਂਡਰੀ ਸਕੂਲ, ਕੋਟਲੀ ਜੰਡ ਵਿਖੇ ਸਕੂਲ ਦੇ ਪ੍ਰਧਾਨ ਸੁੱਖਵਿੰਦਰ ਸਿੰਘ ਅਰੋੜਾ ਦੀ ਰਹਿਨੁਮਾਈ ਹੇਠ ਸਕੂਲ ਕੈਂਪਸ ਵਿੱਚ ਇੱਕ ਹਫਤੇ ਦੇ ਸਮਰ ਕੈਂਪ ਦਾ ਬੜੀ ਧੂਮਧਾਮ ਨਾਲ ਆਰੰਭ ਹੋਇਆ । ਸਭ ਤੋਂ ਪਹਿਲਾਂ ਪਰਮਾਤਮਾ ਨੂੰ ਯਾਦ ਕੀਤਾ ਗਿਆ, ਉਪਰੰਤ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਸਮਰ ਕੈਂਪ ਵਿੱਚ ਅਲੱਗ ਅਲੱਗ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਈਆਂ ਗਈਆਂ। ਪ੍ਰਿੰਸੀਪਲ ਪਰਮਿੰਦਰ ਕੌਰ ਨੇ ਦੱਸਿਆ ਕਿ ਬੱਚਿਆਂ ਵਿੱਚ ਵਿਦਿਅਕ ਰੁਚੀਆਂ ਤੋਂ ਇਲਾਵਾ ਉਨ੍ਹਾਂ ਦੇ ਬੌਧਿਕ ਧਾਰਮਕ ਅਤੇ ਸਮਾਜਕ ਵਿਕਾਸ ਨੂੰ ਵਧਾਉਣ ਲਈ ਅਜਿਹੇ ਕੈਂਪਾਂ ਦਾ ਆਯੋਜਨ ਕੀਤਾ ਜਾਂਦਾ ਹੈ । ਮੈਡਮ ਨਰਿੰਦਰ ਕੌਰ ,ਪਰਦੀਪ ਸਿੰਘ ਅਤੇ ਅਮਨਪ੍ਰੀਤ ਸਿੰਘ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਗਤੀਵਿਧੀਆਂ ਕਰਵਾਈਆਂ। ਇਸ ਮੌਕੇ ਮਨਦੀਪ ਕੌਰ, ਨਰਿੰਦਰ ਕੌਰ, ਰਜਿੰਦਰ ਕੌਰ, ਗੁਰਸ਼ਰਨ ਕੌਰ ,ਸਿਮਰਨਜੀਤ ਕੌਰ, ਰਜਨੀ ਬਾਲਾ, ਆਗਿਆ ਕੌਰ, ਮਨਮੋਹਨ ਸਿੰਘ, ਸੁੱਖਵਿੰਦਰ ਕੌਰ, ਗੁਰਪ੍ਰੀਤ ਕੌਰ, ਜੋਬਨਪ੍ਰੀਤ ਕੌਰ ਅਤੇ ਹਰਮਨਜੀਤ ਕੌਰ ਸ਼ਾਮਲ ਸਨ।

## ਡਾ. ਬਲਜੀਤ ਕੌਰ ਨੇ ਸਮਾਜਕ ਨਿਆਂ ਵਿਭਾਗ 'ਚ 25 ਕਲਰਕਾਂ ਨੂੰ ਸੌਂਪੇ ਨਿਯੁਕਤੀ ਪੱਤਰ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਦੇ ਸਮਾਜਿਕ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਵਿਭਾਗ ਬਾਰੇ ਮੰਤਰੀ ਡਾ.ਬਲਜੀਤ ਕੌਰ ਨੇ ਸ਼ੁੱਕਰਵਾਰ ਨੂੰ ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਸਥਿਤ ਆਪਣੇ ਦਫਤਰ ਵਿਖੇ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਵਿਭਾਗ ਵਿੱਚ ਨਵੇਂ ਚੁਣੇ ਗਏ 25 ਕਲਰਕਾਂ ਨੂੰ ਨਿਯੁਕਤੀ ਪੱਤਰ ਸੌਂਪੇ। ਕੈਬਨਿਟ ਮੰਤਰੀ ਨੇ ਨਵ-ਨਿਯੁਕਤ ਕਰਮਚਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਪੂਰੀ ਤਨਦੇਹੀ ਤੇ ਸੁਹਿਰਦਤਾ ਨਾਲ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਸਰਕਾਰੀ ਦਫਤਰਾਂ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਹੋਰ ਵਧਾਇਆ ਜਾ ਸਕੇ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੌਜਵਾਨਾਂ ਨੂੰ ਪਹਿਲ ਦੇ ਆਧਾਰ 'ਤੇ ਰੋਜ਼ਗਾਰ ਦੇ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਸਰਕਾਰ ਸੂਬੇ ਵਿੱਚ ਨੌਜਵਾਨਾਂ ਲਈ ਰੁਜਗਾਰ ਦੇ ਹੋਰ ਮੌਕੇ ਪੈਦਾ ਕਰੇਗੀ। ਕੈਬਨਿਟ ਮੰਤਰੀ ਨੇ ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲੇ ਕਰਮਚਾਰੀਆਂ ਨੂੰ ਲੋਕ ਹਿੱਤ ਵਿੱਚ ਆਪਣੀਆਂ ਸੇਵਾਵਾਂ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਨਵ-ਨਿਯੁਕਤ ਕਰਮਚਾਰੀ ਪੂਰੀ ਸੁਹਿਰਦਤਾ ਨਾਲ ਆਪਣੀਆਂ ਸੇਵਾਵਾਂ ਨਿਭਾ ਕੇ ਸਮਾਜ ਦੀ ਭਲਾਈ ਲਈ ਯੋਗਦਾਨ ਪਾ ਸਕਦੇ ਹਨ। ਇਸ ਮੌਕੇ ਵਧੀਕ ਮੁੱਖ ਸਕੱਤਰ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਰਮੇਸ਼ ਕੁਮਾਰ ਗੈਂਟਾ, ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਵਿਭਾਗ ਦੇ ਡਾਇਰੈਕਟਰ ਜਸਪ੍ਰੀਤ ਸਿੰਘ ਅਤੇ ਸੁਪਰਡੰਟ ਅਮਰਜੀਤ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਠੰਢੇ ਮਿੱਠੇ ਜਲ ਦੀ ਛਬੀਲ ਲਗਾਈ



**ਮਹਿਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਠੱਕਰਵਾਲ ਮੌਜੋਮਜਾਰਾ ਵਿਖੇ ਸੰਤ ਬਾਬਾ ਦੂਲਾ ਸਿੰਘ ਜੀ ਮੈਮੋਰੀਅਲ ਪਬਲਿਕ ਸਕੂਲ ਠੱਕਰਵਾਲ ਮੌਜੋਮਜਾਰਾ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਭਾਈ ਜਸਵਿੰਦਰ ਸਿੰਘ ਠੱਕਰਵਾਲ ਵੱਲੋਂ ਅਰਦਾਸ ਬੇਨਤੀ ਕਰਕੇ ਠੰਡੇ ਮਿੱਠੇ ਜਲ ਦੀ ਛਬੀਲ ਦੀ ਆਰੰਭਤਾ ਕੀਤੀ ਗਈ। ਇਸ ਮੌਕੇ ਸਕੂਲ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਆਉਂਣ ਜਾਣ ਵਾਲੇ ਰਾਹਗੀਰਾਂ ਪਿਆਰ ਸਤਿਕਾਰ ਠੰਡਾ ਮਿੱਠਾ ਜਲ ਛਕਾਇਆ ਗਿਆ। ਸਕੂਲ ਦੇ ਚੇਅਰਮੈਨ ਸੰਤ ਬਾਬਾ ਹਰਕ੍ਰਿਸ਼ਨ ਸਿੰਘ ਸੋਢੀ ਠੱਕਰਵਾਲ, ਸੰਤ ਬਾਬਾ ਜਸਵੰਤ ਸਿੰਘ ਉਪ ਚੇਅਰਮੈਨ, ਪ੍ਰਧਾਨ ਦਰਸ਼ਨ ਸਿੰਘ ਰਾਜਾ ਠੱਕਰਵਾਲ, ਬਾਬਾ ਸਰਬਜੀਤ ਸਿੰਘ ਮੀਤ ਪ੍ਰਧਾਨ, ਬਾਬਾ ਗੁਰਪ੍ਰੀਤ ਸਿੰਘ, ਪ੍ਰਿੰਸੀਪਲ ਮੰਗਲ ਸਿੰਘ, ਮੋਨਿਕਾ ਸਿੰਘ ਮੀਤ ਪ੍ਰਿੰਸੀਪਲ, ਕਿਰਨਦੀਪ ਸਿੱਧੂ, ਪਰਮਜੀਤ ਕੌਰ, ਨਿਧੀ ਸਰਮਾ, ਅੰਚਨ ਕੁਮਾਰੀ, ਦੀਕਸਾ, ਜੋਤੀ, ਨਵਦੀਪ ਕੌਰ, ਜਸਪ੍ਰੀਤ ਕੌਰ, ਨਰਿੰਦਰ ਕੌਰ, ਸਾਹਿਲ, ਬੌਬੀ ਆਦਿ ਹਾਜਰ ਸਨ।

## ਸੁਖਵਿੰਦਰ ਸਿੰਘ ਲਾਡੀ ਭਾਜਪਾ ਯੁਵਾ ਮੋਰਚਾ ਦੇ ਜ਼ਿਲ੍ਹਾ ਜਨਰਲ ਸਕੱਤਰ ਚੁਣੇ



**ਫਿਲੌਰ, (ਨਿਰਮਲ)**- ਭਾਰਤੀ ਜਨਤਾ ਪਾਰਟੀ ਵੱਲੋਂ ਜਲੰਧਰ ਜ਼ਿਮਨੀ ਚੋਣ ਦੌਰਾਨ ਭਾਜਪਾ ਵਰਕਰਾਂ ਅਤੇ ਅਹੁਦੇਦਾਰਾਂ ਵੱਲੋਂ ਦਿਨ ਰਾਤ ਮਿਹਨਤ ਕਰਕੇ ਪਾਰਟੀ ਦੇ ਵੋਟ ਬੈਂਕ ਵਿੱਚ ਵਾਧਾ ਕੀਤਾ ਸੀ। ਉਨ੍ਹਾਂ ਵਰਕਰਾਂ ਅਤੇ ਅਹੁਦੇਦਾਰਾਂ ਨੂੰ ਪਾਰਟੀ ਵੱਲੋਂ ਅਹੁਦੇ ਦੇ ਕੇ ਨਿਵਾਜਿਆ ਜਾ ਰਿਹਾ ਹੈ। ਜਿਸ ਤਹਿਤ ਹਲਕਾ ਫਿਲੌਰ ਦੇ ਯੁਵਾ ਆਗੂ ਸੁਖਵਿੰਦਰ ਸਿੰਘ ਲਾਡੀ ਨੂੰ ਯੁਵਾ ਮੋਰਚਾ ਦਾ ਜ਼ਿਲ੍ਹਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਇਸ ਮੌਕੇ ਸੁਖਵਿੰਦਰ ਸਿੰਘ ਲਾਡੀ ਨੇ ਕਿਹਾ ਕਿ ਜੋ ਪਾਰਟੀ ਵੱਲੋਂ ਉਨ੍ਹਾਂ ਨੂੰ ਅਹੁਦਾ ਦੇ ਕੇ ਨਿਵਾਜਿਆ ਗਿਆ ਹੈ, ਉਹ ਉਸ ਲਈ ਪਾਰਟੀ ਅਤੇ ਆਪਣੇ ਅਹੁਦੇਦਾਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਪਾਰਟੀ ਦੀ ਚੜ੍ਹਦੀ ਕਲਾ ਲਈ ਦਿਨ ਰਾਤ ਇੱਕ ਕਰ ਦੇਵਾਂਗਾ।

## ਐੱਸ ਡੀ ਕਾਲਜੀਏਟ ਸਕੂਲ 'ਚ ਨਾਰੀ ਸਸ਼ਕਤੀਕਰਨ 'ਤੇ ਚਰਚਾ

**ਜਲੰਧਰ (ਇਕਬਾਲ ਸਿੰਘ ਉਭੀ)**-ਪੀ.ਸੀ.ਐਮ.ਐਸ.ਡੀ. ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਦੇ ਪੋਲੀਟੀਕੱਲ ਸਾਇੰਸ, ਇਕਨੋਮਿਕਸ, ਹਿਸਟਰੀ ਅਤੇ ਮਨੋਵਿਗਿਆਨ ਵਿਭਾਗ ਨੇ "ਨਾਰੀ ਸ੍ਕਤੀਕਰਨ" ਵਿਸ਼ੇ 'ਤੇ ਇੱਕ ਸਮੂਹ ਚਰਚਾ ਦਾ ਆਯੋਜਨ ਕੀਤਾ। ਜਿਸ ਵਿੱਚ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੀਆਂ ਵੱਖ-ਵੱਖ ਧਾਰਾਵਾਂ ਨਾਲ ਸੰਬੰਧਤ ਲਗਭਗ 20 ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਵਿਦਿਆਰਥੀਆਂ ਨੇ ਦ੍ਰੋਪਦੀ ਮੁਰਮੂ, ਕਲਪਨਾ ਚਾਵਲਾ, ਅਤੇ ਹੋਰ ਬਹੁਤ ਸਾਰੀਆਂ ਭਾਰਤ ਦੀਆਂ ਸਫਲ ਅਤੇ ਸ਼ਕਤੀਸ਼ਾਲੀ ਔਰਤਾਂ ਬਾਰੇ ਸਿਹਤਮੰਦ ਚਰਚਾ ਕੀਤੀ। ਵਿਚਾਰ-ਵਟਾਂਦਰੇ ਵਿੱਚ, ਵਿਦਿਆਰਥੀਆਂ ਨੂੰ ਸਸ਼ਕਤੀਕਰਨ ਦਾ ਸਹੀ ਅਰਥ ਸਿਖਾਇਆ ਗਿਆ ਕਿ ਉਹਨਾਂ ਨੂੰ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨਾ ਕਿਵੇਂ ਸਿੱਖਣਾ ਚਾਹੀਦਾ ਹੈ। ਔਰਤਾਂ ਨੂੰ ਸਿੱਖਿਆ, ਜਾਗਰੂਕਤਾ, ਸਾਖਰਤਾ ਅਤੇ ਸਿਖਲਾਈ ਰਾਹੀਂ ਆਪਣਾ ਦਰਜਾ ਉੱਚਾ ਚੁੱਕਣ ਦੀ ਆਜਾਦੀ ਦਿੱਤੀ ਜਾਣੀ ਚਾਹੀਦੀ ਹੈ। ਇਸ ਗਤੀਵਿਧੀ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਸੀ ਕਿਉਂਕਿ ਅਜਿਹੀਆਂ ਗਤੀਵਿਧੀਆਂ ਉਹਨਾਂ ਦੇ ਗਿਆਨ, ਆਲੋਚਨਾਤਮਕ ਸੋਚ, ਅਗਵਾਈ ਦੇ ਹੁਨਰ ਅਤੇ ਸਮੁੱਚੀ ਸ਼ਖ਼ਸੀਅਤ ਨੂੰ ਨਿਖਾਰਨ ਵਿੱਚ ਸਹਾਈ ਹੁੰਦੀਆਂ ਹਨ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ , ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ , ਮੈਨੇਜਮੈਂਟ ਦੇ ਹੋਰ ਮੈਂਬਰਾਂ, ਪ੍ਰਿੰਸੀਪਲ ਪ੍ਰੋ: (ਡਾ.) ਪੂਜਾ ਪਰਾਸ਼ਰ ਅਤੇ ਕਾਲਜੀਏਟ ਬਲਾਕ ਦੇ ਇੰਚਾਰਜ ਸ੍ਰੀਮਤੀ ਸੁਸ਼ਮਾ ਸ਼ਰਮਾ ਨੇ ਅਜਿਹੀਆਂ ਗਤੀਵਿਧੀਆਂ ਕਰਵਾਉਣ ਲਈ ਫੈਕਲਟੀ ਮੈਂਬਰਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ।

## ਦੇਸ਼ਧ੍ਰੋਹ ਮੱਦ ਸੰਬੰਧੀ ਕਾਨੂੰਨ ਕਮਿਸ਼ਨ ਦੀਆਂ ਸਿਫਾਰਸ਼ਾਂ ਸੁਪਰੀਮ ਕੋਰਟ ਦੇ ਫੈਸਲਿਆਂ ਦੀ ਭਾਵਨਾ ਵਿਰੁੱਧ : ਬਾਬਾ ਬਲਬੀਰ ਸਿੰਘ

**ਸ੍ਰੀ ਅਨੰਦਪੁਰ ਸਾਹਿਬ ( ਅਰਵਿੰਦਰ ਸਿੰਘ ਬਿੰਦੀ )** ਮੌਜੂਦਾ ਦੇਸ਼ਧ੍ਰੋਹ ਕਾਨੂੰਨੀ ਮੱਦ ਵਿਚਲੀਆਂ ਕਾਨੂੰਨ ਕਮਿਸ਼ਨ ਦੀਆਂ ਸਿਫਾਰਸ਼ਾਂ ਸੁਪਰੀਮ ਕੋਰਟ ਦੇ ਫੈਸਲਿਆਂ ਦੀ ਭਾਵਨਾ ਦੇ ਵਿਰੁੱਧ ਹਨ। ਸਰਕਾਰਾਂ ਨੇ ਸਮੇਂ ਸਮੇਂ ਇਸ ਕਾਨੂੰਨ ਦੀ ਦੁਰਵਰਤੋਂ ਕੀਤੀ ਹੈ ਇਸ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ। ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਸਮੇਂ ਸਮੇਂ ਕਾਨੂੰਨਾਂ ਦੀ ਵਿਆਖਿਆਂ, ਸੋਧ ਅਤੇ ਵਾਧ-ਘਾਟ ਹੁੰਦੀ ਆਈ ਹੈ। ਅੰਗਰੇਜ਼ੀ ਹਕੂਮਤ ਸਮੇਂ ਬਨਾਏ ਕਾਨੂੰਨ ਆਈ ਪੀ ਸੀ ਭਾਰਤੀ ਦੰਡ ਨਿਯਮਾਂਵਲੀ ਵਿਚ ਵੱਖ-ਵੱਖ ਤਰ੍ਹਾਂ ਦੇ ਅਪਰਾਧਾਂ ਨੂੰ ਪ੍ਰਭਾਸ਼ਿਤ ਕਰਕੇ ਸਜ਼ਾ ਨਿਸ਼ਚਿਤ ਕੀਤੀ ਗਈ ਸੀ। ਇਸ ਵਿਚ ਲੋਕਾਂ ਦੁਆਰਾ ਸਰਕਾਰ ਵਿਰੁੱਧ ਵਿਦਰੋਹ, ਦੇਸ਼ਧ੍ਰੋਹ ਜਾਂ ਅਪਰਾਧ ਦੀ ਵਿਆਖਿਆ ਨਹੀਂ ਸੀ। 1870 ਵਿਚ ਦੇਸ਼ਧ੍ਰੋਹ ਬਾਰੇ 124 ਏ ਪਾਈ ਗਈ। ਉਨ੍ਹਾਂ ਕਿਹਾ ਅਜ਼ਾਦੀ ਤੋਂ ਬਾਅਦ ਪੰਜਾਬ ਹਾਈਕੋਰਟ ਨੇ 1951 ਅਤੇ ਅਲਾਹਾਬਾਦ ਹਾਈਕੋਰਟ ਨੇ 1959 ਵਿਚ ਇਸ ਕਾਨੂੰਨ ਨੂੰ ਅਸੰਵਿਧਾਨਕ ਦਸਿਆ। ਏਸੇ ਤਰ੍ਹਾਂ 1962 ਵਿਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਸਿਆਸੀ ਪਾਰਟੀਆਂ ਸਿਆਸਤਦਾਨਾਂ ਅਤੇ ਹੋਰ ਲੋਕਾਂ ਦੁਆਰਾ ਸਰਕਾਰ ਦੀ ਅਲੋਚਨਾ ਕਰਨੀ ਗ਼ੈਰ ਕਾਨੂੰਨੀ ਨਹੀਂ ਹੈ। ਜਵਾਹਰ ਲਾਲ ਨਹਿਰੂ ਨੇ 1961 ਵਿਚ ਇਸ ਕਾਨੂੰਨ ਨੂੰ ਰੱਦ ਕਰਨ ਦੀ ਵਕਾਲਤ ਕੀਤੀ ਸੀ। ਪਰ 1973 ਵਿਚ ਇੰਦਰਾ ਗਾਂਧੀ ਦੀ ਸਰਕਾਰ ਸਮੇਂ ਇਹ ਕਾਨੂੰਨ ਹੋਰ ਸਖ਼ਤ ਬਣਾ ਦਿੱਤਾ ਗਿਆ। ਉਨ੍ਹਾਂ ਕਿਹਾ ਦੇਸ਼ਧ੍ਰੋਹ ਕਾਨੂੰਨ ਦੀ ਅਲੋਚਨਾ ਇਸ ਲਈ ਹੁੰਦੀ ਰਹੀ ਹੈ ਕਿਉਂ ਕਿ ਕਾਨੂੰਨ ਮਾਹਿਰਾਂ ਅਨੁਸਾਰ ਇਹ ਕਾਨੂੰਨ ਵਿਚਾਰਾਂ ਦੇ ਪ੍ਰਗਟਾਵੇ ਦੀ ਅਜ਼ਾਦੀ ਦੀ ਭਾਵਨਾ ਦੇ ਵਿਰੁੱਧ ਹੈ। ਸਰਕਾਰਾਂ ਇਸ ਦੀ ਦੁਰਵਰਤੋਂ ਕਰਦੀਆਂ ਹਨ। ਸਰਕਾਰਾਂ ਆਪਣੇ ਵਿਰੁੱਧ ਦਿੱਤੇ ਗਏ ਭਾਸ਼ਾਣਾਂ ਤੇ ਵਿਚਾਰਾਂ ਨੂੰ ਦੇਸ਼ਧ੍ਰੋਹ ਦੇ ਦਾਇਰੇ ਵਿਚ ਲਿਆ ਕੇ ਆਪਣੇ ਸਿਆਸੀ ਵਿਰੋਧੀਆਂ ਅਤੇ ਅਲੋਚਕਾਂ ਨੂੰ ਨਜ਼ਰ ਬੰਦ ਕਰਦੀਆਂ ਰਹੀਆਂ ਹਨ। ਉਨ੍ਹਾਂ ਕਿਹਾ ਸੁਪਰੀਮ ਕੋਰਟ ਨੇ ਕਈ ਵਾਰ ਕਈ ਫੈਸਲਿਆਂ ਵਿਚ ਸਪੱਸ਼ਟ ਕੀਤਾ ਹੈ ਕਿ ਸਰਕਾਰਾਂ ਦੀ ਅਲੋਚਨਾ ਜਾਂ ਵਿਰੁੱਧ ਦੇਸ਼ਧ੍ਰੋਹ ਨਹੀਂ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਹਾਈਕੋਰਟ ਅਦਾਲਤਾਂ ਵਿਚ ਵੱਖ-ਵੱਖ ਫੈਸਲੇ ਸਾਹਮਣੇ ਆ ਰਹੇ ਹਨ। ਕਰਨਾਟਕ ਹਾਈਕੋਰਟ ਧਾਰਾ 124 ਏ ਆਈ ਪੀ ਸੀ ਵਿਚ ਕਾਇਮ ਰੱਖਣ 'ਤੇ ਇਸ ਵਿਚ ਹੋਰ ਸਜ਼ਾ ਵਧਾਉਣੀ ਚਾਹੀਦੀ ਹੈ ਬਾਰੇ ਕਹਿ ਦਿਤਾ ਹੈ। ਉਨ੍ਹਾਂ ਕਿਹਾ ਮੌਜੂਦਾ ਧਾਰਾ ਵਿਚ ਕੋਈ ਭਾਸ਼ਣ ਦਿੰਦਾ ਜਾਂ ਲੇਖ ਲਿਖਦਾ ਹੈ ਨੂੰ ਅਪਰਾਧੀ ਮੰਨਿਆ ਜਾਂਦਾ ਹੈ। ਲਾਅ ਕਮਿਸ਼ਨ ਨੇ ਇਸ ਕਨੂੰਨ ਦੀ ਦੁਰਵਰਤੋਂ ਕਰਨ ਲਈ ਕਈ ਸੁਝਾਅ ਦਿੱਤੇ ਹਨ।

ਜਥੇਦਾਰ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ 2018 ਵਿਚ ਕਾਨੂੰਨ ਕਮਿਸ਼ਨ ਦੀ ਰਾਇ ਸੀ ਕਿ ਸਰਕਾਰ ਨਾਲ ਅਸਹਿਮਤੀ ਜਾਂ ਅਲੋਚਨਾ ਦੇਸ਼ਧ੍ਰੋਹ ਨਹੀਂ ਹੋ ਸਕਦਾ। ਇਸੇ ਤਰ੍ਹਾਂ ਸੁਪਰੀਮ ਕੋਰਟ ਦੁਆਰਾ ਕਨੂੰਨ ਮੁਅੱਤਲ ਕਰਨ ਦੇ ਸੰਕੇਤ ਦਿੱਤੇ ਸਨ ਕਿ ਇਹ ਕਨੂੰਨ ਸਮਾਂ ਵਿਹਾਅ ਚੁੱਕਾ ਹੈ ਇਸ ਦੀ ਦੁਰਵਰਤੋਂ ਹੋ ਰਹੀ ਹੈ। ਕਨੂੰਨ ਕਮਿਸ਼ਨ ਦੀ ਸਿਫਾਰਸ਼ ਸੁਪਰੀਮ ਕੋਰਟ ਦੇ ਫੈਸਲਿਆਂ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਕਨੂੰਨ ਸਰਕਾਰ ਦੀਆਂ ਮਨਮਰਜ਼ੀਆਂ ਤੇ ਧੱਕੇਸ਼ਾਹੀ ਨੂੰ ਬੜਾਵਾ ਵੀ ਦਿੰਦੇ ਹਨ, ਲੋਕਤੰਤਰ ਦੀ ਵਿਵਸਥਾ ਕਮਜ਼ੋਰ ਹੁੰਦੀ ਹੈ।

## ਪਹਿਲਵਾਨਾਂ ਨੂੰ ਇਨਸਾਫ ਦਿੱਤੇ ਜਾਣ ਲਈ ਕੀਤਾ ਪ੍ਰਦਰਸ਼ਨ

**ਜਲੰਧਰ (ਨਵਾਂ ਜ਼ਮਾਨਾ ਸਰਵਿਸ)**-ਜਨਤਕ ਜੱਥੇਬੰਦੀਆਂ ਦਾ ਸਾਂਝਾ ਮੰਚ (ਜੇ.ਪੀ.ਐਮ.ਓ.) ਵੱਲੋਂ ਗੜ੍ਹਾ ਵਿਚਲੇ ਦਯਾਨੰਦ ਚੌਕ ਵਿਖੇ ਸੋਨ ਤਮਗਾ ਜੇਤੂ ਪਹਿਲਵਾਨਾਂ ਨੂੰ ਇਨਸਾਫ ਦਿੱਤੇ ਜਾਣ ਦੀ ਮੰਗ ਲਈ ਪ੍ਰਦਰਸ਼ਨ ਕੀਤਾ ਗਿਆ। ਪ੍ਰਦਰਸ਼ਨਕਾਰੀ, ਜਿਨ੍ਹਾਂ ਨੇ ਹੱਥਾਂ 'ਚ ਤਖਤੀਆਂ ਫੜੀਆਂ ਹੋਈਆਂ ਸਨ, ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ, ਭਾਜਪਾ ਵੱਲੋਂ ਸੰਸਦ ਮੈਂਬਰ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਫੌਰੀ ਗ੍ਰਿਫਤਾਰ ਕੀਤੇ ਜਾਣ ਦੀ ਮੰਗ ਕਰ ਰਹੇ ਸਨ। ਉਨ੍ਹਾਂ ਬਾਜਾਬਤਾ, ਸ਼ਾਂਤੀਪੂਰਵਕ ਸੰਘਰਸ਼ ਕਰ ਰਹੇ ਓਲੰਪੀਅਨਾਂ ਖਿਲਾਫ਼ ਦਰਜ ਪਰਚਾ ਰੱਦ ਕਰਨ ਦੀ ਵੀ ਜੋਰਦਾਰ ਮੰਗ ਕੀਤੀ ਅਤੇ ਜਿਨਸੀ ਸੋਸ਼ਣ ਦੇ ਦੋਸ਼ੀ ਦੀ ਪੁਸ਼ਤ ਪਨਾਹੀ ਕਰਨ ਵਾਲੀ ਮੋਦੀ ਸਰਕਾਰ ਨੂੰ ਵੀ ਰੱਜ ਕੇ ਭੰਡਿਆ। ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਪਰਗਟ ਸਿੰਘ ਜਾਮਾਰਾਏ ਅਤੇ ਡਾਕਟਰ ਬਲਵਿੰਦਰ ਸਿੰਘ ਨੇ ਆਉਣ ਵਾਲੀ 5 ਜੂਨ ਨੂੰ ਪਿੰਡਾਂ-ਸ਼ਹਿਰੀ ਮੁਹੱਲਿਆਂ ਅੰਦਰ ਵਿਸ਼ਾਲ ਇਕੱਠ ਕਰਕੇ ਮੋਦੀ-ਸ਼ਾਹ ਸਰਕਾਰ ਅਤੇ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੇ ਪੁਤਲੇ ਫੂਕਣ ਦੀ ਅਪੀਲ ਕੀਤੀ।





4-June-Sunday.qxd 6/3/2023 9:14 PM Page 3



# ਗੁਰਸੇਵਕ ਲੰਬੀ ਦੀਆਂ ਕਵਿਤਾਵਾਂ



## ਖੇਤ

ਖੇਤ
ਧਰਤੀ 'ਤੇ ਵਿਛਿਆ
ਜੀਵਨ ਹਨ

ਬੀਜਾਂ ਦਾ ਉੱਗਣਾ
ਫ਼ਸਲਾਂ ਦਾ ਵੱਡੇ ਹੋਣਾ
ਅੰਨ ਦੇ ਢੇਰ ਲੱਗਣੇ
ਖੇਤਾਂ ਦੀ ਕਰਾਮਾਤ ਹੈ

ਖੇਤ
ਬੀਜਾਂ ਨੂੰ ਦੂਣਾ ਕਰਦੇ
ਲੋਕਾਈ ਨੂੰ ਊਰਜਾ ਦਿੰਦੇ
ਜ਼ਿੰਦਗੀ ਦਾ
ਵਿਸ਼ਾਲ ਬ੍ਰਹਿਮੰਡ ਸਿਰਜਦੇ ਹਨ

## ਲੋਕ ਗੀਤਾਂ ਵਿੱਚ ਉਲਝਿਆ ਮੰਗਾ

ਮੰਗਾ
ਬਹੁਤ ਉਦਾਸ ਹੈ
ਆਪਣੀ ਜੰਨ ਚੜ੍ਹਦਾ
ਮਜ਼ਬੀਆਂ ਦਾ ਮੰਗਾ

ਮੱਥੇ 'ਤੇ ਲਟਕਦਾ ਸਿਹਰਾ
ਉਹਨੂੰ ਘਾਹ ਦੀ ਭਾਰੀ ਪੰਡ ਜਾਪਦਾ ਹੈ
ਹੱਥ 'ਚ ਫੜੀ ਕਿਰਪਾਨ
ਉਹਨੂੰ ਕਹੀ ਵਾਂਗ ਲੱਗਦੀ ਹੈ
ਆਸੇ-ਪਾਸੇ ਖਲੋਤੇ
ਮਾਮੇ, ਚਾਚੇ, ਤਾਏ
ਸਜੇ-ਸੰਵਰੇ
ਦਿਹਾੜੀਏ ਪ੍ਰਤੀਤ ਹੁੰਦੇ ਹਨ

ਉਹਨੂੰ ਚਾਅ ਨ੍ਹੀਂ ਚੜ੍ਹਿਆ
ਜਦੋਂ ਰਾਤੀਂ
ਵਿਹੜੇ ਦੀਆਂ ਔਰਤਾਂ
'ਕੱਠੀਆਂ ਹੋ ਕੇ ਗਾ ਰਹੀਆਂ ਸਨ
"ਨਿੱਕੀ ਨਿੱਕੀ ਬੂੰਦੀ
ਨਿੱਕਿਆ ਮੀਂਹ ਵੇ! ਵਰ੍ਹੇ
ਮਾਂ ਵੇ! ਸੁਹਾਗਣ ਤੇਰੇ ਸ਼ਗਨ ਕਰੇ
ਦੰਮਾਂ ਦੀ ਬੋਰੀ ਤੇਰਾ ਬਾਬਾ ਫੜੇ
ਹਾਥੀਆਂ ਦੇ ਸੰਗਲ਼ ਤੇਰਾ ਬਾਪ ਫੜੇ"

ਮੰਗਾ
ਝੂਠ ਗਾਉਂਦੀਆਂ ਇਨ੍ਹਾਂ ਔਰਤਾਂ ਵੱਲ ਤੱਕ
ਕਿੰਨੀ ਵਾਰ ਹੱਸਿਆ ਸੀ
ਉਹ ਜਾਣਦਾ
ਉਹਦਾ ਬਾਪ
ਭਰ ਉਮਰ ਭੇਡਾਂ ਚਾਰਦਾ ਰਿਹਾ
ਉਹ ਕੀ ਜਾਣੇ
ਹਾਥੀ ਕੀ ਹੁੰਦੇ ਹਨ
ਤੇ ਘੋੜੇ ਕੀ ਹੁੰਦੇ ਹਨ
ਤੇ ਦੰਮਾਂ ਦੀ ਬੋਰੀ
ਉਹਦਾ ਟੱਬਰ ਤਾਂ ਸਾਰੀ ਉਮਰ

ਸੇਰ ਦਾਣਿਆਂ ਨੂੰ ਤਰਸਦਾ ਰਿਹਾ
ਤੇ ਇਹ
ਦੰਮਾਂ ਦੀ ਗੱਲ ਕਰਦੀਆਂ ਨੇ

ਮੰਗਾ
ਉਦੋਂ ਵੀ ਉਦਾਸ ਸੀ
ਜਦੋਂ ਕਿਸੇ ਨੇ ਗਾਇਆ
"ਸੁਰਜਣਾ!
ਵਿਚ ਬਾਗ਼ਾਂ ਦੇ ਜੰਨ ਆਊ
ਚੋਟ ਨਗਾਰਿਆਂ 'ਤੇ ਲਾਊ
ਧੀ ਸ਼ਾਹੂਕਾਰ ਦੀ ਵਿਆਹ ਇਹ ਆਊ
ਅਹਿਲ ਨਵਾਬਾਂ ਦੇ ਘਰ ਢੁੱਕਣਾ..."

ਉਹ ਜਾਣਦਾ
ਉਹਨੇ
ਕਿਹੜੇ ਨਵਾਬਾਂ ਦੇ ਘਰ ਢੁੱਕਣਾ
ਤੇ ਜੀਹਨੂੰ ਉਹ
ਵਿਆਹੁਣ ਜਾ ਰਿਹਾ
ਉਹਦੇ ਹੱਥਾਂ ਦੇ ਨਹੁੰਆਂ 'ਚ
ਫਸਿਆ ਪਿਆ ਹੋਣਾ
ਸਰਦਾਰਾਂ ਦੇ ਡੰਗਰਾਂ ਦਾ ਗੋਹਾ
ਦੰਦਾਂ 'ਤੇ ਚੜ੍ਹਿਆ ਹੋਣਾ
ਕਿੱਕਰ ਦੇ ਸੱਕ ਵਰਗਾ ਕਰੇੜਾ
ਤੇ ਜਵਾਨੀ
ਕਈ ਵਾਰ ਮਧੋਲ਼ੀ ਜਾ ਚੁੱਕੀ ਹੋਣੀ ਆ
ਮੋਟਰ ਆਲ਼ੇ ਕੋਠੇ ਵਿਚ
ਪੱਠਿਆਂ ਦੀ ਪੰਡ ਬਦਲੇ

ਰਾਤੀਂ ਉਹਨੂੰ
ਡੀ.ਜੇ. 'ਤੇ ਵੱਜਦੇ ਗਾਣੇ ਵੀ
ਵੱਢ-ਵੱਢ ਖਾਂਦੇ ਰਹੇ।
"ਨੀ ਤੂੰ ਜੱਟ ਦੀ ਪਸੰਦ
ਜੱਟ ਨੇ ਵਿਆਹੁਣੀ ਆ"
"ਜੱਟਾ ਵੇ ਤੂੰ ਸ਼ਰੇਆਮ ਧੱਕਾ ਕਰਦਾ..."

ਉਹਨੂੰ ਲੱਗਿਆ
ਡੀ.ਜੇ. 'ਤੇ ਵੱਜਦੇ ਗਾਣੇ
ਉਹਨੂੰ ਦੱਸ ਰਹੇ ਹਨ
"ਤੂੰ ਮੰਗਾ ਏਂ
ਤੇ ਮੰਗਾ ਹੀ ਰਹੇਂਗਾ"

ਉਹ ਸਾਰੀ ਰਾਤ
ਗੀਤਾਂ ਤੇ ਲੋਕ ਗੀਤਾਂ ਵਿੱਚੋਂ
ਆਪਣੇ ਆਪ ਨੂੰ
ਤਲਾਸ਼ਦਾ ਰਿਹਾ

ਉਹ ਉਦਾਸ ਹੈ
ਇਹ ਸੋਚ ਕੇ ਵੀ
ਕਿ ਕੀ ਉਹ ਸੱਚਮੁੱਚ
'ਆਪਣੀ' ਜੰਨ ਚੜ੍ਹ ਰਿਹੈ?
ਹਾਂ, ਮੰਗਾ ਉਦਾਸ ਹੈ

## ਖ਼ਤਰਨਾਕ

ਉਹ ਕਰਨਾ ਚਾਹੁੰਦੇ ਨੇ
ਮੁਲਕ ਭਰ ਦੀਆਂ
ਕਲਮਾਂ ਦੀ ਨਸਬੰਦੀ
ਸਕੂਲਾਂ ਦੀ ਭਰੂਣ-ਹੱਤਿਆ
ਤੇ ਵਿਸ਼ਵਵਿਦਿਆਲਿਆ ਦਾ
ਗਰਭਪਾਤ

ਕਿਉਂਕਿ ਉਹ ਜਾਣਦੇ ਹਨ
ਕਿ ਚਾਨਣ ਦੀ ਕੁੱਖ 'ਚੋਂ ਜੰਮੇ
ਸਤਮਾਹੇ ਵਿਚਾਰ ਵੀ
ਖ਼ਤਰਨਾਕ ਹੁੰਦੇ ਨੇ

## ਰੋਟੀ

ਤੁਸੀਂ ਮੈਨੂੰ
ਆਸਤਿਕ ਕਹੋ ਜਾਂ ਨਾਸਤਿਕ
ਪਰ ਮੈਂ
ਪੰਜ ਰੁਪਏ ਦਾ ਸਿੱਕਾ
ਸ਼ਨੀਦੇਵ ਲਈ ਨਹੀਂ
ਤੇਲ ਦੀ ਬਾਲਟੀ ਫੜੀ
ਉਸ ਮੁਰਦੜੇ ਜਿਹੇ ਬੰਦੇ ਦੇ
ਬੱਚਿਆਂ ਲਈ ਚੜ੍ਹਾਇਆ ਹੈ
ਜੋ ਘਰ ਬੈਠੇ
ਰੋਟੀ ਦੀ ਉਡੀਕ ਕਰ ਰਹੇ ਹੋਣੇ

ਰੋਟੀ
ਜਿਸ ਦਾ ਰਸਤਾ
ਉਸ ਤੇਲ ਵਾਲ਼ੀ ਬਾਲਟੀ
ਵਿਚਦੀ ਹੋ ਕੇ ਲੰਘਦਾ ਹੈ
ਚੁੱਪ
ਚੁੱਪ ਰਹਿਣਾ
ਕਮਜ਼ੋਰ ਹੋਣਾ ਨਹੀਂ ਹੁੰਦਾ
ਚੁੱਪ ਰਹਿਣਾ
ਹਾਰ ਜਾਣਾ ਵੀ ਨਹੀਂ ਹੁੰਦਾ

**ਮੋਬਾ : 99141-50353**

ਸਫ਼ਾ 3 ਦੀ ਬਾਕੀ

## ਮਾਨਵੀ ਕਦਰਾਂ ਦੇ ਮਨਫੀ ਹੋਣ...

ਰਿਹਾ ਹੈ, ਪਰ ਉਹ ਆਉਣ ਵਾਲੀ ਭਵਿੱਖਤ ਪੀੜ੍ਹੀ ਦੇ ਚੰਗੇਰੇਪਣ ਲਈ ਕਾਮਨਾ ਕਰਦਾ ਹੋਇਆ ਸੁਝਾਅ ਵੀ ਦਿੰਦਾ ਹੈ ਕਿ ਜੇਕਰ ਵਰਤਮਾਨ ਯੁੱਗ ਵਿੱਚ ਸੰਵੇਦਨਸ਼ੀਲਤਾ, ਚੰਗਿਆਈ, ਸੁਹਿਰਦਤਾ, ਇਮਾਨਦਾਰੀ ਅਤੇ ਇਖਲਾਕ ਹੋਵੇਗਾ ਤਾਂ ਆਉਣ ਵਾਲੀ ਪੀੜ੍ਹੀ ਲਾਜ਼ਮੀ ਸੁਚੱਜੀ ਹੋਵੇਗੀ। ਪ੍ਰੋ. ਔਜਲਾ ਨਵੀਂ ਪੀੜ੍ਹੀ ਦੇ ਭਵਿੱਖ ਨੂੰ ਸੰਵਾਰਨ ਲਈ ਘਰ-ਘਰ ਵਿੱਚ ਅੱਖਰਾਂ ਦੀਆਂ ਦਾਬਾਂ ਲਗਾਉਣ ਲਈ ਤਾਕੀਦ ਇਸੇ ਕਰਕੇ ਹੀ ਕਰਦਾ ਹੈ।

ਜਿਵੇਂ ਕਿ ਪਹਿਲਾਂ ਵੀ ਇਹ ਜ਼ਿਕਰ ਹੋ ਚੁੱਕਾ ਹੈ ਪ੍ਰੋ: ਔਜਲਾ ਆਪਣੇ ਅਤੀਤ ਨੂੰ ਵਰਤਮਾਨ ਦੇ ਸਮਾਨੰਤਰ ਰੱਖ ਕੇ ਉਸ ਦੇ ਸੁਨਹਿਰੀ ਹੋਣ ਦੀ ਤਸਦੀਕ ਕਰਦਾ ਹੈ, ਭਾਵੇਂ ਅਤੀਤ ਵਿੱਚ ਆਮ ਲੋਕਾਂ ਕੋਲ ਧਨ, ਦੌਲਤ ਅਜੋਕੇ ਯੁੱਗ ਵਰਗੀ ਨਹੀਂ ਸੀ, ਪਰ ਸਬਰ, ਸਿਦਕ ਅਤੇ ਸਿਰੜ ਸੀ। ਹੁਣ ਸੁੱਖ-ਸਹੂਲਤਾਂ ਦੇ ਸਾਧਨਾਂ ਦੀ ਵੀ ਬਹੁਤਾਤ ਹੈ, ਪਰ ਬੇਸਬਰੀ, ਬੇਸਿਦਕੀ, ਬੇਦਿਲੀ ਮਾਨਸਿਕ ਦਵੰਦ ਨਾਲ ਜੂਝਦੀ ਮਨੁੱਖੀ ਜ਼ਿੰਦਗੀ ਦੀ ਹਾਲਤ ਤਰਸਯੋਗ ਹੋ ਚੁੱਕੀ ਹੈ। ਫੇਸ ਬੁੱਕ, ਵਟਸਐਪ ਅਤੇ ਹੋਰ ਡਿਜੀਟਲ ਸਾਧਨਾਂ ਨੇ ਇਕਾਗਰ ਚਿੱਤ ਬਿਰਤੀਆਂ ਨੂੰ ਭੰਗ ਕਰਕੇ ਰੱਖ ਦਿੱਤਾ ਹੈ। ਇਸੇ ਕਰਕੇ ਹੀ ਲੇਖਕ ਫਿਰ ਤੋਂ ਭਲੇ ਦਿਨਾਂ ਦੀ ਆਸ ਦੀ ਕਾਮਨਾ ਆਪਣੇ ਤਕਰੀਬਨ ਹਰ ਲੇਖ ਵਿੱਚ ਕਰਦਾ ਹੈ।

ਪ੍ਰੋ. ਔਜਲਾ ਦੀ ਵਾਰਤਕ ਵਿੱਚ ਜਿੰਨੇ ਵੀ ਲੇਖ ਸ਼ਾਮਲ ਹਨ, ਉਹਨਾਂ ਵਿੱਚ ਸਾਡਾ ਲੋਕਧਾਰਾਈ ਵਿਰਸਾ ਅਤੇ ਵਿਰਾਸਤੀ ਅਨੁਭਵ ਤੇ ਅਹਿਸਾਸਾਂ ਨੂੰ ਸਾਂਭਣ ਦਾ ਉਪਰਾਲਾ ਕਰਨ ਬਾਰੇ ਵਿਸਤ੍ਰਿਤ ਰੂਪ ਵਿੱਚ ਪੇਸ਼ਕਾਰੀ ਹੋਈ ਮਿਲਦੀ ਹੈ। ਪ੍ਰੋ. ਔਜਲਾ ਦੀ ਵਾਰਤਕ ਵਿੱਚ ਉਸ ਸਮਾਜ ਦੀ ਸਿਰਜਨਾ ਦਾ ਸੁਪਨਾ ਪੇਸ਼ ਹੋਇਆ, ਜਿੱਥੇ ਊਚ-ਨੀਚ, ਪਾਖੰਡਵਾਦ, ਦੋਗਲੇਪਣ ਦੀ ਥਾਂ ਆਪਸੀ ਭਾਈਚਾਰਾ ਅਤੇ ਸੰਵਾਦ ਰਚਾਉਣ ਦੀ ਬਿਰਤੀ ਪ੍ਰਧਾਨ ਹੋਵੇ।

'ਕਵਿਤਾ ਵਰਗੀਆਂ ਧੀਆਂ' ਪੁਸਤਕ ਵਿੱਚ ਸ਼ਾਮਲ ਸਾਰੇ ਲੇਖ ਪਾਠਕ ਇੱਕੋ ਸਾਹੇ ਹੀ ਪੜ੍ਹਦਾ ਹੈ, ਕਿਉਂਕਿ ਇਹ ਲੇਖ ਜ਼ਮੀਨੀ ਹਕੀਕਤ ਨੂੰ ਪੇਸ਼ ਕਰਕੇ ਮਨੁੱਖੀ ਸੱਚ ਦੇ ਰੂਬਰੂ ਕਰਦੇ ਹਨ। ਪਾਠਕ ਇਹਨਾਂ ਲੇਖਾਂ ਨੂੰ ਪੜ੍ਹਦਿਆਂ ਹੋਇਆਂ ਇਹਨਾਂ ਵਿਚਲੀ ਜਾਣਕਾਰੀ ਦੇ ਵਹਿਣ ਵਿੱਚ ਵਹਿੰਦਾ ਵੀ ਹੈ ਅਤੇ ਫਿਕਰਮੰਦੀ ਦੇ ਅਹਿਸਾਸਾਂ ਨਾਲ ਭਾਵੁਕ ਵੀ ਹੁੰਦਾ ਹੈ। ਸ਼ਬਦ ਜੜਤ ਅਤੇ ਅਨੁਭਵ ਦੀ ਗਹਿਰਾਈ ਪਾਠਕ ਦਾ ਮਨ ਮੋਹ ਲੈਂਦੀ ਹੈ। ਇੱਕ-ਇੱਕ ਸ਼ਬਦ ਬਹੁਤ ਸਾਰੇ ਸ਼ਬਦ ਜਿੱਥੇ ਵਾਰਤਕ ਵਿੱਚ ਅਨੁਪ੍ਰਾਸਕਤਾ ਅਤੇ ਸੰਗੀਤਮਈ ਧੁਨੀਆਂ ਦਾ ਸਮਾਵੇਸ਼ ਕਰਦੇ ਹਨ, ਉੱਥੇ ਲੇਖਾਂ ਵਿੱਚ ਕਾਵਿਮਈ ਪੰਕਤੀਆਂ ਪੂਰੇ ਲੇਖ ਬਾਹਰੇ ਕੁੱਜੇ ਵਿੱਚ ਸਮੁੰਦਰ ਬੰਦ ਕਰਨ ਵਰਗਾ ਮਾਹੌਲ ਵੀ ਸਿਰਜਦੀਆਂ ਹਨ। ਨਿਰਸੰਦੇਹ ਪ੍ਰੋ. ਔਜਲਾ ਦੀ ਕਲਮ ਵਿੱਚ ਇੱਕ ਵਿਸ਼ੇਸ਼ ਰਵਾਨਗੀ ਅਤੇ ਮੌਲਿਕਤਾ ਹੈ, ਜੋ ਵਾਰਤਕ ਨੂੰ ਕਿਤੇ ਵੀ ਬੋਝਲ ਪ੍ਰਤੀਤ ਨਹੀਂ ਹੋਣ ਦਿੰਦੀ। ਇੱਕ ਰਹੱਸਮਈ ਅਤੇ ਜਾਣਕਾਰੀ ਭਰਪੂਰ ਪੁਸਤਕ 'ਕਵਿਤਾ ਵਰਗੀਆਂ ਧੀਆਂ' ਦੇ ਰੂਪ ਵਿੱਚ ਪੰਜਾਬੀ ਸਾਹਿਤ ਨੂੰ ਦੇਣ ਲਈ ਪ੍ਰੋ. ਕੁਲਵੰਤ ਸਿੰਘ ਔਜਲਾ ਦੇ ਨਿਰੰਤਰ ਅੱਗੇ ਵਧਦੇ ਰਹਿਣ ਅਤੇ ਨਿਰੰਤਰ ਪੜ੍ਹਨ-ਲਿਖਣ ਦੇ ਅਨੁਭਵ ਦਾ ਪ੍ਰਮਾਣ ਪੇਸ਼ ਕਰਦੀ ਹੈ। ਇਹ ਪੁਸਤਕ ਇਸ ਕਰਕੇ ਵੀ ਪੜ੍ਹਨਯੋਗ ਹੈ, ਕਿਉਂਕਿ ਲੇਖਕ ਦੇ ਨਿੱਜੀ ਤਜਰਬੇ ਵਿੱਚੋਂ ਪੇਸ਼ ਹੋਈ ਹੈ। ਇਸ ਦਾ ਪ੍ਰਮਾਣ ਇਸ ਵਿੱਚ ਲੇਖਕ ਦੀਆਂ ਨਿੱਜੀ ਜੀਵਨਸ਼ੈਲੀ ਵਿੱਚ ਪੇਸ਼ ਹੋਈਆਂ ਬਿਰਤਾਂਤਕ ਉਦਾਹਰਣਾਂ ਹਨ।

**ਮੋ: 98141-68611**

ਆਖਰੀ ਸਫ਼ਾ ਦੀ ਬਾਕੀ

## ਮੌਜੂਦਾ ਹਕੂਮਤ ਲੋਕਾਂ ਦੇ ਲਾਲਚ ਨੂੰ ਸਮਝਦੀ...

ਅੰਬੇਡਕਰ ਦੇ ਪ੍ਰਭਾਵ ਹੇਠ ਸਥਾਪਤ ਧਾਰਮਿਕ ਰੂੜੀਵਾਦੀਆਂ ਉੱਪਰ ਸਵਾਲਾਂ ਨੇ ਜ਼ੋਰ ਫੜ ਲਿਆ। ਆਜ਼ਾਦੀ ਤੋਂ ਬਾਅਦ ਦੇ ਭਾਰਤ ਵਿਚ ਨਰਿੰਦਰ ਦਭੋਲਕਰ ਅਤੇ ਗੋਵਿੰਦ ਪਨਸਾਰੇ ਵਰਗੇ ਚਿੰਤਕਾਂ ਦੇ ਅਧੀਨ ਤਰਕਸ਼ੀਲਤਾ ਜ਼ਰੀਏ ਜਵਾਬਾਂ ਦੀ ਖੋਜ ਦਾ ਉਤਸ਼ਾਹ ਪਾਠਕਾਂ ਅਤੇ ਚਿੰਤਕਾਂ ਦੀ ਨਵੀਂ ਪੀੜ੍ਹੀ ਲਈ ਇਕ ਵੱਡੀ ਖਿੱਚ ਬਣਿਆ। ਮਾਰਕਸਵਾਦੀ ਅਤੇ ਖੱਬੇਪੱਖੀ ਵਿਚਾਰਾਂ ਦੇ ਮਾਧਿਅਮ ਰਾਹੀਂ ਇਕ ਵੱਖਰੀ ਧਾਰਾ ਵੀ ਆ ਰਹੀ ਸੀ, ਜੋ ਮਨੁੱਖੀ ਖੇਤਰ ਦੇ ਬਾਹਰੋਂ ਆਉਣ ਵਾਲੇ ਸੱਚ ਅਤੇ ਸਾਰ ਦੇ ਵਿਚਾਰਾਂ ਉੱਪਰ ਸਵਾਲ ਉਠਾਉਂਦੀ ਸੀ-ਉਨ੍ਹਾਂ ਨੇ ਰੱਬ ਦੇ ਵਿਚਾਰ ਨੂੰ ਰੱਦ ਕੀਤਾ ਅਤੇ ਇਸੇ ਤਰ੍ਹਾਂ ਐੱਮ.ਐੱਨ. ਰਾਏ ਵਰਗੇ ਲੋਕਾਂ ਨੇ ਤਰਕਸ਼ੀਲ ਸੋਚ ਨੂੰ ਉਤਸ਼ਾਹਤ ਕੀਤਾ ਅਤੇ ਦੀ ਕੁਇਸਟ ਵਰਗੇ ਰਸਾਲਿਆਂ ਨੇ ਤਰਕਸ਼ੀਲਤਾ ਦੇ ਕਾਜ ਨੂੰ ਅੱਗੇ ਵਧਾਇਆ।

ਪਰ ਤਰਕਵਾਦ ਅਤੇ ਤਰਕਸ਼ੀਲਤਾ, ਜੋ ਵਿਗਿਆਨ ਅਤੇ ਵਿਗਿਆਨਕ ਸੋਚ ਦੀ ਬੁਨਿਆਦ ਹਨ, ਇਕ ਗੱਲ ਹੈ ਜਦੋਂ ਕਿ ਤਰਕਸ਼ੀਲਤਾ ਅਤੇ ਵਿਗਿਆਨ ਦੇ ਨਾਂਅ 'ਤੇ ਅਤੇ ਸਪੱਸ਼ਟ ਤੌਰ 'ਤੇ ਵਿਗਿਆਨਕ ਤਰੀਕਿਆਂ ਦੀ ਵਰਤੋਂ ਦੇ ਨਾਂਅ 'ਤੇ ਦੁਨੀਆ ਵਿਚ ਬਹੁਤ ਤਬਾਹੀ ਵੀ ਹੋਈ ਹੈ। ਆਧੁਨਿਕ ਸਮੇਂ 'ਚ ਯੂਰਪ ਵਾਂਗ ਇਸ ਦੀ ਸਭ ਤੋਂ ਮਸ਼ਹੂਰ ਮਿਸਾਲ ਅਡੋਲਫ ਹਿਟਲਰ ਵੱਲੋਂ ਘੱਟਗਿਣਤੀਆਂ ਨੂੰ ਮਾਰਨ ਲਈ ਵਿਗਿਆਨ ਦੀ ਵਰਤੋਂ ਹੈ।

ਅੱਜ ਦੇ ਭਾਰਤੀ ਪ੍ਰਸੰਗ ਵਿਚ ਇਹ ਮਹੱਤਵਪੂਰਨ ਹੈ ਕਿਉਂਕਿ ਜਦੋਂ ਝੂਠ ਜਨਤਕ ਸੰਵਾਦ ਉੱਪਰ ਭਾਰੂ ਹੋ ਜਾਂਦਾ ਹੈ ਤਾਂ ਸੱਚ ਦੇ ਲਈ ਸਵਾਲ ਕਰਨਾ ਮਹੱਤਵਪੂਰਨ ਹੋ ਜਾਂਦਾ ਹੈ। ਜਦੋਂ ਅਤੀਤ ਦੀ ਜਾਣਬੁੱਝ ਕੇ ਗ਼ਲਤ ਵਿਆਖਿਆ ਕਰਨੀ ਸ਼ੁਰੂ ਕਰ ਦਿੱਤੀ ਜਾਂਦੀ ਹੈ, ਇਸ ਨੂੰ ਜਾਣਬੁੱਝ ਕੇ ਇਕ ਨਜ਼ਰੀਏ ਦੇ ਅਨੁਸਾਰ ਗ਼ਲਤ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ ਅਤੇ ਜਾਣਬੁੱਝ ਕੇ ਤੋੜਿਆ-ਮਰੋੜਿਆ ਜਾਂਦਾ ਹੈ ਤਾਂ ਇਤਿਹਾਸ ਨੂੰ ਪੇਸ਼ ਕਰਨ ਜਾਂ ਪੇਸ਼ ਕਰਨ ਦੇ ਵਿਗਿਆਨਕ ਤਰੀਕਿਆਂ ਵੱਲ ਮੁੜਨਾ ਜ਼ਰੂਰੀ ਹੁੰਦਾ ਹੈ ਅਤੇ ਇਸ ਲਈ ਇਤਿਹਾਸ ਦਾ ਇਕ ਤਰਕਪੂਰਨ ਨਜ਼ਰੀਆ ਮਹੱਤਵ ਅਖ਼ਤਿਆਰ ਕਰ ਲੈਂਦਾ ਹੈ। ਦੂਜਾ, ਮੌਜੂਦਾ ਹਕੂਮਤ ਵੱਲੋਂ ਭਾਰਤ ਵਿਚ ਹੀ ਵਿਗਿਆਨ ਉਪਰ ਯੋਜਨਾਬੱਧ ਹਮਲਾ ਕੀਤਾ ਜਾ ਰਿਹਾ ਹੈ। ਭਾਰਤ ਵਿਚ ਪਿਛਲੇ ਵਿਗਿਆਨਕ ਵਿਕਾਸਾਂ ਬਾਰੇ ਬਹੁਤ ਸਾਰੇ ਝੂਠੇ ਸਿਧਾਂਤ ਪ੍ਰਚਲਤ ਕੀਤੇ ਜਾ ਰਹੇ ਹਨ। ਅਜਿਹੇ ਹਾਲਾਤ 'ਚ ਵਿਗਿਆਨ ਦੀ ਪਵਿੱਤਰਤਾ ਅਤੇ ਗੰਭੀਰ ਵਿਗਿਆਨਕ ਅਧਿਐਨ ਦੀ ਰੱਖਿਆ ਕਰਨ ਲਈ ਤਰਕਸ਼ੀਲਤਾ ਦੀ ਪਾਲਣਾ ਕਰਨੀ ਜ਼ਰੂਰੀ ਹੈ।

**? ਕੀ ਤੁਹਾਨੂੰ ਲੱਗਦਾ ਹੈ ਕਿ ਆਰ ਐੱਸ ਐੱਸ ਅੰਬੇਡਕਰ ਨੂੰ ਹਥਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ? ਜੇ ਹਾਂ, ਤਾਂ ਕਿਉਂ।**

-ਕੁਝ ਪਰੰਪਰਾਵਾਂ ਬੌਧਿਕ ਤੌਰ 'ਤੇ ਕਮਜ਼ੋਰ ਪਰੰਪਰਾਵਾਂ ਦੇ ਰੂਪ ਵਿਚ ਪੈਦਾ ਹੁੰਦੀਆਂ ਹਨ, ਪਰ ਜਦੋਂ ਉਹ ਗ਼ਲਬਾ ਪਾ ਲੈਂਦੀਆਂ ਹਨ ਤਾਂ ਉਹ ਬੌਧਿਕ ਪਰੰਪਰਾਵਾਂ ਉੱਪਰ ਬਿਹਤਰ ਦਾਅਵਾ ਕਰਨਾ ਪਸੰਦ ਕਰਦੀਆਂ ਹਨ ਅਤੇ ਠੀਕ ਇੱਥੇ ਹੀ ਅਤੀਤ ਦੇ ਵੱਖ-ਵੱਖ ਪ੍ਰਤੀਕਾਂ ਨੂੰ ਹਾਸਲ ਕਰਨਾ ਜ਼ਰੂਰੀ ਹੁੰਦਾ ਹੈ। ਧਰਾਤਲ ਦੇ ਉੱਪਰ ਤਾਂ ਇਹ ਹੈ, ਪਰ ਸ਼ਾਇਦ ਭਾਜਪਾ ਲਈ ਡਾ. ਅੰਬੇਡਕਰ ਉੱਪਰ ਦਾਅਵਾ ਕਰਨ ਦੀ ਸ਼ਾਇਦ ਇਕ ਰਾਜਨੀਤਕ ਜ਼ਰੂਰਤ ਹੈ। ਆਰ.ਐੱਸ.ਐੱਸ. ਦਾ ਮੂਲ ਫ਼ਲਸਫ਼ਾ ਬ੍ਰਾਹਮਣਾਂ ਨੂੰ ਛੱਡ ਕੇ ਹੋਰ ਲੋਕਾਂ ਦੀ ਬਹੁਤੀ ਪਰਵਾਹ ਨਹੀਂ ਕਰਦਾ, ਪਰ ਹਿੰਦੂ ਸਮਾਜ ਦੇ ਵੱਖ-ਵੱਖ ਵਰਗਾਂ ਦੀ ਹਮਾਇਤ ਹਾਸਲ ਕਰਨਾ ਭਾਜਪਾ ਦੀ ਰਾਜਨੀਤਕ ਅਣਸਰਦੀ ਜ਼ਰੂਰਤ ਹੈ ਅਤੇ ਇੱਥੇ ਅੰਬੇਡਕਰ ਉੱਪਰ ਦਾਅਵਾ ਕਰਨਾ ਜ਼ਰੂਰੀ ਹੋ ਜਾਂਦਾ ਹੈ।

(**ਸਮਾਪਤ**)

## ਮਿੰਨੀ ਕਹਾਣੀ

### ਪਵਨ ਗੁਰੂ ਪਾਣੀ ਪਿਤਾ

ਹਰਮੇਲ ਸਿੰਘ ਤੇ ਜਾਗਰ ਸਿੰਘ ਸਵੇਰੇ ਹੁੰਦਿਆਂ ਹੀ ਖੇਤ ਨੂੰ ਤੁਰ ਪਏ। ਖੇਤ ਜਾਂਦਿਆਂ ਹੀ ਉਨ੍ਹਾਂ ਆਪਣੇ ਕੰਮ ਸ਼ੁਰੂ ਕਰ ਦਿੱਤੇ।

"ਲੈ ਬਈ ਜਾਗਰਾ ਆਹ ਉਪਰੇ ਕਿੱਲੇ ਵਿੱਚ ਮੋਟਰ ਛੱਡ ਦੇ ਵਾਹਣ ਠੰਢਾ ਹੋਜ" ਹਰਮੇਲ ਨੇ ਤੰਗਲੀ ਚੁੱਕਦਿਆਂ ਕਿਹਾ।

"ਮੈਂ ਛੱਡਦਾਂ ਮੋਟਰ, ਤੂੰ ਪਹਿਲਾਂ ਉਹ ਸੜਕ ਵਾਲਾ ਕਿੱਲਾ ਜਿਸ ਦੀ ਪਰਾਲੀ ਸਾੜਨ ਵੰਨੀਓਂ ਰਹਿੰਦੀ ਸੀ। ਉਸ ਨੂੰ ਸਾੜ ਆ। ਆਹ ਡੱਬੀ ਲੈ ਜਾ ਐਥੋਂ" ਜਾਗਰ ਨੇ ਮੋਟਰ ਦੀ ਸੁੱਚ ਦੱਬਦਿਆਂ ਕਿਹਾ।

ਹਰਮੇਲ ਸਿੰਘ ਨੇ ਸੜਕ ਵਾਲੀ ਜ਼ਮੀਨ ਵਿੱਚ ਜਾ ਕੇ ਡੱਬੀ ਨਾਲ ਸੀਖ ਕਸਾਈ ਤੇ ਪਰਾਲੀ ਨੂੰ ਲਗਾ ਦਿੱਤੀ। ਅੱਗ ਲਪਟਾਂ ਮਾਰਨ ਲੱਗੀ। ਧੂੰਆਂ ਪੂਰੇ ਅਸਮਾਨ ਵਿਚ ਫੈਲ ਗਿਆ।

ਜ਼ਮੀਨ ਦੇ ਨਾਲ ਵਾਲੇ ਗੁਰਦੁਆਰਾ ਸਾਹਿਬ ਵਿੱਚੋਂ ਭਾਈ ਜੀ ਸ਼ਬਦ ਪੜ੍ਹ ਰਹੇ ਸਨ ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।

ਹਰਮੇਲ ਸਿੰਘ ਅੱਗ ਪੂਰੇ ਕਿੱਲੇ ਵਿੱਚ ਫੈਲਦੀ ਦੇਖ ਕੇ ਖੁਸ਼ ਸੀ।

**— ਗੁਰਦਿੱਤ ਸਿੰਘ ਸੇਖੋਂ**

### ਰੱਬਾ ਖੈਰ ਕਰੀਂ

1...ਬੰਦਾ ਸੋਚਦਾ ਕੁਝ ਹੋਰ ਤੇ, ਹੋ ਕੁਝ ਹੋਰ ਹੀ ਜਾਂਦਾ ਹੈ। ਰੱਬਾ ਤੂੰ ਖੈਰ ਕਰੀਂ, ਨਾ ਕਿਸੇ 'ਤੇ ਕਹਿਰ ਕਰੀਂ। ਬੰਦਾ ਟੁੱਟ ਕੇ ਹੋ ਜੇ ਕਮਜ਼ੋਰ। ਤੇ ਹੋ ਕੁਝ ਹੋਰ ਹੀ ਜਾਂਦਾ ਹੈ। ਬੰਦਾ ਸੋਚਦਾ......

2...ਦੁੱਖਾਂ-ਤਕਲੀਫਾਂ ਨੂੰ ਹੈ ਇੱਕ ਪਾਸੇ ਰੱਖ ਕੇ। ਕੋਈ-ਕੋਈ ਜਿਉਂਦਾ ਏਥੇ, ਜ਼ਿੰਦਗੀ ਨੂੰ ਹੱਸ ਕੇ। ਕਈ ਜ਼ਖਮ ਲੁਕਾਉਂਦੇ ਫਿਰਦੇ। ਕਈ ਮਰ ਕੇ ਵੀ ਜਿਉਂਦੇ ਫਿਰਦੇ। ਨਾ ਪਾਉਂਦੇ ਕਦੇ ਉਹ ਸ਼ੋਰ, ਤੇ ਹੋ ਕੁਝ ਹੋਰ ਹੀ ਜਾਂਦਾ ਹੈ। ਬੰਦਾ ਸੋਚਦਾ....

3... ਖੁਸ਼ੀਆਂ ਦੀ ਭਾਲ ਵਿੱਚ ਹਰ ਕੋਈ ਲੱਗਿਆ। ਦਿਨ-ਰਾਤ ਵੇਖੋ ਬੰਦਾ ਫਿਰਦਾ ਹੈ ਭੱਜਿਆ। ਵੱਖੋ-ਵੱਖ ਲਾਉਣ ਸਕੀਮਾਂ, ਜ਼ਿੰਦਗੀ ਦਾ ਕਰ ਦੇ ਬੀਮਾ। ਕੋਈ ਸਾਧ ਬਣੇ, ਕੋਈ ਚੋਰ, ਤੇ ਹੋ ਕੁਝ ਹੋਰ ਹੀ ਜਾਂਦਾ ਹੈ। ਬੰਦਾ ਸੋਚਦਾ.......

4...ਕੋਸ਼ਿਸ਼ ਤਾਂ ਵਾਰ-ਵਾਰ ਕਰਨੀ ਹੀ ਚਾਹੀਦੀ। ਦਿਲ ਵਿੱਚੋਂ ਆਸ ਕਦੇ ਮਰਨੀ ਨਹੀਂ ਚਾਹੀਦੀ। ਬਾਕੀ ਹੈ ਰੱਬ ਦੀ ਮਰਜ਼ੀ, ਫਿਰ ਕਿਹੜੀ ਗੱਲ ਦਾ ਡਰ ਜੀ। ਸੱਤਪਾਲ ਕੀ ਰੱਬ 'ਤੇ ਜ਼ੋਰ ਤੇ ਹੋ ਕੁਝ ਹੋਰ ਹੀ ਜਾਂਦਾ ਹੈ। ਬੰਦਾ ਸੋਚਦਾ......

**- ਸੱਤਪਾਲ ਭੁਪਾਲ**

ਸਫ਼ਾ 2 ਦੀ ਬਾਕੀ

## ਮਾਨਵ ਉਪਰ ਆਲਮੀ ਸੇਕ ਦਾ ਵਧਦਾ ਖ਼ਤਰਾ...

ਦੇ ਜਿਸ ਖਿੱਤੇ ਦਾ ਇਹ ਵਿਸ਼ਾਲ ਬਰਫ ਖੰਡ ਗਾਇਬ ਹੋਇਆ, ਉੱਥੇ ਤਾਪਮਾਨ ਵਿੱਚ ਸਿਫਤੀ ਵਾਧਾ ਨੋਟ ਕੀਤਾ ਗਿਆ ਸੀ। ਸ਼ਾਇਦ ਕੁਝ ਦਹਾਕਿਆਂ ਤਾਈਂ ਅੰਟਾਰਟਿਕਾ ਤੋਂ ਇਲਾਵਾ ਬਰਫੀਲੀਆਂ ਪਰਬਤੀ ਸਿਖਰਾਂ ਨੂੰ ਇਹ ਤਪਸ਼ ਮੁਕੰਮਲ, ਜਿਹੜੇ ਪਹਿਲਾਂ ਹੀ ਖੁਰ-ਪਿਘਲ ਰਹੇ ਹਨ, ਪੰਘਰਾ ਦੇਵੇ। ਸਾਡੇ ਗੰਗੋਤਰੀ ਗਲੇਸ਼ੀਅਰ ਨੂੰ ਮੀਲਾਂ ਭਰ ਪਿੱਛੇ ਖਿਸਕਾ ਦੇਣ ਅਤੇ ਵੈਨਜ਼ੂਏਲਾ ਸਥਿਤ ਛੇ ਹਿਮ ਸਿਖਰਾਂ ਵਿੱਚੋਂ ਚਾਰ ਨੂੰ ਪੂਰੀ ਤਰ੍ਹਾਂ ਗਾਇਬ ਕਰ ਦੇਣ ਪਿੱਛੇ ਵੀ ਆਲਮੀ ਤਪਸ਼ ਦਾ ਹੀ ਹੱਥ ਹੈ। ਕੀ ਹੋਵੇਗਾ ਫਿਰ? ਮਹਿਜ਼ ਦੋ ਕੁ ਡਿਗਰੀ ਦਾ ਵਾਧਾ ਵੀ, ਇੱਕ ਡਿਗਰੀ ਦਾ ਵਾਧਾ ਤਾਂ ਨੋਟ ਹੋ ਹੀ ਚੁੱਕਾ ਹੈ, ਤਿੱਖੇ ਅਤੇ ਅਣਕਿਆਸੇ ਜਲਵਾਯੂ ਬਦਲਾਅ ਦਾ ਕਾਰਨ ਬਣੇਗਾ, ਜਿਹੜਾ ਪਹਿਲਾਂ ਭਾਰੀ ਹੜ੍ਹ ਫਿਰ ਸੋਕਾ ਅਤੇ ਸਮੁੰਦਰੀ ਹਲਚਲਾਂ ਉਪਰੰਤ ਕਈ ਤਟਵਰਤੀ ਸਥਾਨਾਂ ਅਤੇ ਨੀਵੇਂ ਦੇਸ਼ਾਂ ਨੂੰ ਨਿਗਲ ਲਵੇਗਾ।

ਇਹ ਗਲੇਸ਼ੀਅਰ ਹੀ ਹਨ, ਜਿਨ੍ਹਾਂ ਵਿੱਚੋਂ ਪਾਣੀ ਰਿਸ-ਰਿਸ ਕੇ ਵੱਡੀਆਂ-ਵੱਡੀਆਂ ਨਦੀਆਂ ਹੋਂਦ ਵਿੱਚ ਆਈਆਂ। ਗੰਗਾ, ਸਿੰਧੂ ਅਤੇ ਬ੍ਰਹਮਪੁੱਤਰ ਆਦਿ ਇਨ੍ਹਾਂ ਦੀ ਹੀ ਦੇਣ ਹੈ, ਜਿਨ੍ਹਾਂ ਸਾਨੂੰ ਉਪਜਾਊ ਖਿੱਤੇ ਬਖਸ਼ੇ। ਨਦੀਆਂ ਦੁਆਲੇ ਹੀ ਮਨੁੱਖੀ ਸੱਭਿਆਤਾਵਾਂ ਦਾ ਉਗਮਨ ਹੋਇਆ। ਸਮੁੱਚੀ ਮਨੁੱਖਤਾ ਦੇ ਵਿਕਾਸ ਵਿੱਚ ਇਹਨਾਂ ਘਣੇ ਬਰਫ ਸੋਮਿਆਂ ਨੇ ਮਹੱਤਵਪੂਰਨ ਭੂਮਿਕਾ ਨਿਭਾਈ। ਵਧਦੇ ਤਾਪਮਾਨ ਨਾਲ ਜਿਵੇਂ ਇਹ ਪਿਘਲਦੇ-ਸੁੰਗੜਦੇ ਜਾ ਰਹੇ ਹਨ, ਜੇ ਤਾਪਮਾਨ ਦੇ ਵਾਧੇ ਦੀ ਰਫਤਾਰ ਇਹੋ ਰਹੀ ਤਾਂ ਹੋਰ ਅੱਧੀ ਸਦੀ ਤਾਈਂ ਇਨ੍ਹਾਂ ਦਾ ਵਜੂਦ ਖ਼ਤਮ ਹੋ ਜਾਣ ਦਾ ਅੰਦੇਸ਼ਾ ਹੈ। 'ਇੰਟਰਨੈਸ਼ਨਲ ਕਮਿਸ਼ਨ ਫਾਰ ਸਨੋਅ ਐਂਡ ਆਈਸ' ਅਨੁਸਾਰ ਜੇ ਧਰਤੀ ਦਾ ਤਾਪਮਾਨ ਇਵੇਂ ਹੀ ਵਧਦਾ ਰਿਹਾ ਤਾਂ ਇਹ ਭਾਣਾ ਜਲਦੀ ਵੀ ਵਾਪਰ ਸਕਦਾ ਹੈ। 'ਵਰਕਿੰਗ ਗਰੁੱਪ ਆਫ ਹਿਮਾਲਿਆ ਗਲੇਸ਼ੀਆਲੋਜੀ' ਮੁਤਾਬਕ ਮੌਜੂਦਾ 5 ਲੱਖ ਵਰਗ ਕਿਲੋਮੀਟਰ ਦਾ ਹਿਮ-ਖੇਤਰ ਸੁੰਗੜ ਕੇ ਬਹੁਤ ਛੇਤੀ ਇਕ ਲੱਖ ਵਰਗ ਕਿਲੋਮੀਟਰ ਦੇ ਲਾਗੇ-ਤਾਗੇ ਰਹਿ ਜਾਵੇਗਾ। ਇਸੇ ਤਪਸ਼ ਕਾਰਨ ਸਾਇਬੇਰੀਆ ਦੇ ਕਰੀਬ ਅੱਧਾ ਸੈਂਕੜਾ ਗਲੇਸ਼ੀਅਰ ਪਿਘਲਣ ਨਾਲ ਉੱਥੇ 2.4 ਤੋਂ 5.6 ਰੈਕਟਰ ਦੇ ਭੁਚਾਲ, ਜਿਥੇ ਭੁਚਾਲਾਂ ਦੇ ਖ਼ਤਰੇ ਕਿਤੇ ਘੱਟ ਸਨ, ਝਟਕੇ ਨੋਟ ਕੀਤੇ ਗਏ ਅਤੇ ਸ਼ੀਤ ਠੰਢ ਵੀ ਨਿੱਘ 'ਚ ਬਦਲ ਰਹੀ ਹੈ। ਇੰਝ ਗਲੇਸ਼ੀਅਰਾਂ, ਜੋ ਨਿਰਮਲ ਜਲ-ਕੁੰਡਾਂ ਅਤੇ ਦਰਿਆਵਾਂ ਦੇ ਜਨਮ ਸੋਮੇ ਹਨ, ਤੋਂ ਅਸੀਂ ਹੱਥ ਧੋ ਬੈਠਾਂਗੇ। ਫਿਰ 'ਬਿਨ ਪਾਣੀ ਸਬ ਸੂਨ' ਦੀ ਕਹਾਵਤ ਝੁਠਲਾਈ ਨਹੀਂ ਜਾ ਸਕੇਗੀ।

ਰੁੱਤ ਬਦਲਾਅ, ਮੀਂਹ ਅਨਿਯਮਤਾ ਅਤੇ ਸੁੱਕਦੇ ਜਾ ਰਹੇ ਜਲ ਸਰੋਤਾਂ ਕਾਰਨ ਪੈਦਾ ਹੋ ਰਿਹਾ ਜਲ-ਸੰਕਟ ਧਰਤੀ ਦੇ ਗਰਮ ਮਿਜ਼ਾਜ ਦਾ ਵੀ ਸਿੱਟਾ ਹੈ। ਜੇ ਬਰਸਾਤ, ਜਿਸ ਬਾਰੇ ਪਤਾ ਨਹੀਂ ਕਿ ਕਿੰਨੀ ਕੁ ਪੈਣੀ ਹੈ ਜਾਂ ਨਹੀਂ ਪੈਣੀ, ਨੂੰ ਸ਼ਾਮਲ ਨਾ ਕੀਤਾ ਜਾਵੇ, ਤਦ ਵੀ ਖੁਦ ਸਹੇੜੀ ਆਲਮੀ ਤਪਸ਼ ਕਾਰਨ ਬਹੁ-ਰੁੱਤਾਂ ਵਾਲਾ ਭਾਰਤੀ ਉਪ ਮਹਾਂਦੀਪ ਸਿਰਫ ਦੋ ਰੁੱਤਾਂ ਅਰਥਾਤ ਗਰਮੀ ਅਤੇ ਸਰਦੀ ਵਾਲਾ ਖਿੱਤਾ ਬਣ ਰਿਹਾ ਹੈ, ਜਿਸ ਦਾ ਜ਼ਿੰਮੇਵਾਰ ਧਰਤੀ ਦਾ ਲਗਾਤਾਰ ਵਧ ਰਿਹਾ ਤਾਪਮਾਨ ਹੈ। ਇਨ੍ਹਾਂ ਦੋਵਾਂ ਰੁੱਤਾਂ ਦੀ ਵੀ ਨਾ ਸਿਰਫ ਸਮਾਂ-ਅਵਧੀ ਵੱਧ-ਘੱਟ ਹੋ ਰਹੀ ਹੈ, ਸਗੋਂ ਇਹਨਾਂ ਦੇ ਤਾਪਮਾਨ ਬਾਰੇ ਵੀ ਅਨਿਸਚਿਤਾ ਬਣੀ ਰਹਿੰਦੀ ਹੈ। ਅਰਥਾਤ ਰੁੱਤਾਂ ਦੇ ਰਵਾਇਤੀ ਤਾਪਮਾਨ ਅਤੇ ਸਮੇਂ ਵਿੱਚ ਵੀ ਗੜਬੜ-ਚੌਥ ਹੋ ਗਈ ਹੈ। ਫਿਰ ਬਹੁ-ਰੁੱਤਾਂ ਤੋਂ ਦੋ ਜਾਂ ਤਿੰਨ ਰੁੱਤਾਂ 'ਚ ਸੁੰਗੜ ਜਾਣ ਦਾ ਅਰਥ ਹੈ ਬਹੁ-ਭਾਂਤੀ ਵੰਨ-ਸੁਵੰਨਤਾ ਤੋਂ ਦੋ ਜਾਂ ਤਿੰਨ 'ਚ ਤਬਦੀਲ ਹੋ ਜਾਣਾ। ਤਦ ਨਾ ਤਾਂ ਰੁੱਤਾਂ ਦੀ ਵੰਨਗੀ ਥਿਆਵੇਗੀ ਅਤੇ ਨਾ ਹੀ ਇਸ ਬਹੁ-ਵੰਨਗੀ ਤਹਿਤ ਕੁਦਰਤ ਵੱਲੋਂ ਪਰੋਸੀਆਂ ਜਾਣ ਵਾਲੀਆਂ ਨਿਆਮਤਾਂ ਦਾ ਲੁਤਫ। ਬੰਦਾ ਸਿਰਫ ਦੋ-ਰੁੱਤਾਂ ਦੀਆਂ ਪੈਦਾਵਾਰਾਂ ਨੂੰ ਖਾਣ-ਹੰਢਾਉਣ ਅਤੇ ਪਹਿਨਣ-ਪਚਰਨ ਲਈ ਨਰੜਿਆ ਜਾਵੇਗਾ। ਬਹੁ-ਭਾਂਤੀ ਬਨਸਪਤੀ ਅਤੇ ਜੀਵਾਂ ਦੀ ਤਾਂ ਗੱਲ ਛੱਡੋ, ਸਾਨੂੰ ਆਪਣੇ ਕੱਪੜੇ-ਲੱਤੇ, ਰਹਿਣ ਸਹਿਣ, ਜੀ-ਪ੍ਰਚਾਵਿਆਂ, ਰੈਣ-ਬਸੇਰਿਆਂ, ਗੱਲ ਕੀ, ਸਮੁੱਚੀ ਜੀਵਨ-ਸ਼ੈਲੀ ਵਿੱਚ ਵੀ ਸਿਫਤੀ ਤਬਦੀਲੀਆਂ ਕਰਨੀਆਂ ਪੈਣਗੀਆਂ।

ਨਫ਼ੇ ਲਈ, ਦੌਲਤ ਲਈ ਅਤੇ ਹੋਰ ਦੌਲਤ ਹਥਿਆਉਣ ਲਈ ਫਿਰ ਦੂਜਿਆਂ ਉੱਪਰ ਇਸੇ ਦੌਲਤ ਨਾਲ ਸੱਤਾ ਕਾਇਮ ਕਰਨ ਦੀ ਭੁੱਖ ਅਕਸਰ ਸਰਬੱਤ ਦੇ ਭਲੇ ਵਾਲੀਆਂ ਸਪੱਸ਼ਟ ਧਾਰਨਾਵਾਂ ਨੂੰ ਧੁੰਦਲਾਅ ਦਿੰਦੀ ਹੈ। ਇਹੀ ਧੁੰਦਲਕਾ ਸਭ ਨੂੰ ਲੈ ਬੈਠੇਗਾ। ਵਧਦੀ ਆਬਾਦੀ ਦੀਆਂ ਜ਼ਰੂਰਤਾਂ ਅਤੇ ਭੌਤਿਕ ਸਹੂਲਤਾਂ ਪੈਦਾ ਕਰਨ ਦੇ ਬਹਾਨੇ ਭਾਰੀ ਮੁਨਾਫਿਆਂ ਦੀ ਕਾਰਪੋਰੇਟੀ ਪ੍ਰਵਿਰਤੀ ਵੱਲੋਂ ਕੁਦਰਤੀ ਸਰੋਤਾਂ ਉੱਤੇ ਕੀਤੇ ਤਾਬੜਤੋੜ ਹੱਲਿਆਂ, ਹੂੜ-ਮੱਤ ਖਣਨ ਤੇ ਜਲ-ਸਤ੍ਹਾ ਨੂੰ ਲਗਾਤਾਰ ਥੱਲੇ ਲਾਉਣ ਸਮੇਤ ਧਰਤੀ ਨੂੰ ਜਿਵੇਂ ਅੰਦਰੋ-ਅੰਦਰ ਖੋਖਲਾ ਕਰ ਦਿੱਤਾ ਹੈ ਦੇ ਮਾਰੂ ਸਿੱਟੇ ਕੁਝ ਸਾਲਾਂ ਵਿੱਚ ਹੀ ਸਾਹਮਣੇ ਆ ਜਾਣਗੇ। ਧਰਤੀ ਦਾ ਖੋਖਲਾਪਨ, ਸਮੁੰਦਰੀ ਖਾਰੇ ਪਾਣੀ ਦਾ ਦੂਰ-ਦੁਰਾਡੇ ਖਿੱਤਿਆਂ ਵੱਲ ਵਹਾਅ ਸਮੇਤ ਜ਼ਮੀਨ ਧੱਸ ਦੁਰਘਟਨਾਵਾਂ ਨੂੰ ਜਨਮ ਦੇਵੇਗਾ। ਸਿੱਟਾ, ਧਰਤੀ ਦੇ ਸੰਤੁਲਨ 'ਚ ਥਰਥਰਾਹਟ, ਭੁਚਾਲਾਂ ਦਾ ਖਤਰਾ ਅਤੇ ਰੁੱਤਾਂ 'ਚ ਤਿੱਖੀਆਂ ਤਬਦੀਲੀਆਂ ਹੋਣਗੀਆਂ। ਇਹ ਤਬਦੀਲੀਆਂ ਰੋਜ਼ਮਰ੍ਹਾ ਜਾਂ ਚਲੰਤ ਜੀਵਨ ਰੇਖਾ ਉੱਤੇ ਤਿੱਖਾ ਪ੍ਰਭਾਵ ਪਾਉਣਗੀਆਂ। ਆਲਮੀ ਉੱਥਲ-ਪੁਥਲਾਂ ਤਿੱਖੀਆਂ ਰਾਜਸੀ ਤਬਦੀਲੀਆਂ ਦਾ ਵਾਹਨ ਬਣਨਗੀਆਂ।

ਮੁੱਕਦੀ ਗੱਲ; ਆਲਮੀ ਤਪਸ਼ (ਗਲੋਬਲ ਵਾਰਮਿੰਗ) ਦੇ ਮੁੱਖ ਜ਼ਿੰਮੇਵਾਰ ਉਹ ਧੜਵੈਲ ਧਨ-ਕੁਬੇਰ ਅਤੇ ਹਾਕਮ-ਜਮਾਤਾਂ ਹਨ, ਜਿਹਨਾਂ 'ਵਿਕਾਸ ਅਤੇ ਮਨੁੱਖ ਲਈ ਸਹੂਲਤਾਂ' ਦਾ ਮੁਖੌਟਾ ਪਹਿਨਿਆ ਹੋਇਆ ਹੈ। ਦਰ-ਹਕੀਕਤ; ਅਖੌਤੀ ਵਿਕਾਸ ਕੁਦਰਤ, ਮਨੁੱਖੀ ਕਦਰਾਂ-ਕੀਮਤਾਂ ਅਤੇ ਸੰਸਾਰ ਭਾਈਚਾਰੇ ਨੂੰ ਟਿੱਚ ਜਾਣਦਾ ਹੈ। ਇਸ ਨੇ ਮਾਇਆ ਦੀ ਅਣਦਿੱਸਦੀ ਪੈਂਖੜ ਨਾਲ ਨੂੜ ਦਿੱਤੇ ਗਏ ਬੰਦੇ ਨੂੰ ਢਾਹੂ ਰੁਚੀਆਂ ਵੱਲ ਤੋਰ ਦਿੱਤਾ ਹੈ। ਕੁਦਰਤੀ ਵਿਕਾਸ ਦੇ ਸਹਿਜ ਨਿਯਮਾਂ ਨੂੰ ਉਲੰਘ ਕੇ ਭੌਤਿਕ ਸਹੂਲਤਾਂ ਦੀ ਹਾਫਲੀ ਦੌੜ ਦੇ ਨਤੀਜੇ ਸਦਾ ਹੀ ਕਾਇਨਾਤ ਵਿਰੋਧੀ ਹੁੰਦੇ ਹਨ। ਬੰਦਾ ਤਦ ਹੀ ਬਚੇਗਾ, ਜੇ ਸਭ ਅਲਾਮਤਾਂ ਸਮੇਤ ਆਲਮੀ ਤਪਸ਼ ਦੀ ਜ਼ਿੰਮੇਵਾਰ ਮਨੁੱਖੀ ਆਪ-ਹੁਦਰੀਆ ਨੂੰ ਅਲਵਿਦਾ ਆਖੀ ਜਾਵੇ, ਇਸ ਲਈ ਸਾਨੂੰ ਉਸ ਨਿਜ਼ਾਮ ਢਹਿ-ਢੇਰੀ ਕਰਨਾ ਪਵੇਗਾ, ਜਿਹੜਾ ਭਾਈਚਾਰਕ ਅਤੇ ਕੁਦਰਤੀ ਸਹਿਹੋਂਦ ਦੀ ਬਜਾਏ 'ਮੁਨਾਫਿਆਂ ਅਤੇ ਤਖਤਾਂ' ਮਗਰ ਹਾਫਲਿਆ ਫਿਰਦਾ ਹੈ।

ਸਫ਼ਾ 1 ਦੀ ਬਾਕੀ

## ਗਿਆਨੀ ਊਧਮ ਸਿੰਘ ਖਨਿਆਣ/ਧਮੋਟ...

ਹੋਵੇ। ਵਿਆਹ ਕਾਰਨ ਉਸ ਦੀ ਪਰਵਾਰਕ ਜ਼ਿੰਮੇਵਾਰੀ ਵਧ ਗਈ, ਇਸ ਲਈ ਵਿਹਲਾ ਰਹਿਣਾ ਉਸ ਨੂੰ ਵਾਰਾ ਨਹੀਂ ਸੀ ਖਾਂਦਾ, ਸੋ ਉਸ ਨੇ ਹੱਥ ਉੱਤੇ ਹੱਥ ਧਰ ਕੇ ਬੈਠਣ ਦੀ ਥਾਂ ਮੁੜ ਪਿੰਡ ਦੇ ਜ਼ਿਮੀਂਦਾਰਾਂ ਨਾਲ ਖੇਤੀ ਦੇ ਕੰਮ ਵਿਚ ਹੱਥ ਵਟਾਉਣਾ ਸ਼ੁਰੂ ਕੀਤਾ। ਇਹ ਕੰਮ ਉਸ ਨੇ ਦੋ ਕੁ ਸਾਲ ਕੀਤਾ।

**ਅਕਾਲੀ ਲਹਿਰ ਵਿਚ ਸ਼ਾਮਲ**

ਫੌਜੀ ਨੌਕਰੀ ਦੌਰਾਨ ਵਧੇਰੇ ਸਮਾਂ ਜੰਗੀ ਮੁਹਾਜ਼ ਉੱਤੇ ਰਹਿਣ ਦੇ ਬਾਵਜੂਦ ਊਧਮ ਸਿੰਘ ਨੇ ਗੁਰਮੁਖੀ ਲਿਖਣੀ-ਪੜ੍ਹਨੀ ਸਿੱਖ ਲਈ ਸੀ। 47ਵੀਂ ਸਿੱਖਸ ਵਿਚਲੇ ਧਾਰਮਿਕ ਮਾਹੌਲ ਦੇ ਪ੍ਰਭਾਵ ਕਾਰਨ ਊਧਮ ਸਿੰਘ ਗੁਰਬਾਣੀ ਅਤੇ ਗੁਰਮਤਿ ਨਾਲ ਜੁੜ ਚੁੱਕਾ ਸੀ। ਇਸ ਲਈ ਪਿੰਡ ਆ ਕੇ ਵੀ ਗੁਰਦੁਆਰੇ ਜਾਣਾ ਅਤੇ ਪਾਠ ਕਰਨਾ ਉਸ ਦਾ ਨਿੱਤਨੇਮ ਬਣ ਗਿਆ। ਇਹ ਦਿਨ ਅਕਾਲੀ ਲਹਿਰ ਦੀ ਚੜ੍ਹਤ ਦੇ ਦਿਨ ਸਨ। ਸਿੱਖ ਸੰਗਤ ਗੁਰਦੁਆਰਾ ਸਾਹਿਬਾਨ ਨੂੰ ਦੁਰਾਚਾਰੀ ਮਹੰਤਾਂ ਦੇ ਕਬਜ਼ੇ ਵਿੱਚੋਂ ਛੁਡਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਸੰਗਤ ਦੇ ਚੋਣਵੇਂ ਪ੍ਰਤੀਨਿਧਾਂ ਦੇ ਹੱਥ ਵਿਚ ਲੈਣ ਵਾਸਤੇ ਯਤਨਸ਼ੀਲ ਸੀ। ਅਜਿਹੇ ਉਪਰਾਲੇ ਵਿਚ ਤਰਨ ਤਾਰਨ ਅਤੇ ਨਨਕਾਣਾ ਸਾਹਿਬ ਵਿਚ ਸ਼ਹੀਦੀ ਸਾਕੇ ਵਾਪਰ ਚੁੱਕੇ ਸਨ। ਨਨਕਾਣਾ ਸਾਹਿਬ ਵਿਚ ਗੁਰਦੁਆਰਾ ਜਨਮ ਅਸਥਾਨ ਦੇ ਮਹੰਤ ਨਰੈਣ ਦਾਸ ਵੱਲੋਂ ਯੋਜਨਾਬੱਧ ਤਰੀਕੇ ਨਾਲ ਸੈਂਕੜੇ ਸ਼ਾਂਤਮਈ ਸਿੱਖਾਂ ਨੂੰ ਸ਼ਹੀਦ ਕਰ ਦੇਣ ਦੇ ਫਲਸਰੂਪ ਸਿੱਖ ਜਗਤ ਵਿਚ ਰੋਸ ਅਤੇ ਜੋਸ਼ ਸਿਖਰਾਂ ਉੱਤੇ ਸੀ। ਇਸ ਲਈ ਜਦ ਅਗਸਤ 1922 ਵਿਚ ਗੁਰਦੁਆਰਾ ਗੁਰੂ ਕੇ ਬਾਗ ਦਾ ਮੋਰਚਾ ਸ਼ੁਰੂ ਹੋਇਆ ਤਾਂ ਵੱਡੀ ਗਿਣਤੀ ਵਿਚ ਸਿੱਖ ਵਲੰਟੀਅਰ ਗ੍ਰਿਫਤਾਰੀ ਦੇਣ ਵਾਸਤੇ ਅੱਗੇ ਆਏ। ਮੋਰਚੇ ਨੂੰ ਅਸਫਲ ਬਣਾਉਣ ਦੀ ਨੀਤੀ ਵਜੋਂ ਪੰਜਾਬ ਪੁਲਸ ਗ੍ਰਿਫਤਾਰੀਆਂ ਦੇਣ ਵਾਲੇ ਸਿੱਖ ਸਤਿਆਗ੍ਰਹੀਆਂ ਉੱਪਰ ਹੈਵਾਨੀਅਤ ਪੱਧਰ ਦੇ ਜ਼ੁਲਮ ਕਰਨ ਲੱਗੀ। ਇਸ ਦੇ ਬਾਵਜੂਦ ਮੋਰਚੇ ਵਿਚ ਗ੍ਰਿਫਤਾਰੀਆਂ ਦੇਣ ਵਾਲੇ ਸਿੱਖਾਂ ਦੀ ਗਿਣਤੀ ਵਧ ਰਹੀ ਸੀ। ਖਨਿਆਣ ਦੇ ਇਲਾਕੇ ਵਿਚ ਖੰਨੇ ਨੇੜਲੇ ਪਿੰਡ ਕੌੜੀ ਦਾ ਮੇਲਾ ਬੜਾ ਮਸ਼ਹੂਰ ਸੀ। ਪਿੰਡਾਂ ਦੇ ਕਿਸਾਨੀ ਕਿੱਤੇ ਨਾਲ ਜੁੜੇ ਲੋਕਾਂ ਵਾਸਤੇ ਅਜਿਹੇ ਮੇਲੇ ਹੀ ਮਨ-ਪ੍ਰਚਾਵੇ ਦਾ ਸਾਧਨ ਹੁੰਦੇ ਸਨ, ਇਸ ਲਈ ਲੋਕ ਮੇਲੇ ਦੇ ਦਿਨ ਨੂੰ ਉਡੀਕਦੇ ਰਹਿੰਦੇ ਅਤੇ ਨਿਸਚਿਤ ਦਿਨ ਹੁੰਮ-ਹੁਮਾ ਕੇ ਮੇਲੇ ਵਿਚ ਪੁੱਜਦੇ। 1922 ਵਿਚ ਊਧਮ ਸਿੰਘ ਕੌੜੀ ਪਿੰਡ ਵਿਚ ਮੇਲਾ ਵੇਖਣ ਗਿਆ, ਇਹ ਪਿੰਡ ਰਿਆਸਤ ਪਟਿਆਲਾ ਵਿਚ ਪੈਂਦਾ ਸੀ। ਮੇਲੇ ਵਿਚ ਹੱਟਾਂ ਤਾਂ ਲੱਗੀਆਂ ਹੋਈਆਂ ਸਨ ਹੀ, ਉੱਥੇ ਅਕਾਲੀ ਦੀਵਾਨ ਵੀ ਸਜਿਆ ਹੋਇਆ ਸੀ। ਅਕਾਲੀ ਦੀਵਾਨ ਵਿਚ ਬੁਲਾਰਿਆਂ ਦੇ ਭਾਸ਼ਣ ਦਾ ਵਿਸ਼ਾ ਮੁੱਖ ਤੌਰ ਉੱਤੇ ਗੁਰੂ ਕੇ ਬਾਗ ਦਾ ਮੋਰਚਾ ਹੀ ਸੀ। ਬੁਲਾਰਿਆਂ ਵਿਚੋਂ ਪੰਡਤ ਜੀਵਾ ਸਿੰਘ ਨੇ ਇਹਨਾਂ ਘਟਨਾਵਾਂ ਦਾ ਬਿਆਨ ਅਜਿਹੇ ਦਰਦ-ਭਿੰਨੇ ਸ਼ਬਦਾਂ ਵਿਚ ਕੀਤਾ ਕਿ ਸਰੋਤਿਆਂ ਦੇ ਮਨਾਂ ਵਿਚ ਜ਼ਾਲਮ ਅੰਗਰੇਜ਼ ਸਰਕਾਰ ਵਿਰੁੱਧ ਰੋਹ ਦੀ ਜਵਾਲਾ ਬਲ ਪਈ। ਊਧਮ ਸਿੰਘ ਨੂੰ ਵੀ ਇਸ ਭਾਸ਼ਣ ਨੇ ਧੁਰ ਅੰਦਰ ਤੱਕ ਹਿਲਾ ਦਿੱਤਾ। ਪੰਡਤ ਜੀਵਾ ਸਿੰਘ ਦੇ ਭਾਸ਼ਣ ਤੋਂ ਪ੍ਰਭਾਵਤ ਹੋ ਕੇ ਉਸ ਨੇ ਤਤਕਾਲ ਅਕਾਲੀ ਦਲ ਵਿਚ ਸ਼ਾਮਲ ਹੋਣ ਦਾ ਫੈਸਲਾ ਕਰ ਲਿਆ। ਉਸ ਨੇ ਕਿਸਾਨਾਂ ਨਾਲ ਕੰਮ ਕਰਨਾ ਛੱਡ ਦਿੱਤਾ ਅਤੇ ਜਿੱਥੇ ਕਿਧਰੇ ਵੀ ਅਕਾਲੀ ਦੀਵਾਨ ਹੋਣਾ ਹੁੰਦਾ, ਉਹ ਉੱਥੇ ਜ਼ਰੂਰ ਜਾਂਦਾ। ਦਿਨਾਂ ਵਿਚ ਹੀ ਇਲਾਕੇ ਵਿਚ ਉਸ ਦੀ ਸਰਗਰਮ ਅਕਾਲੀ ਵਲੰਟੀਅਰ ਵਜੋਂ ਪਹਿਚਾਣ ਬਣ ਗਈ।

**ਕੈਦ ਅਤੇ ਰਿਆਸਤ-ਬਦਰ**

ਜੁਲਾਈ 1923 ਵਿਚ ਅੰਗਰੇਜ਼ ਸਰਕਾਰ ਨੇ ਨਾਭਾ ਅਤੇ ਪਟਿਆਲਾ ਰਿਆਸਤ ਦੇ ਝਗੜੇ ਵਿਚ ਨਾਭਾ ਰਿਆਸਤ ਦੇ ਰਾਜੇ ਰਿਪੁਦਮਨ ਸਿੰਘ ਨੂੰ ਗੱਦੀ ਤੋਂ ਲਾਹ ਦਿੱਤਾ। ਵਾਇਸਰਾਇ ਦੀ ਕੌਂਸਲ ਦਾ ਮੈਂਬਰ ਹੁੰਦਿਆਂ ਉਹ ਹੋਰ ਰਾਜਿਆਂ-ਮਹਾਰਾਜਿਆਂ ਵਾਂਗ ਅੰਗਰੇਜ਼ ਸਰਕਾਰ ਦੀ ਹਾਂ ਵਿਚ ਹਾਂ ਨਹੀਂ ਸੀ ਮਿਲਾਉਂਦਾ, ਸਗੋਂ ਲੋਕ-ਪੱਖੀ ਗੱਲ ਕਰਦਾ ਸੀ। ਉਹ ਦਿਲੋਂ ਅਕਾਲੀ ਲਹਿਰ ਦਾ ਸਮਰਥਕ ਸੀ। ਨਨਕਾਣਾ ਸਾਹਿਬ ਦੇ ਸਾਕੇ ਪਿੱਛੋਂ ਰੋਸ ਪ੍ਰਗਟਾਉਣ ਵਜੋਂ ਅਕਾਲੀ ਦਲ ਦੇ ਸੱਦੇ ਉੱਤੇ ਉਹ ਕਾਲੀ ਪਗੜੀ ਬੰਨ੍ਹਣ ਲੱਗ ਪਿਆ ਸੀ। ਇਸ ਲਈ ਅਕਾਲੀ ਸਮਝਦੇ ਸਨ ਕਿ ਉਸ ਦੇ ਅਜਿਹੇ ਵਤੀਰੇ ਕਾਰਨ ਉਸ ਨੂੰ ਪਟਿਆਲਾ ਰਿਆਸਤ ਨਾਲ ਲੜਾਈ ਦੇ ਬਹਾਨੇ ਕਸੂਰਵਾਰ ਠਹਿਰਾ ਕੇ ਗੱਦੀ ਉੱਤੋਂ ਜ਼ਬਰਦਸਤੀ ਲਾਹਿਆ ਗਿਆ ਹੈ, ਸੋ ਅਜਿਹੇ ਅਕਾਲੀ ਪੱਖੀ ਰਾਜੇ ਨੂੰ ਮੁੜ ਗੱਦੀ ਉੱਤੇ ਬਿਠਾਉਣ ਦੀ ਮੰਗ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਨੇ ਅੰਗਰੇਜ਼ ਸਰਕਾਰ ਖਿਲਾਫ ਪ੍ਰਚਾਰ ਸ਼ੁਰੂ ਕਰ ਦਿੱਤਾ ਅਤੇ ਮਾਲਵਾ ਪ੍ਰਤੀਨਿੱਧ ਖਾਲਸਾ ਦੀਵਾਨ ਨੇ ਰਿਆਸਤ ਵਿਚ ਥਾਂ-ਥਾਂ ਅਕਾਲੀ ਦੀਵਾਨ ਆਯੋਜਿਤ ਕਰਨੇ ਸ਼ੁਰੂ ਕਰ ਦਿੱਤੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 2 ਅਗਸਤ ਦੀ ਮੀਟਿੰਗ ਵਿਚ 29 ਅਗਸਤ ਨੂੰ 'ਅਰਦਾਸ ਦਿਵਸ' ਅਤੇ 9 ਸਤੰਬਰ ਨੂੰ 'ਨਾਭਾ ਦਿਵਸ' ਵਜੋਂ ਮਨਾਉਣ ਦਾ ਐਲਾਨ ਕੀਤਾ ਤਾਂ ਇਹਨਾਂ ਦਿਨਾਂ ਦੀ ਤਿਆਰੀ ਲਈ ਥਾਂ-ਥਾਂ ਦੀਵਾਨ ਆਯੋਜਿਤ ਹੋਣ ਲੱਗੇ। ਇਸ ਮਨੋਰਥ ਹਿੱਤ ਨਾਭੇ ਸ਼ਹਿਰ ਵਿਚ ਦੀਵਾਨ ਕਰਨ ਦਾ ਫੈਸਲਾ ਹੋਇਆ। ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀ ਉੱਤੋਂ ਉਤਾਰੇ ਜਾਣ ਪਿੱਛੋਂ ਅੰਗਰੇਜ਼ ਸਰਕਾਰ ਨੇ ਰਿਆਸਤ ਨਾਭਾ ਦਾ ਪ੍ਰਬੰਧ ਅੰਗਰੇਜ਼ ਅਧਿਕਾਰੀ ਮਿਸਟਰ ਸੀ ਐੱਮ ਜੀ ਉਗਲਵੀ ਦੇ ਹੱਥ ਦਿੱਤਾ ਹੋਇਆ ਸੀ। ਮਿਸਟਰ ਉਗਲਵੀ ਅਕਾਲੀਆਂ ਦੀਆਂ ਸਰਗਰਮੀਆਂ ਤੋਂ ਬਹੁਤ ਚਿੜ੍ਹਦਾ ਸੀ, ਇਸ ਲਈ ਉਸ ਨੇ ਕਾਨਫਰੰਸ ਨਾ ਹੋਣ ਦੇਣ ਵਾਸਤੇ ਪੂਰਾ ਜ਼ੋਰ ਲਾਇਆ। ਸਿੱਖ ਸੰਗਤ ਨੂੰ ਦੀਵਾਨ ਵਿਚ ਆਉਣ ਤੋਂ ਰੋਕਣ ਵਾਸਤੇ ਮਸ਼ੀਨਗੰਨਾਂ ਬੀੜ ਕੇ ਅਤੇ ਕਿਸੇ ਨੂੰ ਵੀ ਅਕਾਲੀਆਂ ਨਾਲ ਸਹਿਯੋਗ ਨਾ ਕਰਨ ਦੇ ਐਲਾਨ ਦੀ ਮੁਨਾਦੀ ਕਰਾ ਕੇ ਡਰ ਦਾ ਮਾਹੌਲ ਪੈਦਾ ਕੀਤਾ ਗਿਆ, ਪਰ ਇਸ ਦੇ ਬਾਵਜੂਦ ਦੀਵਾਨ ਹੋਇਆ ਅਤੇ ਬੜਾ ਸਫਲ ਰਿਹਾ। ਇਸ ਤੋਂ ਚਿੜ੍ਹ ਕੇ ਉਸ ਨੇ ਕਾਨਫਰੰਸ ਦੇ ਸਰਕਰਦਾ ਪ੍ਰਬੰਧਕਾਂ ਨੂੰ ਜ਼ਾਬਤਾ ਫੌਜਦਾਰੀ ਦੀ ਧਾਰਾ 107 ਅਧੀਨ ਗ੍ਰਿਫਤਾਰ ਕਰਨ ਦਾ ਹੁਕਮ ਦਿੱਤਾ। ਫਲਸਰੂਪ ਪੁਲਸ ਨੇ ਜੋ ਛੇ-ਸੱਤ ਅਕਾਲੀ ਗ੍ਰਿਫਤਾਰ ਕੀਤੇ ਉਹਨਾਂ ਵਿਚ ਊਧਮ ਸਿੰਘ ਵੀ ਸ਼ਾਮਲ ਸੀ। ਦੋਸ਼ ਰਿਆਸਤੀ ਹਾਕਮਾਂ ਦੀ ਮਨਜ਼ੂਰੀ ਤੋਂ ਬਿਨਾਂ ਅਕਾਲੀ ਦੀਵਾਨ ਆਯੋਜਿਤ ਕਰਨ ਦਾ ਸੀ। ਊਧਮ ਸਿੰਘ ਦਾ ਕਹਿਣਾ ਸੀ ਕਿ ਉਹ ਉਸ ਦਿਨ ਨਾਭੇ ਵਿਚ ਜ਼ਰੂਰ ਸੀ, ਪਰ ਉਹ ਤਾਂ ਆਪਣੀ ਮਾਸੀ ਹਰਨਾਮੀ ਪਤਨੀ ਜਵਾਹਰਾ ਗੁੱਜਰ ਨੂੰ ਮਿਲਣ ਵਾਸਤੇ ਉੱਥੇ ਗਿਆ ਸੀ। ਅਕਾਲੀ ਦੀਵਾਨ ਵੱਲ ਜਾਣਾ ਇਕ ਸਬੱਬ ਸੀ, ਜਿੱਥੋਂ ਪੁਲਸ ਨੇ ਹੋਰਨਾਂ ਨਾਲ ਉਸ ਨੂੰ ਵੀ ਗ੍ਰਿਫਤਾਰ ਕਰ ਲਿਆ, ਪਰ ਪੁਲਸ ਇਸ ਦਲੀਲ ਨੂੰ ਨਹੀਂ ਸੀ ਮੰਨਦੀ। ਮੁਕੱਦਮਾ ਚੱਲਿਆ ਅਤੇ ਅਦਾਲਤ ਨੇ ਇਹਨਾਂ ਨੂੰ ਨੇਕ ਚਲਣੀ ਦੀ ਜ਼ਮਾਨਤ ਦੇਣ ਲਈ ਕਿਹਾ। ਉਹਨਾਂ ਵੱਲੋਂ ਅਜਿਹਾ ਕੀਤੇ ਜਾਣ ਤੋਂ ਇਨਕਾਰ ਕੀਤੇ ਜਾਣ ਉੱਤੇ ਇਕ ਸਾਲ ਕੈਦ ਦੀ ਸਜ਼ਾ ਅਤੇ ਸਜ਼ਾ ਭੁਗਤਣ ਉਪਰੰਤ ਰਿਆਸਤ ਵਿਚੋਂ ਕੱਢੇ ਜਾਣ ਦੇ ਹੁਕਮ ਹੋਏ।

ਕੈਦ ਦਾ ਸਮਾਂ ਊਧਮ ਸਿੰਘ ਦੇ ਜੀਵਨ ਦੀ ਦਿਸ਼ਾ ਬਦਲਣ ਦਾ ਕਾਰਨ ਬਣਿਆ। ਨਾਭਾ ਜੇਲ੍ਹ ਵਿਚ ਉਸ ਨੂੰ ਸਰਦਾਰਾ ਸਿੰਘ 'ਯੂਥਪ', ਪਰਤਾਪ ਸਿੰਘ ਜਥੇਦਾਰ ਹੁਸ਼ਿਆਰਪੁਰ, ਟਹਿਲ ਸਿੰਘ ਜਥੇਦਾਰ ਲਾਇਲਪੁਰ/ ਸ਼ੇਖੂਪੁਰਾ ਆਦਿ ਨਾਲ ਰਹਿਣ ਦਾ ਮੌਕਾ ਮਿਲਿਆ, ਜਿਨ੍ਹਾਂ ਦੀ ਸੰਗਤ ਕਾਰਨ ਉਸ ਉੱਪਰ ਅਕਾਲੀ ਰੰਗ ਹੋਰ ਗੂੜ੍ਹਾ ਹੋ ਗਿਆ ਅਤੇ ਉਸ ਨੇ ਆਪਣੀ ਜ਼ਿੰਦਗੀ ਪੰਥ ਨੂੰ ਸਮਰਪਤ ਕਰਨ ਦਾ ਫੈਸਲਾ ਲੈ ਲਿਆ। ਉਸ ਨੇ ਆਪਣੇ ਮਨ ਦੀ ਗੱਲ ਆਗੂਆਂ ਨਾਲ ਸਾਂਝੀ ਕੀਤੀ ਤਾਂ ਸਭ ਨੇ ਸਲਾਹ ਦਿੱਤੀ ਕਿ ਇਸ ਰਾਹ ਚੱਲਣ ਤੋਂ ਪਹਿਲਾਂ ਉਸ ਨੂੰ ਅੰਮ੍ਰਿਤਸਰ ਦੀ ਕਿਸੇ ਟਕਸਾਲ ਵਿਚੋਂ ਗੁਰਬਾਣੀ ਅਤੇ ਸਿੱਖ ਇਤਿਹਾਸ ਬਾਰੇ ਸਿੱਖਿਆ ਲੈਣੀ ਚਾਹੀਦੀ ਹੈ। ਰਿਹਾਈ ਹੋਈ ਤਾਂ ਪੁਲਸ ਉਸ ਨੂੰ ਰਿਆਸਤ ਦੀ ਹੱਦ ਤੋਂ ਬਾਹਰ ਛੱਡ ਗਈ। ਉਸ ਦਾ ਪਿੰਡ ਖਨਿਆਣ ਨਾਭਾ ਰਿਆਸਤ ਵਿਚ ਪੈਂਦਾ ਸੀ, ਜਿੱਥੇ ਉਹ ਜਾ ਨਹੀਂ ਸੀ ਸਕਦਾ, ਇਸ ਲਈ ਉਸ ਨੇ ਘਰ ਜਾਣ ਦੀ ਥਾਂ ਅੰਮ੍ਰਿਤਸਰ ਜਾਣ ਦਾ ਫੈਸਲਾ ਕੀਤਾ। ਅੰਮ੍ਰਿਤਸਰ ਪਹੁੰਚ ਕੇ ਉਸ ਨੇ ਆਪਣੀ ਰਿਹਾਇਸ਼ ਕਾਠੀਆਂ ਵਾਲੇ ਬਾਜ਼ਾਰ ਦੀ ਧਰਮਸਾਲਾ ਵਿਚ ਰੱਖੀ। ਉਹ ਪ੍ਰਸ਼ਾਦਾ ਪਾਣੀ ਗੁਰੂ ਰਾਮ ਦਾਸ ਲੰਗਰ ਜਾਂ ਗੁਰਦੁਆਰਾ ਬਾਬਾ ਅਟੱਲ ਵਿਚੋਂ ਛਕਦਾ ਅਤੇ ਅਧਿਐਨ ਗਿਆਨੀ ਅਮੀਰ ਸਿੰਘ ਦੀ ਨਿਗਰਾਨੀ ਹੇਠ ਕਰਦਾ। ਇੱਥੇ ਉਸ ਦਾ ਮੇਲ ਪੰਥ ਦੇ ਸਮੂਹ ਵੱਡੇ ਲੀਡਰਾਂ ਨਾਲ ਹੋਇਆ ਅਤੇ ਉਹਨਾਂ ਦੀ ਸੰਗਤ ਵਿਚੋਂ ਉਸ ਨੂੰ ਰਾਜਨੀਤੀ ਦੀ ਸਮਝ ਮਿਲੀ। ਉਹ ਵਧੇਰੇ ਮਲਵਈ ਅਕਾਲੀਆਂ ਵਾਂਗ ਅਕਾਲੀਆਂ ਦੇ ਗਰਮ ਖਿਆਲ ਪੱਖੀ ਧੜੇ ਨਾਲ ਸਹਿਮਤ ਸੀ। ਉਸ ਨੇ ਇਕ ਸਾਲ ਤੋਂ ਵੱਧ ਸਮਾਂ ਅੰਮ੍ਰਿਤਸਰ ਰਹਿ ਕੇ ਪੜ੍ਹਾਈ ਕਰਨ ਦੇ ਲੇਖੇ ਲਾਇਆ।

**ਨਵਾਂ ਟਿਕਾਣਾ ਪਿੰਡ ਧਮੋਟ**

ਦੋ-ਢਾਈ ਸਾਲ ਪਹਿਲਾਂ ਊਧਮ ਸਿੰਘ ਨੂੰ ਰਿਆਸਤ ਨਾਭਾ ਵਿਚੋਂ ਬਦਰ ਕੀਤੇ ਜਾਣ ਪਿੱਛੋਂ ਉਸ ਦੇ ਆਪਣੇ ਪਿੰਡ ਖਨਿਆਣ ਵਾਪਸ ਆਉਣ ਦੀ ਸੰਭਾਵਨਾ ਖਤਮ ਹੋ ਗਈ ਸੀ, ਇਸ ਲਈ ਉਸ ਦੀ ਪਤਨੀ ਆਪਣੇ ਪੇਕੀਂ ਧਮੋਟ ਰਹਿਣ ਲੱਗ ਪਈ। ਇਹ ਪਿੰਡ ਰਿਆਸਤ ਪਟਿਆਲਾ ਵਿਚ ਪੈਂਦਾ ਸੀ। ਸੋ ਊਧਮ ਸਿੰਘ ਕਦੇ-ਕਦਾਈਂ ਧਮੋਟ ਆ ਕੇ ਉਸ ਨੂੰ ਮਿਲ ਜਾਂਦਾ ਸੀ। ਸੋ ਅੰਮ੍ਰਿਤਸਰ ਵਿਚ ਸਿੱਖਿਆ ਪ੍ਰਾਪਤੀ ਉਪਰੰਤ ਊਧਮ ਸਿੰਘ ਆਪਣੀ ਪਤਨੀ ਕੋਲ ਧਮੋਟ ਆ ਗਿਆ ਅਤੇ ਉਸ ਨੇ ਇੱਥੇ ਆਪਣਾ ਘਰ ਬਣਾਇਆ। ਅਕਾਲੀ ਹਲਕਿਆਂ ਵਿਚ ਉਸ ਦੀ ਜਾਣ-ਪਛਾਣ ਪਹਿਲਾਂ ਹੀ ਬਣ ਚੁੱਕੀ ਸੀ, ਇਸ ਲਈ ਜਦ ਅਕਾਲੀ ਜਥਾ ਤਹਿਸੀਲ ਪਾਇਲ ਨੂੰ ਪਾਇਲ ਦੇ ਗੁਰਦੁਆਰੇ ਵਿਚ ਗ੍ਰੰਥੀ ਦੀ ਲੋੜ ਪਈ ਤਾਂ ਇਹ ਸੇਵਾ ਗਿਆਨੀ ਊਧਮ ਸਿੰਘ ਨੂੰ ਸੌਂਪੀ ਗਈ, ਉਜਰਤ 20 ਰੁਪਏ ਮਹੀਨਾ ਮਿਥੀ ਗਈ। ਨੇੜਲੇ ਪਿੰਡਾਂ ਵਿਚ ਗੁਰਦੁਆਰੇ ਨਾ ਹੋਣ ਕਾਰਨ ਉਹਨਾਂ ਪਿੰਡਾਂ ਵਿਚ ਵੀ ਪਾਠ ਆਦਿ ਦੀ ਸੇਵਾ ਕਰਨ ਤੋਂ ਬਿਨਾਂ ਵਿਆਹਾਂ ਮੌਕੇ ਅਨੰਦ ਕਾਰਜ ਵੀ ਉਹ ਹੀ ਕਰਵਾਉਂਦਾ।

ਅੰਮ੍ਰਿਤਸਰ ਰਹਿੰਦਿਆਂ ਉਸ ਦੀ ਜਾਣ ਪਛਾਣ ਸੇਵਾ ਸਿੰਘ ਠੀਕਰੀਵਾਲਾ ਨਾਲ ਹੋ ਚੁੱਕੀ ਸੀ। ਸੇਵਾ ਸਿੰਘ ਰਿਆਸਤ ਪਟਿਆਲਾ ਵਿਚ ਅਕਾਲੀ ਦਲ ਦੀ ਸ਼ਾਖਾ ਬਣਾਉਣ ਲਈ ਯਤਨਸ਼ੀਲ ਸੀ ਤਾਂ ਊਧਮ ਸਿੰਘ ਉਸ ਦੇ ਨਾਲ ਇਸ ਕੰਮ ਵਿਚ ਜੁਟ ਗਿਆ। ਉਸ ਨੇ ਸਭ ਤੋਂ ਪਹਿਲਾਂ ਧਮੋਟ ਪਿੰਡ ਦੇ ਵਾਸੀਆਂ ਭਾਈ ਉਦੈ ਸਿੰਘ, ਭਾਈ ਹਰੀ ਸਿੰਘ ਅਤੇ ਭਾਈ ਸੁੰਦਰ ਸਿੰਘ ਨੂੰ ਨਾਲ ਜੋੜ ਕੇ ਧਮੋਟ ਪਿੰਡ ਵਿਚ ਅਕਾਲੀ ਜਥੇ ਦੀ ਸ਼ਾਖਾ ਕਾਇਮ ਕੀਤੀ। ਮਹਾਰਾਜਾ ਪਟਿਆਲਾ ਨਹੀਂ ਸੀ ਚਾਹੁੰਦਾ ਕਿ ਉਸ ਦੀ ਰਿਆਸਤ ਵਿਚ ਅਕਾਲੀ ਦਲ ਦੀ ਕੋਈ ਗਤੀਵਿਧੀ ਹੋਵੇ, ਇਸ ਲਈ ਜਦ ਉਸ ਨੇ ਅਜਿਹੀਆਂ ਕਾਰਵਾਈਆਂ ਨੂੰ ਰੋਕਣ ਵਜੋਂ 1926 ਵਿਚ ਸੇਵਾ ਸਿੰਘ ਠੀਕਰੀਵਾਲਾ ਅਤੇ ਰਿਆਸਤ ਵਿਚ ਸਰਗਰਮ ਅਕਾਲੀ ਵਰਕਰਾਂ ਨੂੰ ਗ੍ਰਿਫਤਾਰ ਕੀਤਾ ਤਾਂ ਊਧਮ ਸਿੰਘ ਅਤੇ ਉਸ ਦੇ ਪਿੰਡ ਵਾਲੇ ਅਕਾਲੀ ਵੀ ਜੇਲ੍ਹ ਵਿਚ ਸੁੱਟ ਦਿੱਤੇ ਗਏ। ਇਹਨਾਂ ਦੀ ਰਿਹਾਈ ਉੱਤੇ ਜ਼ੋਰ ਪਾਉਣ ਵਾਸਤੇ 16 ਸਤੰਬਰ 1927 ਨੂੰ ਪਿੰਡ ਠੀਕਰੀਵਾਲਾ ਵਿਚ ਦੀਵਾਨ ਸਜਾਇਆ ਗਿਆ, ਜਿਸ ਦੀ ਪ੍ਰਧਾਨਗੀ ਬਾਬਾ ਖੜਕ ਸਿੰਘ ਨੇ ਕੀਤੀ। ਇਸ ਮੌਕੇ ਬਾਬਾ ਖੜਕ ਸਿੰਘ ਨੂੰ ਮਾਣ-ਪੱਤਰ ਭੇਟ ਕੀਤਾ ਗਿਆ। ਇਸ ਮਾਣ-ਪੱਤਰ ਵਿਚ ਰਿਆਸਤ ਪਟਿਆਲਾ ਵੱਲੋਂ ਬੰਦੀ ਬਣਾਏ ਅਕਾਲੀਆਂ ਦੇ ਛੁਟਕਾਰੇ ਲਈ ਅਪੀਲ ਕੀਤੀ ਗਈ ਸੀ ਅਤੇ ਬੰਦੀਆਂ ਵਿਚ ਸਰਦਾਰਾ ਸਿੰਘ 'ਯੂਪਥ' ਅਤੇ ਊਧਮ ਸਿੰਘ ਦਾ ਨਾਂਅ ਵੀ ਸ਼ਾਮਲ ਸੀ। ਅੰਤ ਮਹਾਰਾਜਾ ਪਟਿਆਲਾ ਅਤੇ ਸ਼੍ਰੋਮਣੀ ਅਕਾਲੀ ਦਲ ਵਿਚ ਸਮਝੌਤਾ ਹੋਇਆ ਤਾਂ 24 ਅਗਸਤ 1929 ਨੂੰ ਸੇਵਾ ਸਿੰਘ ਦੀ ਰਿਹਾਈ ਦੇ ਨਾਲ ਜਿਹੜੇ 45 ਹੋਰ ਅਕਾਲੀ ਰਿਹਾਅ ਕੀਤੇ ਗਏ, ਉਹਨਾਂ ਵਿਚ ਗਿਆਨੀ ਊਧਮ ਸਿੰਘ ਅਤੇ ਉਸ ਦੇ ਗਰਾਈਂ ਵੀ ਸ਼ਾਮਲ ਸਨ।

ਜੇਲ੍ਹ ਤੋਂ ਬਾਹਰ ਆ ਕੇ ਗਿਆਨੀ ਊਧਮ ਸਿੰਘ ਨੇ ਫਿਰ ਪਾਇਲ ਗੁਰਦੁਆਰੇ ਵਿਚ ਗ੍ਰੰਥੀ ਵਜੋਂ ਸੇਵਾ ਸੰਭਾਲ ਲਈ। 1930 ਵਿਚ ਉਹ ਪਿੰਡ ਮਾਂਗੇਵਾਲ, ਪਟਿਆਲਾ ਰਿਆਸਤ ਵਿਚ ਅਖੰਡ ਪਾਠ ਕਰਵਾਉਣ ਲਈ ਗਿਆ, ਜਿੱਥੇ ਉਸ ਦੀ ਮੁਲਾਕਾਤ ਤੀਜੀ ਇੰਡੀਅਨ ਡਵੀਜ਼ਨਲ ਸਿਗਨਲਜ਼ ਦੇ ਸਿਪਾਹੀ ਛੱਜਾ ਸਿੰਘ ਨਾਲ ਹੋਈ। ਛੱਜਾ ਸਿੰਘ ਫੌਜ ਵਿਚ ਗ੍ਰੰਥੀ ਵਜੋਂ ਸੇਵਾ ਕਰ ਰਿਹਾ ਸੀ ਅਤੇ ਉਹਨੀਂ ਦਿਨੀਂ ਮੇਰਠ ਛਾਉਣੀ ਵਿਚ ਤਾਇਨਾਤ ਸੀ। ਉਸ ਨਾਲ ਗੱਲਬਾਤ ਕਰਨ ਉੱਤੇ ਊਧਮ ਸਿੰਘ ਦੇ ਮਨ ਵਿਚ ਵੀ ਫੌਜ ਵਿਚ ਗ੍ਰੰਥੀ ਭਰਤੀ ਹੋਣ ਦਾ ਵਿਚਾਰ ਆਇਆ ਅਤੇ ਉਸ ਨੇ ਛੱਜਾ ਸਿੰਘ ਨੂੰ ਬੇਨਤੀ ਕੀਤੀ ਕਿ ਉਹ ਉਸ ਨੂੰ ਫੌਜ ਵਿਚ ਗ੍ਰੰਥੀ ਭਰਤੀ ਕਰਵਾਏ।

**ਫੌਜ ਵਿਚ ਗ੍ਰੰਥੀ ਦੀ ਸੇਵਾ**

ਅਕਤੂਬਰ 1932 ਵਿਚ ਊਧਮ ਸਿੰਘ ਨੂੰ ਛੱਜਾ ਸਿੰਘ ਦਾ ਪੱਤਰ ਮਿਲਿਆ, ਜਿਸ ਵਿਚ ਉਸ ਨੂੰ ਮੇਰਠ ਆਉਣ ਦਾ ਸੱਦਾ ਦਿੱਤਾ ਗਿਆ ਸੀ। ਉਹ ਮੇਰਠ ਪਹੁੰਚ ਕੇ ਸਿਗਨਲਜ਼ ਦੇ ਗੁਰਦੁਆਰੇ ਵਿਚ ਠਹਿਰਿਆ। ਛੱਜਾ ਸਿੰਘ ਨੇ ਉਸ ਨੂੰ ਦੱਸਿਆ ਕਿ ਸਿਗਨਲਜ਼ ਦੇ ਗ੍ਰੰਥੀ ਦੀ ਬਦਲੀ 19ਵੀਂ ਲਾਂਸਰਜ਼ ਦੇ ਗੁਰਦੁਆਰੇ ਵਿਚ ਹੋ ਜਾਣ ਕਾਰਨ ਇਹ ਥਾਂ ਖਾਲੀ ਹੈ ਅਤੇ ਜੇ ਊਧਮ ਸਿੰਘ ਇਸ ਥਾਂ ਸੇਵਾ ਕਰਨਾ ਚਾਹੇ ਤਾਂ ਉਹ ਇਸ ਬਾਰੇ ਅਫਸਰਾਂ ਨਾਲ ਗੱਲ ਕਰ ਸਕਦਾ ਹੈ। ਊਧਮ ਸਿੰਘ ਵੱਲੋਂ ਸਹਿਮਤੀ ਦਿੱਤੇ ਜਾਣ ਉੱਤੇ ਨਾਇਕ ਛੱਜਾ ਸਿੰਘ ਨੇ ਊਧਮ ਸਿੰਘ ਨੂੰ ਗ੍ਰੰਥੀ ਨਿਯੁਕਤ ਕਰਨ ਬਾਰੇ ਸੂਬੇਦਾਰ ਛੱਜਾ ਸਿੰਘ ਪਿੰਡ ਕਕਰਾਲਾ, ਜ਼ਿਲ੍ਹਾ ਲੁਧਿਆਣਾ, ਅਤੇ ਜਮ੍ਹਾਂਦਾਰ ਫਤਿਹ ਸਿੰਘ ਪਿੰਡ ਰੱਤੋਵਾਲ, ਜ਼ਿਲਾ ਲੁਧਿਆਣਾ ਕੋਲ ਸਿਫਾਰਸ਼ ਕੀਤੀ ਤਾਂ ਤੀਜੀ ਇੰਡੀਅਨ ਡਵੀਜ਼ਨ ਸਿਗਨਲ ਦੇ ਗੁਰਦੁਆਰੇ ਵਿਚ ਗ੍ਰੰਥੀ ਦੀ ਸੇਵਾ ਊਧਮ ਸਿੰਘ ਨੂੰ ਸੌਂਪ ਦਿੱਤੀ ਗਈ। ਉਸ ਨੂੰ ਪਾਇਲ ਗੁਰਦੁਆਰੇ ਵਿਚ ਮਿਲ ਰਹੀ ਤਨਖਾਹ 20 ਰੁਪਏ ਪ੍ਰਤੀ ਮਹੀਨਾ ਦੇ ਮੁਕਾਬਲੇ ਵਧਾ ਕੇ 30 ਰੁਪਏ ਪ੍ਰਤੀ ਮਹੀਨਾ ਕਰ ਦਿੱਤੀ। ਕੁਝ ਸਮੇਂ ਪਿੱਛੋਂ ਊਧਮ ਸਿੰਘ ਨੂੰ ਰਿਹਾਇਸ਼ ਵਾਸਤੇ ਫੈਮਿਲੀ ਕੁਆਰਟਰ ਮਿਲ ਗਿਆ ਤਾਂ ਉਸ ਨੇ ਆਪਣੀ ਪਤਨੀ ਨੂੰ ਵੀ ਆਪਣੇ ਕੋਲ ਬੁਲਾ ਲਿਆ। ਇੱਥੇ ਹੀ ਉਸ ਦੇ ਘਰ ਦੋ ਪੁੱਤਰਾਂ ਨੇ ਜਨਮ ਲਿਆ, ਜਿਨ੍ਹਾਂ ਦੇ ਨਾਂਅ ਕ੍ਰਮਵਾਰ ਹਿੰਮਤ ਸਿੰਘ ਅਤੇ ਸਿਕੰਦਰ ਸਿੰਘ ਰੱਖੇ ਗਏ। ਗੁਰਦੁਆਰੇ ਦੀ ਬਾਹਰੀ ਦੇਖ-ਰੇਖ ਲਈ ਦੋ ਅਰਦਲੀ, ਸਿਗਨਲਮੈਨ ਮਹਿਮਾ ਸਿੰਘ, ਵਾਸੀ ਮੁੱਲਾਂਪੁਰ ਗਰੀਬ ਦਾਸ (ਅੰਬਾਲਾ) ਨੰਬਰ 9631 ਅਤੇ ਸਿਗਨਲਮੈਨ ਬਖਤਾਵਰ ਸਿੰਘ ਪਿੰਡ ਭਮੱਦੀ ਤਾਇਨਾਤ ਸਨ। ਉਹਨਾਂ ਦੀ ਰਿਹਾਇਸ਼ ਗੁਰਦੁਆਰੇ ਵਿਚ ਇਸ ਮੰਤਵ ਲਈ ਉਸਾਰੇ ਦੋ ਕਮਰਿਆਂ ਵਿਚ ਸੀ।

**ਮੋ. 94170 49417**

(ਚਲਦਾ)

CMYK

4-June-Sunday.qxd 6/3/2023 9:14 PM Page 2



# ਮੌਜੂਦਾ ਹਕੂਮਤ ਲੋਕਾਂ ਦੇ ਲਾਲਚ ਨੂੰ ਸਮਝਦੀ ਹੈ ਖਾਹਿਸ਼ਾਂ ਨੂੰ ਨਹੀਂ

## ਗਣੇਸ਼ ਦੇਵੀ

ਮੁਲਾਕਾਤੀ : ਸ਼ਾਹਿਦ ਤਾਂਤਰੇ

ਅਨੁ : ਬੂਟਾ ਸਿੰਘ ਮਹਿਮੂਦਪੁਰ

(ਕਿਸ਼ਤ ਦੂਜੀ ਤੇ ਆਖਰੀ)

**? ਕੀ ਤੁਹਾਨੂੰ ਲੱਗਦਾ ਹੈ ਕਿ ਹਿੰਦੂ ਇਤਿਹਾਸ ਨੂੰ ਤਰਜੀਹ ਦਿੱਤੀ ਜਾ ਰਹੀ ਹੈ।**

— 7ਵੀਂ ਤੋਂ 3ਵੀਂ ਸਦੀ ਈਸਾ ਪੂਰਵ ਤੱਕ ਬੁੱਧ ਅਤੇ ਜੈਨ ਧਰਮ ਦਾ ਵਿਕਾਸ ਹੋਇਆ ਅਤੇ ਭਾਰਤ ਵਿਚ ਜੀਵਨ ਦਾ ਇਕ ਨਾਸਤਿਕ ਫ਼ਲਸਫ਼ਾ ਲੋਕਾਇਤ ਵੀ ਪ੍ਰਫੁੱਲਤ ਹੋਇਆ। ਇਸ ਦੇ ਨਾਲ-ਨਾਲ ਇਸ ਦੇ ਜਵਾਬੀ ਵਿਚਾਰ ਵੀ ਸਾਹਮਣੇ ਆ ਰਹੇ ਸਨ, ਅਰਥਾਤ ਫ਼ਲਸਫ਼ਿਆਂ ਦੀ ਬਹੁਲਤਾ ਸੀ। ਇਨ੍ਹਾਂ ਫ਼ਲਸਫ਼ਿਆਂ ਦਰਮਿਆਨ ਸੰਘਰਸ਼ ਸੀ ਅਤੇ ਇਹ ਪ੍ਰਾਚੀਨ ਇਤਿਹਾਸ ਵਿਚ ਪਹਿਲੀ ਸ਼ਤਾਬਦੀ ਅਤੇ ਦੂਜੀ ਸ਼ਤਾਬਦੀ ਦੀ ਸ਼ੁਰੂਆਤ 'ਚ ਜਾਰੀ ਰਿਹਾ। 1100 ਈਸਵੀ ਦੇ ਆਸ-ਪਾਸ ਇਕ ਨਵੀਂ ਲਹਿਰ ਸ਼ੁਰੂ ਹੋਈ, ਜਿਸ ਨੂੰ ਭਗਤੀ ਲਹਿਰ ਵਜੋਂ ਜਾਣਿਆ ਜਾਂਦਾ ਹੈ, ਜਿਸ ਨੂੰ ਸੂਫ਼ੀਵਾਦ ਤੋਂ ਬਹੁਤ ਤਾਕਤ ਮਿਲੀ ਅਤੇ ਮੁੱਢਲੇ ਈਸਾਈ ਧਰਮ ਤੋਂ ਇਕ ਨਵਾਂ ਪਾਸਾਰ ਮਿਲਿਆ, ਜੋ ਕੇਰਲਾ ਵਿਚ ਆਇਆ। ਇਸ ਨੇ ਵੱਖ-ਵੱਖ ਸੰਪਰਦਾਵਾਂ ਅਤੇ ਮੱਤਾਂ ਤੋਂ ਜ਼ਬਰਦਸਤ ਊਰਜਾ ਪ੍ਰਾਪਤ ਕੀਤੀ ਅਤੇ ਕੁਝ ਸਦੀਆਂ ਬਾਅਦ ਸਿੱਖ ਧਰਮ ਉੱਭਰਿਆ। ਇਸ ਤੋਂ ਇਲਾਵਾ 1100 ਈਸਵੀ ਤੋਂ ਲੈ ਕੇ ਲੱਗਭੱਗ 100 ਸਾਲ ਪਹਿਲਾਂ ਤੱਕ ਭਾਰਤ ਦੇ ਜੰਗਲਾਂ ਵਿਚ ਇਕ ਮਹਾਨ ਨਵਾਂ ਜੀਵਨ ਉੱਭਰ ਰਿਹਾ ਸੀ-ਆਦਿਵਾਸੀ, ਜੋ ਆਪਣੀ ਜੀਵਨ ਸ਼ੈਲੀ ਨੂੰ ਸਥਾਪਤ ਕਰਨ ਅਤੇ ਜੰਗਲਾਂ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਉਸ ਸਮੇਂ ਦੇ ਬਹੁਤੇ ਰਾਜੇ ਕਬੀਲੇ ਦੇ ਅਧਿਕਾਰਾਂ ਦਾ ਸਤਿਕਾਰ ਕਰਦੇ ਸਨ ਅਤੇ ਉਨ੍ਹਾਂ ਦੀ ਰੱਖਿਆ ਕਰਦੇ ਸਨ।



ਇਹ ਸਭ ਭਾਰਤੀ ਇਤਿਹਾਸ ਹੈ। ਹਿੰਦੂ ਇਤਿਹਾਸ ਨਾਂਅ ਦੀ ਕੋਈ ਚੀਜ਼ ਨਹੀਂ ਹੈ। ਇਹ ਉਨ੍ਹੀਵੀਂ ਸਦੀ ਦੇ ਅੰਤ ਦੇ ਦੌਰਾਨ ਹੋਇਆ, ਮੈਕਸ ਮੂਲਰ ਤੋਂ ਬਾਅਦ ਇਹ ਵਿਚਾਰ ਬਹੁਤ ਮਜ਼ਬੂਤ ਹੋ ਗਿਆ ਕਿ ਇਕ ਹਿੰਦੂ ਅਤੀਤ ਹੈ। ਹਿੰਦੂ ਸ਼ਬਦ ਬਹੁਤ ਵੱਡੇ ਪੱਧਰ 'ਤੇ ਪ੍ਰਚਲਿਤ ਹੋਇਆ, ਜਿਸ ਕਾਰਨ 1920 ਦੇ ਦਹਾਕੇ ਵਿਚ ਆਰ.ਐੱਸ.ਐੱਸ. ਦਾ ਜਨਮ ਹੋਇਆ। ਆਪਣੇ ਜਨਮ ਦੇ ਸਮੇਂ ਆਰ ਐੱਸ ਐੱਸ ਕੋਲ ਹਿੰਦੂ ਇਤਿਹਾਸ ਦਾ ਕੋਈ ਵਿਚਾਰ ਨਹੀਂ ਸੀ, ਇਸ ਕੋਲ ਇਤਿਹਾਸ ਦਾ ਇਕ ਨਜ਼ਰੀਆ ਸੀ, ਜਿਸ ਉੱਪਰ ਅਤੀਤ ਦਾ ਜਰਮਨ ਨਜ਼ਰੀਆ ਭਾਰੂ ਸੀ, ਉਹ ਨਜ਼ਰੀਆ ਜਿਸ ਨੇ 1920 ਦੇ ਦਹਾਕੇ 'ਚ ਜਰਮਨੀ ਵਿਚ ਹਿਟਲਰ ਨੂੰ ਸੱਤਾ ਵਿਚ ਲਿਆਂਦਾ ਸੀ। ਇਤਿਹਾਸ ਦਾ ਨਜ਼ਰੀਆ ਇਹ ਸੀ ਕਿ ਕਿਸੇ ਰਾਸ਼ਟਰ ਦੇ ਰਾਸ਼ਟਰ ਹੋਣ ਲਈ ਉਸ ਦੀ ਧਰਤੀ ਦੇ ਨਾਲ-ਨਾਲ ਉਸ ਦੀ ਮੂਲ ਭਾਵਨਾ ਵੀ ਹੋਣੀ ਚਾਹੀਦੀ ਹੈ। ਇਸ ਲਈ ਹਿੰਦੂ ਮਹਾਂਸਭਾ ਅਤੇ ਆਰ.ਐੱਸ.ਐੱਸ. ਨੇ ਪਿਤਰਭੂਮੀ ਅਤੇ ਪੁਨਯ ਭੂਮੀ ਵਰਗੇ ਸ਼ਬਦ ਵਰਤਣੇ ਸ਼ੁਰੂ ਕਰ ਦਿੱਤੇ।

ਪੁਨਯ ਭੂਮੀ ਯਾਨੀ ਸਾਡੀ ਪਵਿੱਤਰ ਭੂਮੀ ਦਾ ਇਹ ਵਿਚਾਰ ਗੌਤਮ ਬੁੱਧ ਦੇ ਸਮੇਂ ਤੋਂ ਲੈ ਕੇ ਅਠਾਰ੍ਹਵੀਂ ਸਦੀ ਤੱਕ ਜੋ ਕੁਝ ਹੋ ਰਿਹਾ ਸੀ, ਉਸ ਨਾਲ ਮੇਲ ਨਹੀਂ ਖਾਂਦਾ। ਅਤੀਤ ਬਾਰੇ ਇਹ ਨਵਾਂ ਕਥਿਤ ਹਿੰਦੂ ਨਜ਼ਰੀਆ ਅਤੀਤ ਦਾ ਮਨਘੜਤ ਨਜ਼ਰੀਆ ਹੈ, ਇਹ ਅਤੀਤ ਦਾ ਹਿੰਦੂ ਨਜ਼ਰੀਆ ਨਹੀਂ ਹੈ ਅਤੇ ਇਹ ਅਤੀਤ ਦਾ ਭਾਰਤੀ ਨਜ਼ਰੀਆ ਵੀ ਨਹੀਂ ਹੈ। ਭਾਰਤੀ ਨਜ਼ਰੀਆ ਬਹੁਲਵਾਦ ਅਤੇ ਵੰਨ-ਸੁਵੰਨਤਾ ਦਾ ਹੈ। ਇਤਿਹਾਸ ਸਾਨੂੰ ਇਹੀ ਦੱਸਦਾ ਹੈ, ਇਹੀ ਅਸ਼ੋਕ ਸਾਨੂੰ ਦੱਸਦਾ ਹੈ, ਇਹੀ ਅਕਬਰ ਦੀਆਂ ਨੀਤੀਆਂ ਸਾਨੂੰ ਦੱਸਦੀਆਂ ਹਨ ਅਤੇ ਅੰਬੇਡਕਰ ਦਾ ਗਿਆਨ ਸਾਨੂੰ ਇਹ ਦੱਸਦਾ ਹੈ।

ਮੈਂ ਤੁਹਾਨੂੰ ਅਜਿਹੇ ਬਹੁਤ ਸਾਰੇ ਚਿੰਤਕਾਂ ਦੀਆਂ ਮਿਸਾਲਾਂ ਦੇ ਸਕਦਾ ਹਾਂ, ਜਿਨ੍ਹਾਂ ਨੂੰ ਹਿੰਦੂ ਚਿੰਤਕ ਕਿਹਾ ਜਾ ਸਕਦਾ ਹੈ। ਮਿਸਾਲ ਲਈ, ਸੁਹਜ ਸ਼ਾਸਤਰ ਦੇ ਪ੍ਰਮੁੱਖ ਸਿਧਾਂਤਾਂ ਵਿੱਚੋਂ ਇਕ, ਜੋ 6ਵੀਂ ਅਤੇ 7ਵੀਂ ਸਦੀ ਈਸਵੀ ਤੋਂ ਬਾਅਦ ਉੱਭਰਿਆ, ਗੀਤੀ ਸਿਧਾਂਤ ਹੈ-ਗੀਤੀ ਦਾ ਅਰਥ ਹੈ ਕਿਸੇ ਦੀ ਕਲਪਨਾ-ਸ਼ਕਤੀ ਦੀ ਜੈ-ਜੈਕਾਰ ਕਰਨ ਦੇ ਕਈ ਤਰੀਕੇ। ਮਾਤੰਗ ਦੇ ਸੰਗੀਤ ਦੀ ਮੂਲ ਕਿਤਾਬ ਨੂੰ ਬ੍ਰਿਹਦਦੇਸ਼ੀ ਕਿਹਾ ਜਾਂਦਾ ਹੈ। ਬ੍ਰਿਹਦ ਅਨੇਕ ਹੈ ਅਤੇ ਦੇਸ਼ ਸਥਾਨਕ ਹੈ, ਇਸ ਲਈ ਮਾਤੰਗ ਅਨੁਸਾਰ, ਜਿਸ ਨੂੰ ਅਸੀਂ ਭਾਰਤੀ ਸੰਗੀਤ ਕਹਿ ਸਕਦੇ ਹਾਂ, ਉਹ ਕਈ ਰਾਜਾਂ ਦਾ ਸੰਗੀਤ ਹੈ। ਮਾਤੰਗ ਲਈ, ਭਾਰਤ ਬਹੁਤ ਸਾਰੀਆਂ ਕੌਮਾਂ ਸਨ, ਸਾਡੀ ਵੰਨ-ਸੁਵੰਨਤਾ ਸਾਡੀ ਏਕਤਾ ਸੀ, ਜਿਸ ਨੂੰ ਇਤਿਹਾਸ ਦੇ ਕਥਿਤ ਹਿੰਦੂਤਵ ਨਜ਼ਰੀਏ ਵਿਚ ਨਕਾਰ ਦਿੱਤਾ ਗਿਆ ਸੀ। ਸੰਵਿਧਾਨ ਦੀ ਭਾਵਨਾ ਵੀ ਭਾਰਤ ਦੀ ਅਨੇਕਤਾ, ਬਹੁਲਤਾ, ਫੈਡਰਲਵਾਦ ਅਤੇ ਵੰਨ-ਸੁਵੰਨਤਾ ਨੂੰ ਮਾਨਤਾ ਦਿੰਦੀ ਹੈ।

**? ਕੀ ਤੁਹਾਨੂੰ ਲੱਗਦਾ ਹੈ ਕਿ ਪਾਠ ਪੁਸਤਕਾਂ ਵਿੱਚੋਂ ਮੁਗਲ ਇਤਿਹਾਸ ਨੂੰ ਹਟਾਉਣਾ ਇਸ ਹਕੂਮਤ ਵੱਲੋਂ ਭਾਰਤ ਵਿੱਚੋਂ ਮੁਸਲਿਮ ਇਤਿਹਾਸ ਨੂੰ ਮਿਟਾਉਣ ਦੀ ਕੋਸ਼ਿਸ਼ ਹੈ।**

-ਇਹ ਕਾਰਵਾਈ ਰਾਸ਼ਟਰਵਾਦ ਅਤੇ ਰਾਸ਼ਟਰ ਦੀ ਉਨ੍ਹਾਂ ਦੀ ਸਮਝ-ਪਿਤਰਭੂਮੀ ਅਤੇ ਪੁਨਯਭੂਮੀ ਤੋਂ ਪੈਦਾ ਹੋਈ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜੇਕਰ ਇਸ ਖਿੱਤੇ ਵਿਚ ਅਜਿਹੇ ਲੋਕ ਹਨ, ਜਿਨ੍ਹਾਂ ਦੇ ਧਰਮ ਕਿਤੇ ਹੋਰ ਪੈਦਾ ਹੋਏ, ਤਾਂ ਅਜਿਹੇ ਲੋਕਾਂ ਦੀ ਇਸ ਮੁਲਕ ਪ੍ਰਤੀ ਵਫ਼ਾਦਾਰੀ ਜ਼ਰੂਰਤ ਤੋਂ ਘੱਟ ਹੋਵੇਗੀ। ਇਹ ਨਜ਼ਰੀਆ ਇਕ ਅੰਧਵਿਸ਼ਵਾਸ ਜਾਂ ਕੱਟੜਪੰਥ 'ਤੇ ਅਧਾਰਤ ਹੈ, ਕਿਉਂਕਿ ਭਾਰਤੀ ਇਤਿਹਾਸ ਦੱਸਦਾ ਹੈ ਕਿ ਮੁਸਲਮਾਨਾਂ ਅਤੇ ਯਹੂਦੀਆਂ ਨੇ ਭਾਰਤੀ ਸਮਾਜ ਦੇ ਆਧੁਨਿਕੀਕਰਨ ਵਿਚ ਓਨਾ ਹੀ ਯੋਗਦਾਨ ਪਾਇਆ ਹੈ, ਜਿੰਨਾ ਹਿੰਦੂਆਂ, ਪਾਰਸੀਆਂ, ਸਿੱਖਾਂ, ਜੈਨੀਆਂ ਅਤੇ ਬੋਧੀਆਂ ਨੇ ਪਾਇਆ। ਰਾਸ਼ਟਰਵਾਦ ਦਾ ਇਹ ਵਿਚਾਰ ਕੁਝ ਹੱਦ ਤੱਕ ਰਾਸ਼ਟਰਵਾਦ ਦੇ ਉਸ ਵਿਚਾਰ ਨਾਲ ਮਿਲਦਾ-ਜੁਲਦਾ ਹੈ, ਜੋ ਦੂਜੇ ਆਲਮੀ ਯੁੱਧ ਤੋਂ ਪਹਿਲਾਂ ਜਰਮਨੀ ਵਿਚ ਸੀ।

ਇਹ ਸਭ ਜਾਣਦੇ ਹਨ ਕਿ ਭਾਰਤੀ ਇਤਿਹਾਸ ਬਾਰੇ ਆਰ.ਐੱਸ.ਐੱਸ. ਦਾ ਇਕ ਨਜ਼ਰੀਆ ਹੈ, ਜੋ ਬੁੱਧ ਧਰਮ ਨੂੰ ਉਚਿਤ ਸਥਾਨ ਨਹੀਂ ਦਿੰਦਾ; ਤਰਕਸ਼ੀਲ ਚਿੰਤਕਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਨਹੀਂ ਦਿੱਤਾ ਜਾਂਦਾ; ਇਸਲਾਮੀ ਕਾਲ ਨੂੰ ਉਸ ਦਾ ਜੋ ਹੱਕ ਬਣਦਾ ਹੈ, ਉਹ ਸਥਾਨ ਨਹੀਂ ਦਿੱਤਾ ਗਿਆ; ਇਨ੍ਹਾਂ ਲਈ ਸਿਰਫ਼ ਵੇਦਿਕ ਅਤੇ ਸਨਾਤਨੀ ਫ਼ਲਸਫ਼ਾ ਹੀ ਸਭ ਕੁਝ ਹੈ। ਉਨ੍ਹਾਂ ਨੇ ਤਾਂ ਬਸਤੀਵਾਦੀ ਇਤਿਹਾਸਕਾਰੀ ਨੂੰ ਵੀ ਰੱਦ ਕਰ ਦਿੱਤਾ ਹੈ। ਅੰਤ ਵਿਚ ਸੂਫ਼ੀਵਾਦ ਜਾਂ ਪਿਆਰ ਜਾਂ ਅਹਿੰਸਾ ਦਾ ਕੋਈ ਵੀ ਫ਼ਲਸਫ਼ਾ, ਜਿਵੇਂ ਕਿ ਗਾਂਧੀ ਨੂੰ ਰੱਦ ਕਰ ਦਿੱਤਾ ਜਾਂਦਾ ਹੈ, ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਭਾਰਤ ਨੂੰ ਇਕ ਮਰਦਾਨਾ ਰਾਸ਼ਟਰ ਬਣਾਉਣ ਲਈ ਹਿੰਦੂ ਧਰਮ ਦਾ ਫ਼ੌਜੀਕਰਨ ਕੀਤਾ ਜਾਣਾ ਚਾਹੀਦਾ ਹੈ ਅਤੇ ਇਹੀ ਉਨ੍ਹਾਂ ਦਾ ਹਿੰਦੂ ਰਾਸ਼ਟਰ ਦਾ ਵਿਚਾਰ ਹੈ। ਉਨ੍ਹਾਂ ਦਾ ਹਿੰਦੂ ਰਾਸ਼ਟਰ ਸ਼ਾਂਤੀ ਦੇ ਫ਼ਲਸਫ਼ੇ, ਪਿਆਰ ਦੇ ਫ਼ਲਸਫ਼ੇ, ਦਇਆ ਦੇ ਫ਼ਲਸਫ਼ੇ, ਉਨ੍ਹਾਂ ਧਰਮਾਂ ਤੋਂ ਇਲਾਵਾ ਹੋਰ ਧਰਮਾਂ ਵੱਲੋਂ ਦਿਖਾਈ ਗਈ ਰਚਨਾਤਮਕਤਾ ਨੂੰ ਬਾਹਰ ਕੱਢ ਦੇਣਾ ਚਾਹੁੰਦਾ ਹੈ ਜੋ ਮੌਜੂਦਾ ਭਾਰਤ ਦੀਆਂ ਭੂਗੋਲਿਕ ਹੱਦਾਂ ਦੇ ਅੰਦਰ ਸਿੱਧੇ ਤੌਰ 'ਤੇ ਪੈਦਾ ਹੋਏ। ਇਹ ਇਕ ਅਜੀਬ ਕਿਸਮ ਦੀ ਵਿਚਾਰਧਾਰਾ ਹੈ, ਜਿਸ ਨੂੰ ਆਧੁਨਿਕ ਸਮੇਂ ਵਿਚ ਸਿਰਫ਼ ਇਕ ਰੂੜ੍ਹੀਵਾਦੀ ਵਿਚਾਰਧਾਰਾ ਦੇ ਰੂਪ ਵਿਚ ਹੀ ਦੇਖਿਆ ਜਾ ਸਕਦਾ ਹੈ ਕਿਉਂਕਿ ਰਾਸ਼ਟਰ ਬਾਰੇ, ਲੋਕਾਂ ਬਾਰੇ ਇਹ ਵਿਚਾਰਧਾਰਾ ਕਿਸੇ ਸੰਵਿਧਾਨ ਵਿਚ ਦਰਸਾਈ ਗਈ ਭਾਵਨਾ 'ਤੇ ਆਧਾਰਤ ਨਹੀਂ ਹੈ। ਇਹ ਇਕ ਰਾਜਨੀਤਕ ਫ਼ਲਸਫ਼ਾ ਹੈ, ਜੋ ਆਧੁਨਿਕ ਅਤੇ ਸੱਭਿਅਕ ਦੁਨੀਆ ਦੇ ਵਿਚਾਰਾਂ ਨਾਲ ਪੂਰੀ ਤਰ੍ਹਾਂ ਬੇਮੇਲ ਹੈ।



**? ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇ ਸਭ ਤੋਂ ਖ਼ਤਰਨਾਕ ਭਰਮ ਕੀ ਹਨ।**

-ਸਭ ਤੋਂ ਖ਼ਤਰਨਾਕ ਧਾਰਨਾਵਾਂ ਵਿੱਚੋਂ ਇਕ ਇਹ ਹੈ ਕਿ ਇਹ ਹਕੂਮਤ ਸੋਚਦੀ ਹੈ ਕਿ ਉਹ ਭਾਰਤ ਨੂੰ ਬਾਖ਼ੂਬੀ ਜਾਣਦੀ ਹੈ, ਜਦੋਂ ਕਿ ਮੇਰੀ ਰਾਏ ਵਿਚ ਅਜਿਹਾ ਨਹੀਂ ਹੈ। ਇਹ ਕਬਾਇਲੀ ਸੋਚ ਨੂੰ ਨਹੀਂ ਸਮਝਦੀ; ਜਿਸ ਤਰ੍ਹਾਂ ਔਰਤਾਂ ਸੋਚਦੀਆਂ ਅਤੇ ਮਹਿਸੂਸ ਕਰਦੀਆਂ ਹਨ, ਇਹ ਉਸ ਨੂੰ ਵੀ ਨਹੀਂ ਸਮਝਦੀ, ਕਿਉਂਕਿ ਇਹ ਇਕ ਬਹੁਤ ਹੀ ਮਰਦਾਨਾ ਹਕੂਮਤ ਹੈ; ਇਸ ਨੂੰ ਸਮਝ ਨਹੀਂ ਆਉਂਦਾ ਕਿ ਅਨੁਸੂਚਿਤ ਜਾਤੀਆਂ ਇਸ ਮੁਲਕ ਵਿਚ ਕਿਵੇਂ ਰਹਿੰਦੀਆਂ ਹਨ ਅਤੇ ਪੁਨਰ-ਜਨਮ ਦੇ ਪੂਰੇ ਵਿਚਾਰ ਕਾਰਨ ਉਨ੍ਹਾਂ ਨੇ ਕੀ-ਕੀ ਦੁੱਖ ਝੱਲੇ ਹਨ, ਜਿਸ ਦੀ ਸਰਪ੍ਰਸਤੀ ਭਗਵਦ ਗੀਤਾ ਵਰਗੇ ਗ੍ਰੰਥ ਕਰਦੇ ਹਨ, ਜੋ ਕਰਮ ਅਤੇ ਇਸ ਦੇ ਫ਼ਲ ਦਾ ਵਿਚਾਰ ਪੇਸ਼ ਕਰਦੀ ਹੈ। ਮੈਨੂੰ ਨਹੀਂ ਲੱਗਦਾ ਕਿ ਜੋ ਲੋਕ ਭਵਿੱਖ ਦੀ ਸੋਚ ਰੱਖਦੇ ਹਨ, ਉਹ ਇਨ੍ਹਾਂ ਲੀਹਾਂ ਉੱਪਰ ਸੋਚ ਰਹੇ ਹਨ।

ਇਹ ਹਕੂਮਤ ਲੋਕਾਂ ਦੇ ਲਾਲਚ ਨੂੰ ਤਾਂ ਸਮਝਦੀ ਹੈ, ਪਰ ਉਨ੍ਹਾਂ ਦੀਆਂ ਖ਼ਵਾਹਿਸ਼ਾਂ ਨੂੰ ਨਹੀਂ ਸਮਝਦੀ। ਇਹ ਲਾਲਚ ਨੂੰ ਸਮਝਦੀ ਹੈ ਅਤੇ ਇਹ ਵੀ ਜਾਣਦੀ ਹੈ ਕਿ ਸਿਰਫ਼ ਕੁਝ ਵਿਅਕਤੀਆਂ ਦੇ ਲਾਲਚ ਨੂੰ ਸੰਤੁਸ਼ਟ ਕਿਵੇਂ ਕਰਨਾ ਹੈ, ਜੋ ਇਸ ਦੇ ਪ੍ਰਚਾਰ ਵਿਚ ਯੋਗਦਾਨ ਪਾਉਣਗੇ। ਇਹ ਹਕੂਮਤ ਪ੍ਰਚਾਰ ਦੀ ਤਾਕਤ ਨੂੰ ਸਮਝਦੀ ਹੈ ਅਤੇ ਇਹ ਪ੍ਰਚਾਰ ਨੂੰ ਸਭ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਵਰਤਦੀ ਹੈ। ਇਹ ਸਾਡੀ ਅੰਤਰਰਾਸ਼ਟਰੀ ਹੈਸੀਅਤ ਬਾਰੇ ਘਟੀਆ ਦਾਅਵੇ ਕਰਕੇ ਆਪਣੀ ਪਿੱਠ ਥਾਪੜਦੀ ਹੈ, ਜਿਵੇਂ ਕਿ ਇਹ ਸਭ ਕੱਲ੍ਹ ਹੀ ਸ਼ੁਰੂ ਹੋਇਆ ਹੋਵੇ ਅਤੇ 2014 ਤੋਂ ਪਹਿਲਾਂ ਕੁਝ ਵੀ ਨਹੀਂ ਸੀ। ਮੈਂ ਜੋ ਕਹਿ ਰਿਹਾਂ, ਉਹ ਬਹੁਤੇ ਲੋਕਾਂ ਨੂੰ ਪਸੰਦ ਨਹੀਂ ਆ ਸਕਦਾ, ਪਰ ਮੈਂ ਜੋ ਕਹਿ ਰਿਹਾ ਹਾਂ, ਹੁਣ ਤੋਂ ਕਈ ਦਹਾਕੇ ਜਾਂ ਸਦੀਆਂ ਬਾਅਦ ਉਹ ਮੌਜੂਦਾ ਰਾਜ ਬਾਰੇ ਬਾਹਰਮੁਖੀ ਸੱਚ ਮੰਨਿਆ ਜਾਵੇਗਾ।

**? ਅਕਤੂਬਰ 2022 ਵਿਚ ਸੰਸਦ ਦੀ ਸਰਕਾਰੀ ਭਾਸ਼ਾ ਕਮੇਟੀ ਨੇ ਸਿਫ਼ਾਰਸ਼ ਕੀਤੀ ਸੀ ਕਿ ਹਿੰਦੀ ਸੰਯੁਕਤ ਰਾਸ਼ਟਰ ਦੀਆਂ ਅਧਿਕਾਰਤ ਭਾਸ਼ਾਵਾਂ ਵਿੱਚੋਂ ਇਕ ਹੋਣੀ ਚਾਹੀਦੀ ਹੈ। ਸਿਰਫ਼ ਹਿੰਦੀ 'ਤੇ ਹੀ ਜ਼ੋਰ ਕਿਉਂ, ਜਦੋਂ ਕਿ ਤੁਸੀਂ ਕਿਹਾ ਹੈ ਕਿ ਇੱਥੇ ਲੱਗਭੱਗ 780 ਭਾਸ਼ਾਵਾਂ ਹਨ।**

-ਪਿਛਲੀ ਜਨਗਣਨਾ ਅਨੁਸਾਰ ਭਾਰਤ ਦੀ 42 ਫੀਸਦੀ ਆਬਾਦੀ ਹਿੰਦੀ ਬੋਲਦੀ ਹੈ ਅਤੇ ਵੋਟਾਂ ਦੇ ਲਿਹਾਜ ਨਾਲ ਇਹ ਬਹੁਤ ਵੱਡੀ ਗਿਣਤੀ ਹੈ, ਇਸ ਲਈ ਹਿੰਦੀ ਨੂੰ ਪ੍ਰਮੋਟ ਕੀਤਾ ਜਾ ਰਿਹਾ ਹੈ। ਦੂਰਗਾਮੀ ਭਵਿੱਖ 'ਚ ਜੇ ਤਾਮਿਲ ਭਾਰਤ ਵਿਚ ਬਹੁਗਿਣਤੀ ਭਾਸ਼ਾ ਬਣ ਜਾਵੇ ਤਾਂ ਇਹ ਮਨੋਵਿਗਿਆਨ ਇਹ ਦਾਅਵਾ ਕਰ ਸਕਦਾ ਹੈ ਕਿ ਤਾਮਿਲ ਹੀ ਇੱਕੋ-ਇਕ ਭਾਸ਼ਾ ਹੈ। ਮੇਰਾ ਮੰਨਣਾ ਹੈ ਕਿ ਭਾਸ਼ਾ ਦੀ ਵੰਨ-ਸੁਵੰਨਤਾ ਮਨੁੱਖੀ ਵਿਕਾਸ ਲਈ ਚੰਗੀ ਹੈ ਅਤੇ ਇਹ ਵਿਕਾਸ ਅਮਲ ਦਾ ਅਧਿਐਨ ਕਰਨ ਵਾਲੇ ਵਿਗਿਆਨੀਆਂ ਵੱਲੋਂ ਮੰਨਿਆ ਹੋਇਆ ਤੱਥ ਹੈ ਕਿ ਵੰਨ-ਸੁਵੰਨਤਾ ਵਿਕਾਸ ਦੀ ਪ੍ਰਕਿਰਿਆ ਨੂੰ ਅੱਗੇ ਵਧਣ ਦੀ ਆਗਿਆ ਦਿੰਦੀ ਹੈ। ਜੇਕਰ ਇਸ ਨੂੰ ਦਬਾਇਆ ਜਾਵੇ ਤਾਂ ਵਿਕਾਸਵਾਦੀ ਤਰੱਕੀ ਦੀ ਰਫ਼ਤਾਰ ਹੌਲੀ ਹੋ ਜਾਂਦੀ ਹੈ।

ਹਿੰਦੀ ਨੇ ਹੁਣ ਤੱਕ ਆਰ.ਐੱਸ.ਐੱਸ. ਦੀ ਸੋਚ ਵਿਚ ਇਕ ਪਸੰਦੀਦਾ ਜਗ੍ਹਾ ਬਣਾਈ ਹੋਈ ਹੈ। ਅੰਗਰੇਜ਼ੀ ਨੂੰ ਦੁਸ਼ਮਣ ਦੀ ਭਾਸ਼ਾ ਵਜੋਂ ਦੇਖਿਆ ਜਾਂਦਾ ਸੀ, ਪਰ ਇਸ ਦਾ ਇਕ ਹੋਰ ਕਾਰਨ ਵੀ ਹੈ। ਭਾਰਤ ਵਿਚ ਅੰਗਰੇਜ਼ੀ ਭਾਸ਼ਾ ਦੇ ਆਉਣ ਤੋਂ ਪਹਿਲਾਂ ਫ਼ਾਰਸੀ ਇਕ ਤਰ੍ਹਾਂ ਨਾਲ ਰਾਸ਼ਟਰਵਿਆਪੀ ਭਾਸ਼ਾ ਸੀ, ਜੋ ਕਰਨਾਟਕ, ਕਸ਼ਮੀਰ, ਅਸਾਮ ਅਤੇ ਗੁਜਰਾਤ ਵਿਚ ਸਮਝੀ ਜਾਂਦੀ ਸੀ ਅਤੇ ਉਸ ਸਮੇਂ ਕੰਮ ਕਰਨ ਵਾਲਾ ਕੋਈ ਵੀ ਵਿਅਕਤੀ ਸ਼ਾਇਦ ਅੰਗਰੇਜ਼ੀ ਨਹੀਂ, ਸਗੋਂ ਫ਼ਾਰਸੀ, ਅੰਗਰੇਜ਼ੀ ਨਹੀਂ, ਸਗੋਂ ਹਿੰਦੁਸਤਾਨੀ ਨੂੰ ਤਜਵੀਜ਼ ਕਰਦਾ, ਜਿਵੇਂ ਗਾਂਧੀ ਨੇ ਕੀਤਾ।

**? ਕਿਉਂਕਿ ਤੁਸੀਂ ਭਾਸ਼ਾਈ ਵੰਨ-ਸੁਵੰਨਤਾ ਉੱਪਰ ਵਿਆਪਕ ਤੌਰ 'ਤੇ ਕੰਮ ਕੀਤਾ ਹੈ, ਕੀ ਤੁਸੀਂ ਹਿੰਦੂਤਵ ਇਤਿਹਾਸ ਦੇ ਪ੍ਰਚਾਰ ਅਤੇ ਹਿੰਦੀ ਭਾਸ਼ਾ ਦੀ ਸਰਪ੍ਰਸਤੀ ਕੀਤੇ ਜਾਣ 'ਚ ਨਿਰੰਤਰਤਾ ਦੇਖਦੇ ਹੋ? ਕੀ ਤੁਹਾਨੂੰ ਲੱਗਦਾ ਹੈ ਕਿ ਇਤਿਹਾਸ ਅਤੇ ਭਾਸ਼ਾ ਇਕ ਹੋ ਗਏ ਹਨ।**

-ਹਿੰਦੀ ਸੰਸਕ੍ਰਿਤ ਤੋਂ ਆਈ ਹੈ। ਇਤਿਹਾਸ ਦਾ ਹਿੰਦੂਤਵ ਨਜ਼ਰੀਆ, ਹਾਲਾਂਕਿ ਇਤਿਹਾਸ ਦੇ ਹਿੰਦੂਤਵ ਨਜ਼ਰੀਏ ਵਰਗੀ ਕੋਈ ਸ਼ੈਅ ਨਹੀਂ ਹੈ, ਸੰਸਕ੍ਰਿਤ ਉੱਪਰ ਬਹੁਤ ਜ਼ਿਆਦਾ ਨਿਰਭਰ ਕਰਦਾ ਹੈ। ਉਹ ਸੋਚਦੇ ਹਨ ਕਿ ਸੰਸਕ੍ਰਿਤ ਭਾਰਤ ਦੇ ਜ਼ਿਆਦਾਤਰ ਵਿਚਾਰਾਂ, ਭਾਸ਼ਾਵਾਂ ਅਤੇ ਸੱਭਿਅਤਾਵਾਂ ਦੀ ਨੀਂਹ ਹੈ। ਸੰਸਕ੍ਰਿਤ ਨੇ ਵੱਡੀ ਭੂਮਿਕਾ ਨਿਭਾਈ ਹੈ, ਪਰ ਇਹ ਵਾਹਦ ਭਾਸ਼ਾ ਨਹੀਂ ਹੈ, ਜਿਸ ਨੇ ਇਕੱਲੀ ਨੇ ਵੱਡੀ ਭੂਮਿਕਾ ਨਿਭਾਈ ਹੈ-ਪਾਲੀ ਭਾਸ਼ਾ ਵੀ ਹੈ, ਜਿਸ ਦੀ ਵਰਤੋਂ ਗੌਤਮ ਬੁੱਧ ਨੇ ਕੀਤੀ ਸੀ; ਮਹਾਵੀਰ ਜੈਨ ਜਾਂ ਗੁਰੂ ਨਾਨਕ ਨੇ ਸੰਸਕ੍ਰਿਤ ਦੀ ਵਰਤੋਂ ਨਹੀਂ ਕੀਤੀ; ਕਬੀਰ ਨੇ ਸੰਸਕ੍ਰਿਤ ਦੀ ਵਰਤੋਂ ਨਹੀਂ ਕੀਤੀ; ਅਤੇ ਤੁਕਾਰਾਮ ਨੇ ਵੀ ਅਜਿਹਾ ਨਹੀਂ ਕੀਤਾ। ਹਿੰਦੂਤਵੀ ਨਜ਼ਰੀਏ ਵਿਚ ਸੰਸਕ੍ਰਿਤ ਕੇਂਦਰੀ ਸਥਾਨ ਲੈਂਦੀ ਹੈ ਅਤੇ ਇਹ ਨਜ਼ਰੀਆ ਭਾਸ਼ਾਈ ਤੌਰ 'ਤੇ ਸਹੀ ਨਹੀਂ ਹੈ, ਇਹ ਰਾਜਨੀਤਕ ਤੌਰ 'ਤੇ ਜਨੂੰਨੀ ਹੈ।

ਹਿੰਦੀ ਭਾਸ਼ਾ ਅਤੇ ਇਤਿਹਾਸ ਦਾ ਹਿੰਦੂਤਵ ਨਜ਼ਰੀਆ ਅੰਤਰ-ਨਿਰਭਰ ਨਹੀਂ ਹੈ ਅਤੇ ਉਨ੍ਹਾਂ ਦਾ ਕੋਈ ਸਿੱਧਾ ਸੰਬੰਧ ਨਹੀਂ ਹੈ। ਸੌਖੇ ਸੰਚਾਰ ਲਈ ਹਿੰਦੀ ਭਾਸ਼ਾ ਦਾ ਪ੍ਰਚਾਰ ਇਕ ਅਜਿਹਾ ਵਿਚਾਰ ਹੈ, ਜੋ ਰਾਸ਼ਟਰਵਾਦ ਨੂੰ ਪਸੰਦ ਹੈ, ਕਿਉਂਕਿ ਇਕ ਭਾਸ਼ਾ ਹੋਣ 'ਤੇ ਇਹ ਮੰਨਿਆ ਜਾਂਦਾ ਹੈ ਕਿ ਇਸ ਨਾਲ ਰਾਸ਼ਟਰ ਦੀ ਏਕਤਾ ਦੀ ਰੱਖਿਆ ਹੋਵੇਗੀ, ਪਰ ਇਤਿਹਾਸਕ ਤੌਰ 'ਤੇ ਇਹ ਸੱਚ ਨਹੀਂ ਹੈ। ਅੰਗਰੇਜ਼ੀ ਭਾਸ਼ਾ ਹੋਣ ਦੇ ਬਾਵਜੂਦ ਅਮਰੀਕਾ ਅਤੇ ਇੰਗਲੈਂਡ ਦੋ ਵੱਖ-ਵੱਖ ਰਾਸ਼ਟਰ ਹਨ। ਇਕ ਭਾਸ਼ਾ ਅਤੇ ਕਈ ਰਾਸ਼ਟਰ ਹੋ ਸਕਦੇ ਹਨ ਅਤੇ ਇਸ ਦੇ ਉਲਟ ਵੀ ਹੋ ਸਕਦਾ ਹੈ। ਰਾਸ਼ਟਰ-ਭਾਸ਼ਾ ਦਾ ਓਵਰਲੈਪ ਰਾਸ਼ਟਰਵਾਦ ਦਾ ਇਕ ਕਾਲਪਨਿਕ ਵਿਚਾਰ ਹੈ ਪਰ ਇਹ ਇਕ ਅਜਿਹਾ ਵਿਚਾਰ ਨਹੀਂ ਹੈ, ਜੋ ਰਾਜਨੀਤਕ ਜਾਂ ਭਾਸ਼ਾਈ ਤੌਰ 'ਤੇ ਸਹੀ ਹੋਵੇ।



**? ਤੁਸੀਂ ਭਾਰਤ ਦੇ ਆਦਿਵਾਸੀ ਭਾਈਚਾਰਿਆਂ ਪ੍ਰਤੀ ਆਰ ਐੱਸ ਐੱਸ ਅਤੇ ਭਾਜਪਾ ਦੇ ਰਵੱਈਏ ਨੂੰ ਕਿਵੇਂ ਦੇਖਦੇ ਹੋ।**

-ਉਹ ਇਨ੍ਹਾਂ ਲੋਕਾਂ ਨੂੰ ਵਣਵਾਸੀ ਕਹਿੰਦੇ ਹਨ, ਬਾਕੀ ਉਨ੍ਹਾਂ ਨੂੰ ਆਦਿਵਾਸੀ ਕਹਿੰਦੇ ਹਨ। ਆਦਿਵਾਸੀ ਦਾ ਭਾਵ ਹੈ ਸਵਦੇਸ਼ੀ ਅਤੇ ਵਣਵਾਸੀ ਦਾ ਭਾਵ ਹੈ ਜਲਾਵਤਨ ਜਾਂ ਜੰਗਲ ਵਿਚ ਰਹਿ ਰਿਹਾ। ਆਰ.ਐੱਸ.ਐੱਸ. ਆਦਿਵਾਸੀਆਂ ਨੂੰ ਹਿੰਦੂ ਮੋਰਚੇ ਦਾ ਵਿਸਤਾਰ ਬਣਾਉਣਾ ਚਾਹੁੰਦੀ ਹੈ, ਪਰ ਆਦਿਵਾਸੀਆਂ ਦਾ ਆਪਣਾ ਧਰਮ, ਵਿਸ਼ਵਾਸ ਅਤੇ ਮਾਨਤਾਵਾਂ ਹਨ ਅਤੇ ਉਨ੍ਹਾਂ ਦਾ ਰਾਮ ਜਾਂ ਕ੍ਰਿਸ਼ਨ ਜਾਂ ਵੇਦਾਂ ਜਾਂ ਉਪਨਿਸ਼ਦ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਹਿੰਦੂਆਂ ਨੇ ਬੰਦ ਦਰਵਾਜ਼ੇ ਵਾਲੇ ਮੰਦਰ ਬਣਾਏ, ਜਿੱਥੇ ਦੇਵਤੇ ਨੂੰ ਇਕ ਸੰਰਚਨਾ ਦੇ ਅੰਦਰ ਰੱਖਿਆ ਗਿਆ ਹੈ, ਉਨ੍ਹਾਂ ਦਾ [ਕਬਾਇਲੀ] ਦੇਵਤਾ ਹਮੇਸ਼ਾ ਖੁੱਲ੍ਹੀ ਜਗ੍ਹਾ, ਆਸਮਾਨ ਹੇਠਾਂ, ਪਹਾੜੀਆਂ ਵਿਚ ਰਿਹਾ ਹੈ। ਜਵਾਹਰ ਲਾਲ ਨਹਿਰੂ ਨੇ ਆਦਿਵਾਸੀਆਂ ਲਈ ਇਕ ਫ਼ਲਸਫ਼ਾ ਤਜਵੀਜ਼ ਕੀਤਾ ਸੀ, ਜਿਸ ਨੂੰ ਪੰਚਸ਼ੀਲ ਕਿਹਾ ਜਾਂਦਾ ਹੈ, ਜਿਸ ਨੂੰ ਆਦਿਵਾਸੀ ਕਾਰਕੁਨ ਅਤੇ ਮਾਨਵ-ਵਿਗਿਆਨੀ ਵੇਰੀਅਰ ਐਲਵਿਨ ਨੇ ਤਿਆਰ ਕੀਤਾ ਸੀ। ਐਲਵਿਨ ਨੇ ਆਦਿਵਾਸੀਆਂ ਦਾ ਅਧਿਐਨ ਕੀਤਾ ਸੀ। ਉਸ ਨੇ ਜੋ ਪੰਜ ਸਿਧਾਂਤ ਪੇਸ਼ ਕੀਤੇ ਅਤੇ ਨਹਿਰੂ ਨੇ ਸਵੀਕਾਰ ਕੀਤੇ, ਉਨ੍ਹਾਂ ਵਿੱਚੋਂ ਇਕ ਇਹ ਸੀ ਕਿ ਆਦਿਵਾਸੀਆਂ ਨੂੰ ਆਪਣੀ ਲੈਅ ਨਾਲ ਵਿਕਾਸ ਕਰਨ ਦਿੱਤਾ ਜਾਵੇ।

ਜਦੋਂ ਪਹਿਲੀ ਕੌਮੀ ਜਮਹੂਰੀ ਗੱਠਜੋੜ (ਐੱਨ.ਡੀ.ਏ.) ਸਰਕਾਰ ਸੱਤਾ ਵਿਚ ਆਈ ਤਾਂ ਉਨ੍ਹਾਂ ਨੇ [ਸਤੰਬਰ 1999 ਵਿਚ] ਕਬਾਇਲੀ ਮਾਮਲਿਆਂ ਬਾਰੇ ਮੰਤਰਾਲਾ ਬਣਾਇਆ, ਜੋ ਪਹਿਲਾਂ ਮੌਜੂਦ ਨਹੀਂ ਸੀ। ਇਕ ਮੰਤਰਾਲਾ ਹੋਣਾ ਚੰਗੀ ਗੱਲ ਸੀ, ਪਰ ਉਸ ਮੰਤਰਾਲੇ ਨੇ ਤਜਵੀਜ਼ ਪੇਸ਼ ਕੀਤੀ ਕਿ ਆਦਿਵਾਸੀਆਂ ਨੂੰ ਮੁੱਖ ਧਾਰਾ ਵਿਚ ਲਿਆਂਦਾ ਜਾਣਾ ਚਾਹੀਦਾ ਹੈ। ਜੇ ਉਨ੍ਹਾਂ ਨੂੰ ਵਧੀਆ ਸਿੱਖਿਆ, ਸਿਹਤ ਦੇਖਭਾਲ ਆਦਿ ਸਹੂਲਤਾਂ ਮਿਲਦੀਆਂ ਹਨ ਤਾਂ ਕੋਈ ਹਰਜ਼ ਨਹੀਂ ਹੈ, ਪਰ ਮੈਂ ਉਨ੍ਹਾਂ ਦੇ ਸੱਭਿਆਚਾਰ ਨੂੰ ਦਬਾਉਣ ਦੇ ਵਿਚਾਰ ਦੇ ਵਿਰੁੱਧ ਹਾਂ। ਜੇਕਰ ਉਹ ਆਪਣੇ ਸੱਭਿਆਚਾਰ ਨੂੰ ਛੱਡਣ ਦਾ ਫ਼ੈਸਲਾ ਕਰਦੇ ਹਨ ਤਾਂ ਇਹ ਉਨ੍ਹਾਂ ਦੀ ਮਰਜ਼ੀ ਹੈ, ਪਰ ਸਾਨੂੰ ਉਨ੍ਹਾਂ ਨੂੰ ਜਾਣਬੁੱਝ ਕੇ ਇਸ ਨੂੰ ਛੱਡ ਦੇਣ ਲਈ ਨਹੀਂ ਕਹਿਣਾ ਚਾਹੀਦਾ। ਇਹ ਸਮੁੱਚੇ ਸਮਾਜ ਲਈ ਪ੍ਰਤੀਕੂਲ ਹੋਵੇਗਾ। ਦੁਨੀਆ ਦੀ ਮੂਲ ਆਬਾਦੀ ਦਾ ਸਭ ਤੋਂ ਵੱਡਾ ਹਿੱਸਾ ਭਾਰਤ ਵਿਚ ਰਹਿੰਦਾ ਹੈ। ਉਨ੍ਹਾਂ ਦੀਆਂ ਆਪਣੀਆਂ ਪਰੰਪਰਾਵਾਂ ਹਨ ਅਤੇ ਉਨ੍ਹਾਂ ਨੇ ਦੁਨੀਆ ਨੂੰ ਸਾਡੇ ਵਿੱਚੋਂ ਬਹੁਤਿਆਂ ਨਾਲੋਂ ਵਧੇਰੇ ਦੇਖਿਆ ਹੈ। ਉਨ੍ਹਾਂ ਤੋਂ ਸਿੱਖਣ ਲਈ ਬਹੁਤ ਕੁਝ ਹੈ; ਇਹ ਉਨ੍ਹਾਂ ਨੂੰ ਤਬਾਹ ਕਰਨ ਦੀ ਬਜਾਏ ਉਨ੍ਹਾਂ ਤੋਂ ਸਿੱਖਣ ਦਾ ਸਮਾਂ ਹੈ। ਇਹ ਸਮਾਂ ਹੈ ਕਿ ਉਨ੍ਹਾਂ ਦੇ ਮੱਤਭੇਦਾਂ ਨੂੰ ਆਤਮਸਾਤ ਕਰਨ ਲਈ ਮਜਬੂਰ ਕਰਨ ਦੀ ਬਜਾਏ ਉਨ੍ਹਾਂ ਦੀ ਤਾਰੀਫ਼ ਕਰਨ ਦਾ ਹੈ।

**? ਤੁਸੀਂ ਮੁਤਵਾਜ਼ੀ ਗਿਆਨ ਪ੍ਰਣਾਲੀਆਂ ਦਾ ਜ਼ਿਕਰ ਕੀਤਾ, ਉਨ੍ਹਾਂ ਦਾ ਕੀ ਭਾਵ ਹੈ ਅਤੇ ਉਹ ਸਾਨੂੰ ਕੀ ਦਿਖਾਉਂਦੀਆਂ ਹਨ।**

-ਪੁਲਾੜ, ਸਮੇਂ, ਮਨੁੱਖਾਂ ਦੀ ਅੰਤਮ ਹੋਣੀ, ਧਰਤੀ ਨਾਲ ਸਾਡੇ ਸੰਬੰਧ ਦੇ ਸੁਭਾਅ ਬਾਰੇ ਕੁਝ ਬੁਨਿਆਦੀ ਧਾਰਨਾਵਾਂ ਹਨ। ਜਦੋਂ ਇਹ ਬੁਨਿਆਦੀ ਧਾਰਨਾਵਾਂ ਬਦਲ ਜਾਂਦੀਆਂ ਹਨ ਤਾਂ ਇਨ੍ਹਾਂ ਬਦਲੀਆਂ ਧਾਰਨਾਵਾਂ ਤੋਂ ਪੈਦਾ ਹੋਇਆ ਗਿਆਨ ਉਹ ਕੁਝ ਬਣ ਜਾਂਦਾ ਹੈ, ਜਿਸ ਨੂੰ ਗਿਆਨ ਦੀ ਮੁਤਵਾਜ਼ੀ ਪ੍ਰਣਾਲੀ ਕਿਹਾ ਜਾਂਦਾ ਹੈ। ਮਿਸਾਲ ਵਜੋਂ, ਜੇਕਰ ਅਸੀਂ ਸਾਰੇ ਸੋਚਦੇ ਹਾਂ ਕਿ ਧਰਤੀ ਸਾਡੀ ਹੈ, ਤਾਂ ਇਹ ਜ਼ਮੀਨ ਦਾ ਟੁਕੜਾ ਮੇਰਾ ਹੈ ਅਤੇ ਔਹ ਟੁਕੜਾ ਕਿਸੇ ਹੋਰ ਵਿਅਕਤੀ ਦਾ ਹੈ। ਜੇਕਰ ਅਸੀਂ ਇਹ ਸੋਚਣਾ ਸ਼ੁਰੂ ਕਰ ਦੇਈਏ ਕਿ ਧਰਤੀ ਸਾਡੀ ਨਹੀਂ ਹੈ, ਸਗੋਂ ਅਸੀਂ ਇਸ ਦੇ ਹਾਂ, ਤਾਂ ਅਸੀਂ ਧਰਤੀ ਨੂੰ ਜ਼ਿੰਦਾ ਰੱਖਣ ਲਈ ਆਪਣੀਆਂ ਜ਼ੁੰਮੇਵਾਰੀਆਂ ਅਤੇ ਫ਼ਰਜ਼ਾਂ ਬਾਰੇ ਸੋਚਣਾ ਸ਼ੁਰੂ ਕਰ ਸਕਦੇ ਹਾਂ। ਇਹ ਆਰਥਿਕਤਾ ਦੇ ਸੁਭਾਅ, ਧਰਤੀ ਅਤੇ ਹੋਰ ਜਾਨਵਰਾਂ ਦੀਆਂ ਪ੍ਰਜਾਤੀਆਂ ਨਾਲ ਸੰਬੰਧਾਂ ਅਤੇ ਇੱਥੋਂ ਤੱਕ ਕਿ ਗੁਆਂਢੀਆਂ ਨੂੰ ਵੀ ਬਦਲ ਦੇਵੇਗਾ-ਸਾਨੂੰ ਰਾਸ਼ਟਰਾਂ ਜਾਂ ਖੇਤਰ ਦੇ ਵਿਚਾਰ ਦੀ ਵੀ ਜ਼ਰੂਰਤ ਨਹੀਂ ਹੋ ਸਕਦੀ। ਅਸੀਂ ਸਾਰੇ ਮਨੁੱਖਾਂ ਨੂੰ ਧਰਤੀ ਮਾਤਾ ਨਾਲ ਸੰਬੰਧਤ ਸਿਲਸਿਲੇ ਦੇ ਹਿੱਸੇ ਵਜੋਂ ਸੋਚ ਸਕਦੇ ਹਾਂ। ਆਦਿਵਾਸੀਆਂ ਦਾ ਜ਼ਮੀਨ ਨਾਲ ਇਹੀ ਰਿਸ਼ਤਾ ਹੈ। ਇਸ ਦਾ ਮਤਲਬ ਇਹ ਨਹੀਂ ਹੈ ਕਿ ਉਨ੍ਹਾਂ ਕੋਲ ਕੋਈ ਮਹਾਨ ਕਾਢ ਹੈ, ਜਿਸ ਬਾਰੇ ਅਸੀਂ ਕੁਝ ਨਹੀਂ ਜਾਣਦੇ, ਮੁਤਵਾਜ਼ੀ ਗਿਆਨ ਦਾ ਭਾਵ ਹੈ ਕਿ ਬੁਨਿਆਦੀ ਕਿਰਿਆਵਾਂ ਅਤੇ ਜਿਸ ਨੀਂਹ ਉੱਪਰ ਗਿਆਨ ਅਧਾਰਤ ਹੈ, ਵੱਖ-ਵੱਖ ਹਨ।

**? ਤੁਹਾਨੂੰ ਕਿਵੇਂ ਲੱਗਦਾ ਹੈ ਕਿ ਫ਼ੇਕ ਨਿਊਜ਼ ਜਾਂ ਗ਼ਲਤ ਸੂਚਨਾ ਅੱਜਕੱਲ੍ਹ ਗਿਆਨ ਨੂੰ ਬਦਲ ਰਹੀ ਹੈ।**

-ਬਹੁਤ ਹੀ ਮੁੱਢਲੇ ਸਮੇਂ ਤੋਂ ਖ਼ਬਰ ਵਿਚ ਸਚਾਈ ਅਤੇ ਖ਼ਬਰ ਬਣਾਉਣ ਵਾਲੇ ਜਾਂ ਖ਼ਬਰ ਦੇਣ ਵਾਲੇ ਦੀ ਧਾਰਨਾ ਦਾ ਇਕ ਅਜੀਬ ਮਿਸ਼ਰਣ ਰਿਹਾ ਹੈ। ਕਲਪਨਾ ਦਾ ਇਕ ਛੋਟਾ ਜਿਹਾ ਤੱਤ ਸੱਚ ਨਾਲ ਜੁੜ ਜਾਂਦਾ ਹੈ, ਐਨ ਉਵੇਂ ਹੀ ਜਿਵੇਂ ਕਿ ਅਸਲੀਅਤ ਦੇ ਕਿਸੇ ਵੀ ਪੁਨਰ-ਉਤਪਾਦਨ ਵਿਚ ਵਿਗਾੜ ਦਾ ਤੱਤ ਹੁੰਦਾ ਹੈ, ਪਰ ਜਦੋਂ ਇਹ ਕਲਪਨਾ ਸਚਾਈ ਉੱਪਰ ਭਾਰੂ ਹੋਣ ਲੱਗਦੀ ਹੈ ਤਾਂ ਇਹ ਖ਼ਤਰਨਾਕ ਹੋ ਜਾਂਦੀ ਹੈ, ਕਿਉਂਕਿ ਖ਼ਬਰ ਦਾ ਮੂਲ ਮਕਸਦ ਹੀ ਖ਼ਤਮ ਹੋ ਜਾਂਦਾ ਹੈ। ਜੇ ਉਦੇਸ਼ ਦੂਰ ਦੀਆਂ ਕਹਾਣੀਆਂ ਅਤੇ ਤੱਥਾਂ ਨੂੰ ਲੋਕਾਂ ਦੇ ਨੇੜੇ ਲਿਆਉਣਾ ਹੈ ਤਾਂ ਜਾਲ੍ਹੀ ਖ਼ਬਰਾਂ ਲੋਕਾਂ ਅਤੇ ਤੱਥਾਂ ਦਰਮਿਆਨ ਵੰਡ ਪਾ ਦਿੰਦੀਆਂ ਹਨ। ਜਾਲ੍ਹੀ ਖ਼ਬਰ ਖ਼ਬਰਾਂ ਦੇ ਬਿਲਕੁਲ ਉਲਟ ਹੈ, ਇਕ ਐਂਟੀ-ਥੀਸਿਜ਼ ਹੈ।

ਇਕ ਲੋਕਤੰਤਰੀ, ਸੱਭਿਅਕ ਸਮਾਜ ਵਿਚ ਲੋਕ ਚਾਹੁੰਦੇ ਹਨ ਕਿ ਰਾਜ ਉੱਪਰ ਕੁਝ ਕੰਟਰੋਲ ਅਤੇ ਸੰਤੁਲਨ ਜ਼ਰੂਰ ਹੋਣਾ ਚਾਹੀਦਾ ਹੈ ਅਤੇ ਇਸ ਲਈ ਮੁਲਕਾਂ ਦੇ ਸੰਵਿਧਾਨ ਬਣਾਏ ਗਏ ਹਨ। ਮੀਡੀਆ ਰਾਜ ਦੀ ਕਾਰਗੁਜ਼ਾਰੀ ਦੀ ਜਾਂਚ-ਪੜਤਾਲ ਦੀ ਰਵਾਇਤੀ ਪ੍ਰਣਾਲੀ ਹੈ। ਜਾਲ੍ਹੀ ਖ਼ਬਰਾਂ ਮੀਡੀਆ ਦੀ ਤਾਕਤ ਉੱਪਰ ਕੰਟਰੋਲ ਰੱਖਣ ਦੀ ਯੋਗਤਾ ਨੂੰ ਖੋਹ ਲੈਂਦੀਆਂ ਹਨ। ਜਾਲ੍ਹੀ ਖ਼ਬਰਾਂ ਸਚਾਈ ਦੀ ਏਨੀ ਉਲੰਘਣਾ ਨਹੀਂ ਹੈ, ਪਰ ਇਹ ਮੀਡੀਆ ਦੀ ਲੋਕਤੰਤਰੀ ਜ਼ੁੰਮੇਵਾਰੀ ਦੀ ਇਕ ਵੱਡੀ ਉਲੰਘਣਾ ਹੈ।

**? ਤਰਕਸ਼ੀਲ ਅੰਦੋਲਨ ਕੀ ਹੈ ਅਤੇ ਭਾਰਤੀ ਪ੍ਰਸੰਗ ਵਿਚ ਇਹ ਹੁਣ ਮਹੱਤਵਪੂਰਨ ਕਿਉਂ ਹੈ।**

-ਭਾਰਤ ਵਿਚ ਤਰਕਸ਼ੀਲ ਅੰਦੋਲਨ ਦਾ ਆਗਾਜ਼ ਮੁੱਢਲੇ ਇਤਿਹਾਸ ਵਿਚ ਲੋਕਾਇਤ ਵਰਗੇ ਨਾਸਤਿਕਾਂ ਨਾਲ ਹੋਇਆ ਸੀ, ਜੋ ਪਦਾਰਥਵਾਦੀ ਅਤੇ ਤਰਕਵਾਦੀ ਸਨ, ਜਿਨ੍ਹਾਂ ਨੇ ਵੱਖ-ਵੱਖ ਸਨਾਤਨ ਫ਼ਲਸਫ਼ਿਆਂ ਉੱਪਰ ਸਵਾਲ ਉਠਾਏ ਸਨ, ਪਰ ਹੁਣ ਉਨ੍ਹਾਂ ਦਾ ਕੋਈ ਵੀ ਗ੍ਰੰਥ ਉਪਲੱਬਧ ਨਹੀਂ ਹੈ, ਸਿਰਫ਼ ਹਵਾਲੇ ਮਿਲਦੇ ਹਨ। ਇਹ ਸਿਲਸਿਲਾ ਜਾਰੀ ਹੈ ਅਤੇ ਮੱਧਯੁਗੀ ਕਾਲ ਵਿਚ ਬਹੁਤ ਸਾਰੇ ਸੰਤਾਂ ਨੇ ਪ੍ਰਮਾਤਮਾ ਦੀਆਂ ਅੰਧਵਿਸ਼ਵਾਸੀ ਸਨਾਤਨੀ ਅਤੇ ਬ੍ਰਾਹਮਣਵਾਦੀ ਵਿਆਖਿਆਵਾਂ ਉੱਪਰ ਸਵਾਲ ਉਠਾਏ। ਬੋਧੀ ਵਿਦਵਾਨ ਧਾਰਨਾ ਅਤੇ ਗਿਆਨ ਨੂੰ ਦੇਖਣ ਦੇ ਤਰਕਸ਼ੀਲ ਤਰੀਕੇ ਦੇ ਬਹੁਤ ਕਰੀਬ ਪਹੁੰਚ ਰਹੇ ਸਨ-ਮੀਮਾਂਸਾ ਨਾਂਅ ਦੀ ਇਕ ਫ਼ਲਸਫ਼ੇ ਦੀ ਧਾਰਾ ਫ਼ਲਸਫ਼ੇ ਦੀ ਇਕ ਵਿਸ਼ਲੇਸ਼ਣਾਤਮਕ ਧਾਰਾ ਬਣਿਆ। ਭਾਵੇਂ ਉਸ ਨੂੰ ਤਰਕਸ਼ੀਲ ਨਹੀਂ ਕਿਹਾ ਜਾ ਸਕਦਾ ਸੀ, ਪਰ ਸਵਾਲ ਪੁੱਛਣ ਦਾ ਤੱਤ ਬਹੁਤ ਮਜ਼ਬੂਤ ਸੀ।

ਆਧੁਨਿਕ ਸ਼ਬਦਾਂ ਵਿਚ, ਉਨ੍ਹੀਵੀਂ ਸਦੀ ਵਿਚ ਭਾਰਤ ਵਿਚ ਤਰਕਸ਼ੀਲ ਚਿੰਤਕ ਅਤੇ ਨਜ਼ਰੀਏ ਉੱਭਰੇ। ਡਾਰਵਿਨ ਦੇ ਸਿਧਾਂਤ ਤੋਂ ਬਾਅਦ ਯੂਰਪ ਵਿਚ, ਉਨ੍ਹੀਵੀਂ ਸਦੀ ਦੇ ਅੱਧ ਵਿਚ ਭਾਰਤ ਵਿਚ ਇਸ ਰਵੱਈਏ ਨੂੰ ਵਧੇਰੇ ਖਿੱਚ ਸੀ ਅਤੇ ਵੀਹਵੀਂ ਸਦੀ ਦੇ ਸ਼ੁਰੂਆਤੀ ਹਿੱਸੇ 'ਚ ਕਲਕੱਤਾ, ਬੰਬਈ ਅਤੇ ਦੱਖਣੀ ਭਾਰਤ ਵਿਚ ਵੱਖ-ਵੱਖ ਛੋਟੇ ਸਮੂਹ ਉੱਭਰ ਕੇ ਸਾਹਮਣੇ ਆਏ। ਪੇਰੀਆਰ ਵਰਗੇ ਚਿੰਤਕਾਂ ਅਤੇ ਕੁਝ ਹੱਦ ਤੱਕ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ




# ਬਾਲ ਕੋਨਾ



ਕਾਜਲ ਦੇਵੀ, ਦਸਵੀਂ, ਸਰਕਾਰੀ ਸੀਨੀ. ਸੈਕੰ. ਸਕੂਲ ਕੁਲਰੀਆ (ਮਾਨਸਾ)

## ਐਤਵਾਰ ਦਾ ਦਿਨ

ਐਤਵਾਰ ਦਾ ਦਿਨ ਸੀ ਆਇਆ,
ਬੱਚਿਆਂ ਮਿਲ ਕੇ ਰੌਲਾ ਪਾਇਆ।
ਸਹਿਜ, ਪ੍ਰਿੰਸ, ਫੌਜਬੀਰ ਦੇ ਮਿੱਤਰਾਂ,
ਗਲੀ 'ਚ ਖ਼ੂਬ ਸਾਈਕਲ ਚਲਾਇਆ।
ਕੰਮ ਸਕੂਲ ਤੋਂ ਮਿਲਿਆ ਕੀ ਹੈ?
ਰੋਟੀ ਪਾਣੀ ਯਾਦ ਭੁਲਾਇਆ।
ਕਦੋਂ ਦੁਪਹਿਰ ਹੋ ਗਿਆ ਸਾਨੂੰ,
ਮਾਤਾ ਜੀ ਨੇ ਆਣ ਬੁਲਾਇਆ।
ਰੋਟੀ ਖਾ ਅਸੀਂ ਸੌਂ ਗਏ ਸੀ,
ਉੱਠ ਕੇ ਅਸੀਂ ਸਿਰ ਨਹਾਇਆ।
ਸ਼ਾਮੀਂ ਸਾਰਿਆਂ ਹੋ ਇਕੱਠੇ,
ਗੁਰੂ ਚਰਨੀਂ ਜਾ ਸੀਸ ਝੁਕਾਇਆ।
ਸੰਗਤਾਂ ਜੁੜੀਆਂ ਬਹੁਤ ਸੀ ਓਥੇ,
ਗੁਰੂ ਘਰ ਉਹਨਾਂ ਬਹੁਤ ਸਜਾਇਆ।
ਸਾਰਾ ਦਿਨ ਸੰਧੂ ਕਰਕੇ ਮੌਜਾਂ,
ਐਤਵਾਰ ਦਾ ਦਿਨ ਲੰਘਾਇਆ।

—ਪਰਮਜੀਤ ਸੰਧੂ ਥੇਹ ਤਿੱਖਾ

## ਰਾਜੂ ਦੀ ਜ਼ਿੱਦ

ਰਾਜੂ ਨੇ ਦਸਵੀਂ ਪਾਸ ਕਰ ਲਈ ਤਾਂ ਉਸ ਦੇ ਪਿਤਾ ਜੀ ਨੇ ਉਸ ਨੂੰ ਅੱਠਵੀਂ ਦੀ ਪੜ੍ਹਾਈ ਲਈ ਸ਼ਹਿਰ ਦੇ ਸਕੂਲ ਦਾਖ਼ਲ ਕਰਵਾ ਦਿੱਤਾ, ਜਿੱਥੇ ਉਸ ਦਿਨ ਵੱਡਾ ਭਰਾ ਦਸਵੀਂ ਵਿੱਚ ਪੜ੍ਹਦਾ ਸੀ। ਦੋਵੇਂ ਭਰਾ ਪਿੰਡੋਂ ਇਕੋ ਸਾਈਕਲ 'ਤੇ ਸਕੂਲ ਆਉਂਦੇ।

ਰਾਜੂ ਦਾ ਮਨ ਬੜਾ ਕਰਦਾ ਉਹ ਵੀ ਆਪਣੇ ਭਰਾ ਵਾਂਗ ਸਾਈਕਲ ਚਲਾਵੇ। ਉਹ ਰਾਹ ਵਿਚ ਆਪਣੇ ਵੱਡੇ ਭਰਾ ਨੂੰ ਕਹਿੰਦਾ ਕਿ ਮੈਨੂੰ ਵੀ ਚਲਾ ਲੈਣ ਦੇ, ਪਰ ਭਰਾ ਇਹ ਕਹਿ ਨਾਂਹ ਕਰ ਦਿੰਦਾ ਕਿ ਤੂੰ ਛੋਟਾ ਏਂ, ਨਾਲੇ ਭਾਪਾ ਜੀ ਵੀ ਕਹਿੰਦੇ ਨੇ ਇਹਨੂੰ ਸੜਕ 'ਤੇ ਸਾਈਕਲ ਨਹੀਂ ਚਲਾਉਣ ਦੇਣਾ।

ਰਾਜੂ ਘਰ ਵੀ ਭਾਪਾ ਜੀ ਨੂੰ ਕਹਿੰਦਾ ਮੈਨੂੰ ਵੀ ਨਵਾਂ ਸਾਈਕਲ ਲੈ ਕੇ ਦਿਓ, ਮੈਂ ਆਪਣੇ-ਆਪ ਸਕੂਲ ਜਾਵਾਂਗਾ। ਰਾਜੂ ਦੇ ਮਨ ਵਿੱਚ ਸੀ ਕਿ ਉਹ ਤੇਜ਼-ਤੇਜ਼ ਸਾਈਕਲ ਚਲਾਵੇ, ਰੇਸ ਲਾਵੇ। ਹਵਾ 'ਚ ਉੱਡਦਾ ਜਾਵੇ। ਪੰਛੀ ਬਣ ਜਾਵੇ, ਪਰ ਉਸ ਕੋਈ ਨਾ ਸੁਣਦਾ।

ਉਹ ਆਪਣੇ ਇਕ ਦੋਸਤ ਤੋਂ ਸਾਈਕਲ ਲੈ ਕੇ ਗਲੀ 'ਚ ਚਲਾਉਂਦਾ ਤਾਂ ਉਸ ਨੂੰ ਬੜੀ ਖ਼ੁਸ਼ੀ ਹੁੰਦੀ। ਉਸ ਦਾ ਦੋਸਤ ਕਹਿਣ ਲੱਗਾ। "ਰਾਜੂ ਤੂੰ ਘਰ ਗੱਲ ਕਰ ਲੈ, ਮੈਂ ਆਪਣਾ ਸਾਈਕਲ ਤੈਨੂੰ ਵੇਚ ਦੇਵਾਂਗਾ, ਆਪ ਹੋਰ ਨਵਾਂ ਲੈ ਆਵਾਂਗਾ।

ਰਾਜੂ ਨੂੰ ਇਹ ਗੱਲ ਵਧੀਆ ਲੱਗੀ। ਉਹਨੇ ਦੋਸਤ ਨੂੰ ਕਿਹਾ। ਇਕ ਦਿਨ ਲਈ ਸਾਈਕਲ ਮੈਂ ਘਰ ਲੈ ਜਾਂਦਾ ਹਾਂ। ਸਕੂਲ ਜਾਵਾਂਗਾ। ਫਿਰ, ਭਾਪਾ ਜੀ ਨੂੰ ਕਹਿ ਤੈਨੂੰ ਪੈਸੇ ਦੇ ਦਿਆਂਗਾ। ਦੋਸਤ ਕਹਿੰਦਾ ਠੀਕ।

ਅਗਲੇ ਦਿਨ ਜਦ ਸੁਬਹ ਰਾਜੂ ਤੇ ਉਹਦਾ ਭਰਾ ਸਕੂਲ ਜਾਣ ਲੱਗੇ ਤਾਂ ਰਾਜੂ ਕਹਿੰਦਾ, ਮੈਂ ਆਪਣੇ ਸਾਈਕਲ 'ਤੇ ਜਾਵਾਂਗਾ। ਵੱਡਾ ਭਰਾ ਤੇ ਉਸ ਦੇ ਮਾਂ ਪਿਓ ਨੇ ਵੀ ਕਿਹਾ ਤੂੰ ਛੋਟਾ ਏਂ ਤੈਥੋਂ ਏਨੀ ਦੂਰ ਸਾਈਕਲ ਚਲਾ ਨਹੀਂ ਹੋਣਾ, ਤੂੰ ਭਰਾ ਨਾਲ ਹੀ ਜਾਹ, ਪਰ ਰਾਜੂ ਜ਼ਿੱਦ ਕਰਨ ਲੱਗਾ। ਅੰਤ ਸਾਰੇ ਕਹਿੰਦੇ ਜਾਹ ਤੇਰੀ ਮਰਜ਼ੀ। ਭਾਪਾ ਜੀ ਨੇ ਭਰਾ ਨੂੰ ਕਿਹਾ, ਇਸ ਦਾ ਧਿਆਨ ਰੱਖੀਂ।

ਜਦੋਂ ਰਾਜੂ ਅਤੇ ਉਸ ਦਾ ਭਰਾ ਘਰੋਂ ਨਿਕਲ ਸੜਕ 'ਤੇ ਚੜ੍ਹੇ, ਰਾਜੂ ਤੋਂ ਸਾਈਕਲ ਡੋਲ ਗਿਆ ਤੇ ਇਕ ਬਜ਼ੁਰਗ ਵਿਚ ਜਾ ਵੱਜਾ। ਦੋਵੇਂ ਸੜਕ 'ਤੇ ਡਿੱਗ ਪਏ। ਲੋਕਾਂ ਨੇ ਆ ਬਜ਼ੁਰਗ ਨੂੰ ਚੁੱਕਿਆ। ਰਾਜੂ ਨੂੰ ਇਕ ਦੋ ਨੇ ਝਿੜਕਾਂ ਮਾਰੀਆਂ ਕਿ ਜੇ ਸਾਈਕਲ ਨਹੀਂ ਆਉਂਦਾ ਚਲਾਉਣ ਕਿਉਂ ਲੱਗ ਪਿਆ। ਉਹਦੇ ਭਰਾ ਨੇ ਆ ਉਸ ਨੂੰ ਸੰਭਾਲਿਆ। ਰਾਜੂ ਦਾ ਬਸਤਾ ਸਾਈਕਲ ਫੜ ਉਹਨੂੰ ਘਰ ਛੱਡ ਕੇ ਆਇਆ ਤੇ ਸਾਰੀ ਗੱਲ ਦੱਸੀ।

ਰਾਜੂ ਨੂੰ ਮਾਂ-ਪਿਓ ਨੇ ਵੀ ਝਿੜਕਿਆ। ਅਗਲੀ ਕਲਾਸ ਤੱਕ ਸਾਈਕਲ ਨੂੰ ਨਾ ਹੱਥ ਲਾਉਣ ਦੀ ਹਦਾਇਤ ਕੀਤੀ।

- ਵਿਵੇਕ, ਕੋਟ ਈਸੇ ਖਾਂ (ਮੋਗਾ)



ਸ਼ਬਨਮ, ਸੱਤਵੀਂ, ਜੀ ਐਮ ਐਸ ਰੈਲੋਂ, ਫਤਿਹਗੜ੍ਹ ਸਾਹਿਬ